
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਦੇਸ਼ ਦੁਆਬਾ ਦਾ 9ਵੇਂ ਵਰ੍ਹੇ ਦਾ ਤੀਜਾ ਅੰਕ

ਹਫਤਾਵਾਰੀ

# ਦੇਸ਼ ਦੁਆਬਾ

VOL - 9 ISSUE - 3
April 29, 2020

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਮਹਾਨ ਜਰਨੈਲ ਸਰਦਾਰ ਹਰੀ ਸਿੰਘ ਨਲੂਆ ਦੀ ਲਾਸਾਨੀ ਬਹਾਦਰੀ ਨੂੰ ਕੋਟਿ-ਕੋਟਿ ਪ੍ਰਣਾਮ। *ਸ਼ਹੀਦੀ ਦਿਵਸ ਨੂੰ ਸਮਰਪਿਤ ਲੇਖ ਦੇਖੋ ਸਫਾ 6 'ਤੇ।*



ਮਹਾਨ ਵਿਦਵਾਨ ਅਤੇ ਸਿੱਖ ਕੌਮ ਦੇ ਮਹਾਨ ਪ੍ਰਚਾਰਕ ਗਿਆਨੀ ਦਿੱਤ ਸਿੰਘ ਜੀ ਦੇ ਜੀਵਨ ਅਤੇ ਸੰਘਰਸ਼ ਨੂੰ ਬਿਆਨਦਾ *ਲੇਖ ਦੇਖੋ ਸਫਾ 32 'ਤੇ।*

## ਦੁਨੀਆ 'ਚ ਇਕ ਤਿਹਾਈ ਕੋਰੋਨਾ ਇਨਫੈਕਟਿਡ ਇਕੱਲੇ ਅਮਰੀਕਾ 'ਚ

**ਵਾਸ਼ਿੰਗਟਨ (ਬਿਊਰੋ)–** ਕੋਰੋਨਾ ਮਹਾਮਾਰੀ ਸਾਹਮਣੇ ਦੁਨੀਆ ਦਾ ਸਭ ਤੋਂ ਤਾਕਤਵਰ ਮੁਲਕ ਅਮਰੀਕਾ ਬੇਵੱਸ ਹੋ ਗਿਆ ਹੈ। ਅਮਰੀਕਾ 'ਚ ਕੋਰੋਨਾ ਇਫੈਕਟਿਡ ਲੋਕਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਹੁਣ ਤਾਂ ਹਾਲਾਤ ਇਹ ਹਨ ਕਿ ਕੋਰੋਨਾ ਪੀੜਤਾਂ ਦੇ ਮਾਮਲੇ 'ਚ ਅਮਰੀਕਾ ਅੱਵਲ ਪੀੜਤ ਦੇਸ਼ ਬਣ ਚੁੱਕਾ ਹੈ। ਅਮਰੀਕਾ 'ਚ 10 ਲੱਖ ਤੋਂ ਜ਼ਿਆਦਾ ਕੋਰੋਨਾ ਪਾਜ਼ੇਟਿਵ ਕੇਸ ਹਨ। ਪੂਰੀ ਦੁਨੀਆ 'ਚ ਇਕ ਤਿਹਾਈ ਕੋਰੋਨਾ ਇਨਫੈਕਟਿਡ ਇਕੱਲੇ ਅਮਰੀਕਾ 'ਚ ਹਨ। ਆਲਮੀ ਪੱਧਰ 'ਤੇ ਕੋਰੋਨਾ ਇਨਫੈਕਟਿਡ ਲੋਕਾਂ ਦਾ ਅੰਕੜਾ 31 ਲੱਖ ਨੂੰ ਪਾਰ ਕਰ ਗਿਆ ਹੈ।



ਇੰਨਾ ਹੀ ਨਹੀਂ ਦੁਨੀਆ ਭਰ 'ਚ ਹੁਣ ਤਕ ਇਸ ਮਹਾਮਾਰੀ ਨਾਲ 2 ਲੱਖ 14 ਹਜ਼ਾਰ ਤੋਂ ਜ਼ਿਆਦਾ ਲੋਕਾਂ ਦੀ ਮੌਤ ਹੋਈ ਹੈ। ਕੋਰੋਨਾ ਨਾਲ ਮੌਤਾਂ ਦੇ ਮਾਮਲਿਆਂ 'ਚ ਇਕ ਚੌਥਾਈ ਮੌਤਾਂ ਇਕੱਲੇ ਅਮਰੀਕਾ 'ਚ ਹੋਈਆਂ ਹਨ। ਕੋਰੋਨਾ ਵਾਇਰਸ ਨਾਲ ਸਭ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਯੂਰਪੀ ਦੇਸ਼ ਇਟਲੀ 'ਚ ਦੋ ਲੱਖ ਤੋਂ ਜ਼ਿਆਦਾ ਲੋਕ ਇਨਫੈਕਟਿਡ ਹੋ ਗਏ ਹਨ। ਅਮਰੀਕਾ ਤੇ ਸਪੇਨ ਤੋਂ ਬਾਅਦ ਦੋ ਲੱਖ ਤੋਂ ਜ਼ਿਆਦਾ ਪ੍ਰਭਾਵਿਤ ਲੋਕਾਂ ਵਾਲਾ ਇਟਲੀ ਦੁਨੀਆ ਦਾ ਤੀਸਰਾ ਦੇਸ਼ ਬਣ ਗਿਆ ਹੈ। ਸਪੇਨ 'ਚ ਸਵਾ ਦੋ ਲੱਖ ਤੋਂ ਜ਼ਿਆਦਾ ਲੋਕ ਇਨਫੈਕਟਿਡ ਹਨ।

ਵਿਸ਼ਵ ਸਿਹਤ ਸੰਗਠਨ (ਡਬਲਯੂਐੱਚਓ) ਨੇ ਡਾਇਗਨੋਸਟਿਕ ਟੈਸਟ ਤੇ ਸੁਰੱਖਿਆ ਉਪਕਰਨਾਂ ਨੂੰ ਲੈਟਿਨ ਅਮਰੀਕੀ ਵਰਗੇ ਦੇਸ਼ਾਂ 'ਚ ਪਹੁੰਚਾਉਣ ਲਈ ਵਧ ਤੋਂ ਵਧ ਉਡਾਣਾਂ ਦੀ ਅਪੀਲ ਕੀਤੀ ਹੈ ਜਿੱਥੇ ਕੋਰੋਨਾ ਵਾਇਰਸ ਦਾ ਤੇਜ਼ੀ ਨਾਲ ਪਸਾਰ ਹੋ ਰਿਹਾ ਹੈ। ਡਬਲਯੂਐੱਚਓ ਦੇ ਆਪ੍ਰੇਸ਼ਨਜ਼, ਸੁਪੋਰਟ ਐਂਡ ਲੌਜਿਸਟਿਕਸ ਦੇ ਮੁਖੀ ਪੌਲ ਮੌਲਿਨਾਰੋ ਨੇ ਕਿਹਾ ਕਿ ਅਪ੍ਰੈਲ 'ਚ ਆਲਮੀ ਪੱਧਰ 'ਤੇ ਵੈਕਸੀਨ ਸ਼ਿਪਮੈਂਟਸ 'ਚ ਰੁਕਾਵਟ ਆਈ ਤੇ ਜੇ ਕਰ ਅਜਿਹਾ ਇਹ ਮਈ 'ਚ ਵੀ ਜਾਰੀ ਰਿਹਾ ਤਾਂ ਹੋਰ ਬਿਮਾਰੀਆਂ ਖ਼ਿਲਾਫ਼ ਨਿਯਮਤ ਟੀਕਾਕਰਣ ਤੇ ਮੁਹਿੰਮ ਪ੍ਰਭਾਵਿਤ ਹੋਣਗੇ।

ਸੰਯੁਕਤ ਰਾਸ਼ਟਰ ਵਿਸ਼ਵ ਖ਼ੁਰਾਕ ਪ੍ਰੋਗਰਾਮ ਦੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਕੁਝ ਖ਼ੁਰਾਕ ਸਪਲਾਈ ਲੜੀਆਂ 'ਚ ਪਹਿਲੀ ਵਾਰ ਅੜਿੱਕਾ ਪਿਆ ਹੈ ਜਿਸ ਦਾ ਕਾਫ਼ੀ ਗਹਿਰਾ ਅਸਰ ਹੋ ਸਕਦਾ ਹੈ। ਮੌਲਿਨਾਰੋ ਨੇ ਕਿਹਾ, 'ਅਸੀਂ ਦੇਖਿਆ ਕਿ ਕੌਮਾਂਤਰੀ ਹਵਾਈ ਆਵਾਜਾਈ ਵਿਵਸਥਾ ਹੌਲੀ-ਹੌਲੀ ਬੰਦ ਹੋ ਗਈ ਹੈ। ਹੁਣ ਅਸੀਂ ਉਸ ਮੁਕਾਮ 'ਤੇ ਹਾਂ ਜਿੱਥੇ ਸਾਨੂੰ ਇਸ ਦਾ ਹ.ਲ ਲੱਭਣ ਦੀ ਜ਼ਰੂਰਤ ਹੈ।'

## ਭਾਰਤ ਵਿਚ ਕਰੋਨਾ ਪੀੜਤਾਂ ਦਾ ਅੰਕੜਾ 30 ਹਜ਼ਾਰ ਤੋਂ ਪਾਰ

**ਨਵੀਂ ਦਿੱਲੀ (ਬਿਊਰੋ)–** ਦੇਸ਼ ਭਰ 'ਚ ਪਿਛਲੇ 24 ਘੰਟਿਆਂ ਅੰਦਰ ਕਰੋਨਾ ਵਾਇਰਸ ਕਾਰਨ 51 ਮੌਤਾਂ ਹੋਣ ਨਾਲ ਮ੍ਰਿਤਕਾਂ ਦੀ ਗਿਣਤੀ 937 ਜਦਕਿ 1594 ਨਵੇਂ ਮਾਮਲੇ ਸਾਹਮਣੇ ਆਉਣ ਨਾਲ ਕੇਸਾਂ ਦੀ ਗਿਣਤੀ 29,974 ਹੋ ਗਈ ਹੈ। ਇਸ ਸਬੰਧੀ ਜਾਣਕਾਰੀ ਕੇਂਦਰੀ ਸਿਹਤ ਮੰਤਰਾਲੇ ਨੇ ਦਿੱਤੀ। ਸਿਹਤ ਮੰਤਰਾਲੇ ਨੇ ਦੱਸਿਆ ਕਿ ਦੇਸ਼ ਵਿੱਚ ਕੋਵਿਡ-19 ਦੇ ਐਕਟਿਵ ਕੇਸ 22,010 ਹਨ ਤੇ ਹੁਣ ਤੱਕ 7,026 ਵਿਅਕਤੀਆਂ ਨੇ ਕਰੋਨਾ ਨੂੰ ਮਾਤ ਦਿੱਤੀ ਹੈ। ਉਨ੍ਹਾਂ ਦੱਸਿਆ ਕਿ 23.44 ਫੀਸਦ ਕਰੋਨਾ ਪੀੜਤ ਸਿਹਤਯਾਬ ਹੋਏ ਹਨ। ਕਰੋਨਾ ਪੀੜਤਾਂ 'ਚ 111 ਵਿਦੇਸ਼ੀ ਨਾਗਰਿਕ ਵੀ ਸ਼ਾਮਲ ਹਨ। ਸਿਹਤ ਵਿਭਾਗ ਦੇ ਅੰਕੜਿਆਂ ਅਨੁਸਾਰ ਪਿਛਲੇ 24 ਘੰਟਿਆਂ ਅੰਦਰ ਮਹਾਰਾਸ਼ਟਰ 'ਚ 27 (ਕੁੱਲ 369), ਗੁਜਰਾਤ 'ਚ 11 (ਕੁੱਲ 162), ਮੱਧ ਪ੍ਰਦੇਸ਼ 'ਚ ਸੱਤ (ਕੁੱਲ 113), ਰਾਜਸਥਾਨ 'ਚ 5 (ਕੁੱਲ 46) ਅਤੇ ਜੰਮੂ ਕਸ਼ਮੀਰ 'ਚ 1 (ਕੁੱਲ 7) ਮੌਤ ਹੋਈ ਹੈ। ਦਿੱਲੀ 'ਚ ਹੁਣ ਤੱਕ 46, ਆਂਧਰਾ ਪ੍ਰਦੇਸ਼ ਤੇ ਯੂਪੀ 'ਚ 31-31 ਮੌਤਾਂ ਹੋਈਆਂ ਹਨ। ਪੰਜਾਬ 'ਚ ਹੁਣ ਤੱਕ 18 ਤੇ ਹਿਮਾਚਲ ਪ੍ਰਦੇਸ਼ 'ਚ ਇੱਕ ਵਿਅਕਤੀ ਦੀ ਹੁਣ ਤੱਕ ਮੌਤ ਹੋਈ ਹੈ। ਮਰੀਜ਼ਾਂ ਦੀ ਗਿਣਤੀ ਦੇ ਮਾਮਲੇ 'ਚ ਮਹਾਰਾਸ਼ਟਰ 'ਚ ਸਭ ਤੋਂ ਵੱਧ 8,590 ਕੇਸ ਹਨ। ਉਸ ਤੋਂ ਬਾਅਦ ਗੁਜਰਾਤ (3,548), ਦਿੱਲੀ (3,108), ਮੱਧ ਪ੍ਰਦੇਸ਼ (2,368), ਰਾਜਸਥਾਨ (2,262), ਉੱਤਰ ਪ੍ਰਦੇਸ਼ (2,043) ਅਤੇ ਤਾਮਿਲ ਨਾਡੂ (1,937) ਦਾ ਨੰਬਰ ਹੈ। ਇਸੇ ਦੌਰਾਨ ਪ੍ਰਾਪਤ ਇੱਕ ਵੱਖਰੀ ਜਾਣਕਾਰੀ ਅਨੁਸਾਰ ਨੀਤੀ ਆਯੋਗ ਦਾ ਇੱਕ ਮੁਲਾਜ਼ਮ ਕਰੋਨਾ ਪੀੜਤ ਪਾਏ ਜਾਣ ਤੋਂ ਬਾਅਦ ਨੀਤੀ ਆਯੋਗ ਦੀ ਇਮਾਰਤ ਬੰਦ ਕਰਕੇ ਇਸ ਨੂੰ ਸੈਨੇਟਾਈਜ਼ ਕੀਤਾ ਜਾ ਰਿਹਾ ਹੈ। -ਦੇਸ਼ ਭਰ ਵਿੱਚ ਕਰੋਨਾ ਨਾਲ ਤਾਜ਼ਾ ਰਿਪੋਰਟ ਮੁਤਾਬਕ ਮਰਨ ਵਾਲਿਆਂ ਦੀ ਗਿਣਤੀ 934 ਹੋ ਗਈ ਹੈ। ਇਸ ਵੇਲੇ ਕਰੋਨਾ ਪੀੜਤ ਮਰੀਜ਼ਾਂ ਦੀ ਕੁੱਲ ਗਿਣਤੀ 29,435 ਤੱਕ ਪੁੱਜ ਗਈ ਹੈ।



**ਜਲੰਧਰ 'ਚ ਨਵਾਂ ਕਰੋਨਾ ਮਰੀਜ਼, ਗਿਣਤੀ 79 ਤੱਕ ਪੁੱਜੀ**

*(ਬਾਕੀ ਸਫਾ 11 'ਤੇ)*


Indian Grill
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor Catering for all your Events
1600 Washington Ave. San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM

GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets


ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
Kash
FABRICS
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

# ਜੇਕਰ ਅੱਜ ਚੋਣਾਂ ਹੋ ਜਾਣ ਤਾਂ ਟਰੰਪ ਦੀ ਹਾਰ ਸੰਭਵ, ਤਾਜਾ ਸਰਵੇ ਵਿਚ ਅਮਰੀਕਨ ਜੋਇ ਬਿਡੇਨ ਦੇ ਹੱਕ 'ਚ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)–** ਜੋ ਕੰਮ ਮਹਾਦੋਸ਼ ਨਹੀਂ ਕਰ ਸਕਿਆ ਉਹ ਕੰਮ ਕੋਰੋਨਾ ਮਹਾਮਾਰੀ ਨੇ ਕਰ ਵਿਖਾਇਆ ਹੈ। ਚੋਣਾਂ ਤੋਂ 6 ਮਹੀਨੇ ਪਹਿਲਾਂ ਕਰਵਾਈ ਰਾਏਸ਼ੁਮਾਰੀ ਵਿਚ 44% ਅਮਰੀਕੀਆਂ ਨੇ ਡੈਮੋਕਰੈਟਿਕ ਉਮੀਦਵਾਰ ਜੋਇ ਬਿਡੇਨ ਦੇ ਹੱਕ ਵਿਚ ਵੋਟ ਪਾਈ ਹੈ ਜਦ ਕਿ 38% ਡੋਨਾਲਡ ਟਰੰਪ ਦੇ ਹੱਕ ਵਿਚ ਭੁਗਤੇ ਹਨ। ਯੂ ਐਸ ਏ ਟੂਡੇਅK ਸੁਫੋਲਕ ਯੂਨੀਵਰਸਿਟੀ ਵੱਲੋਂ ਵੋਟਰਾਂ ਨੂੰ ਪੁੱਛਿਆ ਗਿਆ ਸੀ ਕਿ ਜੇਕਰ ਅੱਜ ਵੋਟਾਂ ਕਰਵਾਈਆਂ ਜਾਣ ਤਾਂ ਤੁਸੀਂ ਕਿਸ ਦੇ ਹੱਕ ਵਿਚ ਭੁਗਤੋਗੇ। ਇਸ ਦੇ ਜਵਾਬ ਵਿਚ ਬਹੁਗਿਣਤੀ ਵੋਟਰ ਬਿਡੇਨ ਦੇ ਹੱਕ ਵਿਚ ਭੁਗਤੇ। ਥਰਡ ਪਾਰਟੀ ਦੇ ਉਮੀਦਵਾਰ ਦੇ ਹੱਕ ਵਿਚ 8% ਜਦ ਕਿ 10% ਲੋਕਾਂ ਨੇ ਆਪਣੀ ਰਾਏ ਦੱਸਣ ਤੋਂ ਨਾਂਹ ਕਰ ਦਿੱਤੀ ਜਾਂ ਉਹ ਕੋਈ ਨਿਰਨਾ ਲੈਣ ਵਿਚ ਨਾਕਾਮ ਰਹੇ। ਕਿਸੇ ਤੀਸਰੇ ਉਮੀਦਵਾਰ ਦੀ ਅਣਹੋਂਦ ਵਿਚ ਕਰਵਾਈ ਰਾਇਸ਼ੁਮਾਰੀ ਵਿਚ ਬਿਡੇਨ ਦੇ 10 ਅੰਕ ਵਧਕੇ 40% ਤੋਂ 50% ਹੋ ਗਏ।

ਇਸ ਤੋਂ ਪਹਿਲਾਂ ਹੋਈ ਰਾਇਸ਼ੁਮਾਰੀ ਵਿਚ ਟਰੰਪ ਨੂੰ 44% ਤੇ ਬਿਡੇਨ ਨੂੰ 41% ਵੋਟ ਮਿਲੇ ਸਨ। ਉਸ ਸਮੇਂ ਬਿਡੇਨ ਡੈਮੋਕਰੈਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਚੋਣਾਂ ਲਈ ਉਮੀਦਵਾਰ ਬਣਨ ਵਾਸਤੇ ਜਦੋਜਹਿਦ ਕਰ ਰਿਹਾ ਸੀ। ਜਦ ਕਿ ਹੁਣ ਉਹ ਨਵੰਬਰ ਵਿਚ



ਹੋਣ ਵਾਲੀ ਰਾਸ਼ਟਰਪਤੀ ਦੀ ਚੋਣ ਲਈ ਡੈਮੋਕਰੈਟਿਕ ਉਮੀਦਵਾਰ ਹੋਵੇਗਾ। ਉਸ ਨੇ ਪਾਰਟੀ ਦੀ ਨਾਮੀਨੇਸ਼ਨ ਚੋਣ ਜਿੱਤ ਲਈ ਸੀ। ਵੋਟਰਾਂ ਨੂੰ ਕੁਝ ਸਵਾਲ ਵੀ ਪੁੱਛੇ ਗਏ ਸਨ। ਪਹਿਲੇ ਸਵਾਲ ਵਿਚ ਪੁੱਛਿਆ ਗਿਆ ਸੀ ਕਿ ਉਹ ਮਜਬੂਤ ਆਗੂ ਕਿਸ ਨੂੰ ਸਮਝਦੇ ਹਨ। 45% ਨੇ ਕਿਹਾ ਟਰੰਪ ਮਜਬੂਤ ਆਗੂ ਹੈ ਜਦ ਕਿ 52% ਨੇ ਨਾਂਹ ਵਿਚ ਜਵਾਬ ਦਿੱਤਾ। 43% ਨੇ ਬਿਡੇਨ ਨੂੰ ਮਜਬੂਤ ਆਗੂ ਦਸਿਆ ਜਦ ਕਿ 47% ਨੇ ਇਸ ਦੇ ਉਲਟ ਆਪਣੀ ਰਾਏ ਦਿੱਤੀ। ਲੋਕਾਂ ਦੀ ਦੇਖਭਾਲ ਕਰਨ ਦੇ ਮਾਮਲੇ ਵਿਚ ਟਰੰਪ ਬੁਰੀ ਤਰਾਂ ਪੱਛੜ ਗਿਆ। 57% ਲੋਕਾਂ ਨੇ ਬਿਡੇਨ ਦੇ ਹੱਕ ਵਿਚ ਵੋਟ ਪਾਈ ਜਦ ਕਿ ਕੇਵਲ 39% ਲੋਕ ਟਰੰਪ ਦੇ ਹੱਕ ਵਿਚ ਨਿਤਰੇ। ਵਿਦੇਸ਼ੀ ਆਗੂਆਂ ਨਾਲ ਮਿਲਕੇ ਕੰਮ ਕਰਨ ਦੇ ਮਾਮਲੇ ਵਿਚ 64% ਵੋਟਰਾਂ ਨੇ ਸਾਬਕਾ ਉਪ ਰਾਸ਼ਟਰਪਤੀ ਬਿਡੇਨ ਨੂੰ ਚੁਣਿਆ। ਇਹ ਸਰਵੇ 21 ਅਪ੍ਰੈਲ ਤੋਂ 25 ਅਪ੍ਰੈਲ ਦਰਮਿਆਨ ਕਰਵਾਇਆ ਗਿਆ ਸੀ।

ਰਾਜਸੀ ਵਿਸ਼ਲੇਸ਼ਣਕਾਰਾਂ ਦਾ ਕਹਿਣਾ ਹੈ ਕਿ ਲੋਕ ਰਾਸ਼ਟਰਪਤੀ ਟਰੰਪ ਵੱਲੋਂ ਕੋਰੋਨਾਵਾਇਰਸ ਨਾਲ ਜਿਸ ਤਰਾਂ ਨਜਿੱਠਿਆ ਗਿਆ, ਉਸ ਤੋਂ ਨਰਾਜ਼ ਹਨ। ਰਾਸ਼ਟਰਪਤੀ ਕੋਰੋਨਾ ਨੂੰ ਇਕ ਮਜ਼ਾਕ ਹੀ ਸਮਝਦੇ ਰਹੇ ਹਨ ਜਦ ਕਿ ਇਹ ਇਕ ਬਹੁਤ ਵੱਡੀ ਮਹਾਮਾਰੀ ਹੈ। ਇਸ ਨੂੰ ਗੰਭੀਰਤਾ ਨਾਲ ਨਾ ਲੈਣ ਕਾਰਨ ਟਰੰਪ ਨੂੰ ਸਿੱਟੇ ਭੁਗਤਣੇ ਪੈਣਗੇ।

# ਕੈਲੀਫੋਰਨੀਆਂ ਤੋਂ ਪੱਤਰਕਾਰ ਕੁਲਵੰਤ ਉੱਭੀ ਧਾਲੀਆਂ ਨੂੰ ਚਾਚਾ ਜੀ ਦੀ ਮੌਤ 'ਤੇ ਭਾਰੀ ਸਦਮਾ

## ਜੱਥੇਦਾਰ ਨਰਜੀਤ ਸਿੰਘ ਉੱਭੀ ਨਹੀ ਰਹੇ

**ਫਰਿਜ਼ਨੋ (ਨੀਟਾ ਮਾਛੀਕੇ):** ਬੀਤੇ ਦਿਨੀ ਜਥੇਦਾਰ ਨਰਜੀਤ ਸਿੰਘ ਉੱਭੀ (ਨਿਰੰਜਨ ਸਿੰਘ) ਸਪੁੱਤਰ ਸ. ਹਰਨਾਮ ਸਿੰਘ ਉੱਭੀ ਆਪਣੀ ਸੰਸ–'ਰਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ। ਉਹ ਆਪਣੇ ਪਿੰਡ ਧਾਲੀਆਂ, ਜਿਲਾ ਲੁ–ਧਿਆਣਾ, ਪੰਜਾਬ ਵਿੱਚ ਰਹਿ ਰਹੇ ਸਨ। ਜੋ ਸਮੁੱਚੇ ਪਰਿਵਾਰ ਦੇ ਪੰਜਾਬ ਵਿੱਚ ਮੋਢੀ ਆਗੂ ਸਨ ਅਤੇ ਉਥੋਂ ਦੇ ਸਾਰੇ ਖੇਤੀਬਾੜੀ ਅਤੇ ਸ਼ਹਿਰੀ ਕਾਰੋਬਾਰ ਦੀ ਦੇਖ–ਭਾ਼ਲ ਆਪ ਕਰਦੇ ਸਨ। ਇਸ ਦੇ ਨਾਲ–ਨਾਲ ਸਮਾਜਿਕ ਅਤੇ ਧਾਰਮਿਕ ਕਾਰਜਾਂ ਵਿੱਚ ਵੀ ਵੱਧ–ਚੜ ਕੇ ਹਿੱਸਾ ਲੈਂਦੇ ਸਨ। ਇੰਨਾਂ ਕਾਫੀ ਸਮਾਂ ਧਰਮਯੁੱਧ ਮੋਰਚੇ ਦੀ ਸੇਵਾ ਵਿੱਚ ਵੀ ਗੁਜ਼ਾਰਿਆ ਅਤੇ ਜੇਲਾ ਕੱਟੀਆਂ। 84 ਦੇ ਸੰਘਰਸ਼ ਦੌਰਾਨ ਸਿੱਖ ਧਰਮ ਦੇ ਹਾਮੀ ਅਤੇ ਦਮਦਮੀ ਟਕਸਾਲ ਦੇ ਸਹਿਯੋਗੀ ਹੋਣ ਕਰਕੇ ਕਾਫੀ ਸਮਾਂ ਆਪਣੇ ਸਾਥੀਆਂ ਸਮੇਤ ਜੇਲ੍ਹ ਵਿੱਚ ਰਹੇ। ਇਸ ਬਾਅਦ ਲੰਮਾ ਅਰਸਾ ਇਤਿਹਾਸਕ ਗੁਰਦੁਆਰਾ "ਕੈਬਾਂ ਸਾਹਿਬ ਪਿੰਡ ਧਾਲੀਆਂ (ਲੁਧਿਆਣਾ) ਦੀ ਕਮੇਟੀ ਦੇ ਸਰਵ



ਸੰਮਤੀ ਨਾਲ ਬਤੌਰ ਪ੍ਰਧਾਨ ਸੇਵਾਵਾ ਨਿਭਾਉਦੇ ਰਹੇ। ਪਰ ਪਿਛਲੇ ਕੁਝ ਸਮੇਂ ਤੋਂ ਸਟਰੋਕ (ਦਿਲ ਦੇ ਦੌਰੇ) ਹੋਣ ਕਰਕੇ ਡਾਕ–ਟਰੀ ਇਲਾਜ਼ ਅਧੀਨ ਚਲ ਰਹੇ ਸਨ ਅਤੇ ਠੀਕ ਵੀ ਹੋ ਗਏ ਸਨ। ਪਰ ਕਮਜ਼ੋਰੀ ਦੇ ਚਲਦਿਆਂ ਭਾਰਤ ਦੇ ਸਮੇਂ ਮੁਤਾਬਕ 28 ਅਪ੍ਰੈਲ 2020 ਦਿਨ ਮੰਗਲਵਾਰ ਦੀ ਸਵੇਰ ਦਾ ਸੂਰਜ ਉਨਾਂ ਨੂੰ ਦੇਖਣਾ ਨਸੀਬ ਨਾ ਹੋਇਆ ਅਤੇ ਸਵੇਰ ਦੇ ਸੱਤ ਵਜ਼ੇ ਆਪਣੇ ਸੁਆਸਾ ਦੀ ਪੂਜ਼ੀ ਤਿਆਗ ਹਮੇਸਾ ਲਈ ਗੁਰੂ ਚਰਨਾਂ ਵਿੱਚ ਜਾ ਨਿਵਾਜੇ। ਚੰਗੇ ਸੰਸਕਾਰ ਅਤੇ ਬਜ਼ੁਰਗਾਂ ਦੀ ਸਿੱਖਿਆ ਕਰਕੇ ਸਾਰਾ ਪਰਿਵਾਰ ਕਈ ਪੀੜੀਆਂ ਤੋਂ ਅੱਜ ਤੱਕ ਸਾਂਝਾ (ਸਯੁੱਕਤ) ਪਰਿਵਾਰ ਚੱਲ ਰਿਹਾ ਹੈ। ਪੱਤਰਕਾਰ ਕੁਲਵੰਤ ਉੱਭੀ ਧਾਲੀਆਂ ਨੇ ਦੱਸਿਆ ਕਿ ਮੈਂ ਆਪਣੀ ਜ਼ਿੰਦਗੀ ਦਾ ਬਹੁਤ ਸਮਾਂ ਉਨ੍ਹਾਂ ਨਾਲ ਗੁਜ਼ਾਰਿਆ। ਮੈਨੂੰ ਨਿੱਕੇ ਹੁੰਦਿਆਂ ਉਨ੍ਹਾਂ ਮੈਨੂੰ ਖਿਡਾਉਣਾ ਅਤੇ ਮੇਰੀ ਕੋਈ ਇੱਛਾ ਮੇਰੇ ਮਾਪਿਆ ਨੇ ਨਾ ਪੂਰੀ ਕਰਨੀ ਤਾਂ ਉਨ੍ਹਾਂ ਜ਼ਰੂਰ ਕਰ ਦੇਣੀ। ਮੇਰੇ ਚਾਹੇ ਕਾਲਜ਼ ਜਾਂ ਯੂਨੀਵਰਸਿਟੀ ਦੇ ਖਰਚੇ ਦੀ ਗੱਲ ਹੋਣੀ ਤਾਂ ਮੈਂ ਉਸ ਨਾਲ ਹੀ ਗੱਲ ਕਰਦਾ, ਕਿਉਂ ਕਿ ਉਹ ਵੀ ਕਾਲਜ ਦੀ ਪੜਾਈ ਕਰ ਚੁੱਕੇ ਸਨ। ਇਹੋ ਜਿਹੀਆ ਬਹੁਤ ਸਾਰੀਆਂ ਗੱਲਾ ਜੋ ਮੇਰੀਆਂ ਯਾਦਾ ਦਾ ਹਿੱਸਾ ਬਣ ਚੁਕੀਆਂ ਹਨ। ਜੋ ਜ਼ਿੰਦਗੀ ਦੇ ਅੰਤਮ ਪਲਾ ਤੱਕ ਨਾਲ ਹੀ ਚਲਣਗੀਆਂ। ਪਰ ਪ੍ਰਦੇਸ਼ਾਂ ਦਾ ਇਹੀ ਦੁੱਖ ਹੈ ਕਿ ਮੈਂ ਕਿ ਲਾਕਡਾਊਨ ਦੇ ਚਲਦਿਆਂ ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਨਹੀਂ ਖੜ ਸਕਿਆਂ। ਇਹ ਸਾਰੇ ਪ੍ਰਦੇਸ਼ੀਆ ਲਈ ਵੱਡਾ ਦੁੱਖ ਹੈ ਕਿ ਪਰਿਵਾਰਕ ਦੁੱਖਾਂ–ਸੁੱਖਾ ਵਿੱਚ ਮਜਬੂਰੀਆਂ ਕਰਕੇ ਸਾਮਲ ਨਹੀਂ ਹੋ ਸਕਦੇ। ਜੱਥੇਦਾਰ ਨਰਜੀਤ ਸਿੰਘ ਦਾ ਅੰਤਮ ਸੰਸਕਾਰ ਗੁਰਮਰਿਯਾਦਾ ਅਨੁਸਾਰ ਪਿੰਡ ਧਾਲੀਆ ਵਿਖੇ ਕਰ ਦਿੱਤਾ ਕਰ ਦਿੱਤਾ ਗਿਆ ਹੈ। ਜਿਸ ਵਿੱਚ ਸਥਾਨਿਕ ਪ੍ਰਸ਼ਾਸਨ ਦੇ ਨਿਯਮਾਂ ਧਿਆਨ ਵਿੱਚ ਰੱਖਦੇ ਹੋਏ ਬਹੁਤੇ ਰਿਸ਼ਤੇਦਾਰਾਂ ਅਤੇ ਦੋਸ਼ਤਾ ਨੂੰ ਨਹੀਂ ਦੱਸਿਆ ਗਿਆ ਸੀ। ਪਰ ਫਿਰ ਵੀ ਸ਼ੋਸ਼ਲ ਡਿਸਟਿਸ ਨੂੰ ਮੁੱਖ ਰੱਖਦੇ ਹੋਏ ਬਹੁਤ ਸਾਰੇ ਨਿਕਟਵਰਤੀ ਪਿੰਡ ਨਿਵਾਸੀ ਅਤੇ ਦੂਰ–ਦੁਰਾਡੇ ਤੋਂ ਲੋਕ ਅੰਤਮ ਯਾਤਰਾ ਵਿੱਚ ਸਰਧਾ ਦੇ ਫੁੱਲ ਭੇਟ ਕਰਨ ਲਈ ਹਾਜ਼ਰ ਹੋਏ। ਉਨ੍ਹਾਂ ਦੇ ਨਮਿਰਤ ਰੱਖੇ ਸਹਿਜ਼ ਪਾਠ ਦਾ ਭੋਗ ਅਤੇ ਅੰਤਮ ਅਰਦਾਸ ਮਿਤੀ 7 ਮਈ, 2020 ਦਿਨ ਵੀਰਵਾਰ ਨੂੰ ਪਿੰਡ ਧਾਲੀਆਂ ਵਿਖੇ ਹੋਵੇਗੀ। ਉਹ ਆਪਣੇ ਪਿਛੇ ਇਕ ਪੁੱਤਰ ਅਤੇ ਦੋ ਧੀਆਂ ਛੱਡ ਗਏ ਹਨ। ਸਭ ਦੋਸ਼ਤਾ ਅਤੇ ਰਿਸ਼ਤੇਦਾਰਾਂ ਨੂੰ ਬੇਨਤੀ ਹੈ ਕਿ ਇਸ ਵਿਛੜੀ ਆਤਮਾ ਲਈ ਅਰਦਾਸ ਜ਼ਰੂਰ ਕਰ ਦੇਣਾ ਕਿ ਪਰਮਾਤਮਾ ਉਨ੍ਹਾ ਨੂੰ ਜਨਮ–ਮਰਨ ਤੋਂ ਮੁਕਤ ਕਰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ।

# ਆਕਸਫੋਰਡ 'ਤੇ ਟਿਕੀਆਂ ਦੁਨੀਆ ਦੀਆਂ ਨਜ਼ਰਾਂ

**ਲੰਡਨ–** ਕੋਰੋਨਾ ਮਹਾਮਾਰੀ ਨਾਲ ਨਜਿੱਠਣ ਲਈ ਦੁਨੀਆ ਵੈਕਸੀਨ ਵਿਕਸਿਤ ਕਰਨ ਲਈ ਪੱਬਾਂ ਭਾਰ ਹੋਈ ਪਈ ਹੈ। ਇਸ ਦਿਸ਼ਾ 'ਚ ਬ੍ਰਿਟੇਨ ਦੀ ਆਕਸਫੋਰਡ ਯੂਨੀਵਰਸਿਟੀ 'ਚ ਪਰਖੀ ਜਾ ਰਹੀ ਵੈਕਸੀਨ 'ਤੇ ਦੁਨੀਆ ਭਰ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ। ਵਿਗਿਆਨੀਆਂ ਦਾ ਮੰਨਣਾ ਹੈ ਕਿ ਸਤੰਬਰ ਤਕ ਵੈਕਸੀਨ ਦੀ ਖੁਰਾਕ ਤਿਆਰ ਹੋ ਸਕਦੀ ਹੈ। ਸਤੰਬਰ 'ਚ ਲਗਪਗ ਦਸ ਲੱਖ ਖੁਰਾਕ ਵੈਕਸੀਨ ਮੁਹੱਈਆ ਕਰਵਾਈ ਜਾ ਸਕਦੀ ਹੈ।

ਵਿਗਿਆਨੀਆਂ ਦੇ ਇਸ ਦਾਅਵੇ 'ਤੇ ਯਕੀਨ ਕੀਤਾ ਜਾਵੇ ਤਾਂ ਸਤੰਬਰ ਤੋਂ ਬਾਅਦ ਕੋਰੋਨਾ ਮਹਾਮਾਰੀ ਨਾਲ ਨਜਿੱਠਣ ਦਾ ਕੰਮ ਸ਼ੁਰੂ ਹੋ ਸਕਦਾ ਹੈ ਹਾਲਾਂਕਿ ਅਜੇ ਇਸ ਵੈਕਸੀਨ ਦਾ ਮਨੁੱਖੀ ਟਰਾਇਲ ਕੀਤਾ ਜਾ ਰਿਹਾ ਹੈ। ਇਸ ਦਿਸ਼ਾ 'ਚ ਵੈਕਸੀਨ ਦਾ ਇਨਸਾਨ 'ਤੇ ਪਹਿਲਾ ਟੈਸਟ ਵੀਰਵਾਰ ਨੂੰ ਸ਼ੁਰੂ ਹੋ ਚੁੱਕਾ ਹੈ।

ਇਸ ਦੇ ਨਤੀਜੇ ਸਕਾਰਾਤਮਕ ਹਨ। ਇਸ ਖੋਜ 'ਚ ਲੱਗੀ ਟੀਮ ਦੇ ਵਿਗਿਆਨੀਆਂ ਦਾ ਕਹਿਣਾ ਹੈ ਕਿ ਇਸ ਦੇ ਸਫ਼ਲ ਹੋਣ ਦੀ ਸੰਭਾਵਨਾ 80 ਫ਼ੀਸਦੀ ਹੈ। ਬ੍ਰਿਟਿਸ਼ ਸਰਕਾਰ ਨੇ ਆਕਸਫੋਰਡ ਯੂਨੀਵਰਸਿਟੀ ਦੀ ਟੀਮ ਦਾ ਪੂਰਾ ਸਮਰਥਨ ਕਰਦਿਆਂ ਇਸ ਲਈ ਦੋ ਕਰੋੜ ਪੌਂਡ ਦੇਣ ਦਾ ਐਲਾਨ ਵੀ ਕੀਤਾ ਹੈ। ਸਿਹਤ ਮੰਤਰੀ ਮੈਟ ਹੋਨਕੌਕ ਨੇ ਕਿਹਾ ਕਿ ਸਰਕਾਰ ਹਰ ਸੰਭਵ ਨਿਵੇਸ਼ ਕਰੇਗੀ। ਦੁਨੀਆ ਵਿੱਚ ਸਫ਼ਲ ਟੀਕਾ ਵਿਕਸਿਤ ਕਰਨ ਵਾਲਾ ਪਹਿਲਾ ਦੇਸ਼ ਬਣਨ ਲਈ ਉਮੀਦਾਂ ਇੰਨੀਆਂ ਜ਼ਿਆਦਾ ਹਨ ਕਿ 'ਮੈਂ ਇਸ 'ਤੇ ਸਭ ਕੁਝ ਲਗਾ ਰਿਹਾ ਹਾਂ।'


SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com Give us a chance to provide you best services

2680 N TRACY BLVD, SUITE 4, TRACY, CA 95376

# ਸੰਸਦ ਵੱਲੋਂ 484 ਅਰਬ ਡਾਲਰ ਦੇ ਪੈਕੇਜ਼ ਨੂੰ ਪ੍ਰਵਾਨਗੀ- ਨਿਊਯਾਰਕ ਵਿਚ ਨਵੇਂ ਮਰੀਜ਼ ਤੇਜੀ ਨਾਲ ਵਧੇ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)–** ਕੋਰੋਨਾਵਾਇਰਸ ਕਾਰਨ ਪ੍ਰਭਾਵਿਤ ਹੋਏ ਕਾਰੋਬਾਰੀਆਂ ਤੇ ਹੋਰ ਲੋਕਾਂ ਨੂੰ ਰਾਹਤ ਦੇਣ ਲਈ ਸੰਸਦ ਵੱਲੋਂ 484 ਅਰਬ ਡਾਲਰ ਦੇ ਬਿੱਲ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ। ਅਮਰੀਕਾ ਵਿਚ ਕੋਰੋਨਾਵਾਇਰਸ ਮਹਾਮਾਰੀ ਨਾਲ ਮੌਤਾਂ ਦੀ ਗਿਣਤੀ 50243 ਹੋ ਗਈ ਹੈ ਜਦ ਕਿ ਬਿਮਾਰ ਲੋਕਾਂ ਦੀ ਗਿਣਤੀ 886709 ਹੈ। ਸਰਗਰਮ ਮਾਮਲਿਆਂ ਦੀ ਗਿਣਤੀ 7,50,284 ਹੈ। ਹਾਲਾਂ ਕਿ 85922 ਬਿਮਾਰ ਠੀਕ ਵੀ ਹੋਏ ਹਨ ਪਰ ਨਵੇਂ ਮਾਮਲੇ ਆਉਣੇ ਬੰਦ ਨਹੀਂ ਹੋਏ ਜਿਸ ਨੂੰ ਲੈ ਕੇ ਚਿੰਤਾ ਪਾਈ ਜਾ ਰਹੀ ਹੈ। ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਸੂਬੇ ਨਿਊਯਾਰਕ ਵਿਚ 20861 ਮੌਤਾਂ ਹੋ ਚੁੱਕੀਆਂ ਹਨ। ਨਿਊਜਰਸੀ 5428 ਮੌਤਾਂ ਨਾਲ ਦੂਸਰੇ ਸਥਾਨ 'ਤੇ ਹੈ। ਮਿਸ਼ੀਗਨ ਤੀਸਰੇ ਸਥਾਨ 'ਤੇ ਜਿਥੇ ਹੁਣ ਤੱਕ 2977 ਅਮਰੀਕੀ ਮੌਤ ਦੇ ਮੂੰਹ ਵਿਚ ਜਾ ਪਏ ਹਨ।

**484 ਅਰਬ ਦਾ ਬਿੱਲ ਪ੍ਰਵਾਨ**

ਇਸੇ ਦੌਰਾਨ ਸੰਸਦ ਨੇ 484 ਅਰਬ ਡਾਲਰ ਦੇ ਬਿੱਲ ਨੂੰ ਪ੍ਰਵਾਨ ਕਰਕੇ ਰਾਸ਼ਟਰਪਤੀ ਟਰੰਪ ਦੀ ਪ੍ਰਵਾਨਗੀ ਲਈ ਭੇਜ ਦਿੱਤਾ ਹੈ। ਇਸ ਪੈਸੇ ਨਾਲ ਛੋਟੇ ਕਾਰੋਬਾਰੀਆਂ, ਉਨਾਂ ਨਾਲ ਜੁੜੇ ਕਾਮਿਆਂ , ਹਸਪਤਾਲਾਂ ਤੇ ਹੋਰ ਲੋਕਾਂ ਨੂੰ ਰਾਹਤ ਦਿੱਤੀ ਜਾਵੇਗੀ। ਬਿੱਲ ਦੇ ਹੱਕ ਵਿਚ 388 ਵੋਟਾਂ ਪਈਆਂ ਜਦ ਕਿ 5 ਵਿਰੁੱਧ ਵੋਟਾਂ ਪਈਆਂ। 4 ਰਿਪਬਲੀਕਨ ਸਦਨ ਮੈਂਬਰਾਂ ਤੇ ਇਕ ਡੈਮੋਕਰੈਟਿਕ ਮੈਂਬਰ ਨੇ ਬਿੱਲ ਦੇ ਵਿਰੁੱਧ ਵੋਟ ਪਾਈ। ਇਹ ਪੈਸਾ ' ਪੇ ਚੈਕ ਪ੍ਰੋਟੈਕਸ਼ਨ ਪ੍ਰੋਗਰਾਮ' ਵਿਚ ਜਾਵੇਗਾ ਜਿਸ ਪ੍ਰੋਗਰਾਮ ਵਿਚ ਸ਼ੁਰੂ 'ਚ 349 ਅਰਬ ਪਾਏ ਗਏ ਸਨ ਜੋ ਖਤਮ ਹੋ ਚੁੱਕੇ ਹਨ।

**ਨਿਊਯਾਰਕ 'ਚ ਨਵੇਂ ਮਰੀਜਾਂ ਦੀ ਦਰ ਤਕਰੀਬਨ 14%**



ਨਿਊਯਾਰਕ ਵਿਚ ਕੀਤੇ ਗਏ ਟੈਸਟਾਂ ਤੋਂ ਪਤਾ ਲੱਗਾ ਹੈ ਕਿ ਬਹੁਤ ਸਾਰੇ ਹੋਰ ਲੋਕ ਕੋਰੋਨਾਵਾਇਰਸ ਦੀ ਗ੍ਰਿਫਤ ਵਿਚ ਆ ਚੁੱਕੇ ਹਨ। ਸਿਹਤ ਅਧਿਕਾਰੀਆਂ ਵੱਲੋਂ ਰਾਜ ਭਰ ਦੇ ਸੋਟਰਾਂ ਤੇ ਹੋਰ ਥਾਵਾਂ 'ਤੇ ਜਾ ਕੇ ਲੋਕਾਂ ਦੇ ਟੈਸਟ ਕੀਤੇ ਗਏ ਸਨ। ਇਨਾਂ ਵਿਚੋਂ 13.9% ਕੋਰੋਨਾ ਲਾਗ ਨਾਲ ਪ੍ਰਭਾਵਿਤ ਪਾਏ ਗਏ ਹਨ। ਰਾਜ ਵਿਚ ਕੋਰੋਨਾਵਾਇਰਸ ਨਾਲ ਪੀੜਤਾਂ ਦੀ ਗਿਣਤੀ ਤਕਰੀਬਨ 2,70,000 ਹੋ ਗਈ ਹੈ।

**ਏਅਰਲਾਈਨ ਸਨਅਤ ਦਾ ਬੁਰਾ ਹਾਲ**

ਏਅਰ ਲਾਈਨ ਸਨਅਤ ਦਾ ਬੁਰਾ ਹਾਲ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ ਪਿਛਲੇ ਸਾਲ ਦੀ ਤੁਲਨਾ ਵਿਚ ਮਾਰਚ ਮਹੀਨੇ ਵਿਚ ਤਕਰੀਬਨ 50% ਮੁਸਾਫਿਰਾਂ ਦੀ ਕਮੀ ਹੋਈ ਹੈ। ਸਾਊਥ ਵੈਸਟ ਏਅਰ ਲਾਈਨ ਨੇ ਲਾਸ ਵਿਗਾਸ ਦੇ ਮੈਕਾਰਨ ਇੰਟਰਨੈਸ਼ਨਲ ਏਅਰਪੋਰਟ ਤੋਂ ਮਾਰਚ 2019 ਵਿਚ 10 ਲੱਖ 60 ਹਜਾਰ ਯਾਤਰੀਆਂ ਦੀ ਢੋਆ ਢੁਆਈ ਕੀਤੀ ਸੀ ਜੋ ਪਿਛਲੇ ਮਹੀਨੇ ਮਾਰਚ 2020 ਜਦੋਂ ਕੋਰੋਨਾ ਫੈਲ ਰਿਹਾ ਸੀ, ਘਟ ਕੇ 6,06,650 ਰਹਿ ਗਈ। ਕੰਪਨੀ ਦਾ ਕਹਿਣਾ ਹੈ ਕਿ ਮਈ ਵਿਚ ਉਹ ਰੋਜਾਨਾ ਕੇਵਲ 2000 ਉਡਾਣਾਂ ਭਰੇਗੀ ਜੋ ਕਿ ਆਮ ਨਾਲੋਂ 40% ਉਡਾਣਾਂ ਘੱਟ ਹਨ।

**ਵਿਸ਼ਵ ਸਿਹਤ ਸੰਗਠਨ ਵਲੋਂ ਅਮਰੀਕਾ ਨੂੰ ਫੰਡਾਂ ਲਈ ਅਪੀਲ**

ਵਿਸ਼ਵ ਸਿਹਤ ਸੰਗਠਨ (ਡਬਲਯੂ ਐਚ ਓ) ਦੇ ਮੁਖੀ ਜਨਰਲ ਟੇਡਰੋਸ ਅਡਾਨੋਮ ਘੇਬੇਰਯੁਸ ਨੇ ਅੱਜ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਟਰੰਪ ਪ੍ਰਸ਼ਾਸਨ ਵਿਸ਼ਵ ਸਿਹਤ ਸੰਗਠਨ ਦੇ ਫੰਡਿੰਗ ਮੁਅੱਤਲ 'ਤੇ ਮੁੜ ਵਿਚਾਰ ਕਰੇਗੀ, ਪਰ ਸਾਡਾ ਮੁੱਖ ਮਕਸਦ ਮਹਾਂਮਾਰੀ ਨੂੰ ਖਤਮ ਕਰਨ ਅਤੇ ਜਾਨਾਂ ਬਚਾਉਣ' ਤੇ ਹੈ। ਉਨਾਂ ਕਿਹਾ ਕਿ ਅਫਰੀਕਾ ਤੇ ਮੱਧ ਅਤੇ ਦੱਖਣੀ ਅਮਰੀਕਾ ਦੇ ਕੁਝ ਹਿੱਸਿਆਂ ਵਿੱਚ ਮਹਾਂਮਾਰੀ ਦੇ "ਚਿੰਤਾ ਵਾਲੇ ਰੁਝਾਨ ਹਨ। ਡਬਲਯੂ ਐਚ ਓ ਦੇ ਡਾਇਰੈਕਟਰ-ਜਨਰਲ ਟੇਡਰੋਸ ਅਡਾਨੋਮ ਘੇਬੈਰਯੁਸ ਨੇ ਕਿਹਾ ਕਿ "ਬਹੁਤੇ ਦੇਸ਼ ਅਜੇ ਵੀ ਮਹਾਂਮਾਰੀ ਦੇ ਮੁਹਰਲੇ ਪੜਾਅ ਵਿਚ ਹਨ ਜੋ ਮਹਾਂਮਾਰੀ ਦੇ ਸ਼ੁਰੂ ਵਿਚ ਵੀ ਪ੍ਰਭਾਵਤ ਹੋਏ ਸਨ, ਮਾਮਲਿਆਂ ਵਿਚ ਮੁੜ ਉਭਰਦੇ ਵੇਖ ਰਹੇ ਹਾਂ।"ਕੋਈ ਗਲਤੀ ਨਾ ਕਰੋ ਤੇ ਸਾਡੇ ਕੋਲ ਬਹੁਤ ਲੰਬਾ ਰਸਤਾ ਹੈ ਤੇ ਇਹ ਵਾਇਰਸ ਲੰਬੇ ਸਮੇਂ ਲਈ ਸਾਡੇ ਨਾਲ ਰਹੇਗਾ," ਉਸਨੇ ਕਿਹਾ ਕਿ ਪੱਛਮੀ ਯੂਰਪ ਵਿੱਚ ਮਹਾਂਮਾਰੀ ਸਥਿਰ ਜਾਂ ਘੱਟਦੀ ਜਾਪਦੀ ਹੈ। ਵਰਣਨਯੋਗ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਿਛਲੇ ਹਫਤੇ ਡਬਲਯੂ ਐਚ ਓ ਉਤੇ ਮਹਾਂਮਾਰੀ ਨੂੰ ਸੰਭਾਲਣ ਦੀ ਆਲੋਚਨਾ ਕੀਤੀ ਸੀ ਅਤੇ ਐਲਾਨ ਕੀਤਾ ਸੀ ਕਿ ਉਹ ਡਬਲਯੂ ਐਚ ਓ ਨੂੰ ਫੰਡ ਦੇਣਾ ਬੰਦ ਕਰ ਰਿਹਾ ਹੈ। ਅਮਰੀਕਾ ਦੇ ਸੱਕਤਰ ਵਿਦੇਸ਼ ਮੰਤਰੀ ਮਾਈਕ ਪੋਂਪਿਓ ਨੇ ਬੁੱਧਵਾਰ ਨੂੰ ਕਿਹਾ ਕਿ ਅਮਰੀਕਾ ਦਾ ਇਹ ਵਿਸ਼ਵਾਸ ਹੈ ਕਿ ਚੀਨ ਦੀ ਸੱਤਾਧਾਰੀ ਕਮਿਊਨਿਸਟ ਪਾਰਟੀ ਡਬਲਯੂ ਐਚ ਓ ਨੂੰ ਸਮੇਂ ਸਿਰ ਨਵੇਂ ਕੋਰੋਨਾਵਾਇਰਸ ਦੇ ਫੈਲਣ ਦੀ ਰਿਪੋਰਟ ਕਰਨ ਵਿੱਚ ਅਸਫਲ ਰਹੀ।

ਟੇਡਰੋਸ ਨੇ ਕਿਹਾ, "ਮੈਨੂੰ ਉਮੀਦ ਹੈ ਕਿ ਫੰਡ ਦੇਣ 'ਤੇ ਮੁੜ ਵਿਚਾਰ ਕੀਤਾ ਜਾਵੇਗਾ ਅਤੇ ਅਮਰੀਕਾ ਇਕ ਵਾਰ ਫਿਰ ਡਬਲਯੂ ਐਚ ਓ ਦੇ ਕੰਮ ਦਾ ਸਮਰਥਨ ਕਰੇਗਾ ਅਤੇ ਜਾਨਾਂ ਬਚਾਉਣਾ ਜਾਰੀ ਰੱਖੇਗਾ"।

# ਯੂਨਾਈਟਿਡ ਸਿੱਖਸ ਦੇ ਗ੍ਰੇਟਰ ਸੈਕਰਾਮੈਂਟੋ ਰੀਜਨ ਚੈਪਟਰ ਦੇ ਮੈਂਬਰਾਂ ਵਲੋਂ ਕਰੋਨਾ ਮਹਾਂਮਾਰੀ ਦੌਰਾਨ ਮੋਰਚੇ ਦੇ ਨਾਇਕਾਂ ਨੂੰ ਭੋਜਨ ਦਿੱਤਾ ਗਿਆ




**ਸੈਕਰਾਮੈਂਟੋ, ਕੈਲੀਫੋਰਨੀਆ ( ਹੁਸਨ ਲੜੋਆ ਬੰਗਾ)–** ਯੂਨਾਈਟਿਡ ਸਿੱਖਸ ਦੇ ਗ੍ਰੇਟਰ ਸੈਕਰਾਮੈਂਟੋ ਰੀਜਨ ਚੈਪਟਰ ਦੇ ਮੈਂਬਰਾਂ ਨੇ ਇਸ ਹਫਤੇ ਸੈਕਰਾਮੈਂਟੋ ਦੇ ਸਟਾਫ ਦੇ ਡਿਗਨਿਟੀ ਹੈਲਥ ਮੈਥੋਡਿਸਟ ਹਸਪਤਾਲ ਲਈ ਉਨ੍ਹਾਂ ਵਲੋਂ ਪੇਸ਼ ਖਾਸ ਖਾਣਾ ਦੇਣ ਨਾਲ ਉਨ੍ਹਾਂ ਦੀ ਸ਼ਲਾਘਾ ਕੀਤੀ ਗਈ। ਇਸ ਦੱਖਣੀ ਸੈਕਰਾਮੈਂਟੋ ਹਸਪਤਾਲ ਵਿਚ ਕਰਮਚਾਰੀਆਂ ਲਈ ਭੋਜਨ ਤਿਆਰ ਕਰਨ ਤੋਂ ਬਾਅਦ ਮੈਂਬਰਾਂ ਨੇ ਇਹ ਖਾਣਾ ਉਸ ਪਹਿਲੇ ਸਟਾਫ ਨੂੰ ਦਿੱਤਾ, ਜੋ ਕਿ ਕੋਰੋਨਾਵਾਇਰਸ (ਸੀਓਵੀਆਈਡੀ -19) ਮਹਾਂਮਾਰੀ ਦੇ ਦੌਰਾਨ ਮੋਰਚੇ ਦੇ ਪਹਿਲੇ ਨਾਇਕ ਵਜੋਂ ਜਾਣੇ ਜਾਂਦੇ ਹਨ। ਯੂਨਾਈਟਿਡ ਸਿੱਖ, ਸੰਯੁਕਤ ਰਾਸ਼ਟਰ ਨਾਲ ਜੁੜੀ, ਅੰਤਰਰਾਸ਼ਟਰੀ ਗੈਰ-ਲਾਭਕਾਰੀ ਸੰਸਥਾ ਹੈ, ਜੋ ਮਨੁੱਖਤਾਵਾਦੀ ਰਾਹਤ ਪ੍ਰਦਾਨ ਕਰਦੀ ਹੈ, ਜਿਸ ਵਿੱਚ COVID-19 ਸਥਿਤੀ ਦੇ ਦੌਰਾਨ ਹਜ਼ਾਰਾਂ ਖਾਣਾ ਪਰੋਸਣਾ ਸ਼ਾਮਲ ਹੈ। ਰੋਜ਼ਾਨਾ ਦੇ ਅਧਾਰ ਤੇ, ਸਥਾਨਕ ਚੈਪਟਰ ਵਿਚ ਐਲਕ ਗਰੋਵ ਸ਼ਾਮਲ ਹੈ, ਉਹਨਾਂ ਲੋਕਾਂ ਨੂੰ ਭੋਜਨ ਦਿੰਦੇ ਹਨ ਜੋ ਮਹਾਂਮਾਰੀ ਨਾਲ ਪ੍ਰਭਾਵਿਤ ਹੋਏ ਹਨ, ਐਲਕ ਗਰੋਵ ਖੇਤਰ ਦਾ ਨਿਵਾਸੀ ਅਮਨਦੀਪ ਸਿੰਘ ਅਤੇ ਨਵੰਬਰ ਦੇ ਏਲਕ ਗਰੋਵ ਸਿਟੀ ਕੌਂਸਲ ਜ਼ਿਲ੍ਹਾ 3 ਦੀ ਚੋਣ ਵਿਚ ਉਮੀਦਵਾਰ ਹਨ, ਸਥਾਨਕ ਚੈਪਟਰ ਦੇ ਮੈਂਬਰਾਂ ਵਿਚੋਂ ਸੀ, ਜਿਨ੍ਹਾਂ ਨੇ ਬੀਤੇ ਦਿਨ ਖਾਣਾ ਹਸਪਤਾਲ ਪਹੁੰਚਾਇਆ। ਉਨ੍ਹਾਂ ਨੇ ਹਸਪਤਾਲ ਦੇ ਸਟਾਫ ਨੂੰ ਭੋਜਨ ਖਿਲਾਉਣ ਲਈ ਆਪਣੇ ਚੈਪਟਰ ਦੀ ਇੱਛਾ ਬਾਰੇ ਦੱਸਿਆ, ਉਨ੍ਹਾਂ ਕਿਹਾ, "ਅਸੀਂ ਇਕੱਠੇ ਹੋ ਕੇ ਅਸੀ ਉਨ੍ਹਾਂ ਲੋਕਾਂ ਲਈ ਆਪਣੀ ਕਦਰਦਾਨੀ ਦਿਖਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਜੋ ਇਸ ਕੋਵਿਡ -19 ਚੀਜ਼ ਦੇ ਫਰੰਟ ਲਾਈਨ' ਤੇ ਕੰਮ ਕਰ ਰਹੇ ਹਨ। ਯੂਨਾਈਟਿਡ ਸਿੱਖਸ ਦੇ ਗ੍ਰੇਟਰ ਸੈਕਰਾਮੈਂਟੋ ਰੀਜਨ ਚੈਪਟਰ ਦੇ ਮੈਂਬਰਾਂ ਨੇ ਭੋਜਨ ਤਿਆਰ ਕਰਨ ਵਿਚ ਸਹਾਇਤਾ ਮੁਹੱਈਆ ਕਰਵਾਉਣ ਲਈ ਗੁਰਦੁਆਰਾ ਸਾਹਿਬ ਵਿਖੇ ਸੰਗਤਾਂ ਦੀ ਪ੍ਰਸ਼ੰਸਾ ਕੀਤੀ।

ਉਨ੍ਹਾਂ ਕਿਹਾ, ਚੈਪਟਰ ਦੇ ਲਗਭਗ 15 ਮੈਂਬਰਾਂ ਦੁਆਰਾ ਹਸਪਤਾਲ ਦੇ ਕਰਮਚਾਰੀਆਂ ਲਈ ਖਾਣਾ ਤਿਆਰ ਕੀਤਾ ਗਿਆ ਸੀ ਜਿਸ ਵਿੱਚ ਚੌਲ, ਬੀਨਜ਼ ਅਤੇ ਸਬਜ਼ੀਆਂ ਸ਼ਾਮਿਲ ਸਨ। ਸਥਾਨਕ ਪ੍ਰਬੰਧਕਾਂ ਵਿੱਚ ਅਮਨਦੀਪ ਸਿੰਘ, ਸੁੱਖੀ ਸੇਖੋਂ, ਸੀਤਲ ਸਿੰਘ ਅਤੇ ਭਾਈ ਮਨਜੀਤ ਸਿੰਘ ਨੇ ਦੱਸਿਆ ਕਿ ਮੁਲਾਜਮਾਂ ਲਈ ਬਹੁਤ ਸਾਰਾ ਖਾਣਾ ਤਿਆਰ ਕੀਤਾ ਗਿਆ ਸੀ, ਦਰਅਸਲ ਤਿੰਨ ਗੱਡੀਆਂ ਭੋਜਨ ਨਾਲ ਭਰੀਆਂ ਹੋਈਆਂ ਸੀ, ਜੋ ਸੇਵਾ ਵਜੋਂ ਵਰਤਾਈਆਂ ਗਈਆਂ। ਯੂਨਾਈਟਿਡ ਸਿੱਖਸ ਦੇ ਗ੍ਰੇਟਰ ਸੈਕਰਾਮੈਂਟੋ ਰੀਜਨ ਚੈਪਟਰ ਦੇ ਮੈਂਬਰਾਂ ਨੇ ਨੇ ਕਿਹਾ ਕਿ ਉਨ੍ਹਾਂ ਦਾ ਚੈਪਟਰ ਉਨ੍ਹਾਂ ਲੋਕਾਂ ਦੀ ਮਦਦ ਲਈ ਸਮਰਪਿਤ ਹੈ ਜਿਨ੍ਹਾਂ ਨੂੰ ਕੋਵੀਡ -19 ਸਥਿਤੀ ਦੇ ਦੌਰਾਨ ਸਹਾਇਤਾ ਦੀ ਲੋੜ ਹੈ।

# ਪਿਛਲੇ 10 ਦਿਨਾਂ ਵਿਚ ਮੌਤਾਂ ਦੁੱਗਣੀਆਂ ਹੋਈਆਂ , ਅਪ੍ਰੈਲ ਵਿਚ ਹਰ ਰੋਜ ਹੋਈਆਂ ਔਸਤ 2000 ਮੌਤਾਂ

## ਇਲਾਜ਼ ਲਈ ਹਾਈਡਰੋਕਸੀਕਲੋਰੋਕੁਈਨ ਦੀ ਵਰਤੋਂ ਵਿਰੁੱਧ ਚਿਤਾਵਨੀ

**ਕੈਲੀਫੋਰਨੀਆਂ (ਹੁਸਨ ਲੜੋਆ ਬੰਗਾ)–** ਅਮਰੀਕਾ ਵਿਚ ਕੋਰੋਨਾਵਾਇਰਸ ਨਾਲ ਮੌਤਾਂ ਦੀ ਗਿਣਤੀ 52296 ਹੋ ਗਈ ਹੈ ਜਦ ਕਿ ਪੀੜਤਾਂ ਦੀ ਗਿਣਤੀ 9,25,000 ਹੈ। ਜੌਹਨ ਹੋਪਕਿਨਜ਼ ਯੂਨੀਵਰਸਿਟੀ ਅਨੁਸਾਰ ਪਿਛਲੇ ਦਿਨ 1258 ਮੌਤਾਂ ਹੋਈਆਂ ਜੋ ਕਿ ਪਿਛਲੇ ਤਕਰੀਬਨ 3 ਹਫ਼ਤਿਆਂ ਦੌਰਾਨ ਰੋਜਾਨਾ ਹੋਈਆਂ ਮੌਤਾਂ ਦੀ ਸਭ ਤੋਂ ਘਟ ਗਿਣਤੀ ਹੈ ਉਂਝ ਪਿਛਲੇ 10 ਦਿਨਾਂ ਦੌਰਾਨ ਮੌਤਾਂ ਦੀ ਗਿਣਤੀ ਦੁੱਗਣੀ ਹੋ ਗਈ ਹੈ ਜਦ ਕਿ ਅਪ੍ਰੈਲ ਵਿਚ ਹਰ ਰੋਜ ਔਸਤ ਤਕਰੀਬਨ 2000 ਅਮਰੀਕੀਆਂ ਦੀ ਮੌਤ ਹੋਈ ਹੈ। ਪੀੜਤਾਂ ਦੀ ਗਿਣਤੀ ਵਧ ਹੋ ਸਕਦੀ ਹੈ ਕਿਉਂਕਿ ਸਿਹਤ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਿਖਿਅਤ ਵਰਕਰਾਂ ਤੇ ਮੈਡੀਕਲ ਸਮੱਗਰੀ ਦੀ ਘਾਟ ਕਾਰਨ ਟੈਸਟ ਕਰਨ ਦੀ ਸਮਰੱਥਾ ਸੀਮਿਤ ਹੈ। ਮ੍ਰਿਤਕਾਂ ਦੀ ਗਿਣਤੀ ਵੀ ਵਧ ਹੋ ਸਕਦੀ ਹੈ ਕਿਉਂਕਿ ਜਿਆਦਾਤਰ ਰਾਜਾਂ ਨੇ ਹਸਪਤਾਲਾਂ ਤੇ ਨਰਸਿੰਗ ਕੇਂਦਰਾਂ ਵਿਚ ਮਰੇ ਲੋਕਾਂ ਦੀ ਹੀ ਗਿਣਤੀ ਕੀਤੀ ਹੈ ਤੇ ਘਰਾਂ ਵਿਚ ਮਰੇ ਲੋਕ ਸ਼ਾਮਿਲ ਨਹੀਂ ਕੀਤੇ ਗਏ। 40% ਮੌਤਾਂ ਕੋਰੋਨਾਵਾਇਰਸ ਦਾ ਕੇਂਦਰ ਬਣੇ ਨਿਊਯਾਰਕ ਵਿਚ ਹੋਈਆਂ। ਇਸ ਤੋਂ ਬਾਅਦ ਨਿਊਜਰਸੀ ਤੇ ਮਿਸ਼ੀਗਨ ਦਾ ਸਥਾਨ ਆਉਂਦਾ ਹੈ। ਇਸੇ ਦੌਰਾਨ 'ਸਟੇਅ ਐਟ ਹੋਮ ਵਿਰੁੱਧ ਪ੍ਰਦਰਸ਼ਨਾਂ ਦਾ ਸਿਲਸਿਲਾ ਵੀ ਜਾਰੀ ਹੈ।

**ਕੋਲੋਰਕੁਈਨ ਦਵਾਈ ਸੁਰੱਖਿਅਤ ਜਾਂ ਪ੍ਰਭਾਵੀ ਹੋਣ ਦੇ ਸਬੂਤ ਨਹੀਂ ਮਿਲੇ:**

ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ (ਐਫ.ਡੀ.ਏ) ਨੇ ਉਨਾਂ ਦੋ ਦਵਾਈਆਂ ਦੀ ਵਰਤੋਂ ਵਿਰੁੱਧ ਚਿਤਾਵਨੀ ਦਿੱਤੀ ਹੈ ਜਿਨਾਂ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਕੋਰੋਨਾਵਾਇਰਸ ਨਾਲ ਲੜਾਈ ਵਿਚ ਸੰਭਾਵੀ 'ਗੇਮ ਚੇਂਜਰ' ਕਹਿੰਦੇ ਰਹੇ ਹਨ। ਐਫ ਡੀ ਏ ਨੇ ਕਿਹਾ ਹੈ ਕਿ ਹਸਪਤਾਲਾਂ ਦੇ ਬਾਹਰ ਕੋਵਿਡ-19 ਦੇ ਇਲਾਜ ਲਈ ਜਾਂ ਕਲੀਨੀਕਲ ਟਰਾਇਲ ਵਜੋਂ ਹਾਈਡਰੋਕਸੀ ਕਲੋਰੋਕੁਈਨ ਜਾਂ ਕੋਲੋਰਕੁਈਨ ਦੀ ਵਰਤੋਂ ਦਿਲ ਦੀਆਂ ਸਮੱਸਿਆਵਾਂ ਪੈਦਾ ਕਰ ਸਕਦੀ ਹੈ। ਇਹ ਦਿਲ ਦੀ ਧੜਕਣ ਨੂੰ ਪ੍ਰਭਾਵਿਤ ਕਰ ਸਕਦੀ ਹੈ ਤੇ ਧੜਕਣ ਨੂੰ ਖਤਰਨਾਕ ਹੱਦ ਤਕ ਵਧਾ ਸਕਦੀ ਹੈ। ਐਫ.ਡੀ.ਏ ਨੇ ਕਿਹਾ ਹੈ ਕਿ ਕੋਵਿਡ-19 ਦੇ ਇਲਾਜ਼ ਲਈ ਹਾਈਡਰੋਕਸੀ ਕਲੋਰੋਕੁਈਨ ਜਾਂ




ਕੋਲੋਰਕੁਈਨ ਦਵਾਈ ਸੁਰੱਖਿਅਤ ਜਾਂ ਪ੍ਰਭਾਵੀ ਹੋਣ ਦੇ ਸਬੂਤ ਨਹੀ ਮਿਲੇ ਤੇ ਇਸਦਾ ਕੋਈ ਅਸਰ ਨਹੀਂ ਹੋ ਰਿਹਾ। ਐਫ.ਡੀ.ਏ ਨੇ ਕਿਹਾ ਹੈ ਕਿ ਲੋਕ ਇਸ ਦਵਾਈ ਨੂੰ ਆਨ ਲਾਈਨ ਨਾ ਮੰਗਵਾਉਣ। ਮਾਹਿਰ ਦੀ ਸਲਾਹ ਨਾਲ ਹੀ ਇਸ ਦੀ ਵਰਤੋਂ ਕੀਤੀ ਜਾਵੇ।ਪਤਾ ਹੋਵੇਗਾ ਕਿ ਇਸ ਕੋਲੋਰਕੁਈਨ ਦਵਾਈ ਨੂੰ ਅਮਰੀਕਾ ਨੇ ਭਾਰਤ ਤੋਂ ਵਿਸ਼ੇਸ਼ ਤੌਰ ਤੇ ਆਪਣੇ ਸਿਆਸੀ ਪ੍ਰਭਾਵ ਨਾਲ ਮੰਗਵਾਇਆ ਸੀ ਤੇ ਇਸ ਦੌਰਾਨ ਇਸ ਦੁਆਈ ਲੈਣ ਲਈ ਦੋਨਾਂ ਦੇਸ਼ਾਂ ਵਿਚਕਾਰ ਸਿਆਸੀ ਤਲਖੀ ਵੀ ਦੇਖੀ ਗਈ ਸੀ ਪਰ ਇਹ ਦੁਆਈ ਕਿਸੇ ਕੰਮ ਨਹੀਂ ਆਈ ਉਲਟਾ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ (ਐਫ.ਡੀ.ਏ) ਨੇ ਕੋਲੋਰਕੁਈਨ ਵਰਤਨ ਤੇ ਜਿਆਦਾ ਨੁਕਸਾਨ ਹੋਣ ਦੀ ਗੱਲ ਆਖੀ ਹੈ।

**'ਸਟੇਅ ਐਟ ਹੋਮ' ਵਿਰੁੱਧ ਪ੍ਰਦਰਸ਼ਨ ਜਾਰੀ:**

ਵਿਸਕਾਨਸਿਨ ਦੀ ਰਾਜਧਾਨੀ ਮੈਡੀਸਨ ਵਿਖੇ ਗਵਰਨਰ ਟੋਨੀ ਐਵਰਜ ਵੱਲੋਂ ਲੋਕਾਂ ਦੇ ਜੀਵਨ ਉਪਰ ਲਾਈਆਂ ਪਾਬੰਦੀਆਂ ਵਿਰੁੱਧ ਹਜਾਰਾਂ ਲੋਕਾਂ ਨੇ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨਕਾਰੀਆਂ ਨੇ 'ਓਪਨ ਅੱਪ' ਦੇ ਹੱਕ ਵਿਚ ਨਾਹਰੇ ਲਾਏ। ਉਨਾਂ ਨੇ ਡੈਮੋਕਰੈਟਿਕ ਗਵਰਨਰ ਵੱਲੋਂ ਕੋਰੋਨਾਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਕਾਰੋਬਾਰ , ਸਕੂਲ ਬੰਦ ਕਰਨ ਤੇ ਲੋਕਾਂ ਨੂੰ ਇਕ ਦੂਸਰੇ ਤੋਂ ਦੂਰ ਰਹਿਣ ਦੇ ਦਿੱਤੇ ਹੁਕਮਾਂ ਵਿਰੁੱਧ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ। ਪ੍ਰਦਰਸ਼ਨਕਾਰੀਆਂ ਵਿਚੋਂ ਕੁਝ ਕੋਲ ਅਸਾਲਟ ਵਰਗੀਆਂ ਰਾਈਫਲਾਂ ਵੀ ਸਨ।

**ਰਾਸ਼ਟਰਪਤੀ ਰੋਜ਼ਾਨਾ ਕੋਰੋਨਾਵਾਇਰਸ ਵਾਰੇ ਬਰੀਫਿੰਗ ਬਦਲਣਗੇ:**

ਅੱਜ ਪਹਿਲੀ ਵਾਰ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪੱਤਰਕਾਰਾਂ ਤੋਂ ਕੋਈ ਪ੍ਰਸ਼ਨ ਲਏ ਬਗੈਰ ਆਪਣੀ ਰੋਜ਼ਾਨਾ ਕੋਰੋਨਾਵਾਇਰਸ ਟਾਸਕ ਫੋਰਸ ਦੀ ਬਰੀਫਿੰਗ ਕੱਟ ਦਿੱਤੀ। ਸ਼ਾਇਦ ਇਹ ਹਰ ਰੋਜ ਇਹ ਹੀ ਹੋਣ ਜਾ ਰਿਹਾ ਹੈ। ਵਾਈਟ ਹਾਊਸ ਨੇ ਰਾਸ਼ਟਰਪਤੀ ਦੀ ਬਰੀਫਿੰਗ ਨੂੰ ਘਟਾਉਣ ਲਈ ਸੰਖੇਪ ਫਾਰਮੈਟ ਚ ਬਦਲਣ ਬਾਰੇ ਵਿਚਾਰ ਵਟਾਂਦਰੇ ਹੋਏ ਹਨ। ਬ੍ਰੀਫਿੰਗਜ਼ ਅਕਸਰ ਇੱਕ ਘੰਟੇ ਦੀ ਹੁੰਦੀ ਹੈ ਅਤੇ ਟਰੰਪ ਅਤੇ ਰਿਪੋਰਟਰਾਂ ਦਰਮਿਆਨ ਜੁਝਾਰੂ ਸਵਾਲਾਂ ਦੇ ਆਦਾਨ ਪ੍ਰਦਾਨ ਹੁੰਦੇ ਹਨ ਹਨ ਤੇ ਹਰ ਨਿੱਤ ਦਿੱਨ ਪੱਤਰਕਾਰਾਂ ਨਾਲ ਰਾਸ਼ਟਰਪਤੀ ਉਲਝੇ ਹੋਏ ਨਜਰ ਆਉਂਦੇ ਹਨ ਬੀਤੇ ਦਿਨ ਟਰੰਪ ਦਾ ਇਹ ਬਿਆਨ ਕਿ ਕੋਰੋਨਾਵਾਇਰਸ ਨਾਲ ਲੜਨ ਲਈ ਲੋਕਾਂ ਵਿੱਚ ਕੀਟਾਣੂਨਾਸ਼ਕ ਨੂੰ ਟੀਕੇ ਲਾਉਣਾ ਮਦਦਗਾਰ ਹੋਵੇਗਾ ਦੀ ਗੱਲ ਨੂੰ ਲੈ ਕੇ ਜਿਸ ਤਰਾਂ ਉਨਾਂ ਦੀ ਅਲੋਚਨਾਂ ਹੋਈ ਇਸ ਗੱਲ ਤੋਂ ਰਾਸ਼ਟਰਪਤੀ ਟਰੰਪ ਨਾਰਾਜ਼ ਸਨ। ਖਾਸ ਤੌਰ ਤੇ ਕੀਟਾਣੂਨਾਸ਼ਕ ਤਿਆਰ ਕਰਨ ਵਾਲੀਆਂ ਕੰਪਨੀਆਂ ਵਲੋਂ ਇਸਨੂੰ ਸਿਹਤ ਲਈ ਖਤਰਨਾਕ ਤੇ ਡੈਮੋਕਰੇਟਸ ਵਲੋਂ ਤਿੱਖੀ ਅਲੋਚਨਾ ਕੀਤੀ ਗਈ ਸੀ। ਪਰ ਟਰੰਪ ਨੇ ਸ਼ੁੱਕਰਵਾਰ ਦੇ ਸ਼ੁਰੂ ਵਿਚ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਅਤੇ ਦਾਅਵਾ ਕੀਤਾ ਕਿ ਕੀਟਾਣੂਨਾਸ਼ਕ ਬਾਰੇ ਉਨ੍ਹਾਂ ਦਾ ਸੁਝਾਅ ਮਜਾਕ ਵਿੱਚ ਦਿੱਤਾ ਗਿਆ ਬਿਆਨ ਸੀ।

# ਵਤਨ ਵਾਪਿਸੀ: ਇੰਝ ਹੋਇਆ ਜਹਾਜ਼ ਦਾ ਜੁਗਾੜ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਅੱਜ ਰਾਤ ਵਿਸ਼ੇਸ਼ ਚਾਰਟਰ ਜਹਾਜ਼ ਦੇ ਵਿਚ ਦਿੱਲੀ ਤੋਂ ਔਕਲੈਂਡ ਦੀ 'ਵਤਨ ਵਾਪਿਸੀ' ਫਲਾਈਟ ਫੜ ਰਹੇ ਯਾਤਰੀ ਜਿੱਥੇ ਸ਼ੁਰੂ ਦੇ ਵਿਚ ਵਿਦੇਸ਼ ਮੰਤਰੀ ਵਿਨਸਨ ਪੀਟਰਜ਼ ਦੇ ਅਹਿਸਾਨ ਅਧੀਨ ਰਹਿਣਗੇ ਉਥੇ ਵਤਨ ਪਰਤਦਿਆਂ ਖਾਤਿਆਂ ਨੂੰ 5500 ਡਾਲਰ ਦੇ ਹਿਲਣਾ ਵੇਖ ਸ਼ਾਇਦ ਅਹਿਸਾਨ ਸ਼ਬਦ ਦਾ ਵਿਰੋਧੀ ਸ਼ਬਦ ਲੱਭ ਕੇ ਇਨ੍ਹਾਂ ਨੂੰ 'ਫਿਕਸ' ਕਰਨ ਦੀ ਕੋਸ਼ਿਸ਼ ਕਰਨ। ਕਹੀਏ ਜਿੰਦਾਂ ਮਰਜ਼ੀ ਇਸ ਵਿਸ਼ੇਸ਼ ਜਹਾਜ਼ ਦਾ ਜੁਗਾੜ ਕਰਨ ਵਾਸਤੇ ਵਿਦੇਸ਼ ਮੰਤਰਾਲੇ, ਓਰਬਿਟ ਕੰਪਨੀ ਅਤੇ ਏਸ਼ੀਅਨ ਟਰੈਵਲ ਦਿੱਲੀ ਵਾਲਿਆਂ ਨੂੰ ਕਾਫੀ ਕੰਮ ਕਰਨਾ ਪਿਆ। ਇਧਰੋਂ-ਉਧਰੋਂ ਜਾਣਕਾਰੀ ਪ੍ਰਾਪਤ ਕਰਕੇ ਜਦੋਂ ਜਮ੍ਹਾ ਘਟਾਓ ਕੀਤਾ ਤਾਂ ਪਾਇਆ ਕਿ ਪੰਜਾਬ ਦੇ ਵਿਚ 9 ਵੋਲਵੋ ਬੱਸਾਂ ਨੇ ਲਗਪਗ 240 ਦੇ ਕਰੀਬ ਯਾਤਰੀ ਇਕੱਠੇ ਕੀਤੇ। ਜਲੰਧਰ ਤੋਂ ਦਿੱਲੀ ਵਾਲੀ ਬੱਸ ਵਿਚ ਕੁੱਲ 38 (26 ਸਿਟੀਜ਼ਨ-12 ਪੀ. ਆਰ.), ਮੋਹਾਲੀ ਤੋਂ ਦਿੱਲੀ ਦੇ ਵਿਚ ਕੁੱਲ 29 (21 ਸਿਟੀਜ਼ਨ-8 ਪੀ. ਆਰ.), ਫਰੀਦਕੋਟ-ਬਠਿੰਡਾ-ਸੰਗਰੂਰ ਦੇ ਵਿਚ ਕੁੱਲ 29 (17 ਸਿਟੀਜ਼ਨ-12 ਪੀ. ਆਰ.), ਜਲੰਧਰ ਤੋਂ ਦਿੱਲੀ ਕੁੱਲ 29 (24 ਸਿਟੀਜ਼ਨ-5 ਪੀ. ਆਰ.), ਲੁਧਿਆਣਾ-ਖੰਨਾ-ਫਤਹਿਗੜ੍ਹ ਸਾਹਿਬ ਦੇ ਵਿਚ ਕੁੱਲ 21 (26 ਸਿਟੀਜ਼ਨ-6 ਪੀ. ਆਰ.), ਹੁਸ਼ਿਆਰਪੁਰ-ਕਪੂਰਥਲਾ ਫਿਲੌਰ ਦੇ ਵਿਚ ਕੁੱਲ 31 (20 ਸਿਟੀਜ਼ਨ-11 ਪੀ. ਆਰ.), ਨਵਾਂਸ਼ਹਿਰ ਦੇ ਵਿਚ ਕੁੱਲ 28 (16 ਸਿਟੀਜ਼ਨ-12 ਪੀ. ਆਰ.), ਪਟਿਆਲਾ-ਰਾਜਪੁਰਾ, ਕੁਰੂਕਸ਼ੇਤਰ-ਕਰਨਾਲ ਦੇ ਵਿਚ ਕੁੱਲ 24 (13 ਸਿਟੀਜ਼ਨ-11 ਪੀ. ਆਰ.), ਗੁਰਦਾਸਪੁਰ ਦੇ ਵਿਚ 1 ਸਵਾਰੀ ਦੱਸੀ ਜਾ ਰਹੀ ਹੈ। ਇਸ ਤੋਂ ਇਲਾਵਾ ਹੋਰ ਬੱਸਾਂ, ਇਨੋਵੇ ਅਤੇ ਸਵਿਫਟ ਕਾਰਾਂ ਦੀ ਵਰਤੋਂ ਵੀ ਕੀਤੀ ਗਈ ਹੈ ਜੋ ਕਿ ਉਦੈਪੁਰ-ਜੈਪੁਰ, ਖੇੜੀ-ਬਰੇਲੀ, ਕਾਨਪੁਰ-ਮਥੁਰਾ, ਰਿਸ਼ੀਕੇਸ਼, ਗੁਆਨਾ, ਦਿੱਲੀ ਲੋਕਲ ਅਤੇ ਜੰਮੂ ਕਸ਼ਮੀਰ ਮਿਲਾ ਕੇ ਲਗਪਗ 300 ਤੋਂ ਉਪਰ ਸਵਾਰੀਆਂ ਇਕੱਠੀਆਂ ਕੀਤੀਆਂ ਗਈਆਂ। ਮੋਟੀ-ਮੋਟੀ ਗਿਣਤੀ ਮੁਤਾਬਿਕ 210 ਦੇ ਕਰੀਬ ਸਿਟੀਜ਼ਨ ਅਤੇ 91 ਦੇ ਕਰੀਬ ਪੀ. ਆਰ. ਵਿਅਕਤੀ ਇਸ ਫਲਾਈਟ ਦੇ ਵਿਚ ਸਫਰ ਕਰ ਰਹੇ ਹਨ। ਹੁਣ ਤੱਕ ਇਹ ਫਲਾਈਟ ਔਕਲੈਂਡ ਹੀ ਜਾਣ ਦੇ ਚਰਚੇ ਹਨ ਅਤੇ ਫਲਾਈਟ ਸਟੇਟਸ ਉਤੇ ਆ ਰਿਹਾ ਹੈ। ਕਈ ਲੋਕਾਂ ਨੂੰ ਪਤਾ ਲੱਗਾ ਹੈ ਕਿ ਸ਼ਾਇਦ ਇਹ ਫਲਾਈਟ 14 ਦਿਨ ਦੇ ਇਕਾਂਤਵਾਸ ਲਈ ਹੋਰ ਕਿਤੇ ਜਾਵੇ। ਹੋ ਸਕਦਾ ਹੈ ਕਿ ਪਹੁੰਚਣ ਉਤੇ ਘਰੇਲੂ ਉਡਾਣ ਦੀ ਵਰਤੋਂ ਕੀਤੀ ਜਾਵੇ।

# ਨਿਊਯਾਰਕ ਵਿੱਚ ਇੱਕ ਪੰਜਾਬੀ ਤੋਂ ਇੱਕ ਲੱਖ ਤੋਂ ਵੱਧ ਫੇਸ ਮਾਸਕ, ਦਸ ਹਜਾਰ ਸਰਜੀਕਲ ਗਾੱਨ, ਲਗਭਗ 25 ਸੌ ਇਸੋਲੇਸ਼ਨ ਸੂਟ ਅਤੇ 5 ਲੱਖ ਤੋਂ ਵੱਧ ਡਿਸਪੋਸੇਜਲ ਦਸਤਾਨੇ ਜ਼ਬਤ ਕੀਤੇ, ਕੇਸ ਦਰਜ

**ਨਿਊਯਾਰਕ (ਹੁਸਨ ਲੜੋਆ ਬੰਗਾ)–** ਜਿਥੇ ਇੱਕ ਪਾਸੇ ਵੱਖ ਵੱਖ ਸੰਸਥਾਵਾਂ ਤੇ ਹਰ ਵਿਆਕਤੀ ਮਹਾਂਮਾਰੀ ਤੋਂ ਭੈਅ ਭੀਤ ਹੋ ਕੇ ਲੋਕ ਸੇਵਾ ਚ ਰੁਝਿਆ ਹੋਇਆ ਹੈ ਤੇ ਦੂਸਰੇ ਪਾਸੇ ਕੁਝ ਲੋਕਾਂ ਲਈ ਪੈਸਾ ਹੀ ਭਗਵਾਨ ਬਣਿਆ ਹੋਇਆ ਹੈ, ਅਜਿਹਾ ਹੀ ਕੇਸ ਨਿਊਯਾਰਕ ਚ ਦੇਖਣ ਨੂੰ ਮਿਲਿਆ ਜਿਸ ਦੌਰਾਨ ਅਮਰਦੀਪ ਸਿੰਘ ਨਾਮੀਂ ਵਿਆਕਤੀ ਉੱਤੇ ਰੱਖਿਆ ਉਤਪਾਦਨ ਐਕਟ ਦੇ ਤਹਿਤ ਕੇਸ ਦਰਜ ਕੀਤਾ ਗਿਆ ਹੈ ਜਿਸ ਉਪਰ ਰੱਖਿਆਤਮਕ ਸਮਾਨ ਦੀ ਕੀਮਤ ਵਧਾ ਕੇ ਵੇਚਣ ਦਾ ਦੋਸ਼ ਹੈ । ਇੱਕ ਪਾਸੇ ਨਿਊਯਾਰਕ ਗਵਰਨਰ ਪਿਟ ਪਿਟ ਕੇ ਰੌਲਾ ਪਾ ਰਿਹਾ ਹੈ ਕਿ ਸਾਡੇ ਪਾਸ ਸਰਜੀਕਲ ਗਾਨ, ਡਿਸਪੋਸੇਜਲ ਦਸਤਾਨੇ, ਇਸੋਲੇਸ਼ਨ ਸੂਟ ਤੇ ਫੇਸ ਮਾਸਕ ਨਹੀਂ ਹੈ ਪਰ ਇੱਕ ਪੰਜਾਬੀ ਦੇ ਗੌਦਾਮ ਤੋਂ ਬਹੁਤ ਵੱਡਾ ਖਜਾਨਾ ਮਿਲਿਆ ਹੈ ਇਸ ਦੌਰਾਨ ਉਸਦੇ ਗੋਦਾਮ ਤੋ ਸਰਚ ਵਰੰਟ ਦੌਰਾਨ 100,000 ਤੋਂ ਵੱਧ ਫੇਸ ਮਾਸਕ, 10,000 ਸਰਜੀਕਲ ਗਾੱਨ, ਲਗਭਗ 2500 ਇਸੋਲੇਸ਼ਨ ਸੂਟ ਅਤੇ 500,000 ਤੋਂ ਵੱਧ ਜੋੜਾ ਡਿਸਪੋਸੇਜਲ ਦਸਤਾਨੇ ਜ਼ਬਤ ਕੀਤੇ ਗਏ ਹਨ। ਨਿਊਯਾਰਕ ਦਾ ਅਮਰਦੀਪ ਸਿੰਘ ਨਾਮੀਂ ਵਿਆਕਤੀ ਅਮਰੀਕਾ ਵਿਚ ਕੋਰੋਨਾਵਾਇਰਸ ਫੈਲਣ ਤੋਂ ਬਾਅਦ ਰੱਖਿਆ ਉਤਪਾਦਨ ਐਕਟ (ਡੀਪੀਏ) ਦੇ ਤਹਿਤ ਨਿੱਜੀ ਸੁਰੱਖਿਆ ਸਮਾਨ ਦੀ ਕੀਮਤ ਵਧਾਉਣ ਦੇ ਦੋਸ਼ ਲੱਗਣ ਵਾਲਾ ਪਹਿਲਾ ਵਿਅਕਤੀ ਬਣ ਗਿਆ।







ਨਿਆਂ ਵਿਭਾਗ ਨੇ ਸ਼ੁੱਕਰਵਾਰ ਨੂੰ ਘੋਸ਼ਣਾ ਕੀਤੀ ਕਿ ਅਮਰਦੀਪ ਸਿੰਘ ਖ਼ਿਲਾਫ਼ ਅਪਰਾਧਿਕ ਸ਼ਿਕਾਇਤ ਦਾਇਰ ਕੀਤੀ ਹੈ, ਜਿਸ ਵਿੱਚ ਉਸ ਨੇ ਬਰਨਟਵੁੱਡ, ਐਨ.ਵਾਈ. ਦੇ ਇੱਕ ਗੁਦਾਮ ਵਿੱਚ ਨਿੱਜੀ ਸੁਰੱਖਿਆ ਉਪਕਰਣਾਂ (ਪੀ.ਪੀ.ਈ.) ਰੱਖ ਕੇ 1950 ਦੇ ਯੁੱਧ ਸਮੇਂ ਦੇ ਕਾਨੂੰਨ ਦੀ ਉਲੰਘਣਾ ਕਰਨ ਅਤੇ ਪਲੇਨਵਿਊ ਵਿੱਚ ਉਸ ਦੇ ਪ੍ਰਚੂਨ ਸਟੋਰ 'ਤੇ ਵੱਧ ਭਾਅ ਤੇ ਗਾਹਕਾਂ ਨੂੰ ਵੇਚਣ ਦਾ ਦੋਸ਼ ਹੈ। ਜੇਕਰ ਅਮਰਦੀਪ ਸਿੰਘ ਦੋਸ਼ੀ ਠਹਿਰਾਇਆ ਗਿਆ ਤਾਂ ਉਸਨੂੰ ਇਕ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਜਾ ਸਕਦੀ ਹੈ। ਅਮਰੀਕਾ ਦੇ ਅਟਾਰਨੀ ਰਿਚਰਡ ਡੋਨੋਗੂ ਨੇ ਕਿਹਾ, "ਜਿਵੇਂ ਸ਼ਿਕਾਇਤ ਵਿਚ ਦੋਸ਼ ਲਾਇਆ ਗਿਆ ਹੈ, ਕਿ ਅਮਰਦੀਪ ਸਿੰਘ ਨੇ ਜਨਤਕ ਸਿਹਤ ਸੰਕਟ ਦੌਰਾਨ ਗੰਭੀਰ ਨਿੱਜੀ ਸੁਰੱਖਿਆ ਉਪਕਰਣਾਂ ਦਾ ਇਕੱਠਾ ਕਰਨਾ ਅਤੇ ਮਹਿੰਗੇ ਭਾਅ ਤੇ ਵਿਕਰੀ ਕਰਨਾ ਉਸਤੇ ਕਾਫ਼ੀ ਹੱਦ ਤਕ ਰੱਖਿਆ ਉਤਪਾਦਨ ਐਕਟ ਕਾਨੂੰਨ ਲਾਗੂ ਹੁੰਦਾ ਹੈ। ਫੈਡਰਲ ਸਰਕਾਰੀ ਵਕੀਲਾਂ ਨੇ ਕਿਹਾ ਕਿ ਸਿੰਘ, ਜੋ ਸਨਿੱਕਰਾਂ ਅਤੇ ਲਿਬਾਸ ਵੇਚਣ ਵਾਲਾ ਇੱਕ ਪ੍ਰਚੂਨ ਸਟੋਰ ਚਲਾਉਂਦਾ ਹੈ, ਨੇ ਇੱਥੇ ਅਤੇ ਨੇੜਲੇ ਗੁਦਾਮ ਵਿੱਚ ਕਈ ਤਰ੍ਹਾਂ ਦੀਆਂ ਵੱਖ ਵੱਖ ਕਿਸਮਾਂ ਦੇ ਪੀ.ਪੀ.ਈ.ਕਿੱਟਾਂ ਕਥਿਤ ਤੌਰ 'ਤੇ ਉਸ ਦੇ ਸਟੋਰ ਦਾ ਇਕ ਹਿੱਸਾ ਸੀ "ਕੋਵਿਡ -19 ਜ਼ਰੂਰੀ" ਜਿਸ ਨੇ ਐਨ 95 ਸਾਹ ਲੈਣ ਵਾਲੇ ਚਿਹਰੇ ਦੇ ਮਾਸਕ, ਦਸਤਾਨੇ ਅਤੇ ਹੋਰ ਬਹੁਤ ਜ਼ਿਆਦਾ ਕੀਮਤਾਂ' ਤੇ ਵੇਚੀਆਂ, ਉਸਨੇ ਕਥਿਤ ਤੌਰ 'ਤੇ ਉਸ ਦੇ ਸਟੋਰ ਅਤੇ ਮਾਲ ਦੇ ਗੁਦਾਮ ਲਈ 40 ਸ਼ਿਪਮਿੰਟ ਪ੍ਰਾਪਤ ਕੀਤੇ ਜੋ ਫੈਡਰਲ ਸਰਕਾਰ ਨੂੰ ਬਹੁਤ ਘੱਟ ਮਿਲਦੇ ਸਨ। ਯੂਨ-ਾਈਟਿਡ ਸਟੇਟਸ ਪੋਸਟਲ ਇੰਸਪੈਕਸ਼ਨ ਸਰਵਿਸ ਦੇ ਨਿ-ਉਯਾਰਕ ਡਵੀਜ਼ਨ ਦੇ ਇੰਚਾਰਜ ਇੰਸਪੈਕਟਰ ਫਿਲਿਪ ਬਾਰਟਲੇਟ ਨੇ ਕਿਹਾ, "ਕੋਰੋਨਾਵਾਇਰਸ ਨੇ ਸਾਰੇ ਅਮਰੀਕੀਆਂ, ਖ਼ਾਸਕਰ ਨਿਊਯਾਰਕ ਵਿੱਚ ਰਹਿਣ ਵਾਲੇ ਲੋਕਾਂ ਲਈ ਚੁਣੌਤੀ ਭਰਪੂਰ ਸਮਾਂ ਬਣਾਇਆ ਹੈ, "ਇਸ ਸੰਕਟ ਦੇ ਸਮੇਂ, ਸਾਨੂੰ ਇਸ ਸਾਂਝੇ ਦੁਸ਼ਮਣ ਨਾਲ ਲੜਨ ਲਈ ਇੱਕ ਦੇਸ਼ ਵਜੋਂ ਇਕੱਠੇ ਹੋਣਾ ਚਾਹੀਦਾ ਹੈ।"ਬਦਕਿਸਮਤੀ ਨਾਲ, ਸ੍ਰੀਮਾਨ ਸਿੰਘ ਨੇ ਕਥਿਤ ਤੌਰ ਤੇ ਇਸ ਅਵਸਰ ਦੀ ਵਰਤੋਂ ਪੈਸੇ ਕਮਾਉਣ ਅਤੇ ਪੀ.ਈ.ਪੀ. ਸ਼ਿਕਾਇਤ ਵਿਚ ਲਗਾਇਆ ਗਿਆ ਤੇ ਇਹ ਵਤੀਰਾ ਨਿੰਦਣਯੋਗ ਹੈ ਅਤੇ ਸਾਡੇ ਸਭ ਤੋਂ ਬੁਨਿਆਦੀ ਅਮਰੀਕੀ ਕਦਰਾਂ ਕੀਮਤਾਂ ਦੇ ਵਿਰੁੱਧ ਹੈ, "ਉਸਨੇ ਅੱਗੇ ਕਿਹਾ ਕਿ ਰਾਸ਼ਟਰਪਤੀ ਟਰੰਪ ਨੇ ਪਿਛਲੇ ਮਹੀਨੇ ਰੱਖਿਆ ਉਦਯੋਗ ਐਕਟ ਉਤੇ ਇੱਕ ਆਦੇਸ਼ ਤੇ ਦਸਤਖਤ ਕੀਤੇ ਸਨ "।

ਦੂਸਰੇ ਪਾਸੇ ਅਮਰਦੀਪ ਸਿੰਘ ਦੇ ਅਟਾਰਨੀ ਬ੍ਰੈਡਲੀ ਗਰਸਟਮੈਨ ਨੇ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਅਮਰਦੀਪ ਸਿੰਘ ਨੇ ਕਿਸੇ ਨੂੰ ਵੱਧ ਤੇ ਕੀਮਤ ਤੇ ਕੋਈ ਸਮਾਨ ਦਿੱਤਾ ਸੀ । ਉਹ ਤਾ ਇਕ ਰੋਜ਼ੀ-ਰੋਟੀ ਕਮਾਉਣ ਲਈ ਕਰ ਰਿਹਾ ਹੈ," ਗਰਸਟਮੈਨ ਨੇ ਪੱਤਰਕਾਰਾਂ ਨੂੰ ਦੱਸਿਆ ਕਿ "ਉਹ ਕਦੇ ਵੀ ਇਸਦਾ ਅੰਦਾਜਾ ਨਹੀਂ ਲਗਾਉਂਦਾ ਕਿ ਉਹ ਗਲਤ ਕੰਮ ਕਰ ਸਕਦਾ ਸੀ ਤੇ ਉਹ ਇੱਕ ਪਰਿਵਾਰਕ ਆਦਮੀ ਹੈ, ਉਸ ਦੀਆਂ ਤਿੰਨ ਜਵਾਨ ਧੀਆਂ ਹਨ ਜੋ 25 ਸਾਲਾਂ ਤੋਂ ਕਮਿਉਨਿਟੀ ਵਿੱਚ ਲੋਕਾਂ ਲਈ ਇੱਕ ਸਟੋਰ ਚਲਾਉਂਦਾ ਹੈ। ਅਸੀਂ ਉਸਨੂੰ ਦੋਸ਼ੀ ਨਹੀਂ ਮੰਨਦੇ ਅਤੇ ਫਿਰ ਵੀ ਅਸੀਂ ਸਬੂਤ ਦੇ ਜ਼ਰੀਏ ਦਿਖਾਵਾਂਗੇ ਕਿ ਅਮਰਦੀਪ ਸਿੰਘ ਨੇ ਕੁਝ ਵੀ ਗਲਤ ਨਹੀਂ ਕੀਤਾ।"



ਪਟਿਆਲਾ ਜ਼ਿਲ੍ਹੇ ਦੇ ਤਹਿਸੀਲ ਰਾਜਪੁਰ ਦੀ ਕੋਰੋਨਾ ਪਾਜੇਟਿਵ ਕਰੀਬ 62 ਸਾਲਾ ਮਹਿਲਾ ਕਮਲੇਸ਼ ਰਾਣੀ, ਜਿਸ ਦਾ ਸਰਕਾਰੀ ਰਾਜਿੰਦਰਾ ਹਸਪਤਾਲ ਵਿਖੇ ਦੇਹਾਂਤ ਹੋ ਗਿਆ ਸੀ, ਦਾ ਅੰਤਿਮ ਸੰਸਕਾਰ ਰਾਜਪੁਰਾ ਵਿਖੇ ਜ਼ਿਲ੍ਹਾ ਪ੍ਰਸ਼ਾਸਨ ਦੇ ਨੁਮਾਇੰਦਿਆਂ ਵੱਲੋਂ ਅੰਤਿਮ ਸਸਕਾਰ ਕੀਤਾ ਗਿਆ।

# ਕਰੋਨਾ ਤਾਲਾ ਬੰਦੀ..ਤਾਂ ਕਿ ਕਰੋਨਾ ਡੱਕਿਆ ਰਹੇ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਜੈਸਿੰਡਾ ਆਰਡਨ ਨੇ ਦੇਸ਼ ਦੇ ਵਿਚ 4 ਹਫਤਿਆਂ ਦੀ ਲੈਵਲ-4 ਸਥਿਤੀ ਅਧੀਨ ਕਰੋਨਾ ਤਾਲਾ ਬੰਦੀ ਕਰਕੇ ਕਰੋਨਾ ਵਾਇਰਸ ਨੂੰ ਡੱਕਣ ਦੀ ਸਫਲ ਕੋਸ਼ਿਸ਼ ਕੀਤੀ ਹੈ। ਹੁਣ ਇਸ ਤਾਲਾਬੰਦੀ ਦੀ ਚਾਬੀ ਕੁਝ ਢਿੱਲਾ ਕਰਕੇ ਲੋਕਾਂ ਨੂੰ ਰਾਹਤ ਦੇਣ ਦੀ ਸੰਭਾਵਨਾ ਬਣੀ ਹੋਈ ਹੈ।



ਇਹ ਤਾਲਾਬੰਦੀ ਭਾਵੇਂ 30 ਅਪ੍ਰੈਲ ਤੱਕ ਜਾਰੀ ਰਹੇਗੀ ਪਰ ਇਹ ਤਾਲਾਬੰਦੀ ਕਿੰਨਾ ਢਿੱਲੀ ਹੋ ਸਕਦੀ ਹੈ ਉਤੇ ਕੱਲ੍ਹ ਸ਼ਾਮ 4 ਵਜੇ ਪ੍ਰਧਾਨ ਮੰਤਰੀ ਅੱਪਡੇਟ ਦੇਣਗੇ। ਉਂਝ ਜੇਕਰ ਚਾਬੀ ਪਿਛਲੇ ਪਾਸੇ ਘੁੰਮਦੀ ਹੈ ਤਾਂ ਜਿੰਦਰਾ ਕਿੰਨਾ ਢਿੱਲਾ ਹੋਵੇਗਾ ਸਾਰਾ ਕੁਝ ਲਿਖਤੀ ਰੂਪ ਵਿਚ ਸਾਹਮਣੇ ਆ ਜਾਵੇਗਾ। ਭਾਵੇਂ ਬਹੁਤ ਸਾਰੀਆਂ ਚੀਜਾਂ ਦਾ ਪਹਿਲਾਂ ਹੀ ਪਤਾ ਹੈ ਪਰ ਜਿੰਨਾ ਚਿਰ ਤੱਕ ਆਖਰੀ ਅੱਪਡੇਟ ਨਹੀਂ ਆ ਜਾਂਦਾ ਕੁਝ ਨਹੀਂ ਕਿਹਾ ਜਾ ਸਕਦਾ। ਅਜੇ ਵੀ 9 ਕੇਸ ਨਵੇਂ ਸ਼ਾਮਿਲ ਹੋਏ ਹਨ ਅਤੇ ਇਕ ਮੌਤ ਵੀ ਹੋਈ ਹੈ ਜਿਸ ਕਰਕੇ ਬੇਫਿਕਰੇ ਨਹੀਂ ਰਿਹਾ ਜਾ ਸਕਦਾ।






ਦੇਸ਼ ਦੁਆਬਾ

# May Day Celebrations & Babasaheb Dr Ambedkar's Contributions for Labourers in India

Prem K. Chumber
Editor-in-Chief: www.ambedkartimes.com
Ambedkar Times & Desh Doaba Weekly Newspapers

Bharat Ratan Bodhi Satav Babasaheb Dr Bhimrao Ramji's contribution towards the emancipation and empowerment of the working class in India both during the freedom struggle as well as after India's independence is worth remembering on the historic May Day: celebrated worldwide as International Workers' Day, also known as Workers' Day and Labour Day. It was chosen to be International Workers' Day at the International's second congress in 1891 to commemorate the 1886 Haymarket affairin Chicago wherein on 1 May workers of various industrial units observed general strike for the eight-hour workday. On 4 May when the Chicago police tried to disperse a public assembly in support of the general strike an unidentified person threw a bomb, which led to police firing resulting in the death of seven police officers, at least four civilians and wounding of sixty police officers and unknown number of civilians. This was led to the arrest of hundreds of labour leaders and their sympathiers. Later on, four of the arrested ones were executed by hanging.

It was coincidence that Babasaheb Dr Ambedkar was born in 1891 and came to acquire higher education in the United States of America in 1913. What he learnt during his three years (1913-16) stint at Columbia University in New York City in the class room sessions of his great professors - John Dewey, James Shotwell, Edwin Seligman and James Harvey Robinson - made him struggle for the emancipation and empowerment of the labourers on his return in his own country during the British as well as after India's independence. During his tenure as a Labour Minister and as the Labour Member of the Viceroy's Executive Council between 1942 and 1946, he worked hard for the reduction of working hours from 12 to 8 Hrs a day. His contributions towards granting the rights of the labourers are manifold: establishment of Employment Exchange, Employees State Insurance (ESI), Indian Statistical Law, Compulsory Recognition for Trade of Union, Indian Factory act, Dearness Allowance (DA), Paid Holidays, Health Insurance, Extra pay for Overtime, Legal Strike Act, Provident Fund (PF), Labour Welfare Fund, Technical Training Scheme, Mines Maternity Benefit Act, Women Labour Welfare Fund, Women and Child-Labour Protection Act, Maternity Benefit for Women Labour, Equal Pay for Equal Work irrespective of the Sex, Restoration of Ban on Employment of Women on Underground Work in Coal Mines.

As far as the public domain of working class activism is concerned, Dr Ambedkar was always acted as front soldier for the rights of workers. His contribution in highlighting the plight of Dalit workers access in the highest paid textile mill weaving departments is well known. Dalits were not allowed to work in these textile mills for the fear of pollution caused by their saliva to wet the thread during the weaving process to tie the knot, each time the weft bobbin required a replacement. Dr Ambedkar brought this issue in the public during the famous 1928 Bombay Textile Strike. He threathened to dissuade Dalit workers from joining the strike if his demand for Dalits' access to all kind of jobs in the mills was accepted. His contributions towards the bill to abolish the Mahar Watan and Khoti abolition bill were among the several prominent labour welfare measures undertook by him. Abolition of Punjab Land Alienation Act of 1900 was yet another legal relief to the non-agriculture classes, including Dalits, to overcome their exclusion from the land ownership rights.

Ambedkar Times & Desh Doaba Weekly newspapers congratulate all on the May Day Celebrations the world over and also fondly remember the rich contributions made by Bodhi Satav Bharat Ratan Babasaheb Dr Bhimrao Ramji Ambedkar towards the emancipation and empowerment of workers in India!

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-130

## ਚਉਤੀਸ ਅੱਖਰਾਂ ਬਾਰੇ ਬਾਬਾ-ਰਵਿਦਾਸ ਜੀ ਦੇ ਵਿਚਾਰ



ਅਵਤਾਰ ਸਿੰਘ ਮਿਸ਼ਨਰੀ
510-432-5827

ਸਾਰਾ ਕੁਝ ਗਿਆਨ ਆਦਿਕ ੩੪ ਅੱਖਰਾਂ 'ਚ ਹੀ ਨਹੀ ਸਗੋਂ ਕੁਦਰਤਿ ਵਿੱਚ ਬਹੁਤ ਕੁਝ ਹੈ। ਗੁਰੂ ਗ੍ਰੰਥ ਵਿਸ਼ਵ-ਕੋਸ਼ ਅਨੁਸਾਰ ਭਗਤ ਰਵਿਦਾਸ ਜੀ ਦੀ ਬਾਣੀ ਵਿੱਚ ਚਉਤੀਸ ਅੱਖਰ ਦਾ ਉਲੇਖ ਹੈ-ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਖਰ ਮਾਹੀ॥(੧੧੦੬) ਭਾਵ ਚੌਂਤੀਸ ਅੱਖਰਾਂ ਵਿੱਚ ਹਰ ਪ੍ਰਕਾਰ ਦਾ ਧਾਰਮਿਕ ਜਾਂ ਕਾਵਿ ਸਹਿਤ ਸਮਝਾਇਆ ਹੋਇਆ ਹੈ। ਭਗਤ ਰਵਿਦਾਸ ਜੀ ਨੇ ਇਨ੍ਹਾਂ ਰਚਨਾਵਾਂ/ਗ੍ਰੰਥ (ਅਖਿਆਨ, ਪੁਰਾਨ, ਵੇਦ) ਦਾ ਨਾਂ ਗਿਣਾਇਐ ਉਹ ਸਾਰੇ ਸੰਸਕ੍ਰਿਤ ਦੀਆਂ ਰਚਨਾਵਾਂ ਹਨ ਓਦੋਂ ਇਹ ਦੇਵਨਾਗਰੀ 'ਚ ਲਿਖੀਆਂ ਜਾਂਦੀਆਂ ਸਨ। ਵਿਦਵਾਨਾਂ ਨੇ ਦੇਵਨਾਗਰੀ ਨੂੰ ਹੀ ਚੌਂਤੀਸ-ਅੱਖਰਾਂ ਵਾਲੀ ਲਿਪੀ ਮੰਨਣ ਲਈ ਤਰਕ ਦਿੱਤੇ ਕਿ ਕ-ਵਰਗ, ਚ-ਵਰਗ, ਟ-ਵਰਗ, ਤ-ਵਰਗ, ਪ-ਵਰਗ ਅਤੇ ਯ, ਰ, ਲ, ਵ, ਸ, ਹ ਇਨ੍ਹਾਂ ਛੇ ਜੁੱਟਾਂ ਵਿੱਚ ਤੀਹ ਅੱਖਰ ਹਨ।

ਾਕੀ ਚਾਰ ਮਾਤ੍ਰਾਵਾਂ ਦੇ ਰੂਪ 'ਚ ਵਰਤੀਂਦੇ ਜਿਵੇਂ ਅ, ਇ, ਓ ਅਤੇ ਰਿ (ਰਿਸ਼ੀ) ਇਵੇਂ ਬਣੀ ਚੌਂਤੀਸ-ਅੱਖਰਾਂ ਦੀ ਵਰਣ-ਮਾਲਾ ਵਿੱਚ ਸਾਰੀਆਂ ਪੁਰਾਤਨ ਰਚਨਾਵਾਂ ਲਿਪੀਬੱਧ ਹਨ। ਇਸ ਤੋਂ ਇਲਾਵਾ ਪੁਰਾਤਨ ਲਿਪੀਆਂ 'ਚ 'ਚੌਂਤੀਸਾ' ਨਾਮ ਦੀ ਲਿਪੀ ਦੇ ਪ੍ਰਚਲਤ ਹੋਣ ਦੇ ਪ੍ਰਮਾਣ ਵੀ ਮਿਲਦੇ ਹਨ।

ਭਗਤ ਰਵਿਦਾਸ ਜੀ ਸਮਝਾ ਰਹੇ ਹਨ ਕਿ-ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਖਰ ਮਾਹੀਂ॥ ਬਿਆਸ ਬਿਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ॥(੧੧੦੬) ਭਾਵ ੩੪ ਅੱਖਰਾਂ 'ਚ ਹੀ ਨਿਰੀ ਵਾਕ ਰਚਨਾ, ਨਿਰੀਆਂ ਫੋਕੀਆਂ ਗੱਲਾਂ ਜੋ ਅਤਮਕ-ਜੀਵਨ ਤੋਂ ਹੇਠਾਂ ਨੇ ਤੂੰ ਓਨਾਂ 'ਚ ਹੀ ਨਾ ਉਲਝਿਆ ਰਹੇ ਸਗੋਂ ਗਿਣਤੀਆਂ-ਮਿਣਤੀਆਂ ਛੱਡ ਕਿਰਤੀ ਹੋ ਕਰਤੇ ਨੂੰ ਹਰ ਵੇਲੇ ਯਾਦ ਕਰਦਾ, ਮਨੁੱਖਾ-ਜੀਵਨ ਸਫਲ ਕਰ।

ਨੋਟ-ਸੰਸਕ੍ਰਿਤ ਦੇ ਅਸਲ ਅੱਖਰ ੩੪ ਹਨ। 'ੜ' ਅੱਖਰ ਬਾਕੀ ਬੋਲੀਆਂ, 'ਚ ਨਹੀਂ ਇਸ ਦੀ ਅਵਾਜ਼ ਪੁਰਾਤਨ 'ਢ' ਤੋਂ ਹੀ ਲੈਂਦੇ ਸਨ। ਇਸ ਕਰਕੇ ਚੌਂਤੀਆਂ ਦੀ ਗਿਣਤੀ 'ਚ ਨਹੀਂ ਆਇਆ ਪਰ ਗੁਰੂ ਸਹਿਬਾਨ ਨੇ 'ੜ' ਅੱਖਰ ਪਾ ਕੇ ਪੰਜਾਬੀ ਲਈ ਗੁਰਮੁਖੀ ਵਰਣਮਾਲਾ ੩੫ ਅੱਖਰਾਂ ਦੀ ਬਣਾਈ। ਗੁਰੂ ਸਾਹਿਬ ਦੀ ਪੈਂਤੀ ਵਿੱਚ 'ਙ' ਤੇ 'ਞ' ਵੀ ਵਰਤੇ ਜਾਂਦੇ ਹਨ।

### ਸ਼ਹੀਦੀ ਦਿਵਸ 'ਤੇ ਵਿਸ਼ੇਸ਼

# ਮਹਾਨ ਜਰਨੈਲ ਸਰਦਾਰ ਹਰੀ ਸਿੰਘ ਨਲੂਆ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਸਿੱਖ ਇਤਿਹਾਸ ਸੂਰਬੀਰ ਯੋਧਿਆਂ ਦੀ ਕੁਰਬਾਨੀ ਦੀ ਬੇਮਿਸਾਲ ਦਾਸਤਾਨ ਹੈ। ਉਸੇ ਲੜੀ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਸਰਦਾਰ ਹਰੀ ਸਿੰਘ ਨਲੂਆ ਇਕ ਮਹਾਨ ਜਰਨੈਲ ਸੀ। ਉਹ ਤੰਦਰੁਸਤ ਸੁਡੌਲ ਸਰੀਰ, ਵਿਦਵਾਨ, ਉਚ ਆਚਰਣ, ਸਫਲ ਪ੍ਰਬੰਧਕ, ਦੂਰ-ਅੰਦੇਸ਼ੀ, ਕੁਰਬਾਨੀ ਦਾ ਪੁੰਜ ਯੋਧਾ ਸੀ। ਜਨਮ ਸੰਨ 1971 ਈ: ਵਿਚ ਗੁਜਰਾਂਵਾਲੇ ਵਿਖੇ ਸਰਦਾਰ ਗੁਰਦਿਆਲ ਸਿੰਘ ਸ਼ੁਕਰਚੱਕੀਆ ਮਿਸਲ ਦੇ ਫੌਜੀ ਸਰਦਾਰ ਅਤੇ ਮਾਤਾ ਧਰਮ ਕੌਰ ਦੀ ਕੁੱਖੋਂ ਹੋਇਆ। ਅਜੇ ਆਪ ਸੱਤ ਕੁ ਸਾਲ ਦੀ ਉਮਰ ਦੇ ਸਨ ਕਿ ਪਿਤਾ ਜੀ ਚੜ੍ਹਾਈ ਕਰ ਗਏ। ਆਪ ਜੀ ਦੀ ਮਾਤਾ ਜੀ ਨੇ ਆਪ ਜੀ ਦੀ ਪੜ੍ਹਾਈ ਅਤੇ ਸ਼ਸ਼ਤਰ ਵਿੱਦਿਆ ਦਾ ਪ੍ਰਬੰਧ ਕੀਤਾ। ਆਪ ਗੁਰਮੁਖੀ ਅਤੇ ਫਾਰਸੀ ਦੇ ਜਾਣੂ ਸਨ। ਛੋਟੀ ਉਮਰ ਵਿਚ ਹੀ ਅੰਮ੍ਰਿਤ ਛਕ ਕੇ ਜੀਵਨ ਖਾਲਸਾ ਪੰਥ ਦੀ ਸੇਵਾ ਵਿਚ ਲਾ ਦਿੱਤਾ।



ਮਹਾਰਾਜਾ ਰਦਜੀਤ ਸਿੰਘ ਜੀ ਵੱਲੋਂ ਬਸੰਤ ਪੰਚਮੀ ਦੇ ਦਿਨ ਸ਼ਾਹੀ ਦਰਬਾਰ ਲਗਾਇਆ ਜਾਂਦਾ ਸੀ। ਜਿਸ ਵਿਚ ਸੂਰਮੇ ਆਪਣੀ ਸ਼ਸਤਰ ਵਿੱਦਿਆ ਦੇ ਜੌਰ ਵਿਖਾ ਕੇ ਇਨਾਮ ਪ੍ਰਾਪਤ ਕਰਦੇ ਸਨ। ਸੰਨ 1805 ਈ: ਦੇ ਸ਼ਾਹੀ ਦਰਬਾਰ ਵਿਚ ਹਰੀ ਸਿੰਘ ਨੇ ਵੀ ਸ਼ਸਤਰ ਵਿੱਦਿਆ ਦੇ ਜੌਹਰ ਵਿਖਾਏ। ਕਰਤੱਬਾਂ ਨੂੰ ਦੇਖ ਕੇ ਮਹਾਰਾਜਾ ਨੇ ਆਪਣੀ ਫੌਜ ਵਿਚ ਭਰਤੀ ਕਰ ਲਿਆ। ਇਕ ਦਿਨ ਮਹਾਰਾਜਾ ਨਾਲ ਸ਼ਿਕਾਰ ਤੇ ਜਾਣ ਦਾ ਮੌਕਾ ਮਿਲਿਆ। ਇਕ ਸ਼ੇਰ ਅਚਾਨਕ ਆਪ 'ਤੇ ਟੁੱਟ ਪਿਆ। ਫੁਰਤੀ ਨਾਲ ਸ਼ੇਰ ਦੇ ਜਬਾੜੇ ਚੀਰਦਿਆਂ ਧਰਤੀ ਤੇ ਗਵਾਹ ਮਾਰਿਆ ਤੇ ਤਲਵਾਰ ਨਾਲ ਉਸਦਾ ਸਿਰ ਲਾਹ ਦਿੱਤਾ। ਇਹ ਦੇਖ ਕੇ ਮਹਾਰਾਜਾ ਨੇ ਆਪਣੀ ਸ਼ੇਰਦਿਲ ਸੈਨਾ ਟੁਕੜੀ ਵਿਚ ਸਰਦਾਰੀ ਦੇ ਦਿੱਤੀ। ਨਾਲ ਹੀ ਨਾਂ ਦੇ ਨਾਲ ਨਲੂਆ ਜੋੜ ਦਿੱਤਾ।

ਜੰਗੀ ਮੁਹਿੰਮਾਂ ਦੇ 30 ਸਾਲਾਂ ਦੀ ਸ਼ੁਰੂਆਤ ਵਿਚ ਕਸੂਰ ਦੇ ਨਵਾਬ ਕੁਤਬਦੀਨ ਨਾਲ 10 ਫਰਵਰੀ 1807 ਨੂੰ ਹੋਈ ਜੰਗ ਵਿਚ ਕਸੂਰੀਆਂ ਨੇ ਭੱਜ ਕੇ ਕਿਲੇ ਵਿਚ ਪਨਾਹ ਲਈ।18ਫਰਵਰੀ 1807 ਨੂੰ ਕਿਲੇ ਤੇ ਹਮਲਾ ਕੀਤਾ ਤਾਂ ਨਵਾਬ ਨੂੰ ਕਰਾਰੀ ਹਾਰ ਹੋਈ। ਸ਼ੇਰਦਿਲ ਸੈਨਾ ਨੇ ਨਵਾਬ ਅਤੇ 200 ਸਿਪਾਹੀਆਂ ਨੂੰ ਗ੍ਰਿਫਤਾਰ ਕਰਕੇ ਮਹਾਰਾਜਾ ਅੱਗੇ ਪੇਸ਼ ਕੀਤਾ। ਮਹਾਰਾਜਾ ਨੇ ਬੀਰਤਾ ਤੋਂ ਖੁਸ਼ ਹੋ ਕੇ 30000 ਸਾਲਾਨਾ ਦੀ ਜਾਗੀਰ ਦੇ ਦਿੱਤੀ।

25 ਜਨਵਰੀ 1810 ਨੂੰ ਨਵਾਬ ਮੁਜ਼ੱਫਰ ਖਾਨ ਮੁਲਤਾਨ 'ਤੇ ਚੜ੍ਹਾਈ ਕੀਤੀ। ਨਵਾਬ ਆਪਣੀ ਫੌਜ ਲੈ ਕੇ ਕਿਲੇ ਵਿਚ ਡਟ ਗਿਆ। ਮਹਾਰਾਜਾ ਨੇ ਕਿਲੇ ਦੀ ਕੰਧ ਨੂੰ ਬਾਰੂਦ ਨਾਲ ਉਡਾਉਣ ਦਾ ਹੁਕਮ ਦਿੱਤਾ। ਸ. ਅਤਰ ਸਿੰਘ ਧਾਰੀ, ਸ. ਨਿਹਾਲ ਸਿੰਘ ਅਟਾਰੀ, ਸ. ਹਰੀ ਸਿੰਘ ਨਲੂਆ ਨੇ ਇਹ ਕੰਮ ਸਿਰੇ ਚਾੜ੍ਹਿਆ। ਸ. ਨਲੂਆ ਜ਼ਖਮੀ ਹੋ ਗਏ। ਸ. ਅਤਰ ਸਿੰਘ ਧਾਰੀ ਚੜ੍ਹਾਈ ਕਰ ਗਏ। ਖਾਲਸਾ ਫੌਜ ਕਿਲੇ ਵਿਚ ਜਾ ਵੜੀ। ਪਠਾਣਾਂ ਦੇ ਆਹੂ ਲਾਹ ਸੁੱਟੇ। ਪਠਾਣਾਂ ਨੇ ਵੀ ਡੱਟ ਕੇ ਮੁਕਾਬਲਾ ਕੀਤਾ ਪਰ ਖਾਲਸੇ ਅੱਗੇ ਟਿਕ ਨਾ ਸਕੇ। ਨਵਾਬ ਮੁਜਫਰ ਖਾਂ ਸ਼ਰਨ ਵਿਚ ਆ ਗਿਆ। ਇਸ ਬਹਾਦਰੀ ਨੇ ਜਗੀਰ ਵਿਚ 20,000 ਸਾਲਾਨਾ ਦਾ ਹੋਰ ਵਾਧਾ ਕੀਤਾ ਗਿਆ।

ਸ਼ਾਹ ਸ਼ੁਜਾਹ ਆਪਣੇ ਭਰਾ ਸ਼ਾਹ ਮੁਹੰਮਦ ਹੱਥੋਂ ਹਾਰ ਕੇ ਅਟਕ ਪਹੁੰਚ ਗਿਆ। ਅਟਕ ਦਾ ਕਿਲੇਦਾਰ ਜਹਾਨ ਖਾਂ ਸੀ। ਉਸਨੇ ਸ਼ਾਹ ਸੁਜਾਹ ਨੂੰ ਬੰਦੀ ਬਣਾ ਕੇ ਆਪਣੇ ਭਰਾ ਕਸ਼ਮੀਰ ਦੇ ਗਵਰਨਰ ਅਤਾ ਮੁਹੰਮਦ ਖਾਨ ਕੋਲ ਭੇਜ ਦਿੱਤਾ। ਕਾਬਲ ਤੋਂ ਵਜ਼ੀਰ ਫਤਿਹ ਖਾਨ ਨੂੰ ਪਤਾ ਲੱਗਾ ਕਿ ਸ਼ਾਹ ਸੁਜਾਹ ਕਸ਼ਮੀਰ ਵਿਚ ਹੈ। ਉਸਨੇ ਮਹਾਰਾਜਾ ਦੋਛ ਮਦਦ ਮੰਗੀ ਕਿ ਜੇ ਤੁਸੀਂ ਕਸ਼ਮੀਰ ਦੀ ਲੜਾਈ ਵਿਚ ਮੇਰਾ ਸਾਥ ਦਿਓ ਤਾਂ ਕਸ਼ਮੀਰ ਦੀ ਲੁੱਟ ਦਾ ਅੱਧ ਅਤੇ 9 ਲੱਖ ਰੁਪਏ ਦੇਵਾਂਗਾ। ਉਦੋਂ ਹੀ ਸ਼ਾਹ ਸੁਜਾਹ ਦੀ ਬੇਗਮ ਨੇ ਮਹਰਾਜਾ ਨੇ ਕਿਹਾ ਕਿ ਜੇ ਤੁਸੀਂ ਸ਼ਾਹ ਸ਼ੁਜਾਹ ਨੂੰ ਛਡਾ ਦਿਓ ਤਾਂ ਉਹ ਕੋਹਿਨੂਰ ਹੀਰਾ ਦੇਵੇਗੀ। ਮਹਾਰਾਜਾ ਨੇ ਸਥਿਤੀ 'ਤੇ ਗੌਰ ਕਰਦਿਆਂ, ਖਾਲਸਾ ਫੌਜ ਨੂੰ ਕਸ਼ਮੀਰ ਤੇ ਚੜ੍ਹਾਈ ਕਰਨ ਦਾ ਹੁਕਮ ਦੇ ਦਿੱਤਾ।

ਸ. ਨਲੂਆ 12000 ਦੀ ਫੌਜ ਨਾਲ ਸ੍ਰੀਨਗਰ ਪਹੁੰਚ ਗਏ। ਅਤਾ ਮੁਹੰਮਦ ਖਾਂ ਨੇ ਮੁਕਾਬਲਾ ਤਾਂ ਕੀਤਾ ਪਰ ਟਿਕ ਨਾ ਸਕਿਆ। ਖਾਲਸੇ ਨੇ ਸ਼ੇਰਗੜ੍ਹੀ ਤੇ ਕਬਜ਼ਾ ਕਰਕੇ ਸ਼ਾਹ ਸ਼ੁਜਾਹ ਨੂੰ ਕੈਦ ਵਿਚੋਂ ਛੁਡਾ ਲਿਆ। ਜਦੋਂ ਖਾਲਸੇ ਨੇ ਵਜ਼ੀਰ ਫਤਿਹ ਖਾਨ ਕੋਲੋਂ ਲੁੱਟ ਦਾ ਅੱਧ ਅਤੇ 9 ਲੱਖ ਰੁਪਏ ਮੰਗੇ ਤਾਂ ਬਹਾਨੇ ਲਾਉਣ ਲੱਗ ਪਿਆ। ਖਾਲਸਾ ਫੌਜਾਂ ਨੇ ਸ਼ਾਹ ਸ਼ੁਜਾਹ ਨੂੰ ਲਾਹੌਰ ਉਸਦੀ ਬੇਗਮ ਕੋਲ ਪਹੁੰਚਾ ਦਿੱਤਾ। ਬੇਗਮ ਨੇ ਖੁਸ਼ ਹੋ ਕੇ ਕੋਹਿਨੂਰ ਹੀਰਾ ਮਹਾਰਾਜਾ ਨੂੰ ਸੌਂਪ ਦਿੱਤਾ।

ਬਰਕਜ਼ਈ ਸਰਦਾਰਾਂ ਦੀ ਅਫਗਾਨਿਸਤਾਨ ਵਿਚ ਵਧਦੀ ਤਾਕਤ ਵੇਖ ਕੇ ਅਟਕ ਦੇ ਕਿਲੇਦਾਰ ਜਹਾਂਦਾਦ ਨੇ ਬਰਕਜਈਆਂ ਨਾਲ ਸੁਲਾਹ ਕਰਨ ਦੀ ਬਜਾਏ ਮਹਾਰਾਜਾ ਨਾਲ ਸੁਲਾਹ ਕਰਨੀ ਠੀਕ ਸਮਝੀ। ਉਸਨੇ ਗੁਜ਼ਾਰੇ ਜੋਗੀ ਜਗੀਰ ਲੈ ਕੇ ਅਟਕ ਦਾ ਕਿਲਾ ਮਹਾਰਾਜਾ ਨੂੰ ਦੇ ਦਿੱਤਾ।

ਕਾਬਲ ਤੋਂ ਵਜ਼ੀਰ ਫਤਿਹ ਖਾਂ ਆਪਣੇ ਭਰਾ ਦੋਸਤ ਮੁਹੰਮਦ ਨਾਲ 15000 ਦੀ ਫੌਜ ਲੈ ਕੇ ਅਟਕ ਦਾ ਕਿਲਾ ਛੁਡਾਉਣ ਲਈ ਚੜ੍ਹਾਈ ਕਰ ਦਿੱਤੀ। ਸ. ਨਲੂਆ ਨਾਲ ਹਜ਼ਰੋਂ ਦੇ ਨੇੜੇ ਦੋਹਾਂ ਦਲਾਂ ਵਿਚ ਖੂਨੀ ਝੜੱਪ ਹੋਈ। ਦੋਸਤ ਮੁਹੰਮਦ ਖਾਂ ਫੱਟੜ ਹੋ ਗਿਆ, ਉਸਦੀ ਫੌਜ ਭੱਜ ਗਈ। 13 ਜੁਲਾਈ 1813 ਨੂੰ ਖਾਲਸੇ ਦੀ ਜਿੱਤ ਹੋਈ।

ਸੰਨ 1815 ਵਿਚ ਸ. ਨਲੂਆ ਦੀ ਫੌਜ ਨੇ ਜਰੌਰੀ ਤੇ ਭਿੰਬਰ ਦੇ ਕਿਲਿਆਂ ਨੂੰ ਜਿੱਤਿਆ। ਵੁਥੋਂ ਨਜ਼ਰਾਨੇ ਵਸੂਲ ਕਰਕੇ ਫੌਜਾਂ ਮੁੜੀਆਂ, ਨਾਲ ਹੀ ਨਵਾਬ ਮੁਲਤਾਨ ਤੇ ਬਹਾਵਲਪੁਰ ਤੋਂ ਵੀ ਕਰ ਵਸੂਲ ਕੀਤਾ। ਸੰਨ 1816 ਵਿਚ ਮੁੰਘੇਰ ਦੇ ਇਲਾਕੇ ਫਤਿਹ ਕਰਕੇ ਨਜ਼ਰਾਨੇ ਉਗਰਾਹੇ। ਇਹਨਾਂ ਜਿੱਤਾਂ ਨੂੰ ਮੁੱਖ ਰੱਖ ਕੇ ਮਹਾਰਾਜਾ ਨੇ ਗੁਜਰਾਂਵਾਲਾ ਦਾ ਇਲਾਕਾ ਸ. ਨਲੂਆ ਨੂੰ ਜਗੀਰ ਵਜੋਂ ਦੇ ਦਿੱਤਾ, ਜਿੱਥੇ ਉਸਨੇ ਇਕ ਕਿਲਾ ਤੇ ਬਾਗ ਲਗਵਾਇਆ।

ਮੁਲਤਾਨ ਦੇ ਨਵਾਬ ਨੇ ਚੜ੍ਹਾਈ ਕਰ ਦਿੱਤੀ। ਸ. ਨਲੂਆ ਆਪਣੇ ਜਰਨੈਲਾਂ ਨਾਲ 25000 ਦੀ ਫੌਜ ਨੇ ਕੇ ਮੁਲਤਾਨ ਵੱਲ ਤੁਰਿਆ। ਮੁਲਤਾਨ ਦਾ ਪੱਕਾ ਕਿਲਾ ਸੰਸਾਰ ਭਰ ਵਿਚ ਮਸ਼ਹੂਰ ਸੀ। ਸਰਦਾਰਾਂ ਨੇ ਹਿਜ਼ਰੀ ਦਰਵਾਜ਼ੇ ਅੱਗੇ ਭੰਗੀਆਂ ਦੀ ਤੋਪ ਜਮਜ਼ਮਾ ਅਤੇ ਜੰਗੇ ਬਿਜਲੀ ਬੀੜ ਨਾਲ ਗੋਲਾਬਾਰੀ ਕਰਕੇ ਕੰਧ ਵਿਚ ਪਾੜ ਪਾ ਲਿਆ। ਤਦ ਹੀ ਅਕਾਲੀ ਫੂਲਾ ਸਿੰਘ ਜੀ ਆਪਣੇ ਜਥੇ ਸਮੇਤ ਕਿਲੇ ਵਿਚ ਦਾਖਲ ਹੋਏ। ਮੁਲਤਾਨ ਦਾ ਨਵਾਬ ਮੁਜ਼ੱਫਰ ਖਾਨ ਮਾਰਿਆ ਗਿਆ। ਜੂਨ 2, 1818 ਨੂੰ ਮੁਲਤਾਨ ਪੂਰੀ ਤਰ੍ਹਾਂ ਖਾਲਸਾ ਰਾਜ ਹੇਠ ਆ ਗਿਆ।

3 ਜੁਲਾਈ 1819 ਨੂੰ ਕਸ਼ਮੀਰ ਦੇ ਹਾਕਮ ਮੁਹੰਮਦ ਜ਼ਬਾਰ ਖਾਨ ਦੀ ਫੌਜ ਨਾਲ ਸੁਪਈਆ ਦੇ ਮੈਦਾਨ ਵਿਚ ਜੰਗ ਹੋਈ। ਖਾਲਸੇ ਦੀ ਜਿੱਤ ਹੋਈ। ਜੁਲਾਈ 4, 1819 ਨੂੰ ਖਾਲਸਾ ਫੌਜਾਂ ਸ੍ਰੀਨਗਰ ਦਾਖਲ ਹੋਈਆਂ। ਇਸ ਨਾਲ ਕਸ਼ਮੀਰ ਖਾਲਸਾ ਰਾਜ ਵਿਚ ਸ਼ਾਮਲ ਹੋ ਗਿਆ। ਪਹਿਲਾਂ ਦੀਵਾਨ ਮੋਤੀ ਰਾਮ ਨੂੰ ਕਸ਼ਮੀਰ ਦਾ ਗਵਰਨਰ ਬਣਾਇਆ। ਬਾਅਦ ਵਿਚ ਸ. ਨਲੂਆ ਨੂੰ ਗਵਰਨਰ ਬਣਾਇਆ। ਸ. ਨਲੂਆ ਦਾ ਸੁਚੱਜਾ ਪ੍ਰਬੰਧ ਦੇਖ ਕੇ ਮਹਾਰਾਜਾ ਨੇ ਆਪਦੇ ਨਾਮ ਦਾ ਸਿੱਕਾ ਚਲਾਉਣ ਦਾ ਅਧਿਕਾਰ ਦਿੱਤਾ।

ਨਵੰਬਰ 1821 ਵਿਚ ਮਹਾਰਾਜਾ ਦੀ ਫੌਜ ਨੇ ਮੂੰਗੇਰ ਅਤੇ ਡੇਰਾਜਾਤ ਤੇ ਚੜ੍ਹਾਈ ਕੀਤੀ। ਸ. ਨਲੂਆ ਦੀ ਫੌਜ ਵੀ ਕਸ਼ਮੀਰ ਤੋਂ ਚੱਲ ਪਈ। ਨਵੰਬਰ 9, 1821 ਦੇ ਦਿਨ ਮੰਗਲੀ ਘਾਟੀ ਵਿਚ ਪੱਖਲੀ ਪਿੰਡ ਵਿਚ 3000 ਤਨਾਵਲੀ ਦੀ ਫੌਜ ਨੇ ਰਾਹ ਰੋਕ ਲਿਆ। ਖਾਲਸਾ ਫੌਜਾਂ ਨੇ ਹਮਲਾ ਕਰ ਦਿੱਤਾ। ਮੇਘਸਿੰਘ ਰੂਸਾ ਦੇ ਜਥੇ ਨੇ ਮੈਦਾਨ ਵਿਚ ਧੁਸ ਕੇ ਜੰਗ ਕੀਤੀ। ਛੇ ਘੰਟਿਆਂ ਦੀ ਜੰਗ ਵਿਚ 2000 ਤਨਾਵਲੀਆਂ ਤੇ ਉਹਨਾਂ ਦੇ ਮੁਖੀ ਮਾਰੇ ਗਏ। ਕੁਝ ਸਿੰਘ ਵੀ ਸ਼ਹੀਦ ਹੋਏ। ਸ. ਨਲੂਆ ਨੇ ਹਰ ਘਰ ਨੂੰ 5 ਰੁਪਏ ਜੁਰਮਾਨਾ ਲਾ ਕੇ ਜਾਨ ਬਖਸ਼ੀ।

ਜਦੋਂ ਸ. ਨਲੂਆ ਮੁਜੱਫਰਾਬਾਦ ਦੇ ਰਾਹ ਕਸ਼ਮੀਰ ਤੋਂ ਆਉਂਦੇ ਮਾਂਗਲੀ ਪਹੁੰਚੇ। ਮਾਂਗਲੀ ਦੇ ਦਰ੍ਹਾ ਹਜ਼ਾਰੇ ਦੀ ਫੌਜ ਨੇ ਸ. ਨਲੂਆ ਦਾ ਸਮਾਨ ਲੁੱਟਣਾ ਚਾਹਿਆ। ਖਾਲਸੇ ਨੇ ਚੜ੍ਹਾਈ ਕਰ ਦਿੱਤੀ। 30000 ਦੀ ਫੌਜ ਤੇ ਖਾਲਸੇ ਦੀ 7000 ਫੌਜ ਨੇ ਜਿੱਤ ਪ੍ਰਾਪਤ ਕੀਤੀ।

ਸ. ਨਲੂਆ ਨੇ ਨੌਸ਼ਹਿਰੇ ਤੇ ਜਹਾਂਗੀਰੇ ਦੇ ਮੈਦਾਨੇ-ਜੰਗ ਵਿਚ ਬੇਮਿਸਾਲ ਫਤਿਹ ਪਾਈ। ਸੰਨ 1834 ਈ: ਵਿਚ ਮਹਾਰਾਜਾ ਦੀ ਸਰਕਾਰ ਨੇ ਫੈਸਲਾ ਕੀਤਾ ਕਿ ਪਿਸ਼ਾਵਰ ਦੇ ਨਾਲ ਲੱਗਦੇ ਸਰਹੱਦੀ ਇਲਾਕੇ ਜਿੰਨੀ ਦੇਰ ਖਾਲਸਾ ਰਾਜ ਵਿਚ ਨਹੀਂ ਆ ਜਾਂਦੇ, ਉਨਾ ਚਿਰ ਵਿਦੇਸ਼ੀ ਹਮਲਾਵਰਾਂ ਤੋਂ ਛੁਟਕਾਰਾ ਨਹੀਂ ਮਿਲ ਸਕਦਾ। ਸੂਬਾ

(ਬਾਕੀ ਸਫਾ 8 'ਤੇ)


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦੀ ਜ਼ੂਮ-ਗਰੁੱਪ ਦੀ ਮਾਸਿਕ ਬੈਠਕ

ਬੀਤੇ ਐਤਵਾਰ ਨੂੰ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦੀ ਮਾਸਿਕ ਬੈਠਕ ਜ਼ੂਮ ਸਾਧਨ ਦੁਆਰਾ ਆਯੋਜਿਤ ਕੀਤੀ ਗਈ, ਜਿਸ ਦਾ ਮੁੱਖ ਥੀਮ ਕੋਰੋਨਾ ਸੰਤਾਪ ਨੂੰ ਹਰ ਕੋਣ ਤੋਂ ਵੰਗਾਰਨ ਦੇ ਸੰਕਲਪ ਵਿਚ ਕੇਂਦਰਿਤ ਰਿਹਾ। ਇਹ ਬੈਠਕ ਆਪੋ ਆਪਣੇ ਗ੍ਰਹਿ-ਅਸਥਾਨਾਂ ਤੋਂ ਬੜੇ ਹੁਲਾਸ ਨਾਲ ਕਾਰਜਸ਼ੀਲ ਰਹੀ ਜਿਸ ਵਿਚ ਅੰਮ੍ਰਿਤਸਰ ਤੋਂ ਚਰਨਜੀਤ ਸਿੰਘ ਪੰਨੂ ਅਤੇ ਕੈਨੇਡਾ ਤੋਂ ਸ.ਪਿਆਰਾ ਸਿੰਘ ਕੁੱਦੋਵਾਲ ਤੇ ਸੁਰਜੀਤ ਕੌਰ ਵਿਸ਼ੇਸ਼ ਕਰ ਕੇ ਸ਼ਾਮਿਲ ਹੋਏ।ਕੋਰੋਨਾ ਵਾਇਰਸ ਜਹੀ ਨਾਪਾਕ, ਸਰਵਨਾਸ਼ੀ, ਮੌਹਲਕ ਅਤੇ ਗਾਇਬਾਨਾ ਬਿਮਾਰੀ ਕਾਰਨ ਦੁਨੀਆਂ ਭਰ ਵਿਚ ਤਕਰੀਬਨ ਦੋ ਲੱਖ ਵਿਛੁੜ ਗਈਆਂ ਮਾਸੂਮ ਜਿੰਦਾਂ ਦੀ ਆਤਿਮਕ ਸ਼ਾਂਤੀ ਲਈ ਇਕ ਮਿੰਟ ਦਾ ਮੋਨ ਧਾਰਿਆ ਗਿਆ। ਬੈਠਕ ਦਾ ਆਰੰਭ ਗੁਰਦੇਵ ਸਿੰਘ ਘਣਗਸ ਨੇ ਸ਼ਬਦ,ਉਜਿਉ ਭਾਵੈ ਤਿਉ ਰਾਖਿ ਲੈ ਹਮ ਸਰਣਿ ਪ੍ਰਭ ਆਏ " ਦੇ ਸੁਰਮਈ ਗਾਇਨ ਨਾਲ ਕੀਤਾ ।ਇਸ ਬੈਠਕ ਨੂੰ ਦਿਸ਼ਾ ਬੱਧ ਕਰਦਿਆਂ ਸੁਰਿੰਦਰ ਸੀਰਤ ਨੇ ' ਕੋਰੋਨਾ-ਅਗ਼ਜ਼ਲ' ਉਆਓ ਮਿਲ ਕਰੀਏ ਅਰਦਾਸ / ਸਰਬੱਤ ਨੂੰ ਜੋ ਆਏ ਰਾਸ" ਨਾਲ, ਆਪੋ ਆਪਣੇ ਘਰਾਂ'ਚ ਬੈਠੇ ਸਾਹਿਤਕਾਰਾਂ ਨਾਲ ਸਾਂਝ ਪਵਾਈ। ਇਸ ਬੈਠਕ ਦੇ ਸੰਚਾਲਨ ਲਈ ਜਗਜੀਤ ਨੌਸ਼ਹਿਰਵੀ ਨੂੰ ਕਾਰਜ ਸੌਂਪਿਆ ਗਿਆ।ਜਗਜੀਤ ਨੇ ਜਿੱਥੇ ਜ਼ੂਮ ਮੀਟਿੰਗ ਦੀ ਪ੍ਰਾਪਤੀ ਬਾਰੇ ਰੌਸ਼ਨੀ ਪਾਈ ਉੱਥੇ ਹੀ ਇਕ ਜ਼ਗ਼ਲ ਸੰਗ੍ਰਿਹ, 'ਬਰਫ਼ ਦਾ ਸੂਰਜ-ਲੇਖਕ ਜਸਪਾਲ ਘਈ' , ਵਿਚੋਂ ਮੌਕੇ ਸਿਰ ਸ਼ਿਅਰ ਵੀ ਸੁਣਾਏ ਜਿੰਨਾ ਵਿਚ ਇਕ ਕਮਾਲ ਦਾ ਸ਼ਿਅਰ ਵੇਖੋ, 'ਚਹਿਕਦਾ, ਕਿਲਕਾਰਦਾ ਬੱਚਾ ਮਿਰੇ ਹੱਥਾਂ'ਚ ਹੈ /ਕਿਉਂ ਇਬਾਦਤ ਮੈਂ ਕਰਾਂ, ਅਲ੍ਹਾ ਮਿਰੇ ਹੱਥਾਂ'ਚ ਹੈ '। ਇਸ ਕਵੀ ਦਰਬਾਰ ਦਾ ਪ੍ਰਥਮ ਲੇਖਕ, ਚਰਨਜੀਤ ਸਿੰਘ ਪੰਨੂ ਸੀ। ਉਸਦੀ ਕਵਿਤਾ ਅੰਮ੍ਰਿਤਸਰ ਵਿਖੇ ਹਢਾਏ ਜਾ ਰਹੇ ਮਹੌਲ ਤੋਂ ਪ੍ਰਭਾਵਿਤ ਹੈ। ' ਕੇਹੋ ਜੇਹੇ ਆਏ ਦਿਨ/ ਦਹਿਸ਼ਤ ਵਿੱਚ ਲੰਘਾਏ ਦਿਨ// ਕੋਰੋਨਾ ਉੱਗੂ ਹਰ ਥਾਂ ਹਾਵੀ/ਅੰਦਰ ਬਾਹਰ ਬਠਾਏ ਦਿਨ।' ਇਹਨਾਂ ਤੋਂ ਬਾਅਦ ਅਮਰਜੀਤ ਪੰਨੂ ਨੇ ਹਾਜ਼ਰੀ ਭਰਦਿਆਂ ਅਜੋਕੇ ਕਾਲ ਤੋਂ ਬਚਣ ਲਈ ਸੰਜੀਦਗੀ ਪ੍ਰਗਟਾਈ ਅਤੇ ਦੱਸਿਆ ਕਿ ਆਪ ਅਜੇਹੀਆਂ ਜ਼ੂਮ ਮੀਟਿੰਗਾਂ ਨੂੰ ਆਪਣੀ ਇੰਗਲਿਸ਼-ਸੰਸਥਾ ਨਾਲ ਸੰਚਾਲਿਤ ਕਰਨ ਵਿਚ ਰੁੱਝੇ ਹੋਏ ਹਨ। ਜਗਜੀਤ ਨੇ ਜ਼ੂਮ ਮੀਟਿੰਗ ਬਾਰੇ ਦੱਸਦਿਆਂ ਕਿਹਾ ਕਿ ਜ਼ਰੂਰੀ ਨਹੀਂ ਕਿ ਤੁਹਾਡੇ ਕੋਲ ਵੀਡੀਓ ਸਾਧਨ ਹੋਵੇ, ਇਹ ਫੋਨ ਤੇ ਵੀ ਜੋੜਿਆ ਜਾ ਸਕਦਾ ਏ। ਇਸੇ ਕਾਰਨ ਤਾਰਾ ਸਾਗਰ ਵੀ ਸਾਡੇ ਨਾਲ ਫੋਨ-ਸਾਧਨ ਰਾਹੀਂ ਜੁੜ ਸਕੇ। ਸਾਗਰ ਨੇ ਪਹਿਲੇ ਸੈਸ਼ਨ ਵਿਚ ਕੋਰੋਨਾ ਲਈ ਚੀਨ ਨੂੰ ਦੋਸ਼ੀ ਠਹਿਰਾਇਆ ਅਤੇ ਦੂਜੇ ਸੈਸ਼ਨ ਵਿਚ ਇਕ ਕ੍ਰਾਂਤੀ ਗੀਤ ਨਾਲ ਹਾਜ਼ਰੀ ਭਰੀ। ਇਸ ਦੌਰ ਦਾ ਅਗਲਾ ਸ਼ਾਇਰ ਕੁਲਵਿੰਦਰ ਸੀ।ਪਹਿਲੇ ਦੌਰ ਵਿਚ ਕੁਲਵਿੰਦਰ ਨੇ ਇਕ ਨਵੀਂ ਗ਼ਜ਼ਲ ਕਹੀ, 'ਪੈਰਾਂ ਹੇਠਾਂ ਧਰਤੀ ਕੰਬੇ/ ਕੰਬਣ ਤਾਰੇ ਉੱਤੇ //ਕਿਹੜੇ ਰੁੱਖ ਨੇ ਚੜ੍ਹਨਾ ਹੈ ਅੱਜ ਕਿਹੜੇ ਆਰੇ ਉੱਤੇ' ਅਤੇ ਦੂਜੇ ਦੌਰ ਵਿਚ ਗ਼ਜ਼ਲ ਦਾ ਮਤਲਾ ਸੀ, 'ਰਾਤ ਭਰ ਅੰਬਰ'ਚ ਜੋ ਚਮਕਣ ਸਿਤਾਰੇ , ਸੋਚਦਾ ਹਾਂ/ਅੰਤ ਨੂੰ ਇਹ ਰੇਤ ਹੋ ਜਾਵਣਗੇ ਸਾਰੇ, ਸੋਚਦਾ ਹਾਂ।' ਇਸ ਮਗਰੋਂ ਗੁਰਦੇਵ ਸਿੰਘ ਘਣਗਸ ਨੇ ਇਕ ਕੀਨੀਆ ਦੇ ਸ਼ਾਇਰ ਦਾ ਕਲਾਮ ਅਨੁਵਾਦ ਕਰ ਕੇ ਸੁਣਾਇਆ, 'ਪਿਆਰੀ ਕੋਰੋਨਾ, ਤੇਰਾ ਕੀਨੀਆ ਵਿਚ ਸਵਾਗਤ ਹੈ/ ਅਸੀਂ ਤੇਰੀਆਂ ਵਰਗੀਆਂ ਚੀਜ਼ਾਂ ਤੋਂ ਨਹੀਂ ਮਰਦੇ/ਸਾਡੇ ਲਈ ਤਾਂ ਹਰ ਦਿਨ, ਮੌਤ ਤੋਂ ਨਿਕਲਣ ਵਾਲੀ ਗੱਲ ਹੈ..' ਜਿਸ ਨੇ ਸਾਰਿਆਂ ਵਲੋਂ ਭਰਪੂਰ ਦਾਦ ਖੱਟੀ।ਇਹਨਾਂ ਮਗਰੋਂ ਦਾਅਵਤੇ-ਕਲਾਮ ਐਸ਼ ਜੀ ਨੂੰ ਦਿੱਤੀ ਗਈ। ਉਹਨਾਂ ਨੇ ਪਹਿਲੇ ਦੌਰ ਵਿਚ ਕਵਿਤਾ, 'ਕੁੱਤਿਆ ਕਰੋਨਿਆ ਤੂੰ ਕਿੱਥੋਂ ਆ ਗਿਆ ' ਅਤੇ ਦੂਜੇ ਦੌਰ ਵਿਚ, 'ਮੈਂ ਕੋਰੋਨਾ ਹਾਂ ' ਕਵਿਤਾ ਨਾਲ ਹੱਥ ਅਜ਼ਮਾਈ ਕੀਤੀ। ਲਾਜ ਨੀਲਮ ਸੈਣੀ ਨੇ ਪਹਿਲੇ ਦੌਰ ਵਿਚ ਅਨੁਵਾਨ, 'ਮਾਰੂ ਉਡਾਣ' ਹਿੱਤ, ਆਧੁਨਿਕ ਜੀਵਨ ਸ਼ੈਲੀ ਤੇ ਕਟਾਖਸ਼ ਵਿਚ ਕਵਿਤਾ ਕਹੀ ਅਤੇ ਦੂਜੇ ਦੌਰ ਵਿਚ ਕਵਿਤਾ, 'ਅਜ ਕਲ੍ਹ ਮੈਂ ਜੋ ਮੈਂ ਨਹੀਂ ਹਾਂ' ਇਕ ਚਿੰਤਨ ਮਈ ਕਵਿਤਾ ਦਾ ਪਾਠ ਕੀਤਾ। ਗੁਲਸ਼ਨ ਦਿਆਲ ਜੋ ਹਾਜ਼ਰ ਹੋ ਕੇ ਵੀ ਹਾਜ਼ਰ ਨਹੀਂ ਸਨ ਦੀ ਕਵਿਤਾ ਸੁਖਵਿੰਦਰ ਕੰਬੋਜ ਨੇ ਉਹਨਾਂ ਦੀ ਕਾਵਿ ਪੁਸਤਕ 'ਗਜਰ' ਚੋਂ ਪੜ੍ਹ ਸੁਣਾਈ ਜੋ ਗੁਰੂ ਨਾਨਕ ਦੇਵ ਜੀ ਨੂੰ ਇਕ ਅਨੂਠੀ ਕਾਵਿ ਸ਼ੈਲੀ ਵਿਚ ਸੰਬੋਧਿਤ ਹੈ। ਕੰਬੋਜ ਨੇ ਆਪਣੀ ਇਕ ਪੁਰਾਣੀ ਕਵਿਤਾ, 'ਹਾਓਮੈ ਰਾਹੀਂ ਲੇਖਕ ਸ਼੍ਰੇਣੀ ਨੂੰ ਸੰਬੋਧਿਤ ਹੁੰਦੇ ਕਿਹਾ , 'ਉਹ ਆਂਉਦੇ ਨੇ ਆਪਣੇ, ਆਪਣੀ ਹਾਉਮੈਦੇ ਘੋੜੇ ਤੇ ਸਵਾਰ/ ਕਿਸ ਦਾ ਡਰ ਹੈ ਸਾਨੂੰ ਕਿ ਸਾਡੀਆਂ ਕਵਿਤਾਵਾਂ ਵੀ ਨੇ ਏਨੀਆਂ ਬੌਣੀਆਂ' ਅਤੇ ਦੂਜੀ ਕਵਿਤਾ, 'ਕੁਲੰਬਸ ਦਾ ਵਰਤਮਾਨ' ਨਾਲ ਸੁਸ਼ਕਤ ਹਾਜ਼ਰੀ ਭਰੀ। ਮਗਰੋਂ ਜਗਜੀਤ ਨੇ ਕਵੀ ਦਰਬਾਰ ਨੂੰ ਅਗਾਂਹ ਤੋਰਨ ਤੋਂ ਪਹਿਲਾਂ ਆਪਣੀ ਸੱਜਰੀ ਕਵਿਤਾ, ਰਾਹੀਂ ਇਹ ਦਰਸਾਉਣ ਦੀ ਗੱਲ ਕੀਤੀ ਕਿ ਜਿੱਥੇ ਕੋਰੋਨਾ ਕਾਰਨ ਅਸੀਂ ਘਰਾਂ ਦੀ ਕੈਦ ਭੁਗਤ ਰਹੇ ਹਾਂ ਉੱਥੇ ਬੱਚੇ ਆਨੰਦ ਮਾਣ ਰਹੇ ਹਨ। ਕਵਿਤਾ ਵਿਚ ਜਦ ਬੱਚੇ ਨੂੰ ਇਸ ਦਾ ਪਤਾ ਚਲਦਾ ਹੈ ਕਿ ਕੋਰੋਨਾ ਬਸ ਜਲਦੀ ਹੀ ਖਤਮ ਹੋ ਜਾਏਗਾ ਤਾਂ ਬੱਚੇ ਦੇ ਮੁਖ ਤੇ ਉਦਾਸੀ ਛਾ ਜਾਂਦੀ ਹੈ।ਇਸ ਕਵੀ ਦਰਬਾਰ ਦੀ ਮਹੱਤਤਾ ਇਸ ਵਿਚ ਵੀ ਨਿਹੱਤ ਹੈ ਕਿ ਕੈਨੇਡਾ ਵਿਖੇ ਆਪਣੇ ਘਰ ਵਿਚ ਵਿਪਸਾ ਨਾਲ ਜੁੜ ਬੈਠੀ ਸੁਰਜੀਤ ਕੌਰ ਨੇ ਇਕ ਬਹੁਤ ਹੀ ਗੰਭੀਰ ਕਵਿਤਾ, 'ਮੇਰੀ ਕਾਇਆ' ਨਾਲ ਸਾਂਝ ਪਵਾਈ। ਉਸ ਦੀ ਇਕ ਪੰਗਤੀ ਹੈ, ਉਸਾਹਾਂ ਦੇ ਬੂਹੇ ਤੇ ਖੜੀ ਕਾਇਆ / ਕਾਲ ਦਾ ਕਾਸਾ ਲੈ / ਮੁਕਤੀ ਦੀ ਦਾਤ ਮੰਗਦੀ ਹੈ" ਅਤੇ ਨਾਲ ਹੀ , 'ਮੇਰੇ ਨਾਲ ਚਾਹ ਪੀਓਗੇ!' ਜਿਹੀ ਕਵਿਤਾ ਨਾਲ ਚਾਹ ਦੀ ਓਨ-ਲਾਇਨ ਇਨਵੀ-ਟੇਸ਼ਨ ਵੀ ਦੇ ਜਾਂਦੀ ਹੈ। ਇਸੇ ਮਹੌਲ ਨੂੰ ਅੱਗੇ ਤੋਰਦੇ ਹੋਏ ਪਿਆਰਾ ਸਿੰਘ ਕੁੱਦੋਵਾਲ ਜਲਵਾਗੀਰ ਹੋ ਨਿਬੜਦੇ ਹਨ। ਉਹਨਾਂ ਵਲੋਂ ਪਹਿਲਾਂ ਤਾਂ, 'ਨਵੀਂ ਕਰਮਚਾਰੀ' ਇਕ ਕਾਰਪੋਰੇਟ ਮੌਡਰਨ-ਗਰਲ ਸਬੰਧੀ ਰੌਚਿਕਤਾ ਪੈਦਾ ਕੀਤੀ ਗਈ ਅਤੇ ਫਿਰ ਕਲਾਸਿਕਲ ਤਰੰਨਮ ਵਿਚ ਇਕ ਗ਼ਜ਼ਲ ਨਾਲ ਵਾਤਾਵਰਨ ਰੰਗੀਨ ਕਰ ਦਿੱਤਾ।ਮਤਲਾ ਸੀ, 'ਤੇਰੇ ਘਰ ਤੋਂ ਦੂਰ ਜਦੋਂ ਦਾ ਹੋਇਆ ਹਾਂ / ਲੋਕਾਂ ਲਈ ਹਾਂ ਜੀਂਦਾ ਪਰ ਮੈਂ ਮੋਇਆ ਹਾਂ ।' ਦੂਜੇ ਦੌਰ ਵਿਚ ਵੀ ਪਿਆਰਾ ਜੀ ਨੇ ਇਕ ਮਧੁਰਤਾ ਵਿੰਨੀ ਤਾਨ ਵਿਚ ਗ਼ਜ਼ਲ ਕਹੀ, 'ਮੈਂ ਤੇ ਮੇਰੀ ਤਨਹਾਈ'। ਸੁਰਿੰਦਰ ਸੀਰਤ ਨੇ ਪਹਿਲੇ ਤਾਂ ਤਰੱਨਮ ਵਿਚ, ਗ਼ਜ਼ਲ, 'ਐ ਜ਼ਿੰਦਗੀ ਤੂੰ ਦਰਿਆ, ਗ਼ਮ ਤੇ ਖ਼ੁਸ਼ੀ ਕਿਨਾਰੇ / ਤੁਰਦੇ ਨੇ ਸਭ ਇਕੱਠੇ, ਇਕ ਦੂਜੇ ਦੇ ਸਹਾਰੇ' ਅਤੇ ਫਿਰ ਤਹਿਤੁਲ ਵਿਚ ਗ਼ਜ਼ਲ ਦਾ ਮਤਲਾ ਸੀ, ' ਲਝਨਾਂ, ਪਛਤਾਵਿਆਂ ਦਾ ਕੁਝ ਤਾਂ ਹਾਸਿਲ ਚਾਹੀਦੈ/ ਮੂਰਛਿਤ ਅਹਿਸਾਸ ਅੰਦਰ ਧੜਕਦਾ ਦਿਲ ਚਾਹੀਦੈ।'

ਅੰਤ ਵਿਚ ਵਿਪਸਾ ਦੇ ਸੰਬੰਧ ਵਿਚ ਵਿਚਾਰ ਵਟਾਂਦਰਾ ਹੋਇਆ ਅਤੇ ਬਹੁਤ ਸਾਰੇ ਫੈਸਲੇ ਲਏ ਗਏ, ਜੋ ਸਮੇਂ ਸਿਰ ਸਾਂਝੇ ਕੀਤੇ ਜਾਣਗੇ। ਵਿਪਸਾ ਵਲੋਂ ਸਭਨਾਂ ਮੈਂਬਰਾਂ ਪ੍ਰਤੀ ਬੇਨਤੀ ਹੈ ਕਿ ਮਈ ਮਹੀਨੇ ਦੀ ਜ਼ੂਮ ਮੀਟਿੰਗ ਵਿਚ ਸ਼ਾਮਿਲ ਹੋ ਕੇ ਸਾਹਿਤਕ ਛੋਹਾਂ ਦਾ ਆਨੰਦ ਮਾਣੋ। ਸਮੇਂ ਸਿਰ ਸੂਚਨਾ ਭੇਜ ਦਿੱਤੀ ਜਾਏਗੀ।ਹਾਜ਼ਰ ਹੋਏ ਸਾਰੇ ਸਾਹਿਤਕਾਰਾਂ ਦਾ ਹਾਰਦਿਕ ਧੰਨਵਾਦ।

**ਰਿਪੋਰਟ: ਸੁਰਿੰਦਰ ਸੀਰਤ (ਪ੍ਰਧਾਨ-ਵਿਪਸਾ**

# ਪੰਜਾਬੀ ਲਿਖਾਰੀ ਸਭਾ (ਰਜਿ.) ਸਿਆਟਲ ਦੀ ਪਲੇਠੀ ਔਨ ਲਾਈਨ ਸਾਹਿਤਕ ਮਿਲਣੀ

ਸੋਸ਼ਲ ਡਿਸਟੈਂਸਿੰਗ ਨੂੰ ਕਾਇਮ ਰੱਖਦਿਆਂ ਕੋਵਿਡ -19 (ਕਰੋਨਾ ਵਾਇਰਸ) ਕਾਰਨ ਪੂਰੇ ਵਿਸ਼ਵ ਵਿਚ ਸੰਕਟ ਦਾ ਸਮਾਂ ਹੈ।ਹਰ ਦੇਸ਼ ਹੀ ਇਸ ਸਮੱਸਿਆ ਨਾਲ ਦੋ ਚਾਰ ਹੋ ਰਿਹਾ ਹੈ।ਅਜਿਹੇ ਸਮੇਂ ਵਿਚ ਸਮੁੱਚੇ ਕਾਰਜ ਠੱਪ ਹੋ ਕੇ ਰਹਿ ਗਏ ਹਨ।ਮਨੁੱਖ ਘਰਾਂ ਅੰਦਰ ਰਹਿਣ ਲਈ ਮਜ਼ਬੂਰ ਹਨ।ਅਮ੍ਰੀਕਾ ਵਿੱਚ ਕੋਈ ਵੀ ਇਕੱਠ ਕਰਨ ਦੀ ਸਰਕਾਰ ਵਲੋਂ ਮਨਾਹੀ ਹੈ। ਇੱਕ ਦੂਸਰੇ ਤੋਂ ਛੇ ਫੁੱਟ ਦੂਰ ਰਹਿਣ ਦੀਆਂ ਹਦਾਇਤਾਂ ਹਨ। ਇਸ ਸਭ ਕਾਸੇ ਉਪਰ ਵਿਚਾਰ ਕਰਦਿਆਂ ਅਤੇ ਦੂਰ ਅੰਦੇਸ਼ੀ ਤੋਂ ਕੰਮ ਲੈਂਦਿਆਂ ਪੰਜਾਬੀ ਲਿਖਾਰੀ ਸਭਾ (ਰਜਿ.) ਸਿਆਟਲ ਦੇ ਅਹੁਦੇਦਾਰਾਂ ਨੇ ਆਪਣੀ ਸਾਹਿਤਕ ਮੀਟਿੰਗ ਅਤੇ ਕਵੀ ਦਰਬਾਰ ਜ਼ੂਮ ਐਪ ਰਾਹੀਂ ਆਨਲਾਈਨ ਇਸ ਐਤਵਾਰ 04-19-2020 ਨੂੰ ਕੀਤਾ।ਜਿਸ ਵਿਚ ਸਿਆਟਲ ਤੋਂ ਇਲਾਵਾ ਕੈਲੀਫੋਰਨੀਆਂ ਅਤੇ ਪੰਜਾਬ (ਭਾਰਤ) ਤੋਂ ਵੱਖ ਵੱਖ ਲੇਖਕਾਂ ਨੇ ਸ਼ਮੂਲੀਅਤ ਕੀਤੀ।ਹਾਲਾਤਾਂ ਨੂੰ ਆਪਣੇ ਮੁਤਾਬਿਕ ਚਲਾਉਣ ਦੇ ਮਾਹਰ ਅਤੇ ਛੋਟੀਆਂ ਛੋਟੀਆਂ ਗੱਲਾਂ ਨੂੰ ਸਾਹਿਤਕ ਰੂਪ ਦੇਣ ਦੀ ਕਾਬਲੀਅਤ ਦੇ ਮਾਲਕ ਸਭਾ ਦੇ ਜਨਰਲ ਸਕੱਤਰ ਬਲਿਹਾਰ ਸਿੰਘ ਲੇਹਲ ਨੇ ਸਮਾਗਮ ਦੀ ਰੂਪ-ਰੇਖਾ ਸਾਂਝੀ ਕਰਦਿਆਂ ਅਜੋਕੇ ਹਾਲਾਤਾਂ ਦੀ ਗੱਲ ਕੀਤੀ।ਸ਼ਬਦਾਂ ਨੂੰ ਸ਼ਹਿਦ ਵਰਗੀ ਮਿਠਾਸ ਬਖਸ਼ਣ ਦੇ ਮਾਹਿਰ ਪ੍ਰਧਾਨ ਡਾ.ਜੇ.ਬੀ. ਸਿੰਘ ਨੇ ਸਭਾ ਵੱਲੋਂ ਸਭਨਾਂ ਨੂੰ ਜੀ ਆਇਆਂ ਆਖਿਆ ਅਤੇ ਸਮੁੱਚੇ ਵਿਸ਼ਵ ਦੇ ਇਸ ਸੰਕਟ ਵਿਚੋਂ ਨਿਕਲਣ ਦੀ ਉਮੀਦ ਪ੍ਰਗਟ ਕੀਤੀ।ਅੱਜ ਦੇ ਇਸ ਸਫਲ ਪ੍ਰੋਗਰਾਮ ਵਿੱਚ,ਤਿੰਨ ਕਿਤਾਬਾਂ ਕਾਵਿ-ਸਾਹਿਤ ਦੀਆਂ ਦੀ ਸਿਰਜਕ ਸ਼੍ਰੀਮਤੀ ਸੁਖਵਿੰਦਰ ਕੌਰ ਆਹੀ(ਪਟਿਆਲਾ ਤੋਂ), ਹਾਸ ਵਿਅੰਗ ਸਾਹਿਤ ਨੂੰ ਪ੍ਰਫੁਲਤ ਕਰਨ ਦੇ ਆਹਰੇ ਲੱਗੇ ਬਹੁ-ਵਿਧਾਵੀ ਲੇਖਕ ਮੰਗਤ ਕੁਲਜਿੰਦ(ਬਠਿੰਡਾ ਤੋਂ) ਅਤੇ ਅਨੇਕਾਂ ਰੀਕਾਰਡ ਕਰਵਾ ਚੁੱਕੇ ਗੀਤਾਂ ਦੇ ਗੀਤਕਾਰ ਬਹੁ-ਵਿਧਾਵੀ ਲੇਖਕ ਹਰਦਿਆਲ ਸਿੰਘ ਚੀਮਾ(ਮੋਗਾ ਤੋਂ) ਅਤੇ ਕੈਲੇਫੋਰਨੀਆਂ ਤੋਂ ਪ੍ਰਸਿੱਧ ਗ਼ਜ਼ਲਗੋ ਦਿਲ ਨਿਜਰ, ਸ਼ਬਦਾਂ ਨੂੰ ਮਣਕਿਆ ਵਾਂਗ ਪ੍ਰੋਣ ਦੀ ਮਾਹਰ ਜਯੋਤੀ ਪਾਲ ਸਿੰਘ ਅਤੇ ਦੋ ਪੁਸਤਕਾਂ ਗ਼ਜ਼ਲਾਂ ਦੀਆਂ ਮਾਂ ਬੋਲੀ ਪੰਜਾਬੀ ਦੀ ਝੋਲੀ ਪਾਉਣ ਵਾਲੇ ਮੇਜਰ ਭੁਪਿੰਦਰ ਸਿੰਘ ਦਲੇਰ। ਸਿਆਟਲ ਦੇ ਸਾਹਿਤਕ ਹਲਕਿਆਂ ਅਤੇ ਧਾਰਮਿਕ ਹਲਕਿਆਂ ਦੀ ਜਾਣੀ ਪਹਿਚਾਣੀ ਸਖਸ਼ੀਅਤ ਹਰਸ਼ਿੰਦਰ ਸਿੰਘ ਸੰਧੂ,ਇਕ ਇਕ ਸ਼ਬਦ ਨੂੰ ਟੁਣਕਾ-ਪਰਖ ਕੇ ਲਿਖਣ ਵਾਲੇ ਪ੍ਰਿਤਪਾਲ ਸਿੰਘ ਟਿਵਾਣਾ, ਲੋਕ-ਦੁੱਖਾਂ ਦੀ ਗੱਲ ਕਰਨ ਅਤੇ ਅਨਿਆਇ ਵਿਰੁੱਧ ਬੇਝਿਜਕ ਹੋ ਕੇ ਕਲਮ ਚਲਾਉਣ ਵਾਲੇ ਅਵਤਾਰ ਸਿੰਘ ਆਦਮਪੁਰੀ, ਵਧੀਆ ਸ਼ਬਦਾਂ ਦੇ ਰਚੇਤਾ ਅਤੇ ਵਧੀਆ ਆਵਾਜ਼ ਦੇ ਮਾਲਕ ਸ਼ਿੰਦਰਪਾਲ ਸਿੰਘ ਔਜਲਾ,ਸ਼ਬਦਾਂ ਦੇ ਇੰਜਨੀਅਰ 'ਤੇ ਜਾਦੂਗਰ ਹਰਪਾਲ ਸਿੰਘ ਸਿਧੂ,ਸੱਭਿਆਚਾਰ ਦੀ ਨਕਸ਼ਾ-ਨਵੀਸੀ ਸ਼ਬਦਾਂ ਵਿੱਚ ਕਰਨ ਵਾਲੇ ਗੋਲਡੀ ਭੁੱਲਰ,ਰਚਨਾਵਾਂ ਵਿੱਚ ਹੀ ਨਹੀਂ ਉਂਝ ਵੀ ਨਿਧੜਕ, ਸਪੱਸ਼ਟ ਗੱਲ ਕਰਨ ਵਾਲੇ ਲਾਲੀ ਸੰਧੂ ਨੇ ਸੱਭਿਆਚਾਰਕ,ਸਾਹਿਤਕ,ਸਮਾਜਿਕ,ਧਾਰਮਿਕ,ਵਿਸ਼ਿਆਂ 'ਤੇ ਲਿਖੀਆਂ ਆਪਣੀਆਂ ਕਵਿਤਾਵਾਂ, ਗੀਤ, ਗ਼ਜ਼ਲਾਂ ਸੁਣਾਕੇ ਪ੍ਰੋਗਰਾਮ ਦੀ ਸਫਲਤਾ ਨੂੰ ਚਾਰ ਚੰਨ ਲਾਏ। ਲੱਗਭੱਗ ਦੋ ਘੰਟੇ ਚੱਲਿਆ ਇਹ ਪ੍ਰੋਗਰਾਮ ਇਕ ਨਿਵੇਕਲੀ ਪਹਿਲ ਹੋ ਨਿਬੜਿਆ।ਸੰਸਰ ਪੱਧਰ ਤੇ ਬਣੇ ਹਾਲਾਤਾਂ ਨੂੰ ਮੁੱਖ ਰੱਖਦਿਆਂ ਸਾਹਿਤਕ ਮਿਲਣੀਆਂ ਇਸੇ ਤਰਾਂ ਕਰਨ ਲਈ ਫੈਸਲਾ ਲਿਆ ਗਿਆ। **-ਬਲਿਹਾਰ ਸਿੰਘ ਲੇਹਲ**


Law Office of
NIRWAN & ASSOCIATES



www.nirwanlaw.com
Business Incorporation
Articles of Incorp
Dissolution
501 © Non-Profit
Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

A & S
Auto Repair & Services
Specializing in Brakes & Axles
Mon-Fri 9:00 AM to 6:00 PM Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Service



Ph: 916-238-4431
649 W. Elkhorn Blvd. Suite B2
Rio Linda, CA 95673



Amarjit Sandhu

# ਬਾਬਾ ਸਾਹਿਬ ਡਾ.ਅੰਬੇਡਕਰ ਤੋਂ ਸੇਧ ਲੈ ਕੇ ਸਾਨੂੰ ਗਰੀਬਾਂ ਤੇ ਮਜਬੂਰਾਂ ਦਾ ਬਣਨਾ ਚਾਹੀਦਾ ਸਹਾਰਾ - ਵਿਧਾਇਕ ਧਾਲੀਵਾਲ

**ਫਗਵਾੜਾ (ਬੀ.ਕੇ.ਰੱਤੂ)–** ਪਿੰਡ ਕ੍ਰਿਪਾਲਪੁਰ ਦੀ ਪੰਚਾਇਤ ਵਲੋਂ ਕੋਰੋਨਾ ਕਰਫਿਊ ਦੇ ਸ਼ਿਕਾਰ ਪਿੰਡ ਦੇ ਗਰੀਬ ਅਤੇ ਲੋੜਵੰਦ ਪਰਿਵਾਰਾਂ ਦੀ ਸਹਾਇਤਾ ਲਈ ਸ਼ਲਾਘਾਯੋਗ ਉਪਰਾਲਾ ਕਰਦਿਆਂ ਰਾਸ਼ਨ ਦੀ ਵੰਡ ਕੀਤੀ ਗਈ।

ਸਰਪੰਚ ਸੋਮਨਾਥ ਨੇ ਦੱਸਿਆ ਕਿ ਇਸ ਸਾਲ ਕੋਰੋਨਾ ਵਾਇਰਸ ਆਫਤ ਅਤੇ ਲਾਕਡਾਊਨ ਕਰਫਿਊ ਦੇ ਸਰਕਾਰੀ ਆਦੇਸ਼ਾਂ ਦੇ ਚਲਦੇ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਜੀ ਦੀ 129ਵੀਂ ਜਯੰਤੀ ਸਬੰਧੀ ਸਮਾਗਮ ਨਹੀਂ ਕਰਵਾਇਆ ਗਿਆ ਸੀ ਇਸ ਲਈ ਅੱਜ ਬਾਬਾ ਸਾਹਿਬ ਦੇ ਜਨਮ ਦਿਵਸ ਨੂੰ ਸਮਰਪਿਤ ਕਰਕੇ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਦੀ ਵੰਡ ਕੀਤੀ ਗਈ ਹੈ। ਇਸ ਮੌਕੇ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਵਿਸ਼ੇਸ਼ ਤੌਰ ਤੇ ਪੁੱਜੇ। ਉਹਨਾਂ



ਬਾਬਾ ਸਾਹਿਬ ਦੀ ਤਸਵੀਰ ਤੇ ਫੁੱਲਮਾਲਾਵਾਂ ਭੇਂਟ ਕਰਨ ਉਪਰੰਤ ਪੰਚਾਇਤ ਅਤੇ ਪਿੰਡ ਦੇ ਪਤਵੰਤਿਆਂ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਰਾਸ਼ਨ ਵੰਡਣ ਦਾ ਸ਼ੁੱਭ ਆਰੰਭ ਕਰਵਾਇਆ। ਉਹਨਾਂ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਡਕਰ ਨੇ ਸਾਰੀ ਜਿੰਦਗੀ ਮਜਬੂਰ, ਲਚਾਰ ਤੇ ਗਰੀਬ ਵਰਗ ਦੇ ਲੋਕਾਂ ਨੂੰ ਉੱਚਾ ਚੁੱਕਣ ਲਈ ਸੰਘਰਸ਼ ਕੀਤਾ ਸੀ ਜਿਸ ਤੋਂ ਸੇਧ ਲੈ ਕੇ ਸਾਨੂੰ ਵੀ ਗਰੀਬ, ਮਜਬੂਰ ਤੇ ਲਾਚਾਰ ਲੋਕਾਂ ਦੀ ਹਰ ਸੰਭਵ ਸਹਾਇਤਾ ਕਰਨੀ ਚਾਹੀਦੀ ਹੈ।

ਇਸ ਮੌਕੇ ਬਲਾਕ ਸੰਮਤੀ ਫਗਵਾੜਾ ਦੇ ਚੇਅਰਮੈਨ ਗੁਰਦਿਆਲ ਸਿੰਘ ਭੁੱਲਾਰਾਈ, ਬਲਾਕ ਕਾਂਗਰਸ ਫਗਵਾੜਾ ਦਿਹਾਤੀ ਪ੍ਰਧਾਨ ਦਲਜੀਤ ਰਾਜੂ ਦਰਵੇਸ਼ ਪਿੰਡ, ਬਲਾਕ ਕਾਂਗਰਸ ਫਗਵਾੜਾ ਸ਼ਹਿਰੀ ਦੇ ਸਾਬਕਾ ਪ੍ਰਧਾਨ ਗੁਰਜੀਤ ਪਾਲ ਵਾਲੀਆ, ਕ੍ਰਿਸ਼ਨ ਕੁਮਾਰ ਹੀਰੋ, ਸਤਨਾਮ ਸਿੰਘ ਸਰਪੰਚ ਸੁੰਨੜਾਂ ਰਾਜਪੂਤਾਂ, ਸਾਬਕਾ ਸਰਪੰਚ ਬਗੀਚਾ ਰਾਮ, ਪਰਮਜੀਤ ਪੰਚ, ਕਮਲਾ ਦੇਵੀ ਪੰਚ, ਗੁਰਮੀਤ ਰਾਮ, ਗੁਰਤੇਜ ਸਿੰਘ ਤੇਜਾ ਆਦਿ ਹਾਜਰ ਸਨ।

# ਮੌਤ ਦੇ ਜਾਰੀ ਕੀਤੇ ਜਾਂਦੇ ਸਰਟੀਫਿਕੇਟਾਂ ਨੂੰ ਲੈ ਕੇ ਹੋਇਆ ਵੱਡਾ ਖੁਲਾਸਾ, ਬੀਚ ਖੋਲਣ ਦਰਮਿਆਨ ਲਾਈਆਂ ਪਾਬੰਦੀਆਂ ਵਿਰੁੱਧ ਪ੍ਰਦਰਸ਼ਨ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–**ਅਮਰੀਕਾ ਵਿਚ ਕੋਰੋਨਾਵਾਇਰਸ ਨਾਲ ਹੋ ਰਹੀਆਂ ਮੌਤਾਂ ਦਾ ਸਿਲਸਿਲਾ ਬੇ-ਰੋਕਟੋਕ ਜਾਰੀ ਹੈ। ਪਿਛਲੇ 24 ਘੰਟਿਆਂ ਦੌਰਾਨ ਤਕਰੀਬਨ 2000 ਮੌਤਾਂ ਹੋਣ ਨਾਲ ਮ੍ਰਿਤਕਾਂ ਦੀ ਗਿਣਤੀ 54265 ਹੋ ਗਈ ਹੈ ਜਦ ਕਿ ਕੋਰੋਨਾਵਾਇਰਸ ਨਾਲ ਪੀੜਤਾਂ ਦੀ ਗਿਣਤੀ 9,60,896 ਹੈ। 1,72,427 ਮਾਮਲੇ ਬੰਦ ਕਰ ਦਿੱਤੇ ਗਏ ਹਨ। ਇਨਾਂ ਵਿਚੋਂ 1,18,162 ਵਿਅਕਤੀ ਠੀਕ ਹੋਏ ਹਨ ਜਦ ਕਿ 54265 ਮੌਤ ਦੇ ਮੂੰਹ ਵਿਚ ਜਾ ਪਏ ਹਨ। ਇਸ ਤਰਾਂ ਮੌਤ ਦਰ 31% ਤੇ ਮਰੀਜ਼ਾਂ ਦੇ ਠੀਕ ਹੋਣ ਦੀ ਦਰ 99% ਹੈ। ਇਸ ਦਰਮਿਆਨ ਮੌਤਾਂ ਦੇ ਜਾਰੀ ਕੀਤੇ ਜਾ ਰਹੇ ਸਰਟੀਫੀਕੇਟਾਂ ਨੂੰ ਲੈ ਕੇ ਇਕ ਵੱਡਾ ਖੁਲਾਸਾ ਹੋਣ ਨਾਲ ਕੋਰੋਨਾਵਾਇਰਸ ਨਾਲ ਮਰਨ ਵਾਲਿਆਂ ਦੇ ਅੰਕੜੇ ਉਪਰ ਵੀ ਸਵਾਲੀਆ ਚਿਨ ਲੱਗ ਗਿਆ ਹੈ।

**3 ਮੌਤਾਂ ਪਿਛੇ ਇਕ ਸਰਟੀਫਿਕੇਟ ਗਲਤ**

ਇਸ ਸਮੇ ਜਦ ਸਮੁੱਚਾ ਅਮਰੀਕਾ ਘਟ ਟੈਸਟਿੰਗ ਸਮਰੱਥਾ, ਲੈਬ ਰਿਪੋਰਟਾਂ ਵਿਚ ਦੇਰੀ ਤੇ ਅਯੋਗ ਰਿਪੋਰਟਿੰਗ ਮਾਪ ਦੰਡਾਂ ਦਰਮਿਆਨ ਕੋਰੋਨਾਵਾਇਰਸ ਨਾਲ ਹਰ ਰੋਜ ਹੋ ਰਹੀਆਂ ਹਜਾਰਾਂ ਮੌਤਾਂ ਨੂੰ ਰੋਕਣ ਲਈ ਲੜਾਈ ਲੜ ਰਿਹਾ ਹੈ ਤਾਂ ਮੌਤਾਂ ਸਬੰਧੀ ਜਾਰੀ ਕੀਤੇ ਜਾਂਦੇ ਸਰਟੀਫਿਕੇਟਾਂ ਸਬੰਧੀ ਨਵਾਂ





ਖੁਲਾਸਾ ਹੋਣ ਨਾਲ ਸਮੁੱਚੀ ਵਿਵਸਥਾ ਸ਼ੱਕ ਦੇ ਘੇਰੇ ਵਿਚ ਆ ਗਈ ਹੈ। ਸਿਹਤ ਅੰਕੜਿਆਂ ਸਬੰਧੀ ਰਾਸ਼ਟਰੀ ਕੇਂਦਰ ਵਿਖੇ ਮੋਰਟੈਲਿਟੀ ਸਟੈਟਿਕਸ ਬਰਾਂਚ ਦੇ ਮੁਖੀ ਬੌਬ ਐਡਸਨ ਨੇ ਕਿਹਾ ਹੈ ਕਿ ਕੋਵਿਡ-19 ਤੋਂ ਪਹਿਲਾਂ ਰਾਸ਼ਟਰੀ ਪੱਧਰ'ਤੇ ਹੋਈਆਂ ਮੌਤਾਂ ਦੇ ਜਾਰੀ ਸਰਟੀਫਿਕੇਟ ਵਿਚੋਂ 66% ਗਲਤ ਹਨ। ਉਨਾਂ ਕਿਹਾ ਕਿ ਜਾਰੀ ਹਰੇਕ 3 ਸਰਟੀਫਿਕੇਟਾਂ ਵਿਚੋਂ 1 ਗਲਤ ਹੈ। ਉਨਾਂ ਕਿਹਾ ਕਿ ਠੀਕ ਅੰਕੜੇ ਨੂੰ ਲੈ ਕੇ ਮੈ ਹਮੇਸ਼ਾਂ ਫਿਕਰਮੰਦ ਰਿਹਾ ਹਾਂ। ਮੇਰਾ ਵਿਚਾਰ ਹੈ ਕਿ ਕੋਰੋਨਾਵਾਇਰਸ ਮਹਾਮਾਰੀ ਦੌਰਾਨ ਵੀ ਗਲਤ ਸਰਟੀਫਿਕੇਟ ਇਕ ਮੁੱਦਾ ਹੋ ਸਕਦਾ ਹੈ। ਇਸ ਸਬੰਧੀ ਹੈਰਿਸ ਕਾਊਂਟੀ ਟੈਕਸਾਸ ਜਿਸ ਵਿਚ ਹੋਸਟਨ ਵੀ ਸ਼ਾਮਿਲ ਹੈ, ਦੇ ਜਨਤਿਕ ਸਿਹਤ ਵਿਭਾਗ ਦੇ ਕਾਰਜਕਾਰੀ ਡਾਇਰੈਕਟਰ ਉਮੇਰ ਸ਼ਾਹ ਦਾ ਕਹਿਣਾ ਹੈ ਕਿ ਸਥਾਨਕ ਅਧਿਕਾਰੀਆਂ ਲਈ ਮੌਤ ਦੇ ਸਹੀ ਸਰਟੀਫਿਕੇਟ ਜਾਰੀ ਕਰਨਾ ਇਕ ਵੱਡਾ ਮਸਲਾ ਹੈ ਕਿਉਂਕਿ ਉਹ ਲੋਕ ਕੋਰੋਨਾਵਾਇਰਸ ਨੂੰ ਰੋਕਣ ਲਈ ਸਾਧਨਾਂ ਵਲ ਧਿਆਨ ਕੇਂਦਰਿਤ ਕਰ ਰਹੇ ਹਨ। ਮਾਹਿਰਾਂ ਦੀ ਘਾਟ ਤੋਂ ਇਲਾਵਾ ਮੈਡੀਕਲ ਐਗਜ਼ਾਮੀਨਰਜ਼ ਦੀ ਵੱਡੀ ਥੁੜ ਹੈ।

**ਬੀਚ ਖੋਲਣ ਲਈ ਪ੍ਰਦਰਸ਼ਨ**

ਸੈਨ ਡਿਆਗੋ ਕਾਊਂਟੀ ਪੁਲਿਸ ਨੇ ਐਨਸਿਨੀਟਸ, ਕੈਲੀਫੋਰਨੀਆ ਵਿਚ ਸਿਹਤ ਵਿਭਾਗ ਦੇ ਹੁਕਮਾ ਦੀ ਉਲੰਘਣਾ ਕਰਨ ਦੇ ਦੋਸ਼ 'ਚ 3 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਹ ਗ੍ਰਿਫ਼ਤਾਰੀਆਂ ਕਾਊਂਟੀ ਵੱਲੋਂ ਬੀਚ ਉਪਰ ਲਾਈਆਂ ਪਾਬੰਦੀਆਂ ਹਟਾਉਣ ਦੀ ਯੋਜਨਾ ਦਾ ਐਲਾਨ ਕਰਨ ਤੇ ਅਨਸਿਨੀਟਸ ਸ਼ਹਿਰ ਵੱਲੋਂ ਬੀਚਾਂ ਖੋਲਣ ਦੇ ਸੰਕੇਤ ਦੇਣ ਦੇ ਕੁਝ ਘੰਟਿਆਂ ਬਾਅਦ ਹੋਈਆਂ। ਪ੍ਰਦਰਸ਼ਨਕਾਰੀਆਂ ਨੇ ਕਿਹਾ ਹੈ ਕਿ ਉਹ ਜਾਣਦੇ ਹਨ ਕਿ ਬੀਚਾਂ ਖੋਲੀਆਂ ਜਾ ਰਹੀਆਂ ਹਨ ਪਰ ਉਹ ਪੜਾਅਵਾਰ ਖੁਲ ਰਹੀਆਂ ਬੀਚਾਂ ਦੌਰਾਨ ਧੁੱਪ ਇਸ਼ਨਾਨ ਤੇ ਮੂੰਹ ਢੱਕ ਕੇ ਰੱਖਣ ਵਰਗੀਆਂ ਲਾਈਆਂ ਪਾਬੰਦੀਆਂ ਦੇ ਵਿਰੁੱਧ ਹਨ। ਪ੍ਰਦਰਸ਼ਨ ਕਾਰੀਆਂ ਵਿਚੋਂ ਇਕ ਕ੍ਰਿਸਟਾ ਐਨੇ ਕਰਟਿਸ ਨੇ ਕਿਹਾ ਕਿ ਉਹ ਭਵਿੱਖ ਵਿਚ ਵੀ ਅਜਿਹੇ ਪ੍ਰਦਰਸ਼ਨ ਕਰਨਗੇ।

# ਮਹਾਨ ਜਰਨੈਲ ਸਰਦਾਰ ਹਰੀ ਸਿੰਘ ਨਲੂਆ

(ਸਫਾ 6 ਦੀ ਬਾਕੀ)

ਪਿਸ਼ਾਵਰ ਅਫਗਾਨਿਸਤਾਨ ਨਾਲੋਂ ਕੱਟ ਕੇ ਪੰਜਾਬ ਵਿਚ ਮਿਲਾ ਦਿੱਤਾ ਜਾਵੇ। ਸ. ਨਲੂਆ ਅਤੇ ਕੰਵਲ ਨੌਨਿਹਾਲ ਸਿੰਘ ਨੂੰ ਪਿਸ਼ਾਵਰ ਤੇ ਹਮਲਾ ਕਰਨ ਲਈ ਭੇਜਿਆ। ਅਪ੍ਰੈਲ 27, 1834 ਨੂੰ ਦੋਹਾਂ ਨੇ ਦਰਿਆ ਅਟਕ ਤੇ ਪੁਲ ਬਣਾ ਕੇ ਖਾਲਸਾ ਫੌਜ ਪਾਰ ਕਰਵਾਈ। ਪਿਸ਼ਾਵਰ ਦੇ ਹਾਕਮਾਂ ਨੇ ਵੀ ਖਾਲਸਾ ਫੌਜ ਰੋਕਣ ਲਈ ਚਮਕਨੀ ਦੀ ਹੱਦ ਤੇ ਮੋਰਚੇ ਬਣਾ ਕੇ ਤੋਪਾਂ ਬੀੜ ਦਿੱਤੀਆਂ ਤੇ ਪਿਸ਼ਾਵਰ ਦਾ ਰਾਹ ਰੋਕ ਲਿਆ। ਖਾਲਸਾ ਫੌਜ ਪਹੁੰਚਣ ਤੇ ਭਿਆਨਕ ਗੋਲਾਬਾਰੀ ਹੋਈ। ਹਾਜ਼ੀ ਖਾਨ ਬੜੀ ਦਲੇਰ ਨਾਲ ਲੜਦਾ ਹੋਇਆ, ਸ. ਰਾਮ ਸਿੰਘ ਹਸਨਵਾਲੀਆ ਦੀ ਤਲਵਾਰ ਨਾਲ ਸਖਤ ਜ਼ਖਮੀ ਹੋ ਗਿਆ। ਅਫਗਾਨ ਡਟ ਕੇ ਲੜੇ ਪਰ ਖਾਲਸੇ ਸਾਹਮਣੇ ਨਾ ਟਿਕ ਸਕੇ। ਮਈ 1834 ਨੂੰ ਪਿਸ਼ਾਵਰ ਤੇ ਸਿੰਘਾਂ ਦਾ ਕਬਜ਼ਾ ਹੋ ਗਿਆ। ਜਿਸ ਨਾਲ ਸਾਰਾ ਸਰਹੱਦੀ ਇਲਾਕਾ ਖਾਲਸੇ ਦੇ ਅਧੀਨ ਆ ਗਿਆ। 7 ਸਦੀਆਂ ਤੋਂ ਪੰਜਾਬ ਦੇ ਕੱਟ ਚੁੱਕੇ ਪਿਸ਼ਾਵਰ ਤੇ ਸਿੰਘਾਂ ਦਾ ਕਬਜ਼ਾ ਹੋ ਗਿਆ। ਖਾਲਸੇ ਦੀ ਇਸ ਜਿੱਤ ਨੂੰ ਇਤਿਹਾਸਕਾਰਾਂ ਨੇ ਕਰਾਮਾਤੀ ਜਿੱਤ ਆਖਿਆ ਹੈ। ਪਿਸ਼ਾਵਰ ਦੇ ਹਿੰਦੂ, ਮੁਸਲਮਾਨਾਂ ਨੂੰ ਬਾਰਕਜਾਈਆਂ ਤੋਂ ਛੁਟਕਾਰਾ ਮਿਲਿਆ, ਜੋ ਉਹਨਾਂ ਨੂੰ ਬਹੁਤ ਤੰਗ ਕਰਦੇ ਸਨ।

30 ਅਪ੍ਰੈਲ 1837 ਨੂੰ ਸ. ਨਲੂਆ ਨੇ ਜਮਰੌਦ ਉਪਰ ਹਮਲਾ ਕੀਤਾ। ਅਫਗਾਨਾਂ ਨੂੰ ਭਾਜੜ ਪਾ ਦਿੱਤੀ। ਅਫਗਾਨ ਦੌੜ ਕੇ ਛਿਪ ਗਏ। ਸ. ਨਲੂਆ ਨੇ ਜਮਰੌਦ ਦੇ ਡੇਰੇ ਵਿਚ ਜਾਣ ਲਈ ਕਿਹਾ। ਪਰ ਸ. ਨਿਸ਼ਾਨ ਸਿੰਘ ਪੰਜਹੱਥਾ ਦਰ੍ਰੇ ਦੇ ਅੰਦਰ ਚਲਾ ਗਿਆ। ਸ. ਨਲੂਆ ਨੇ ਉਸਨੂੰ ਜਾਂਦੇ ਵੇਖਿਆ। ਸਿੰਘ ਉਸਨੂੰ ਬੁਲਾਉਣ ਲਈ ਗੁਫਾ ਵੱਲ ਵਧੇ। ਸ. ਅਜਾਇਬ ਸਿੰਘ ਗੁਫਾ ਵੱਲ ਵਧਿਆ ਤਾਂ ਛੁਪੇ ਹੋਏ ਅਫਗਾਨਾਂ ਨੇ ਸ. ਅਜਾਇਬ ਸਿੰਘ ਨੂੰ ਢੇਰੀ ਕਰ ਦਿੱਤਾ। ਜਦੋਂ ਸ. ਨਲੂਆ ਨੇ ਘੋੜਾ ਗੁਫਾ ਅੱਗੇ ਕੀਤਾ ਤਾਂ ਹੋਰ ਗੋਲੀਆਂ ਚੱਲੀਆਂ। ਦੋ ਗੋਲੀਆਂ ਸ. ਨਲੂਆ ਦੇ ਵੱਜੀਆਂ। ਖਾਲਸਾ ਫੌਜ ਪਹੁੰਚੀ ਅਤੇ ਵੈਰੀਆਂ ਨੂੰ ਚੁਣ-ਚੁਣ ਕੇ ਮਾਰਿਆ ਪਰ ਸ. ਨਲੂਆ ਤਾਂ ਜ਼ਖਮੀ ਹੋ ਚੁੱਕੇ ਸਨ। ਸ. ਨਲੂਆ ਨੇ ਜ਼ਖਮੀ ਹੋਣ ਦੇ ਬਾਵਜੂਦ ਘੋੜਾ ਜਮਰੌਦ ਕਿਲੇ ਵੱਲ ਮੋੜ ਲਿਆ। ਬੜੇ ਹੌਸਲੇ ਨਾਲ ਕਿਲੇ ਵਿਚ ਪਹੁੰਚ ਗਏ। ਸ. ਮਹਾਂ ਸਿੰਘ ਨੇ ਘੋੜੇ ਤੋਂ ਉਤਾਰਿਆ। ਸ. ਨਲੂਆ ਨੇ ਆਪਣੀ ਵਿਗੜਦੀ ਹਾਲਤ ਵੇਖ ਕੇ ਤਾਂ ਪ੍ਰਮੁੱਖ ਸਾਥੀਆਂ ਨੂੰ ਬੁਲਾ ਕੇ ਕਿਹਾ ਕਿ ਖਾਲਸੇ ਦੀ ਇੱਜ਼ਤ ਤੇ ਸ਼ਾਨ ਵਾਸਤੇ ਅੰਤਿਮ ਬਾਹਾਂ ਤੱਕ ਡਟੇ ਰਹਿਣ ਦੀ ਪ੍ਰੇਰਨਾ ਦਿੱਤੀ। ਮੇਰੀ ਮੌਤ ਦੀ ਖਬਰ ਗੁਪਤ ਰੱਖਣੀ, ਇਸ ਨਾਲ ਖਾਲਸੇ ਦੀ ਫੌਜੀ ਸ਼ਕਤੀ ਬਰਕਰਾਰ ਰਹੇਗੀ। ਇਸਦੇ ਨਾਲ ਹੀ ਸਵਾਸ ਤਿਆਗ ਦਿੱਤੇ। ਇਹ ਸਮਾਂ 30 ਅਪ੍ਰੈਲ 1837 ਦੀ ਰਾਤ ਦਾ ਸੀ। ਸ. ਮਹਾਂ ਸਿੰਘ ਨੇ ਸ. ਨਲੂਆ ਦੀ ਆਖਰੀ ਇੱਛਾ ਅਨੁਸਾਰ ਸ਼ਹੀਦੀ ਨੂੰ ਗੁਪਤ ਰੱਖ ਕੇ ਜਮਰੌਦ ਦੇ ਕਿਲੇ ਵਿਚ ਸਸਕਾਰ ਕਰ ਦਿੱਤਾ। ਇਸ ਤਰ੍ਹਾਂ ਇਸ ਮਹਾਨ ਜਰਨੈਲ ਨੇ ਆਪਣਾ ਜੀਵਨ ਖਾਲਸੇ ਨੂੰ ਅਰਪਣ ਕਰ ਦਿੱਤਾ।

ਅੰਤਿਕਾ:- ਸ. ਹਰੀ ਸਿੰਘ ਨਲੂਆਂ ਦੀ ਬਹਾਦਰੀ ਦੀ ਚਰਚਾ ਵਿਚ- ਸੰਸਾਰ ਵਿਚ ਮਹਾਨ ਜਰਨੈਲਾਂ ਯੋਧਿਆਂ ਨੂੰ ਯਾਦ ਕੀਤਾ ਜਾਂਦਾ ਹੈ ਪਰ ਉਨੀਵੀਂ ਸਦੀ ਦੇ ਬਰਤਾਨੀਆ ਦੇ ਛਪਦੇ ਅਖਬਾਰ ਨੇ ਦੁਨੀਆਂ ਦੇ ਜਰਨੈਲਾਂ ਦਾ ਵਿਸ਼ਲੇਸ਼ਣ ਕਰਦਿਆਂ ਲਿਖਿਆ ਹੈ ਕਿ ਕੋਈ ਨੈਪੋਲੀਅਨ ਨੂੰ ਮਹਾਨ ਜਰਨੈਲ ਕਹਿੰਦਾ ਹੈ, ਕੋਈ ਮਾਰਸ਼ਲ ਹੈਂਡਨਬਰਗ, ਲਾਰਡ ਕਿਚਨਰ, ਜਨਰਲ ਕਰੋਬਜੇ, ਡਯੂਕ ਵਾਲਿੰਗਟਨ ਅਤੇ ਹੋਰ ਹਲਾਕੂ ਖਾਨ, ਚੰਗੇਜ਼ ਖਾਨ, ਰਿਚਰਡ ਤੇ ਅਲਾਉਦੀਨ। ਪਰ ਉਤਰੀ ਭਾਰਤ ਵਿਚ ਸ. ਹਰੀ ਸਿੰਘ ਨਲੂਆ ਸਿੱਖ ਜਰਨੈਲ ਬਹੁਤ ਹੋਣਹਾਰ ਤੇ ਬਲਵਾਨ ਹੋਇਆ ਹੈ। ਜੇਕਰ ਉਹ ਲੰਮੇ ਸਮੇਂ ਲਈ ਜਿਉਂਦਾ ਰਹਿੰਦਾ ਅਤੇ ਉਸ ਕੋਲ ਬਰਤਾਨੀਆ ਵਰਗੇ ਸਾਧਨ ਅਤੇ ਤੋਪਖਾਨਾ ਹੁੰਦਾ ਤਾਂ ਉਹ ਏਸ਼ੀਆ ਅਤੇ ਯੂਰਪ ਦਾ ਬਹੁਤ ਸਾਰਾ ਇਲਾਕਾ ਹਥਿਆਰ ਸਕਦਾ ਸੀ।

ਪਠਾਣ ਜਿਹਨਾਂ ਨੇ ਪਿਸ਼ੌਰ ਤੇ 8 ਸਦੀਆਂ ਰਾਜ ਕੀਤਾ ਅਤੇ ਹਿੰਦੁਸਤਾਨ ਦੀ ਇੱਜ਼ਤ ਤੇ ਦੌਲਤ ਲੁੱਟਦੇ ਰਹੇ। ਲੋਕ ਪਠਾਣਾਂ ਦੇ ਪਰਛਾਵੇਂ ਤੋਂ ਡਰਦੇ ਸਨ। ਜਰਨੈਲ ਸਰਦਾਰ ਹਰੀ ਸਿੰਘ ਨਲੂਆ ਦਾ ਪਠਾਣਾਂ ਨਾਲ ਲੜਾਈਆਂ ਕਰਦਿਆਂ ਅਜਿਹਾ ਸਿੱਕਾ ਬੈਠਾ ਕਿ ਪਠਾਦ ਸਰਦਾਰ ਨਲੂਆ ਦਾ ਨਾਂ ਸੁਣ ਕੇ ਕੰਬਣ ਲੱਗ ਪੈਂਦੇ। ਪਠਾਣੀਆਂ ਬੱਚਿਆਂ ਨੂੰ, ਜੋ ਰੋਣਾ ਬੰਦ ਨਾ ਕਰਦੇ ਤਾਂ ਇਹ ਕਹਿ ਕੇ ਚੁੱਪ ਕਰਾਉਂਦੀਆਂ ''ਚੁੱਪ ਸ਼ਾ ਬੱਚਿਆ! ਹਰੀਆ ਹਹਾਰਾਲੈ'। ਅਰਥਾਤ ਪੁੱਤਰਾ ਚੁੱਪ ਕਰ ਜਾ ਹਰੀ ਸਿੰਘ ਆਉਂਦਾ ਪਿਆ ਹੈ। ਬੱਚੇ ਨਾਂ ਸੁਣ ਕੇ ਚੁੱਪ ਕਰ ਜਾਂਦੇ ਸਨ।

## ਪਰਕਸ ਵੱਲੋਂ ਸੁਖਦੇਵ ਮਾਦਪੁਰੀ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ



ਅੰਮ੍ਰਿਤਸਰ - ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਲਿਮਟਿਡ ਲੁਧਿਆਣਾ/ ਅੰਮ੍ਰਿਤਸਰ (ਪਰਕਸ) ਵੱਲੋਂ ਸੁਖਦੇਵ ਮਾਦਪੁਰੀ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਸੁਸਾਇਟੀ ਦੇ ਪ੍ਰਧਾਨ ਡਾ. ਬਿਕਰਮ ਸਿੰਘ ਘੁੰਮਣ, ਮੀਤ ਪ੍ਰਧਾਨ ਡਾ. ਬ੍ਰਹਮਜਗਦੀਸ਼ ਸਿੰਘ, ਮੈਨੇਜਿੰਗ ਡਾਇਰੈਕਟਰ ਡਾ. ਚਰਨਜੀਤ ਸਿੰਘ ਗੁਮਟਾਲਾ, ਸਕੱਤਰ ਗੁਰਮੀਤ ਪਲਾਹੀ ਤੇ ਸੁਸਾਇਟੀ ਦੇ ਮੈਂਬਰਾਨ ਵੱਲੋਂ ਇੱਕ ਸਾਂਝੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਸੁਖਦੇਵ ਮਾਦਪੁਰੀ ਇਕ ਬਹੁ-ਪੱਖੀ ਸ਼ਖ਼ਸੀਅਤ ਦੇ ਮਾਲਕ ਸਨ, ਜਿਨ੍ਹਾਂ ਨੇ ਪੰਜਾਬੀ ਸਾਹਿਤ ਦੀਆਂ ਵੱਖ ਵੱਖ ਵਿਧਾਵਾਂ ਖਾਸਕਰ ਲੋਕਧਾਰਾ ਤੇ ਲੋਕ ਸਾਹਿਤ ਦੇ ਖੇਤਰ ਵਿਚ ਰਚਨਾਵਾਂ ਰਚ ਕੇ ਮਾਂ ਬੋਲੀ ਪੰਜਾਬੀ ਨੂੰ ਮਾਲੋਮਾਲ ਕੀਤਾ । ਉਹ ਪੰਜਾਬੀ ਲੋਕਧਾਰਾ ਦਾ ਅਧਿਐਨ ਕਰਨ ਵਾਲੇ ਮੁਢਲੇ ਵਿਦਵਾਨਾਂ ਵਿੱਚੋ ਇਕ ਸਨ ।ਉਹ ਬਹੁਤ ਹੀ ਮਿਲਣਸਾਰ ਤੇ ਹਸਮੁੱਖ ਸੁਭਾਅ ਦੇ ਮਾਲਕ ਸਨ। ਉੱਚ ਚੋਟੀ ਦੇ ਵਿਦਵਾਨ ਹੋਣ ਦੇ ਬਾਵਜੂਦ ਵੀ ਉਨ੍ਹਾਂ ਕਦੇ ਆਪਣੀ ਵਿਦਵਤਾ ਦਾ ਹੰਕਾਰ ਨਹੀਂ ਕੀਤਾ । ਉਨ੍ਹਾਂ ਨੂੰ ਵੱਖ ਵੱਖ ਨਾਮਵਰ ਸੰਸਥਾਵਾਂ ਵੱਲੋਂ ਮਿਲੇ ਪੁਰਸਕਾਰ ਉਨ੍ਹਾਂ ਦੀ ਪ੍ਰਤਿਭਾ ਦੀ ਗਵਾਹੀ ਭਰਦੇ ਹਨ।

ਉਨ੍ਹਾਂ ਨੇ ਅਨੇਕਾਂ ਕਿਤਾਬਾਂ ਲਿਖੀਆਂ ਜਿਨ੍ਹਾਂ ਵਿਚ 'ਪੰਜਾਬ ਦੀਆਂ ਲੋਕ ਖੇਡਾਂ', 'ਕੇਸੂ ਦੇ ਫੁੱਲ','ਜਰੀ ਦਾ ਟੋਟਾ', 'ਗਾਉਂਦਾ ਪੰਜਾਬ', 'ਨੈਣਾਂ ਦੇ ਵਣਜਾਰੇ', 'ਪੰਜਾਬ ਦੇ ਮੇਲੇ ਤੇ ਤਿਉਹਾਰ', 'ਆਓ ਨੱਚੀਏ', 'ਜਾਦੂ ਦਾ ਸ਼ੀਸ਼ਾ', 'ਸੋਨੇ ਦਾ ਬੱਕਰਾ', 'ਲੋਕ ਬੁਝਾਰਤਾਂ', , 'ਫੁੱਲਾਂ ਭਰੀ ਚੰਗੇਰ', 'ਬਾਲ ਕਹਾਣੀਆਂ', 'ਨੇਕੀ ਦਾ ਫਲ' 'ਆਓ ਗਾਈਏ' ਆਦਿ ਸ਼ਾਮਲ ਹਨ ।ਉਨ੍ਹਾਂ ਦੇ ਅਕਾਲ ਚਲਾਣੇ ਨਾਲ ਪੰਜਾਬੀ ਜਗਤ ਨੂੰ ਨੂੰ ਨਾ-ਪੂਰਨਯੋਗ ਘਾਟਾ ਪਿਆ ਹੈ। ਉਹ ਭਾਵੇਂ ਇਸ ਸੰਸਾਰ ਵਿੱਚ ਨਹੀਂ ਰਹੇ ਪਰ ਉਨ੍ਹਾਂ ਦੀ ਸਾਹਿਤ ਜਗਤ ਨੂੰ ਪਾਈ ਵੱਡਮੁਲੀ ਦੇਣ ਉਨ੍ਹਾਂ ਦੇ ਨਾਂ ਨੂੰ ਸਦਾ ਕਾਇਮ ਰੱਖੇਗੀ।


BERKSHIRE HATHAWAY
BH HS
Home Services



Shangara Ram
ELITE REAL ESTATE
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ
ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
ਕਿਸੇ ਵੀ ਕਿਸਮ ਦੀ ਸੰਪਤੀ ਘਰੇਲੂ, ਵਪਾਰਕ ਅਤੇ ਲੈਂਡ
ਅਤੇ ਲੋਨ ਸਮੇਤ ਵਿਆਜ ਦਰਾਂ ਲਈ ਸੇਵਾ ਦਾ ਮੌਕਾ ਦਿਓ
MLS
7412 Elsie Ave., Sacramento, CA 95828



'ਦੇਸ਼ ਦੁਆਬਾ'
ਹਰ ਹਫਤੇ ਛਪਣ ਵਾਲਾ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।


## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।


1-916-947-8920 (ਫੋਨ), 1-916-238-1393 (ਫੈਕਸ)
E-mail : deshdoaba@yahoo.com
www.deshdoaba.com www.ambedkartimes.com

# ਅੰਬੇਡਕਰ ਮਿਸ਼ਨ ਸੋਸਾਇਟੀ ਨੇ ਵੰਡਿਆ ਲੋੜਵੰਦਾਂ ਨੂੰ ਰਾਸ਼ਨ



**ਜਲੰਧਰ–** ਇਸ ਸਮੇਂ ਪੂਰਾ ਵਿਸ਼ਵ ਕਰੋਨਾ ਵਾਇਰਸ ਦੀ ਨਾਮੁਰਾਦ ਮਹਾਮਾਰੀ ਦੀ ਚਪੇਟ 'ਚ ਹੈ. ਸਰਕਾਰਾਂ ਨੇ ਇਸ ਬਿਮਾਰੀ ਨੂੰ ਫੈਲਣ ਤੋਂ ਰੋਕਣ ਵਾਸਤੇ ਲਾਕਡਾਊਨ ਅਤੇ ਕਰਫਿਊ ਲਗਾਏ ਹੋਏ ਹਨ. ਸਾਰੇ ਕੰਮ ਕਾਰ ਚੌਪਟ ਹੋ ਗਏ ਹਨ. ਸਾਰਿਆਂ ਦੇ ਨਾਲ ਨਾਲ ਇਸਦਾ ਪ੍ਰਭਾਵ ਉਨ੍ਹਾਂ ਮਜ਼ਦੂਰਾਂ ਤੇ, ਜੋ ਰੋਜ ਕਮਾ ਕੇ ਖਾਂਦੇ ਸਨ, ਬਹੁਤ ਹੀ ਮਾੜਾ ਪਿਆ ਹੈ. ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ.), ਜਿਸਦਾ ਮੁਖ ਦਫਤਰ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ (ਨਕੋਦਰ ਰੋਡ) ਵਿਖੇ ਹੈ, 1970 ਦੇ ਦਹਾਕੇ ਤੋਂ ਅੰਬੇਡਕਰ ਮਿਸ਼ਨ ਦਾ ਪ੍ਰਚਾਰ ਅਤੇ ਪ੍ਰਸਾਰ ਕਰ ਰਹੀ ਹੈ. ਅੰਬੇਡਕਰ ਮਿਸ਼ਨ ਸੋਸਾਇਟੀ ਨੇ ਅੱਜ ਜਨਰਲ ਸਕੱਤਰ ਵਰਿੰਦਰ ਕੁਮਾਰ, ਵਿੱਤ ਸਕੱਤਰ ਬਲਦੇਵ ਰਾਜ ਭਾਰਦਵਾਜ ਅਤੇ ਮੈਂਬਰ ਨਿਰਮਲ ਬੇਇੰਜੀ ਰਾਹੀਂ ਕਾਜ਼ੀ ਮੰਡੀ, ਅਬਦਪੁਰਾ, ਭਾਰਗੋ ਕੈਂਪ, ਮਾਡਲ ਹਾਊਸ ਅਤੇ ਬੂਟਾਂ ਪਿੰਡ ਵਿਚ ਲੋੜਵੰਦ ਪਰਿਵਾਰਾਂ ਨੂੰ ਕੱਚਾ ਰਾਸ਼ਨ ਵੰਡਿਆ. ਇਹ ਜਾਣਕਾਰੀ ਸੋਸਾਇਟੀ ਦੀ ਪ੍ਰਧਾਨ ਮੈਡਮ ਸੁਦੇਸ਼ ਕਲਿਆਣ ਨੇ ਇੱਕ ਪ੍ਰੈਸ ਬਿਆਨ ਵਿਚ ਦਿੱਤੀ. ਮੈਡਮ ਕਲਿਆਣ ਨੇ ਕਿਹਾ ਕਿ ਸੋਸਾਇਟੀ ਸਭ ਲੋਕਾਂ ਨੂੰ ਅਪੀਲ ਕਰਦੀ ਹੈ ਕਿ ਉਹ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਨੂੰ ਮੰਨਦੇ ਹੋਏ ਆਪਣੇ ਘਰਾਂ ਵਿਚ ਹੀ ਰਹਿ ਕੇ ਅਤੇ ਸਰੀਰਕ ਦੂਰੀ ਰੱਖ ਕੇ ਕਰੋਨਾ ਵਾਇਰਸ ਦੀ ਮਹਾਮਾਰੀ ਨੂੰ ਅੱਗੇ ਫੈਲਣ ਤੋਂ ਰੋਕਣ 'ਚ ਮਦਦ ਕਰਨ. ਅੰਬੇਡਕਰ ਮਿਸ਼ਨ ਸੋਸਾਇਟੀ ਡਾਕਟਰਾਂ, ਨਰਸਾਂ, ਹੈਲਪਰਾਂ, ਪੈਰਾਮੈਡੀਕਲ ਸਟਾਫ, ਪੁਲਿਸ ਕਰਮਚਾਰੀਆਂ, ਵਿਗਿਆਨੀਆਂ/ਖੋਜਕਰਤਾਵਾਂ, ਸਫਾਈ ਕਰਮਚਾਰੀਆਂ ਅਤੇ ਪ੍ਰਸ਼ਾਸਨ ਆਦਿ ਜੋ ਕੋਵਿਡ-19 ਦੀ ਮਹਾਮਾਰੀ ਦੌਰਾਨ ਕੀਮਤੀ ਨਿੱਜੀ ਜਾਨਾਂ ਬਚਾਉਣ ਦੇ ਯਤਨ ਵਿਚ ਲੱਗੇ ਹੋਏ ਹਨ, ਉਨ੍ਹਾਂ ਲੋਕਾਂ ਦੀ ਤੰਦਰੁਸਤੀ ਲਈ ਵੀ ਕਾਮਨਾ ਕਰਦੀ ਹੈ।

# ਗੁਰੂ ਰਵਿਦਾਸ ਸਭਾ ਪੈਰਿਸ ਨੇ ਹਸਪਤਾਲ ਦੇ ਡਾਕਟਰਾਂ ਤੇ ਸਟਾਫ ਲਈ ਕੀਤਾ ਖਾਣੇ ਦਾ ਪ੍ਰਬੰਧ



**ਅਲਾਵਲਪੁਰ (ਮਦਨ ਬੰਗੜ)** ਐੱਨ ਆਰ ਆਈ ਭਰਾ ਜਿੱਥੇ ਵਿਦੇਸ਼ੀ ਧਰਤੀ ਤੇ ਰਹਿ ਕੇ ਆਪਣੇ ਵਤਨ ਨਾਲ ਪਿਆਰ ਸਨੇਹ ਕਰਦਿਆਂ ਸਮੇਂ ਸਮੇਂ ਸਿਰ ਆਪਣੇ ਪਿੰਡ ਆਪਣੇ ਸ਼ਹਿਰ ਅਤੇ ਜ਼ਰੂਰਤਮੰਦ ਭਰਾਵਾਂ ਦੀ ਮਦਦ ਲਈ ਹਮੇਸ਼ਾ ਤਿਆਰ ਰਹਿੰਦੇ ਹਨ ਉੱਥੇ ਹੀ ਪੂਰੇ ਸੰਸਾਰ ਵਿੱਚ ਫੈਲੇ ਕਰੋਨਾ ਵਾਇਰਸ ਦੀ ਭਿਆਨਕ ਮਹਾਂਮਾਰੀ ਦੇ ਚੱਲਦਿਆਂ ਸ੍ਰੀ ਗੁਰੂ ਰਵਿਦਾਸ ਸਭਾ ਪੈਰਿਸ ਦੇ ਸਮੂਹ ਅਹੁਦੇਦਾਰਾਂ ਤੇ ਸਹਿਯੋਗੀਆਂ ਨੇ ਮਿਸ਼ਨ ਹਸਪਤਾਲ ਦੇ ਡਾਕਟਰਾਂ ਤੇ ਸਟਾਫ ਲਈ ਖਾਣੇ ਦਾ ਪ੍ਰਬੰਧ ਕੀਤਾ ਸ੍ਰੀ ਗੁਰੂ ਰਵਿਦਾਸ ਸਭਾ ਪੈਰਿਸ ਦੇ ਆਗੂ ਪਰਮਿੰਦਰ ਸਿੰਘ ਨੇ ਦੱਸਿਆ ਕਿ ਕਰੋਨਾ ਵਾਇਰਸ ਦੇ ਕਹਿਰ ਦੇ ਚੱਲਦਿਆਂ ਹਸਪਤਾਲਾਂ ਵਿੱਚ ਡਾਕਟਰ ਨਰਸਾਂ ਤੇ ਸਫ਼ਾਈ ਕਰਮਚਾਰੀ ਜੋਖ਼ਮ ਭਰੇ ਹਾਲਾਤਾਂ ਵਿੱਚ ਮਨੁੱਖਤਾ ਦੀ ਸੇਵਾ ਕਰ ਰਹੇ ਹਨ ਉਨ੍ਹਾਂ ਦੇ ਇਸ ਮਹਾਨ ਕਾਰਜ ਨੂੰ ਸਲੂਟ ਕਰਦਿਆਂ ਉਨ੍ਹਾਂ ਦੇ ਸਨਮਾਨ ਵਿੱਚ ਸ੍ਰੀ ਗੁਰੂ ਰਵਿਦਾਸ ਸਭਾ ਪੈਰਿਸ ਵੱਲੋਂ ਲਾਹ ਕੁਰਮ ਦੇ ਸਹਿਯੋਗ ਨਾਲ ਖਾਣੇ ਦਾ ਪ੍ਰਬੰਧ ਕੀਤਾ ਗਿਆ ਪਰਮਿੰਦਰ ਪੈਰਿਸ ਨੇ ਕਿਹਾ ਕਿ ਸਹਿਯੋਗੀਆਂ ਅਤੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਆਉਣ ਵਾਲੇ ਸਮੇਂ ਵਿੱਚ ਵੀ ਮਨੁੱਖਤਾ ਦੀ ਭਲਾਈ ਲਈ ਨਿਰੰਤਰ ਯਤਨ ਜਾਰੀ ਰੱਖੇ ਜਾਣਗੇ ਉਨ੍ਹਾਂ ਕਿਹਾ ਕਿ ਕਰੋਨਾ ਮਹਾਂਮਾਰੀ ਦੇ ਚੱਲਦਿਆਂ ਸਾਨੂੰ ਸਭ ਨੂੰ ਮਾਨਵਤਾ ਦੀ ਭਲਾਈ ਲਈ ਅੱਗੇ ਆਉਣਾ ਚਾਹੀਦਾ ਹੈ ਇਸ ਮੌਕੇ ਅਵਿਸਨ ਹਸਪਤਾਲ ਦੇ ਡਾਇਰੈਕਟਰ ਅਤੇ ਡਾਕਟਰ ਸਾਹਿਬਾਨ ਨੇ ਇਸ ਕਾਰਜ ਦੀ ਭਰਪੂਰ ਪ੍ਰਸ਼ੰਸਾ ਕਰਦਿਆਂ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ ਇਸ ਮੌਕੇ ਮੁਖਤਿਆਰ ਪਾਲ, ਮਨੋਹਰ ਸੰਧੂ ,ਦਵਿੰਦਰ ਰੱਲ ,ਭੁਪਿੰਦਰ ਲਾਲ ,ਰੌਸ਼ਨ ਲਾਲ, ਪਰਮਜੀਤ ਸਿੰਘ, ਰਾਮ ਸਿੰਘ, ਪਰਮਿੰਦਰ ਸਿੰਘ, ਸਤਨਾਮ ਸਿੰਘ ਆਦਿ ਹਾਜ਼ਰ ਸਨ।

# ਸੰਤ ਕ੍ਰਿਸ਼ਨ ਨਾਥ ਮਹਾਰਾਜ ਨੇ ਕੀਤੀ ਨਾਨਕ ਨਗਰੀ, ਮਹੇੜੂ, ਚਹੇੜੂ ਤਿੰਨ ਪਿੰਡਾਂ ਨੂੰ 32,32 ਹਜਾਰ ਰੁਪਏ ਦੀ ਮਾਇਆ ਭੇਂਟ



**ਫਗਵਾੜਾ (ਬੀ ਕੇ ਰੱਤੂ)–** ਜਿੱਥੇ ਸਾਡੇ ਗੁਰੂ ਸਾਹਿਬਾਨ ਗੁਰੂ ਰਵਿਦਾਸ ਜੀ, ਗੁਰੂ ਨਾਨਕ ਦੇਵ ਜੀ ਅਤੇ ਹੋਰ ਅਨੇਕਾਂ ਮਹਾਂਪੁਰਸ਼ਾਂ ਨੇ ਆਪਣੀ ਬਾਣੀ ਰਾਹੀਂ ਦੂਸਰਿਆਂ ਦੇ ਭਲੇ ਲਈ ਪਰਉਪਕਾਰ ਕਰਨ ਦਾ ਸੰਦੇਸ਼ ਦਿੱਤਾ, ਉੱਥੇ ਇਸੇ ਤਰ੍ਹਾਂ ਹੀ ਗੁਰੂ ਸਾਹਿਬਾਨਾਂ ਦੀ ਸੋਚ ਤੇ ਚਲਦੇ ਹੋਏ ਡੇਰਾ ਸੰਤ ਬਾਬਾ ਫੂਲ ਨਾਥ ਤਪ ਅਸਥਾਨ ਸੰਤ ਬ੍ਰਹਮ ਨਾਥ ਜੀ, ਨਾਨਕ ਨਗਰੀ ਚਹੇੜੂ ਦੇ ਮੌਜੂਦਾ ਗੱਦੀ ਨਸ਼ੀਨ ਸੰਤ ਕ੍ਰਿਸ਼ਨ ਨਾਥ ਜੀ ਮਹਾਰਾਜ ਗਰੀਬਾਂ ਅਤੇ ਲੋੜਵੰਦਾਂ ਦਾ ਭਲਾ ਕਰ ਰਹੇ ਹਨ। ਇਸੇ ਹੀ ਲੜੀ ਦੇ ਤਹਿਤ ਉਨ੍ਹਾਂ ਨੇ ਅੱਜ ਕੋਰੋਨਾ ਵਾਇਰਸ ਦੀ ਮਹਾਂਮਾਰੀ ਦੀ ਭੈੜੀ ਬਿਮਾਰੀ ਤੇ ਜਿੱਤ ਪ੍ਰਾਪਤ ਕਰਨ ਲਈ ਯਤਨਸ਼ੀਲ ਸ਼ਰਧਾਲੂ ਸੰਗਤਾਂ ਨੂੰ,ਜ਼ੋ ਕਿ ਲੋੜਵੰਦਾਂ ਲਈ ਲੰਗਰ, ਰਾਸ਼ਨ ਆਦਿ ਦੀ ਮਦਦ ਕਰ ਰਹੀਆਂ ਹਨ ਭਾਵ ਪਿੰਡ ਚਹੇੜੂ, ਮਹੇੜੂ ਅਤੇ ਨਾਨਕ ਨਗਰੀ ਦੇ ਮੋਹਤਬਰਾਂ ਨੂੰ ਲੋੜਵੰਦਾਂ ਦੀ ਸਹਾਇਤਾ ਲਈ 32,32 ਹਜਾਰ ਰੁਪਏ ਦੀ ਮਾਇਆ ਭੇਂਟ ਕੀਤੀ ਤੇ ਕਿਹਾ ਕਿ ਇਹ ਉਪਰਾਲਾ ਐਨ ਆਰ ਆਈ ਤੇ ਸਮੂੰਹ ਸੰਗਤਾਂ ਦੇ ਸਹਿਯੋਗ ਨਾਲ ਸੰਭਵ ਹੋ ਸਕਿਆ ਹੈ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਹੀ ਇਸ ਘੜੀ ਵਿਚ ਲੋੜਵੰਦਾਂ ਦੀ ਸਹਾਇਤਾ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੇਵਾਦਾਰ ਭੁੱਲਾਂ ਰਾਮ ਮਹੇੜੂ, ਧਰਮਪਾਲ ਚਹੇੜੂ, ਪਿੰਡ ਮਹੇੜੂ ਦੇ ਮੌਜੂਦਾ ਸਰਪੰਚ ਸ੍ਰ.ਸੁਖਵਿੰਦਰ ਸਿੰਘ ਕਾਲਾ, ਪਿੰਡ ਚਹੇੜੂ ਦੇ ਮੌਜੂਦਾ ਸਰਪੰਚ ਸ੍ਰ ਸਰਵਣ ਸਿੰਘ ਦਿਓ, ਸਮੂੰਹ ਸ੍ਰੀ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਸਰਕਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਫਾਸਲਾ ਬਣਾਏ ਹੋਏ ਹਾਜ਼ਰ ਸਨ। ਸੰਤ ਕ੍ਰਿਸ਼ਨ ਨਾਥ ਮਹਾਰਾਜ ਜੀ ਨੇ ਕਿਹਾ ਕਿ ਅਸੀਂ ਅੱਗੇ ਤੋਂ ਵੀ ਅਜਿਹੇ ਉਪਰਾਲੇ ਕਰਨ ਲਈ ਯਤਨਸ਼ੀਲ ਰਹਾਂਗੇ।

ਇਸ ਮੌਕੇ ਸਮੂੰਹ ਸੰਗਤਾਂ ਤੇ ਪਿੰਡ ਚਹੇੜੂ ਦੇ ਸਰਪੰਚ ਸ੍ਰ ਸਰਵਣ ਸਿੰਘ ਦਿਓ ਅਤੇ ਪਿੰਡ ਮਹੇੜੂ ਦੇ ਮੌਜੂਦਾ ਸਰਪੰਚ ਸ੍ਰ ਸੁਖਵਿੰਦਰ ਸਿੰਘ ਕਾਲਾ ਨੇ ਸੰਤ ਕ੍ਰਿਸ਼ਨ ਨਾਥ ਜੀ ਮਹਾਰਾਜ ਦਾ ਧਨਵਾਦ ਕੀਤਾ ਤੇ ਉਨ੍ਹਾਂ ਪਾਸੋਂ ਆਸ਼ਿਰਵਾਦ ਵੀ ਪ੍ਰਾਪਤ ਕੀਤਾ।

# ਫਗਵਾੜਾ ਇਨਵਾਇਰਮੈਂਟ ਐਸੋਸੀਏਸ਼ਨ ਨੇ ਆਨ ਲਾਈਨ ਲੇਖ ਮੁਕਾਬਲੇ ਕਰਵਾ ਕੇ ਮਨਾਇਆ ਵਿਸ਼ਵ ਧਰਤੀ ਦਿਵਸ



**ਫਗਵਾੜਾ (ਬੀ.ਕੇ.ਰੱਤੂ)** ਫਗਵਾੜਾ ਇਨਵਾਇਰੰਮੈਂਟ ਐਸੋਸੀਏਸ਼ਨ ਵਲੋਂ 50ਵਾਂ ਵਿਸ਼ਵ ਧਰਤੀ ਦਿਵਸ ਆਨ ਲਾਈਨ ਲੇਖ ਮੁਕਾਬਲੇ ਕਰਵਾ ਕੇ ਮਨਾਇਆ ਗਿਆ। ਵਧੇਰੇ ਜਾਣਕਾਰੀ ਦਿੰਦਿਆਂ ਐਸੋਸੀਏਸ਼ਨ ਦੇ ਜਨਰਲ ਸਕੱਤਰ ਮਲਕੀਅਤ ਸਿੰਘ ਰਘਬੋਤਰਾ ਨੇ ਦੱਸਿਆ ਕਿ ਹਰ ਸਾਲ ਧਰਤੀ ਦਿਵਸ ਮੌਕੇ ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਸਮਾਗਮ ਦਾ ਆਯੋਜਨ ਕੀਤਾ ਜਾਂਦਾ ਹੈ ਪਰ ਇਸ ਵਾਰ ਕੋਰੋਨਾ ਮਹਾਮਾਰੀ ਕਾਰਨ ਲਾਗੂ ਲਾਕਡਾਊਨ ਦੇ ਚਲਦਿਆਂ ਬੱਚਿਆਂ ਦੇ ਆਨ ਲਾਈਨ ਲੇਖ ਮੁਕਾਬਲਿਆਂ ਤੱਕ ਹੀ ਸਮਾਗਮ ਨੂੰ ਸੀਮਿਤ ਰੱਖਿਆ ਗਿਆ। ਉਹਨਾਂ ਕਿਹਾ ਕਿ ਇਸ ਦਿਨ ਨੂੰ ਮਨਾਉਣ ਦਾ ਉਦੇਸ਼ ਲੋਕਾਂ ਵਿਚ ਧਰਤੀ ਨੂੰ ਮਾਂ ਦੀ ਤਰਾਂ ਪਿਆਰ ਕਰਨ ਦਾ ਸੁਨੇਹਾ ਦੇਣਾ ਅਤੇ ਧਰਤੀ ਉਪਰਲੇ ਵਾਤਾਵਰਣ ਦੀ ਸੁਰੱਖਿਆ ਪ੍ਰਤੀ ਜਾਗਰੁਕ ਕਰਨਾ ਹੈ। ਉਹਨਾਂ ਕਿਹਾ ਕਿ ਜਦੋਂ ਤੋਂ ਲਾਕਡਾਉਨ ਕਰਫਿਉ ਲਾਗੂ ਹੋਇਆ ਹੈ ਧਰਤੀ ਦਾ ਵਾਤਾਵਰਣ ਸ਼ੁੱਧ ਹੋ ਗਿਆ ਹੈ। ਪੰਛੀਆਂ ਦੇ ਚਹਿਚਹਾਉਣ ਦੀਆਂ ਅਵਾਜ਼ਾਂ ਫਿਰ ਸੁਣਾਈ ਦੇਣ ਲਗ ਪਈਆਂ ਹਨ। ਜਿਸ ਤੋਂ ਸਮਝਣਾ ਚਾਹੀਦਾ ਹੈ ਕਿ ਆਧੁਨਿਕਤਾ ਅਤੇ ਮਸ਼ੀਨੀ ਯੁਗ ਵਿਚ ਅਸੀਂ ਧਰਤੀ ਦਾ ਕਿੰਨਾ ਨੁਕਸਾਨ ਕਰ ਰਹੇ ਹਾਂ। ਉਹਨਾਂ ਦੱਸਿਆ ਕਿ ਇਸ ਆਨਲਾਈਨ ਮੁਕਾਬਲੇ ਵਿਚ 34 ਵਿਦਿਆਰਥੀਆਂ ਨੇ ਭਾਗ ਲਿਆ ਜਿਹਨਾਂ ਵਿਚ ਪਲਕ, ਅਮੀਸ਼ਾ ਅਤੇ ਜਸਲੀਨ ਨੇ ਕ੍ਰਮਵਾਰ ਪਹਿਲਾ, ਦੂਸਰਾ ਅਤੇ ਤੀਸਰਾ ਸਥਾਨ ਹਾਸਲ ਕੀਤਾ ਹੈ। ਜੱਜਾਂ ਦੀ ਭੂਮਿਕਾ ਵਾਤਾਵਰਣ ਪ੍ਰੇਮੀ, ਅਮਰਜੀਤ, ਸਕਿਲ ਡਿਵੈਲਪਮੈਂਟ ਮਾਹਿਰ ਨਰਿੰਦਰ ਕੌਰ ਅਤੇ ਸਾਹਿਤਕਾਰ ਗੁਰਮੀਤ ਪਲਾਹੀ ਵਲੋਂ ਨਿਭਾਈ ਗਈ। ਜੇਤੂ ਵਿਦਿਆਰਥਣਾਂ ਨੂੰ ਨਗਦ ਇਨਾਮਾਂ ਦੀ ਵੰਡ ਬਲੱਡ ਬੈਂਕ ਵਿਖੇ ਸਬ ਇੰਸਪੈਕਟਰ ਰਾਣੀ ਬਿਰਹਾ ਨੇ ਕੀਤੀ। ਇਸ ਮੌਕੇ ਪ੍ਰਿੰਸੀਪਲ ਨੀਲਮ ਪਸਰੀਚਾ, ਡਾ. ਅਮਰਜੀਤ ਚੌਸਰ, ਮਾਸਟਰ ਲਕਸ਼ੈ ਭੱਲਾ, ਨਿਤਿਸ਼ ਬਤਰਾ, ਸੁਰਿੰਦਰ ਕੋਛੜ ਆਦਿ ਹਾਜਰ ਸਨ।

# ਲੋੜਵੰਦ 4 ਸੋ ਦੇ ਕਰੀਬ ਪ੍ਰੀਵਾਰਾਂ ਨੂੰ ਦਿੱਤਾ ਜਾਂਦਾ ਹੈ ਰੋਜਾਨਾ ਰਾਤ ਦਾ ਖਾਣਾ

## ਮਾਹੀ ਪ੍ਰੀਵਾਰ ਅਤੇ ਸਮੂਹ ਸਹਿਯੋਗੀਆ ਦਾ ਸ਼ਲਾਘਾਯੋਗ ਉਪਰਾਲਾ - ਸੀਟੂ ਬਾਈ





**ਫਗਵਾੜਾ (ਬੀ ਕੇ ਰੱਤੂ)–** ਸ਼੍ਰੀ ਗੁਰੂ ਰਵਿਦਾਸ ਸੇਵਾ ਸੋਸਾਇਟੀ ਗਲੀ ਨੰਬਰ 2 ਮੁਹੱਲਾ ਪਲਾਹੀ ਵਲੋਂ ਪ੍ਰਸਿੱਧ ਗਾਇਕ ਤੇ ਸਮਾਜ ਸੇਵੀ ਜਸਵੀਰ ਮਾਹੀ ਦੇ ਵਲੋਂ ਮਹੁੱਲਾ ਨਿਵਾਸੀਆਂ ਦੇ ਸਹਿਯੋਗ ਨਾਲ ਪਿਛਲੇ 6 ਦਿਨਾਂ ਤੋਂ ਹਰ ਰੋਜ ਰਾਤ ਦਾ ਖਾਣਾ ਤਿਆਰ ਕਰਕੇ ਨੇੜੇ ਦੇ ਮੁਹੱਲਿਆਂ ਵਿੱਚ ਰਹਿੰਦੇ ਲੋੜਵੰਦਾਂ ਦੇ ਪ੍ਰੀਵਾਰਾਂ ਦੇ ਘਰ-ਘਰ ਪਹੁੰਚਿਆ ਜਾਂਦਾ ਹੈ ਜਸਵੀਰ ਮਾਹੀ ਨੇ ਦੱਸਿਆ ਕਿ ਇਹ ਲੰਗਰ 200 ਪ੍ਰੀਵਾਰ ਤੋਂ ਸ਼ੁਰੂ ਕੀਤਾ ਸੀ ਹੁਣ 400 ਪ੍ਰੀਵਾਰ ਤੱਕ ਪਹੁੰਚ ਗਿਆ ਹੈ ਆਉਣ ਵਾਲੇ ਦਿਨਾਂ ਵਿੱਚ ਵੀ ਇਹ ਲੰਗਰ ਦੀ ਸੇਵਾ ਦਾ ਕਾਰਜ ਚੱਲਦਾ ਰਹੇਗਾ। ਲੰਗਰ ਤਿਆਰ ਕਰਨ ਟਾਈਮ ਸਾਫ ਸਫਾਈ ਦੇ ਨਾਲ ਆਪਸੀ ਦੂਰੀ ਦਾ ਖਿਆਲ ਰੱਖਿਆ ਜਾਂਦਾ ਹੈ। ਕਾਨੂੰਨ ਦੇ ਹੁਕਮਾਂ ਦੀ ਪਾਲਣਾ ਕੀਤੀ ਜਾਂਦੀ ਹੈ। ਇਸ ਮੌਕੇ ਵਿਸ਼ੇਸ਼ ਤੌਰ ਪੁੰਹਚੇ ਸੀਟੂ ਬਾਈ ਪ੍ਰਚਾਰ ਸਕੱਤਰ ਸ੍ਰੋਮਣੀ ਸ੍ਰੀ ਗੁਰੂ ਰਵਿਦਾਸ ਮੰਦਿਰ ਪ੍ਰਬੰਧਕ ਕਮੇਟੀ ਜੀ. ਟੀ. ਰੋਡ ਚੱਕ ਹਕੀਮ ਨੇ ਕਿਹਾ ਕਿ ਪੰਜਾਬ ਅੰਦਰ ਕੋਰੋਨਾ ਵਾਇਰਸ ਦੇ ਚੱਲਦਿਆ ਲਾਕਡਾਉਨ ਨੂੰ ਇੱਕ ਮਹੀਨੇ ਤੋਂ ਉੱਪਰ ਦਾ ਸਮਾਂ ਹੋ ਗਿਆ ਹੈ। ਸਰਕਾਰ ਵਲੋਂ ਲਏ ਗਏ ਲਾਕਡਾਉਨ ਦੇ ਫੈਸਲੇ ਨਾਲ ਜਿੱਥੇ ਲੋਕ ਵੱਡੀ ਗਿਣਤੀ ਵਿੱਚ ਕੋਰੋਨਾ ਵਾਇਰਸ ਦੀ ਲਪੇਟ ਵਿੱਚ ਆਉਣ ਤੋਂ ਬੱਚ ਗਏ। ਉਥੇ ਹੀ ਕੰਮਕਾਰ ਪੂਰੀ ਤਰ੍ਹਾਂ ਨਾਲ ਠੱਪ ਹੋਣ ਕਰਕੇ ਰੋਜਮਰਾ ਦੀ ਜਰੂਰਤ ਨੂੰ ਪੂਰਾ ਕਰਨ ਲਈ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵੱਡੀ ਗਿਣਤੀ ਵਿੱਚ ਅਜਿਹੇ ਪ੍ਰੀਵਾਰ ਵੀ ਹਨ ਜਿਨ੍ਹਾਂ ਲਈ ਦੋ ਟਾਈਮ ਦੀ ਰੋਟੀ ਖਾਣੀ ਵੀ ਔਖੀ ਸੀ। ਇਸ ਦੁੱਖ ਦੇ ਸਮੇਂ ਵਿੱਚ ਸਮਾਜ ਸੇਵੀਆ ਅਤੇ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਆਦਿ ਨੇ ਜਿੱਥੇ ਲੋੜਵੰਦ ਪ੍ਰੀਵਾਰਾਂ ਨੂੰ ਸੁੱਕਾ ਰਾਸ਼ਨ ਮੁਹਈਆ ਕੀਤਾ ਉਥੇ ਲੱਗਭਗ ਲਾਕਡਉਨ ਦੇ ਸ਼ੁਰੂ ਤੋਂ ਹੀ ਲੰਗਰਾਂ ਦੇ ਪ੍ਰਬੰਧ ਕਰਕੇ ਲੋੜਵੰਦ ਲੋਕਾਂ ਤੱਕ ਪਹੁੰਚਾਉਣ ਦੇ ਇਨ੍ਹਾਂ ਸਾਰਿਆਂ ਵਲੋਂ ਯਤਨ ਜਾਰੀ ਹਨ।

ਅਜਿਹੇ ਸਮੇਂ ਵਿੱਚ ਮਨੁੱਖਤਾ ਦੀ ਸੇਵਾ ਲਈ ਅੱਗੇ ਆਏ ਮਾਹੀ ਪ੍ਰੀਵਾਰ ਤੇ ਸਮੂਹ ਮੁਹੱਲਾ ਵਾਸੀਆਂ ਤੇ ਸਹਿਯੋਗੀਆ ਦਾ ਸ਼ਲਾਘਾਯੋਗ ਉਪਰਾਲਾ ਹੈ। ਇਸ ਮੌਕੇ ਭਾਗ ਮੱਲ ਮਾਹੀ, ਅਸ਼ੋਕ ਕੁਮਾਰ, ਗਾਇਕ ਰਾਜੂ ਮਾਹੀ, ਗਾਇਕ ਨਵਨੀਤ ਨਰ, ਕਮਲ, ਲਾਡੀ, ਸੋਨੂੰ ਮਹਿਮੀ, ਬਲਵਿੰਦਰ, ਕਮਲੇਸ਼, ਸਰਬਜੀਤ, ਬਿਮਲਾ ਰਾਣੀ ਅਤੇ ਵਿੱਦਿਆ ਆਦਿ ਹਾਜ਼ਰ ਸਨ।

# ਲੈਨਿਨ ਦੇ 150ਵੇਂ ਜਨਮ ਅਤੇ ਮੰਗੂ ਰਾਮ ਮੁੱਗੋਵਾਲੀਆ ਦੇ ਵਿਦਾਇਗੀ ਦਿਹਾੜੇ 'ਤੇ ਦੇਸ਼ ਭਗਤ ਯਾਦਗਾਰ ਹਾਲ 'ਚ ਕੀਤਾ ਸਮਾਗਮ

**ਜਲੰਧਰ–** ਦੁਨੀਆ ਭਰ ਦੀਆਂ ਦੱਬੀਆਂ ਕੁਚਲੀਆਂ ਕੌਮਾਂ ਦੀ ਆਜ਼ਾਦੀ ਅਤੇ ਲੁੱਟੇ-ਪੁੱਟੇ ਲੋਕਾਂ ਦੀ ਮੁਕਤੀ ਦੇ ਮਾਰਗ-ਦਰਸ਼ਕ, ਮਹਾਨ ਦਾਰਸ਼ਨਿਕ, ਇਨਕਲਾਬੀ ਘੁਲਾਟੀਏ ਅਤੇ ਸਮਾਜਵਾਦੀ ਸਮਾਜ ਦੇ ਸਿਰਜਕ ਵੀ.ਆਈ. ਲੈਨਿਨ ਦੇ 150ਵੇਂ ਜਨਮ ਦਿਹਾੜੇ ਅਤੇ ਗ਼ਦਰ ਪਾਰਟੀ ਦੇ ਜਾਣੇ-ਪਹਿਚਾਣੇ ਆਗੂ ਬਾਬੂ ਮੰਗੂ ਰਾਮ ਮੁਗੋਵਾਲੀਆ ਦੇ ਸਦੀਵੀ ਵਿਛੋੜੇ ਮੌਕੇ ਅੱਜ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਅੰਦਰ ਦੋਵੇਂ ਸ਼ਖ਼ਸੀਅਤਾਂ ਨੂੰ ਗੰਭੀਰ ਵਿਚਾਰ-ਚਰਚਾ ਦੇ ਰੂਪ 'ਚ ਯਾਦ ਕੀਤਾ।

ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਕਿਹਾ ਕਿ ਅਜੇਹੀਆਂ ਸ਼ਖ਼ਸੀਅਤਾਂ ਨੇ ਆਪਣੇ ਸਮਿਆਂ ਦੀਆਂ ਜ਼ੋਰਾਵਰ ਕਹਾਉਂਦੀਆਂ ਤਾਕਤਾਂ ਖ਼ਿਲਾਫ਼ ਇਤਿਹਾਸਕ ਜੱਦੋ-ਜਹਿਦ ਕੀਤੀ। ਉਹਨਾਂ ਨੇ ਧਨ, ਧਰਤੀ; ਕੁਦਰਤੀ ਨਿਆਮਤਾਂ ਅਤੇ ਸਾਰੇ ਸੁੱਖ-ਸਾਧਨਾ ਉਪਰ ਜੱਫ਼ਾ ਮਾਰੀ ਬੈਠੀਆਂ ਸ਼ਕਤੀਆਂ ਦੇ ਰਾਜ ਭਾਗ ਦੀ ਬਜਾਏ, ਆਜ਼ਾਦ, ਜਮਹੂਰੀ, ਬਰਾਬਰੀ, ਨਿਆਂ ਅਤੇ ਮਨੁੱਖੀ ਮਾਣ-ਸਨਮਾਨ 'ਤੇ ਟਿਕੇ ਖ਼ੁਸ਼ਹਾਲ ਸਮਾਜ ਦੀ ਸਿਰਜਣਾ ਲਈ ਲੋਕ ਸੰਗਰਾਮ ਵਾਸਤੇ ਸੱਭ ਕੁਝ ਅਰਪਤ ਕੀਤਾ।

ਕਮੇਟੀ ਮੈਂਬਰ ਇਤਿਹਸਕਾਰ ਚਰੰਜੀ ਲਾਲ ਕੰਗਣੀਵਾਲ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ



ਸਿੰਘ ਅਤੇ ਲਾਇਬ੍ਰੇਰੀ ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ ਨੇ ਕਿਹਾ ਕਿ ਜਮਾਤੀ ਅਤੇ ਜਾਤੀ ਦਾਬੇ 'ਤੇ ਟਿਕੇ ਸਮਾਜ ਨੂੰ ਮੁੱਢੋਂ-ਸੁੱਢੋਂ ਬਦਲ ਕੇ ਜ਼ਿੰਦਗੀ ਵਿਚ ਨਵਾਂ ਖੇੜਾ ਲਿਆਉਣ ਲਈ ਬਹਾਰ ਲੈ ਕੇ ਆਉਣ ਲਈ ਅਤੇ ਸਾਡੇ ਸਮਿਆਂ ਅੰਦਰ ਹੋਰ ਵੀ ਮਾਰੂ, ਕਾਲ਼ੇ ਸਮਿਆਂ ਨਾਲ ਜੂਝਣ ਲਈ ਆਪਣੀ ਇਨਕਲਾਬੀ ਵਿਰਾਸਤ ਅਤੇ ਮਹਾਂਨਾਇਕਾਂ ਤੋਂ ਪ੍ਰੇਰਨਾ ਲੈਂਦਿਆਂ ਹੋਰ ਅਗੇਰੇ ਵਧਣ ਦੀ ਲੋੜ ਹੈ।

ਲੈਨਿਨ ਅਤੇ ਮੁੰਗੂ ਰਾਮ ਮੁਗੋਵਾਲੀਆ ਦੀਆਂ ਰਚਨਾਵਾਂ ਦਾ ਜ਼ਿਕਰ ਕਰਦਿਆਂ ਕਮੇਟੀ ਨੇ ਇਹਨਾਂ ਦਿਨਾਂ ਅੰਦਰ ਲੋਕ-ਪੱਖੀ ਕਲਮਕਾਰਾਂ, ਪੱਤਰਕਾਰਾਂ, ਫ਼ੋਟੋ ਜਰਨਲਿ-ਸਟਾਂ, ਮੀਡੀਆ ਕਰਮੀਆਂ ਅਤੇ ਸਭਨਾਂ ਲੋਕ ਦਰਦੀਆਂ ਲਈ ਬਣੀਆਂ ਗੰਭੀਰ ਚੁਣੌਤੀਆਂ ਉਪਰ ਚਰਚਾ ਕੀਤੀ ਕਿ ਉਹਨਾਂ ਵਾਂਗ ਅੱਜ ਵੀ ਸੱਚ ਦੀ ਗੱਲ ਕਰਨ ਵਾਲਿਆਂ ਨੂੰ ਦਹਿਕਦੇ ਅੰਗਿਆਰਾਂ 'ਤੇ ਤੁਰਨਾ ਪੈ ਰਿਹਾ ਹੈ। ਉਨ੍ਹਾਂ ਨੇ ਵਿਸ਼ੇਸ਼ ਕਰਕੇ ਫੋਟੋ ਜਰਨਲਿਸਟ ਮਸ਼ਰਤ ਜ਼ਾਹਿਰਾ ਅਤੇ 'ਹਿੰਦੂ' ਅਖ਼ਬਾਰ ਦੇ ਪੱਤਰਕਾਰ ਪੀਰਜ਼ਾਦਾ ਆਸ਼ਕ ਉਪਰ ਸੰਗੀਨ ਕੇਸ ਪਾ ਕੇ ਤੰਗ ਪਰੇਸ਼ਾਨ ਕਰਨ ਅਤੇ ਕਿਸੇ ਪਲ ਵੀ ਸੀਖ਼ਾਂ ਪਿੱਛੇ ਡੱਕਣ ਦੀਆਂ ਤਿਆਰੀਆਂ ਦੀ ਨਿੰਦਾ ਕੀਤੀ। ਦੇਸ਼ ਭਰ 'ਚ ਕਰੋਨਾ ਮਾਂਹਮਾਰੀ ਤੋਂ ਪੀੜਤ ਹੋ ਰਹੇ ਪੱਤਰਕਾਰਾਂ ਦੀ ਜੀਵਨ ਸੁਰੱਖਿਆ ਦਾ ਪ੍ਰਬੰਧ ਯਕੀਨੀ ਕੀਤਾ ਜਾਵੇ। ਕਰੋਨਾ ਦੀ ਆੜ ਹੇਠ ਪੱਤਰਕਾਰਾਂ 'ਤੇ ਪਰਚੇ ਦਰਜ ਕਰਨ, ਛਾਂਟੀਆਂ ਅਤੇ ਤਨਖ਼ਾਹ ਕਟੌਤੀ ਦਾ ਕੁਹਾੜਾ ਵਾਹੁਣਾ ਬੰਦ ਕੀਤਾ ਜਾਏ। ਉਪਰੰਤ 22 ਅਪ੍ਰੈਲ 2003 ਨੂੰ ਵਿਛੜੇ ਪ੍ਰਸਿੱਧ ਲੇਖਕ ਬਲਵੰਤ ਗਾਰਗੀ ਨੂੰ ਵੀ ਯਾਦ ਕੀਤਾ ਗਿਆ। ਸਮਾਗਮ ਦੌਰਾਨ, ਕੇਸਰ, ਕੁਲਵੰਤ ਕਾਕਾ, ਮਨਿੰਦਰ, ਭੂਬਨ ਜੋਸ਼ੀ, ਮਹਿਰਾਜ ਅਹਿਮਦ, ਨੂਰ ਮੁਹੰਮਦ, ਰਾਕੇਸ਼, ਪੱਤਰਕਾਰ ਕਮਲਜੀਤ ਥਾਬਲਕੇ ਅਤੇ ਸੁਖਵਿੰਦਰ ਨਵਾਂ ਜ਼ਮਾਨਾ ਹਾਜ਼ਰ ਸਨ।

# ਲਾਕ ਡਾਊਨ ਪੀਰੀਅਡ ਦਾ ਬਿਜਲੀ ਬਿਲ ਮੁਆਫ ਕਰੇ ਕੈਪਟਨ ਸਰਕਾਰ - ਰਾਜੇਸ਼ ਬਾਘਾ

**ਫਗਵਾੜਾ–** ਭਾਰਤੀ ਜਨਤਾ ਪਾਰਟੀ ਪੰਜਾਬ ਇਕਾਈ ਦੇ ਸੂਬਾ ਮੀਤ ਪ੍ਰਧਾਨ ਰਾਜੇਸ਼ ਬਾਘਾ ਨੇ ਅੱਜ ਗੱਲਬਾਤ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਮੰਗ ਕਰਦਿਆਂ ਕਿਹਾ ਕਿ ਜਿੰਨਾ ਚਿਰ ਲਾਕ ਡਾਊਨ ਦੀ ਵਜ•ਾ ਨਾਲ ਲੋਕ ਕੰਮਕਾਰ ਕਰਨ ਤੋਂ ਵਾਂਝੇ ਹਨ ਓਨੇ ਦਿਨ ਦਾ ਬਿਜਲੀ ਦੇ ਬਿਲ ਦੀ ਵਸੂਲੀ ਨਾ ਕੀਤੀ ਜਾਵੇ। ਉਨ•ਾਂ ਕਿਹਾ ਕਿ ਪਹਿਲਾਂ ਕੈਪਟਨ ਸਰਕਾਰ ਨੇ ਬਿਜਲੀ ਬਿਲਾਂ ਦੇ ਭੁਗਤਾਨ ਦੀ ਤਰੀਕ ਅਪ੍ਰੈਲ ਐਲਾਨੀ ਸੀ ਪਰ ਲੋਕਾਂ ਵਿਚ ਰੋਸ ਸੀ ਕਿ 3 ਮਈ ਤਰੀਕ ਤੱਕ ਉਹ ਘਰਾਂ ਵਿਚ ਕੈਦ ਹਨ ਅਤੇ ਇਕ ਦਿਨ ਵਿਚ ਬਿਲਾਂ ਦੀ ਰਕਮ ਦਾ ਜੁਗਾੜ ਕਿਸ ਤਰ•ਾਂ ਕਰਨਗੇ ਜਿਸ ਨੂੰ ਦੇਖਦੇ ਹੋਏ ਬੇਸ਼ਕ ਮੁੱਖਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਤਿੰਨ ਮਹੀਨੇ ਬਾਅਦ ਬਿਲ ਵਸੂਲਣ ਦੀ ਗੱਲ ਕਹੀ ਹੈ ਲੇਕਿਨ ਇਹ ਵੀ ਜਾਇਜ਼ ਨਹੀਂ ਹੈ। ਇਸ ਤਰ•ਾਂ ਸਮਾਜ ਦੇ ਹੇਠਲੇ ਦਿਹਾੜੀਦਾਰ ਵਰਗ ਅਤੇ ਛੋਟੇ ਦੁਕਾਨਦਾਰਾਂ ਉਪਰ ਦੋ ਬਿਲਾਂ ਦੀ ਅਦਾਇਗੀ ਦਾ ਭਾਰੀ ਬੋਝ ਪਵੇਗਾ।



ਮੁੱਖ ਮੰਤਰੀ ਨੂੰ ਚਾਹੀਦਾ ਹੈ ਕਿ ਜਿੰਨੇ ਦਿਨ ਲੋਕ ਕੋਰੋਨਾ ਵਾਇਰਸ ਕਾਰਨ ਕਾਰੋਬਾਰ ਨਹੀਂ ਕਰ ਸਕਦੇ ਓਨੇ ਦਿਨ ਦਾ ਬਿਲ ਮੁਆਫ ਕਰ ਦਿੱਤਾ ਜਾਵੇ। ਇਸ ਦੌਰਾਨ ਉਹਨਾਂ ਕੋਰੋਨਾ ਮਹਾਮਾਰੀ ਦੌਰਾਨ ਸਮਾਜ ਸੇਵਾ ਲਈ ਅੱਗੇ ਆਏ ਲੋਕਾਂ ਅਤੇ ਸਮਾਜਿਕ ਜੱਥੇਬੰਦੀਆਂ ਦੇ ਉਪਰਾਲਿਆਂ ਦੀ ਵੀ ਸ਼ਲਾਘਾ ਕੀਤੀ ਅਤੇ ਨਾਲ ਹੀ ਪੁਲਿਸ, ਪ੍ਰਸ਼ਾਸਨ ਅਤੇ ਸਿਹਤ ਵਿਭਾਗ ਦੇ ਕਰਮਚਾਰੀ ਜੋ ਫਰੰਟ ਲਾਈਨ 'ਤੇ ਕੰਮ ਕਰ ਰਹੇ ਹਨ ਉਹਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਸਿਹਤ ਦਾ ਵੀ ਖਿਆਲ ਰੱਖਣ ਅਤੇ ਸਰਜੀਕਲ ਮਾਸਕ ਤੇ ਹੱਥਾਂ 'ਚ ਦਸਤਾਨੇ ਜਰੂਰ ਪਾਉਣ। ਰਾਜੇਸ਼ ਬਾਘਾ ਨੇ ਆਮ ਜਨਤਾ ਨੂੰ ਅਪੀਲ ਕਰਦਿਆਂ ਕਿਹਾ ਕਿ ਆਪੋ ਆਪਣੇ ਇਲਾਕੇ ਵਿਚ ਪ੍ਰਸ਼ਾਸਨ ਨੂੰ ਪੂਰਾ ਸਹਿਯੋਗ ਕੀਤਾ ਜਾਵੇ ਅਤੇ ਬਿਨਾ ਵਜ•ਾ ਘਰਾਂ ਤੋਂ ਬਾਹਰ ਨਾ ਨਿਕਲਣ ਕਿਉਂਕਿ ਪਰਿਵਾਰ ਦੇ ਇਕ ਮੈਂਬਰ ਦੀ ਛੋਟੀ ਜਿਹੀ ਗਲਤੀ ਪੂਰੇ ਪਰਿਵਾਰ ਦੀ ਜਿੰਦਗੀ ਨੂੰ ਖਤਰੇ ਵਿਚ ਪਾ ਸਕਦੀ ਹੈ।

# ਸਮਾਜ ਸੇਵਾ ਲਈ ਅੱਗੇ ਆਏ ਐਨ.ਆਰ.ਆਈ.ਅਤੇ ਸਮਾਜਿਕ/ਧਾਰਮਿਕ ਜੱਥੇਬੰਦੀਆਂ ਦੇ ਉਪਰਾਲਿਆਂ ਦੀ ਵੀ ਸ਼ਲਾਘਾ : ਰਾਜੇਸ਼ ਬਾਘਾ

**ਜਲੰਧਰ–** ਭਾਰਤੀ ਜਨਤਾ ਪਾਰਟੀ ਪੰਜਾਬ ਇਕਾਈ ਦੇ ਸੂਬਾ ਮੀਤ ਪ੍ਰਧਾਨ ਰਾਜੇਸ਼ ਬਾਘਾ ਨੇ ਅੱਜ ਗੱਲਬਾਤ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਮੰਗ ਕਰਦਿਆਂ ਕਿਹਾ ਕਿ ਜਿੰਨਾ ਚਿਰ ਲਾਕ ਡਾਊਨ ਦੀ ਵਜਾ ਨਾਲ ਲੋਕ ਕੰਮਕਾਰ ਕਰਨ ਤੋਂ ਵਾਂਝੇ ਹਨ ਓਨੇ ਦਿਨ ਦਾ ਬਿਜਲੀ ਦੇ ਬਿਲ ਦੀ ਵਸੂਲੀ ਨਾ ਕੀਤੀ ਜਾਵੇ। ਉਹਨਾਂ ਕਿਹਾ ਕਿ ਪਹਿਲਾਂ ਕੈਪਟਨ ਸਰਕਾਰ ਨੇ ਬਿਜਲੀ ਬਿਲਾਂ ਦੇ ਭੁਗਤਾਨ ਦੀ ਤਰੀਕ ਅਪ੍ਰੈਲ ਐਲਾਨੀ ਸੀ ਪਰ ਲੋਕਾਂ ਵਿਚ ਰੋਸ ਸੀ ਕਿ 3 ਮਈ ਤਰੀਕ ਤੱਕ ਉਹ ਘਰਾਂ ਵਿਚ ਕੈਦ ਹਨ ਅਤੇ ਇਕ ਦਿਨ ਵਿਚ ਬਿਲਾਂ ਦੀ ਰਕਮ ਦਾ ਜੁਗਾੜ ਕਿਸ ਤਰਾਂ ਕਰਨਗੇ ਜਿਸ ਨੂੰ ਦੇਖਦੇ ਹੋਏ ਬੇਸ਼ਕ ਮੁੱਖਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਤਿੰਨ ਮਹੀਨੇ ਬਾਅਦ ਬਿਲ ਵਸੂਲਣ ਦੀ ਗੱਲ ਕਹੀ ਹੈ ਲੇਕਿਨ ਇਹ ਵੀ ਜਾਇਜ਼ ਨਹੀਂ ਹੈ।

ਇਸ ਤਰਾਂ ਸਮਾਜ ਦੇ ਹੇਠਲੇ ਦਿਹਾੜੀਦਾਰ ਵਰਗ ਅਤੇ ਛੋਟੇ ਦੁਕਾਨਦਾਰਾਂ ਉਪਰ ਦੋ ਬਿਲਾਂ ਦੀ ਅਦਾਇਗੀ ਦਾ ਭਾਰੀ ਬੋਝ ਪਵੇਗਾ। ਮੁੱਖ ਮੰਤਰੀ ਨੂੰ ਚਾਹੀਦਾ ਹੈ ਕਿ ਜਿੰਨੇ ਦਿਨ ਲੋਕ ਕੋਰੋਨਾ ਵਾਇਰਸ ਕਾਰਨ ਕਾਰੋਬਾਰ ਨਹੀਂ ਕਰ ਸਕਦੇ ਓਨੇ ਦਿਨ ਦਾ ਬਿਲ ਮੁਆਫ ਕਰ ਦਿੱਤਾ ਜਾਵੇ। ਇਸ ਦੌਰਾਨ ਉਹਨਾਂ ਕੋਰੋਨਾ ਮਹਾਮਾਰੀ ਦੌਰਾਨ ਸਮਾਜ ਸੇਵਾ ਲਈ ਅੱਗੇ ਆਏ ਲੋਕਾਂ ਅਤੇ ਸਮਾਜਿਕ ਜੱਥੇਬੰਦੀਆਂ ਦੇ ਉਪਰਾਲਿਆਂ ਦੀ ਵੀ ਸ਼ਲਾਘਾ ਕੀਤੀ ਅਤੇ ਨਾਲ ਹੀ ਪੁਲਿਸ, ਪ੍ਰਸ਼ਾਸਨ ਅਤੇ ਸਿਹਤ ਵਿਭਾਗ ਦੇ ਕਰਮਚਾਰੀ ਜੋ ਫਰੰਟ ਲਾਈਨ 'ਤੇ ਕੰਮ ਕਰ ਰਹੇ ਹਨ ਉਹਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਸਿਹਤ ਦਾ ਵੀ ਖਿਆਲ ਰੱਖਣ ਅਤੇ ਸਰਜੀਕਲ ਮਾਸਕ ਤੇ ਹੱਥਾਂ 'ਚ ਦਸਤਾਨੇ ਜਰੂਰ ਪਾਉਣ। ਰਾਜੇਸ਼ ਬਾਘਾ ਨੇ ਆਮ ਜਨਤਾ ਨੂੰ ਅਪੀਲ ਕਰਦਿਆਂ ਕਿਹਾ ਕਿ ਆਪੋ ਆਪਣੇ ਇਲਾਕੇ ਵਿਚ ਪ੍ਰਸ਼ਾਸਨ ਨੂੰ ਪੂਰਾ ਸਹਿਯੋਗ ਕੀਤਾ ਜਾਵੇ ਅਤੇ ਬਿਨਾ ਵਜਾ ਘਰਾਂ ਤੋਂ ਬਾਹਰ ਨਾ ਨਿਕਲਣ ਕਿਉਂਕਿ ਪਰਿਵਾਰ ਦੇ ਇਕ ਮੈਂਬਰ ਦੀ ਛੋਟੀ ਜਿਹੀ ਗਲਤੀ ਪੂਰੇ ਪਰਿਵਾਰ ਦੀ ਜਿੰਦਗੀ ਨੂੰ ਖਤਰੇ ਵਿਚ ਪਾ ਸਕਦੀ ਹੈ।

# ਬਾਲ ਮਾਨਸਿਕਤਾ ਸੰਭਾਲਣ ਲਈ ਬਲਜਿੰਦਰ ਮਾਨ ਵਲੋਂ ਬੱਚਿਆਂ ਨਾਲ ਆਨਲਾਈਨ ਸੰਪਰਕ

**ਮਾਹਿਲਪੁਰ:** ਲੌਕਡਾਉਨ ਦੌਰਾਨ ਜਿੱਥੇ ਆਮ ਆਦਮੀ ਪਰੇਸ਼ਾਨ ਹੋਇਆ ਬੈਠਾ ਹੈ ਉਥੇ ਬੱਚੇ ਆਪਣੇ ਮਾਪਿਆਂ, ਅਧਿਆਪਕਾਂ ਅਤੇ ਸਰਕਾਰਾਂ ਤੋਂ ਇਹ ਸਵਾਲ ਪੁੱਛ ਰਹੇ ਹਨ ਕਿ ਉਹਨਾਂ ਦਾ ਕੀ ਕਸੂਰ ਹੈ ਜਿਸ ਵਾਸਤੇ ਉਹਨਾਂ ਨੂੰ ਕੈਦੀਆਂ ਵਾਲਾ ਜੀਵਨ ਗੁਜ਼ਾਰਨਾ ਪੈ ਰਿਹਾ।ਅਜਿਹੇ ਮੌਕੇ ਮਨ ਦਾ ਡੋਲਣਾ ਸੁਭਾਵਿਕ ਹੀ ਹੈ।ਇਸ ਔਖ ਦੀ ਘੜੀ ਵਿਚ ਬਲਜਿੰਦਰ ਮਾਨ ਸੰਪਾਦਕ ਨਿੱਕੀਆਂ ਕਰੂੰਬਲਾਂ ਵਲੋਂ ਇਕ ਨਿਵੇਕਲਾ ਉਪਰਾਲਾ ਕੀਤਾ ਜਾ ਰਿਹਾ ਹੈ।ਜਿਸ ਰਾਹੀਂ ਉਹ ਬੱਚਿਆਂ ਨਾਲ ਸੰਪਰਕ ਬਣਾ ਕੇ ਉਹਨਾਂ ਨੂੰ ਸਿਲੇਬਸ ਅਤੇ ਹੋਰ ਰੌਚਕ ਪੁਸਤਕਾਂ,ਰੌਚਕ ਵੀਡੀਓ,ਕਹਾਣੀਆਂ,ਨਾਟਕ ਆਦਿ ਦਾ ਪੀਡੀ ਐਫ ਅਤੇ ਡਿਜਿਟਲ ਰੂਪ ਮਹੱਈਆ ਕਰਵਾ ਰਹੇ ਹਨ।ਇਸ ਬਾਰੇ ਜਦੋਂ ਉਹਨਾਂ ਨਾਲ ਗੱਲ ਬਾਤ ਕੀਤੀ ਤਾਂ ਉਹਨਾਂ ਕਿਹਾ ,'ਮੈਨੂੰ ਲੌਕਡਾਉਨ ਦੇ ਦਸ ਦਿਨ ਬਾਅਦ ਹੀ ਅਧਿਆਪਕਾਂ ਅਤੇ ਬੱਚਿਆਂ ਦੇ ਅਜਿਹੇ ਫੋਨ ਆਉਣ ਲੱਗ ਪਏ ਸਨ ਜਿਨ੍ਹਾਂ ਵਿਚੋਂ ਉਹਨਾਂ ਮਾਨਸਿਕ ਪਰੇਸ਼ਾਨੀ ਦਿਖਾਈ ਦਿੰਦੀ ਸੀ।ਇਸ ਹਲਾਤ ਨਾਲ ਨਜਿੱਠਣ ਦਾ ਇਕੋ ਇਕ ਰਾਹ ਸੰਪਰਕ ਅਤੇ ਉਸਾਰੂ ਸਾਹਿਤ ਦੀ ਲੋੜ ਸੀ ਜੋ ਡਿਜਿਟਲ ਰੂਪ ਵਿਚ ਹੋਵੇ। ਉਹਨਾਂ ਅੱਗੇ ਕਿਹਾ ਕਿ ਉਹਨਾਂ ਇਸ ਉਦੇਸ਼ ਦੀ ਪੂਰਤੀ ਵਾਸਤੇ ਕਿਤਾਬਾਂ ਦੇ ਪ੍ਰਕਾਸ਼ਕਾਂ ਅਤੇ ਵਿਸ਼ੇਸ਼ ਕਰਕੇ ਨੈਸ਼ਨਲ ਬੁਕ ਟਰੱਸਟ ਇੰਡੀਆਂ, ਪੰਜਾਬ ਸਕੂਲ ਸਿੱਖਿਆਂ ਬੋਰਡ ਨਾਲ ਸੰਪਰਕ ਕਰਕੇ ਇਸ ਮਸਲੇ ਦਾ ਰਾਹ ਲੱਭਿਆ।



ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਦੇ ਇਸ ਉਪਰਾਲੇ ਦਾ ਲਾਭ ਉਠਾਉਂਦਿਆਂ ਸਕਰੂਲੀ ਦੇ ਸਾਇੰਸ ਅਧਿਆਪਕ ਪਵਨ ਕੁਮਾਰ ਨੇ ਦੱਸਿਆ ਕਿ ਪੁਸਤਕਾਂ ਤਾਂ ਲਾਇਬ੍ਰੇਰੀ ਵਿਚੋਂ ਮਿਲਦੀਆਂ ਹਨ ਪਰ ਉਥੇ ਪੁਜਿਆਂ ਨਹੀਂ ਸੀ ਜਾ ਸਕਦਾ।ਇਸਦਾ ਹੱਲ ਮਾਨ ਹੁਰਾਂ ਕਰ ਦਿਤਾ ਜਿਸ ਨਾਲ ਸਾਡਾ ਰੁਝੇਵਾਂ ਅਤੇ ਮਨ ਪ੍ਰਸੰਨ ਰਹਿਣ ਲੱਗਾ। ਇਸੇ ਤਰ੍ਹਾਂ ਮਾਹਿਲਪੁਰ ਇਲਾਕੇ ਵਿਚ ਹੀ ਨਹੀਂ ਸਗੋਂ ਪੂਰੇ ਪੰਜਾਬ ਸਮੇਤ ਕਈ ਸੋਸ਼ਲ ਮੀਡੀਆਂ ਗਰੁੱਪਾਂ ਵਿਚ ਇਹ ਪੁਸਤਕਾਂ ਦੇ ਪੀ ਡੀ ਐਫ ਰੂਪ ਅਤੇ ਸਿਲੇਬਸ ਡਜਿਟਿਲ ਰੂਪ ਵਿਚ ਪਾਇਆ ਹੋਣ ਕਰਕੇ ਲਾਭ ਉਠਾਇਆ ਜਾ ਰਿਹਾ ਹੈ।

ਬੱਚਿਆਂ ਦੀ ਰੁਚੀ ਅਨੁਸਾਰ ਉਹਨਾਂ ਲਈ ਬਾਲ ਪੁਸਤਕਾਂ ਮੁਹਈਆ ਕੀਤੀਆਂ ਜਾ ਰਹੀਆਂ ਹਨ।ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਮਾਹਿਲਪੁਰ ਵਲੋਂ ਬੱਚਿਆਂ, ਲੇਖਕਾਂ, ਅਧਿਆਂਪਕਾਂ, ਵਿਦਿਆਰਥੀਆਂ ਨਾਲ ਨਿਰੰਤਰ ਸੰਪਰਕ ਬਣਾਇਆ ਹੋਇਆ ਹੈ। ਬਾਲ ਮਾਨਸਿਕਤਾ ਨੂੰ ਸੰਭਾਲਣ ਦੇ ਇਸ ਨਿਵੇਕਲੇ ਉਪਰਾਲੇ ਦੀ ਪਾਠਕਾਂ, ਵਿਦਿਆਰਥੀਆਂ ਅਤੇ ਪਤਵੰਤਿਆਂ ਨੇ ਵਿਸ਼ੇਸ਼ ਸ਼ਲਾਘਾ ਕੀਤੀ। ਕਰਫਿਊ ਦੌਰਾਨ ਇਸ ਕਾਰਜ ਦਾ ਲਾਭ ਉਠਾਉਣ ਵਾਲਿਆਂ ਵਿਚ ਅਧਿਆਪਕ, ਮਾਪੇ, ਬੱਚੇ ਅਤੇ ਆਮ ਪਾਠਕ ਸ਼ਾਮਿਲ ਹਨ।

# ਸਾਦੇ ਵਿਆਹ ਨਾ ਦਾਜ ਨਾ ਗੱਡੀ, ਨਾ ਕਰਜਾ ਨਾ ਚਿੰਤਾ ਰੋਗ





ਲੋਕਡੌਨ ਨੂੰ ਮੁੱਖ ਰੱਖਦੇ ਹੋਏ ਅੱਜ ਮੋਹੱਲਾ ਧਰਮਕੋਟ ਵਿਚ ਗੋਲਡੀ ਪਿਤਾ ਰਾਜੂ ਅਤੇ ਗੋਵਿੰਦਾ ਪਿਤਾ ਸਾਧੂ ਰਾਮ ਨੇ ਚਾਰ ਚਾਰ ਬੰਦਿਆ ਨਾਲ ਪਿੰਡ ਮਾਲੋਦਾ ਜਿਲਾ ਲੁਧਿਆਣਾ ਵਿਖੇ ਜਾ ਕੇ ਵਿਆਹ ਕਰਵਾਇਆ ਅਤੇ ਇਸ ਮੌਕੇ ਸਾਬਕਾ ਐਮ ਸੀ ਬੀਰਾ ਰਾਮ ਨੇ ਵਿਵਾਹੇ ਹੋਏ ਜੋੜਿਆ ਅਸ਼ਰੀਵਾਦ ਦਿੱਤਾ ਇਹ ਸੰਦੇਸ਼ ਦਿੱਤਾ ਕਿ ਵਿਆਹ ਵਿੱਚ ਫਜ਼ੂਲ ਖਰਚਾ ਕਰਨਾ ਕਰਜੇ ਦੀ ਪੰਡ ਸਿਰ ਤੇ ਖੜੀ ਕਰਨ ਨਾਲੋਂ ਸਾਧੇ ਵਿਆਹ ਨੂੰ ਅਪਨਾਉਣ ਅਤੇ ਲੋਕ ਦਿਖਾਵੇ ਤੋਂ ਬਚਣਾ ਚਾਹੀਦਾ ਹੈ। **(ਵੇਰਵਾ ਤੇ ਫੋਟੋ:-ਬੀ.ਕੇ.ਰੱਤੂ ਫਗਵਾੜਾ)**

# ਡਾ.ਅੰਬੇਡਕਰ ਦੀਆਂ ਰਚਨਾਵਾਂ ਬਾਰੇ ਪੰਜ ਖੰਡਾਂ 'ਚ ਆ ਰਹੇ ਨਵੇਂ ਗਰੰਥ

## ਬਾਬਾ ਸਾਹਿਬ ਦੀਆਂ ਰਚਨਾਵਾਂ ਨੂੰ ਵਿਸ਼ਵ ਪੱਧਰ ਤੇ ਮਿਲ ਰਹੀ ਪ੍ਰਵਾਨਗੀ - ਬਾਲੀ

**ਜਲੰਧਰ–** ਵਿਸ਼ਵ ਦੇ ਕਈ ਦੇਸ਼ਾਂ 'ਚ ਬਾਬਾਸਾਹਿਬ ਅੰਬੇਡਕਰ ਦੀਆਂ ਰਚਨਾਵਾਂ ਨੂੰ ਪ੍ਰਵਾਨਗੀ ਪ੍ਰਾਪਤ ਹੋ ਰਹੀ ਹੈ. ਆਕਸਫੋਰਡ ਯੂਨੀਵਰਸਿਟੀ ਪ੍ਰੈਸ ਪਹਿਲਾਂ ਹੀ 'ਦ ਐਸੇਨਸ਼ਿਯਲ ਰਾਈਟਿੰਗਸ ਆਫ ਬੀ. ਆਰ. ਅੰਬੇਡਕਰ' (ਅੰਬੇਡਕਰ ਦੀਆਂ ਜ਼ਰੂਰੀ ਲਿਖਤਾਂ) ਪ੍ਰਕਾਸ਼ਤ ਕਰ ਚੁੱਕੀ ਹੈ. ਹੁਣ ਇਸ ਅਦਾਰੇ ਨੇ ਡਾ. ਅੰਬੇਡਕਰ ਦੇ ਸੰਘਰਸ਼ਾਂ, ਉਨ੍ਹਾਂ ਵੱਲੋਂ ਰਚੇ ਗਏ ਸਾਹਿਤ ਅਤੇ ਨਾਨਾ ਪ੍ਰਕਾਰ ਦੇ ਵਿਸ਼ਿਆਂ ਤੇ ਅਧਾਰਤ ਡਾ. ਅੰਬੇਡਕਰ ਦੇ ਵਿਚਾਰਾਂ ਨੂੰ ਪੰਜਾਂ ਖੰਡਾਂ ਵਿਚ ਸੰਮਿਲਤ ਪ੍ਰਕਾਸ਼ਤ ਕਰਨ ਦੀ ਘੋਸ਼ਣਾ ਕੀਤੀ ਹੈ. ਇਹ ਜਾਣਕਾਰੀ ਨਾਮਵਰ ਅੰਬੇਡਕਰਵਾਦੀ ਅਤੇ ਬੁੱਧਿਸਟ, ਅੰਬੇਡਕਰ ਭਵਨ ਜਲੰਧਰ ਦੇ ਸੰਸਥਾਪਕ ਟਰੱਸਟੀ ਸ਼੍ਰੀ ਲਾਹੌਰੀ ਰਾਮ ਬਾਲੀ, ਜਿਨ੍ਹਾਂ ਨੂੰ ਬਾਬਾ ਸਾਹਿਬ ਡਾ. ਅੰਬੇਡਕਰ ਦੇ ਚਰਨਾਂ ਵਿਚ 6 ਸਾਲ ਰਹਿ ਕੇ ਸਿੱਖਣ ਦਾ ਮਾਣ ਪ੍ਰਾਪਤ ਹੈ, ਨੇ ਇੱਕ ਪ੍ਰੈਸ ਬਿਆਨ ਰਾਹੀਂ ਦਿੱਤੀ।



ਸ਼੍ਰੀ ਬਾਲੀ ਨੇ ਕਿਹਾ ਕਿ ਪਬ-ਲੀਕੇਸ਼ਨ ਹਾਊਸ ਆਕਸਫੋਰਡ ਯੂਨੀਵਰਸਿਟੀ ਪ੍ਰੈਸ ਨੇ ਭਾਰਤ ਦੇ ਪਹਿਲੇ ਕਾਨੂੰਨ ਤੇ ਨਿਆਂ ਮੰਤਰੀ ਦੀ 129 ਵੀਂ ਜੈਅੰਤੀ ਮੌਕੇ ਇਹ ਘੋਸ਼ਣਾ ਕੀਤੀ ਹੈ. ਡਾ.ਅੰ-ਬੇਡਕਰ ਦਾ ਜਨਮ ਮਹੂ (ਮੱਧ ਪ੍ਰਦੇਸ਼) ਵਿਖੇ 14 ਅਪ੍ਰੈਲ, 1891 ਨੂੰ ਹੋਇਆ ਸੀ. ਇਸ ਨਵੇਂ ਗਰੰਥ ਦਾ ਨਾਂ 'ਬੀ. ਆਰ. ਅੰਬੇਡਕਰ: ਦ ਕੁਐਸਟ ਫਾਰ ਜਸਟਿਸ' (ਬੀ. ਆਰ. ਅੰਬੇਡਕਰ: ਨਿਆਂ ਦੀ ਖੋਜ) ਹੈ ਅਤੇ ਇਸ ਵਿਚ ਸਮਾਜਿਕ, ਰਾਜਨੀਤਕ, ਕਾਨੂੰਨੀ, ਆਰਥਿਕ, ਲੈਂਗਿਕ, ਨਸਲੀ, ਧਾਰਮਿਕ ਅਤੇ ਸਭਿਆਚਾਰਕ ਨਿਆਂ ਦੇ ਭਿਨ-ਭਿਨ ਪਹਿਲੂਆਂ ਤੇ ਚਰਚਾ ਹੈ. ਇਸਦਾ ਸੰਪਾਦਨ ਲੇਖਕ ਅਕਾਸ਼ ਸਿੰਘ ਰਾਠੌੜ ਨੇ ਕੀਤਾ ਹੈ. ਪਬਲੀਕੇਸ਼ਨ ਹਾਊਸ ਨੇ ਘੋਸ਼ਣਾ 'ਚ ਕਿਹਾ ਹੈ ਕਿ ਇਨ੍ਹਾਂ ਪੰਜ ਖੰਡਾਂ ਵਿਚ ਸਮਾਜਿਕ ਗ਼ੈਰਬਰਾਬਰੀ, ਵਿਭਿੰਨਤਾ, ਬਹਿਸ਼ਕਾਰ ਦਾ ਸਮ-ਾਜਿਕ ਵਿਸ਼ਲੇਸ਼ਣ ਹੈ.

ਸ਼੍ਰੀ ਬਾਲੀ ਨੇ ਅੱਗੇ ਕਿਹਾ ਕਿ ਬਾਬਾਸਾਹਿਬ ਦੀ 20 ਸਫ਼ਿਆਂ ਦੀ ਸਵੈ-ਜੀਵਨੀ ਕਹਾਣੀ 'ਵੇਟਿੰਗ ਫਾਰ ਏ ਵੀਜ਼ਾ' (ਵੀਜ਼ਾ ਦੀ ਉਡੀਕ) ਜੋ 1935-36 ਦੇ ਸਮੇਂ ਵਿੱਚ ਲਿਖੀ ਗਈ ਹੈ, ਇਸ ਵਿਚ ਉਨ੍ਹਾਂ ਦੁਆਰਾ ਆਪਣੇ ਹੱਥ ਲਿਖਤ ਵਿਚ ਅਛੂਤਤਾ ਦੇ ਤਜ਼ਰਬਿਆਂ ਨਾਲ ਸੰਬੰਧਿਤ ਯਾਦਾਂ ਤਾਜ਼ਾ ਕੀਤੀਆਂ ਗਈਆਂ ਹਨ ਅਤੇ ਇਹ ਕਿਤਾਬ ਕੋਲੰਬੀਆ ਯੂਨੀਵਰਸਿਟੀ ਵਿਚ ਇਕ ਪਾਠ ਪੁਸਤਕ ਵਜੋਂ ਵਰਤੀ ਜਾਂਦੀ ਹੈ।

# ਅਰਜ਼ੋਈ

ਨਿੱਤ ਕਰਾਂ ਅਰਜ਼ੋਈ ਦਾਤਾ ਮਿਹਰ ਕਰੋ !
ਮੰਗਾਂ ਨਿੱਤ ਖ਼ੈਰਾਂ ਸਰਬੱਤ ਦੇ ਭਲੇ ਦੀਆਂ !
ਦਾਤਾ ਮਿਹਰ ਕਰੋ !!

ਕੈਸਾ ਕਹਿਰ ਕਮਾਇਆ ਵਾਇਰਸ
ਕਰੋਨਾ ਨੇ !
ਲੋਕਾਂ ਨੂੰ ਭੱੜਥੂ ਪਾਇਆ ਇਸਦੇ ਕਹਿਰ ਨੇ
!!
ਦਾਤਾ ਮਿਹਰ ਕਰੋ !
ਨਿੱਤ ਕਰਾਂ ਅਰਜ਼ੋਈ ਦਾਤਾ ਮਿਹਰ ਕਰੋ !!

ਘਰਾਂ ਵਿੱਚ ਸਾਰੇ ਆਪਣੇ ਹੀ !
ਕੈਦੀ ਹੋ ਕੇ ਰਹਿ ਗਏ ਨੇ !!
ਜੋ ਢੁੱਕ ਢੁੱਕ ਨੇੜੇ ਬਹਿੰਦੇ ਸੀ
ਹੁਣ ਦੂਰੋਂ ਹੀ ਹੱਥ ਹਿਲਾਉਂਦੇ ਨੇ !!
ਦਾਤਾ ਮਿਹਰ ਕਰੋ !
ਨਿੱਤ ਕਰਾਂ ਅਰਜ਼ੋਈ ਦਾਤਾ ਮਿਹਰ ਕਰੋ !!

ਸੱਭ ਛੱਡ ਕੇ ਕੰਮਾਂ ਕਾਰਾਂ ਨੂੰ !
ਹੁਣ ਘਰਾਂ ਵਿੱਚ ਡਰ ਕੇ ਬਹਿ ਗਏ ਨੇ !!
ਚਿੰਤਾ ਵੀ ਬਹੁਤ ਸਤਾਉਂਦੀ ਹੈ !
ਕੀ ਬਣੂੰ ਹੁਣ ਸਾਡੀ ਰੋਜ਼ੀ ਰੋਟੀ ਦਾ !!
ਕਹਿੰਦੇ ਪਹਿਲਾਂ ਜਾਨ ਪਿਆਰੀ ਹੈ !
ਜਾਨ ਹੈ ਤੇ ਜਹਾਨ ਹੈ !!
ਦਾਤਾ ਮਿਹਰ ਕਰੋ !

ਨਿੱਤ ਕਰਾਂ ਅਰਜ਼ੋਈ ਦਾਤਾ ਮਿਹਰ ਕਰੋ !!

ਕੀ ਹੋ ਗਈ ਐਸੀ ਗਲਤੀ
ਸਾਰੀ ਖ਼ਲਕਤ ਤੋਂ !
ਬਖ਼ਸ਼ਣਹਾਰੇ ਬਖ਼ਸ਼ੋ ਹੁਣ
ਹਰ ਵੇਲੇ ਜੱਪਦੇ ਤੇਰਾ ਨਾਮ !!
ਦਾਤਾ ਮਿਹਰ ਕਰੋ !
ਨਿੱਤ ਕਰਾਂ ਅਰਜ਼ੋਈ ਦਾਤਾ ਮਿਹਰ ਕਰੋ !!

ਜੋ ਤੈਨੂੰ ਭੁਲਾਈ ਬੈਠੇ ਸੀ ਹੁਣ !
ਹਰ ਸਾਹ ਵਿੱਚ ਜੱਪਦੇ ਤੇਰਾ ਨਾਮ !!
ਤੇਰੀਆਂ ਤੂੰ ਹੀ ਜਾਣੇ ਦਾਤਾ !
ਹੁਣ ਭੁੱਲਾਂ ਸਾਡੀਆਂ ਬਖ਼ਸ਼ ਦਿਉ !!
ਦਾਤਾ ਮਿਹਰ ਕਰੋ !
ਨਿੱਤ ਕਰਾਂ ਅਰਜ਼ੋਈ ਦਾਤਾ ਮਿਹਰ ਕਰੋ !!

ਮੰਗਾਂ ਨਿੱਤ ਖ਼ੈਰਾਂ ਸਰਬੱਤ ਦੇ ਭਲੇ ਦੀਆਂ !
ਦਾਤਾ ਮਿਹਰ ਕਰੋ !!



ਨਿੱਤ ਕਰਾਂ ਅਰਜ਼ੋਈ
ਦਾਤਾ ਮਿਹਰ ਕਰੋ !
ਦਾਤਾ ਮਿਹਰ ਕਰੋ !!
ਦਾਤਾ ਮਿਹਰ ਕਰੇ !!

**-ਰਮਿੰਦਰ ਰਮੀ**









ਬਾਬਾ ਸਾਹਿਬ ਨੇਂ ਹਿੰਦੂ ਕੋਡ ਬਿੱਲ ਪਾਸ ਕਰਾਉਣ ਲਈ ਆਪਣੀ ਮਨਿਸਟਰੀ ਤਿਆਗ ਦਿੱਤੀ ਸੀ. ਅੱਜ ਬੜਾ ਮਨ ਖੁਸ਼ ਹੋਇਆ ਕਿ ਜਿਨ੍ਹਾਂ ਕਰਕੇ ਤਿਆਗੀ ਸੀ ਓਹਨਾਂ ਚੋਂ ਬਹੁਤ ਸਾਰੀਆਂ ਮੇਰੀਆਂ ਭੈਣਾਂ ਨੇਂ ਅੱਜ ਬਾਬਾ ਸਾਹਿਬ ਦੇ ਜਨਮ ਦਿਨ ਤੇ ਮਾਸਕ, ਕੈਂਡਲਾਂ ਅਤੇ ਹੋਰ ਵੀ ਆਪਣੇ ਤਰੀਕੇ ਨਾਲ ਸੇਵਾਵਾਂ ਕੀਤੀਆਂ.
ਜਿਹਨਾਂ ਚੋਂ;

**ਜਸਵਿੰਦਰ ਕੌਰ / ਹਰਜਿੰਦਰ ਪਾਲ ਬੱਬੂ**
**ਮਨਜੀਤ ਕੌਰ / ਜਸਵਿੰਦਰ ਵਿੱਕੀ**
**ਕੋਮਲ ਰਾਣੀ / ਵਿਪਨ ਕੁਮਾਰ**
**ਸੰਤੋਸ਼ ਰਾਣੀ / ਨੰਦ ਲਾਲ**
**ਕਮਲਜੀਤ / ਪਰਮਜੀਤ**
**ਦਵਿੰਦਰ ਕੌਰ / ਰਾਜੀਵ ਕੁਮਾਰ**

ਪ੍ਰੀਤੀ /ਹੈਪੀ ਨੇਂ ਬਹੁੱਤ ਮਿਹਨਤ ਨਾਲ ਏਹ ਸੇਵਾ ਬੰਗਾ (ਨਵਾਂਸ਼ਹਿਰ) ਵਿਖੇ ਨਿਭਾਈ, ਆਸ ਹੈ ਏਸ ਤਰਾਂ ਦੇ ਸੇਵਾ ਤੇ ਗਿਆਨ ਵਾਲੇ ਉਪਰਾਲੇ ਆਉਣ ਵਾਲੇ ਸਾਲਾਂ ਚ ਵੀ ਜਾਰੀ ਰਹਿਣਗੇ. ਏਹਨਾਂ ਭੈਣਾਂ ਦੇ ਨਾਲ ਨਾਲ ਹਰ ਓਸ ਇਨਸਾਨ ਦਾ ਵੀ ਦਿਲੋਂ ਧੰਨਵਾਦ ਜਿਸਨੇ ਛਿਨ ਮਾਤਰ ਵੀ ਯੋਗਦਾਨ ਪਾਇਆ ਓਸ ਰਹਿਬਰ ਦੇ ਜਨਮ ਦਿਵਸ ਨੂੰ ਹੋਰ ਵੀ ਵਧੀਆ ਬਣਾਉਣ ਚ।

**– ਅਮਰ ਦੜੋਚ**

ਬਾਬਾ ਸਾਹਿਬ Dr. B.R. Ambedkar ਜੀ ਦਾ ਪ੍ਰਕਾਸ਼ ਪੁਰਬ ਫਰਿਜਨੋ ਵਿਖੇ ਮਨਾਇਆ ਗਿਆ. ਜਿਸ ਵਿੱਚ ਬਹੁਤ ਸਾਰੇ ਸਾਥੀਆਂ ਨੇਂ ਹਿੱਸਾ ਲਿਆ. ਵਿਚਾਰ ਚਰਚਾ ਦਾ ਵਿਸ਼ਾ ਬਾਬਾ ਸਾਹਿਬ ਦਾ ਭਾਸ਼ਣ "What Way Emancipation" (ਮੁਕਤੀ ਕਿਸ ਰਸਤੇ) ਜੋ ਉਹਨਾਂ ਨੇਂ Dadar (Bombay) 'ਚ may 30 and 31, 1936 ਨੂੰ ਦਿੱਤਾ, ਰਿਹਾ. ਜਿਸ ਵਿੱਚ Harblas Jhinger, Amar kaur, Rajinder Azad, Rajinder Ganger, Harblas Barpagga, Raj Guru, Hardeep Ghai, Mandeep kaur, Pawan Saroya, Anu Saroya, Tek kumar, Manjinder kaur Amar Daroch ਨੇ ਹਿੱਸਾ ਲਿਆ।



ਮਹਾਂਮਾਰੀ ਨੂੰ ਮੱਦੇਲਜ਼ਰ ਰੱਖਦੇ ਹੋਏ ਅਤੇ ਭਾਰਤ ਸਰਕਾਰ ਦੇ ਆਦੇਸ਼ ਮੁਤਾਬਕ ਵਿਸ਼ਵ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ ਜਨਮ ਦਿਨ ਸੋਹਣ ਲਾਲ ਸਾਂਪਲਾ ਪਰਿਵਾਰ ਨੇ ਵੀ ਆਪਣੇ ਘਰ ਖੰਨਾ ਮੰਡੀ ਵਿਖੇ ਹੀ ਮਨਾਇਆ। ਸਭ ਤੋਂ ਪਹਿਲਾਂ ਤ੍ਰੀਸ਼ਰਨ ਅਤੇ ਪੰਜਸ਼ੀਲ ਦਾ ਜਾਪ ਕੀਤਾ ਗਿਆ। ਉਸ ਤੋਂ ਬਾਅਦ ਭੈਣ ਕਾਂਤਾ ਮਹੰਤ ਜੀ ਨੇ ਅਤੇ ਕਿਰਨ ਸਾਂਪਲਾ, ਹਰਪ੍ਰੀਤ ਨੇ ਅਤੇ ਮਿਸਿਜ਼ ਸੁਆਹ ਨੇ ਮੋਮਹਬੱਤੀ ਅਤੇ ਧੂਫ ਜਗਾ ਕੇ ਬਾਬਾ ਸਾਹਿਬ ਜੀ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਂਟ ਕੀਤੇ। ਪ੍ਰਸ਼ਾਦ ਵੰਡ ਕੇ ਸਭ ਦਾ ਮੂੰਹ ਮਿੱਠਾ ਕੀਤਾ ਗਿਆ। ਬੱਚੀਆਂ ਨੂੰ ਕਾਪੀਆਂ, ਪੈਨਸਲਾਂ ਅਤੇ ਕਿਤਾਬਾਂ ਭੇਂਟ ਕੀਤੀਆਂ ਗਈਆਂ। ਜੈ ਭੀਮ, ਜੈ ਭਾਰਤ

# ਪੰਜਾਬ ਦੇ 51 ਫੀਸਦ ਗ਼ੈਰ ਖੇਤੀ ਕਾਮੇ ਜਨਤਕ ਵੰਡ ਪ੍ਰਣਾਲੀ ਤੋਂ ਬਾਹਰ

ਚੰਡੀਗੜ੍ਹ– ਪੰਜਾਬ ਵਿੱਚ 20 ਤੋਂ 25 ਲੱਖ ਗ਼ੈਰ ਖੇਤੀ ਧੰਦਿਆਂ 'ਚ ਲੱਗੇ ਦਿਹਾੜੀਦਾਰ ਕਾਮੇ ਜਨਤਕ ਵੰਡ ਪ੍ਰਣਾਲੀ ਤੋਂ ਵੀ ਬਾਹਰ ਹਨ। ਸੂਬੇ ਦੇ 51.8 ਫੀਸਦ ਕਿਰਤੀ ਗ਼ੈਰ-ਖੇਤੀ ਖੇਤਰ ਵਿੱਚ ਕੰਮ ਕਰ ਰਹੇ ਹਨ। ਇਨ੍ਹਾਂ ਨੂੰ ਰਾਸ਼ਨ ਅਤੇ ਹੋਰ ਜ਼ਰੂਰੀ ਵਸਤਾਂ ਦੀ ਸਪਲਾਈ ਨਾ ਹੋਣ ਉੱਤੇ ਆਉਣ ਵਾਲੇ ਦਿਨਾਂ ਵਿੱਚ ਸਮਾਜਿਕ ਬੇ-ਚੈਨੀ ਪੈਦਾ ਹੋ ਸਕਦੀ ਹੈ। ਇਸ ਲਈ ਘੱਟੋ-ਘੱਟ ਛੇ ਮਹੀਨਿਆਂ ਲਈ ਹਰ ਇੱਕ ਲਈ (ਯੂਨੀਵਰਸਲ) ਰਾਸ਼ਨ ਸਕੀਮ ਲਾਗੂ ਕਰਨੀ ਚਾਹੀਦੀ ਹੈ ਅਤੇ ਇਸ ਦੀ ਪ੍ਰਤੀ ਵਿਅਕਤੀ ਮਾਤਰਾ ਪੰਜਾਹ ਫੀਸਦ ਵਧਾ ਦੇਣੀ ਚਾਹੀਦੀ ਹੈ। ਇਹ ਸਿਫਾਰਸ਼ ਕੈਪਟਨ ਸਰਕਾਰ ਵੱਲੋਂ ਰਾਜ ਦੇ ਸਾਬਕਾ ਮੁੱਖ ਸਕੱਤਰ ਕੇਆਰ ਲਖਨਪਾਲ ਦੀ ਅਗਵਾਈ ਹੇਠ ਬਣਾਈ ਵੀਹ ਮੈਂਬਰੀ ਟਾਸਕ ਫੋਰਸ ਦੀ ਰਿਪੋਰਟ ਵਿੱਚ ਕੀਤੀ ਗਈ ਹੈ। ਇਸ ਰਿਪੋਰਟ ਨੇ ਸੰਕੇਤ ਦਿੱਤਾ ਹੈ ਕਿ ਲੌਕਡਾਊਨ ਹੋਰ ਵਧਾਇਆ ਜਾ ਸਕਦਾ ਹੈ। ਤਿੰਨ ਮਈ ਤੋਂ ਬਾਅਦ ਅਗਲੇ ਦਿਨ ਪਹਿਲੇ ਕਾਰੋਬਾਰਾਂ ਨੂੰ ਦਿੱਤੀ ਖੁੱਲ੍ਹ ਨੂੰ ਸਰਕਾਰਾਂ ਲਈ ਮੁੜ ਅਨੁਮਾਨ ਲਗਾਉਣ ਲਈ ਵਰਤਣ ਲਈ ਕਹਿਣਾ ਇਸ ਦੀ ਪੁਸ਼ਟੀ ਕਰਦਾ ਹੈ। ਪੰਜਾਬ ਸਰਕਾਰ ਨੂੰ ਰੋਜ਼ਾਨਾ 12 ਤੋਂ 17 ਸੌ ਕਰੋੜ ਰੁਪਏ ਦਾ ਜੀਡੀਪੀ ਦਾ ਘਾਟਾ ਪੈ ਰਿਹਾ ਹੈ। ਸੂਬੇ ਦੇ ਮੁਲਾਜ਼ਮਾਂ ਨੂੰ ਕੇਂਦਰ ਸਰਕਾਰ ਦੇ ਮੁਲਾਜ਼ਮਾਂ ਤੋਂ 25 ਫੀਸਦ ਵੱਧ ਤਨਖ਼ਾਹਾਂ ਦਾ ਜ਼ਿਕਰ ਕਰਦਿਆਂ ਇੱਕ ਸਾਲ ਲਈ ਮਹਿੰਗਾਈ ਭੱਤੇ ਅਤੇ ਡੀਏ ਦੀ ਕਿਸ਼ਤ ਨਾ ਦੇਣ ਦੀ ਸਿਫਾਰਿਸ਼ ਕੀਤੀ ਗਈ ਹੈ।

ਪੰਜਾਬ ਸਰਕਾਰ ਨੂੰ ਸੌਂਪੀ 46 ਪੰਨਿਆਂ ਦੀ ਰਿਪੋਰਟ ਅਨੁਸਾਰ ਸੂਬਾ ਸਰਕਾਰ ਵੱਲੋਂ 2,82,570 ਉਸਾਰੀ ਕਾਮਿਆਂ ਨੂੰ ਤਿੰਨ-ਤਿੰਨ ਹਜ਼ਾਰ ਰੁਪਏ ਦੀਆਂ ਦੋ ਕਿਸ਼ਤਾਂ ਦੇਣ ਦੇ ਕੀਤੇ ਐਲਾਨ 'ਤੇ ਵੀ ਪੂਰੀ ਤਰ੍ਹਾਂ ਅਮਲ ਨਹੀਂ ਹੋਇਆ। ਹੁਣ ਤੱਕ 90 ਕਰੋੜ ਰੁਪਏ ਹੀ ਕਾਮਿਆਂ ਦੇ ਖਾਤਿਆਂ ਵਿੱਚ ਜਮ੍ਹਾਂ ਹੋਏ ਹਨ। ਰਿਪੋਰਟ ਨੇ ਬਾਹਰੀ ਰਾਜਾਂ ਵਿੱਚੋਂ ਵਾਪਸ ਆਈਆਂ ਕੰਬਾਈਨਾਂ ਅਤੇ ਨਾਲ ਆਏ ਮਜ਼ਦੂਰਾਂ ਨੂੰ 14 ਦਿਨ ਇਕਾਂਤਵਾਸ ਵਿੱਚ ਰੱਖ ਕੇ ਕੰਮ ਕਰਾਉਣ ਦੀ ਗੱਲ ਤਾਂ ਕੀਤੀ ਹੈ ਪਰ ਬਾਕੀ ਫਸੇ ਹਜ਼ਾਰਾਂ ਮਜ਼ਦੂਰਾਂ ਨੂੰ ਵਾਪਸ ਲਿਆਉਣ ਬਾਰੇ ਕੁਝ ਨਹੀਂ ਕਿਹਾ। ਰਿਪੋਰਟ 'ਚ ਕਣਕ ਦੀ ਵਾਢੀ ਦੇ ਮੁੱਦੇ ਉੱਤੇ ਸਰਕਾਰ ਦੀ ਪ੍ਰਸ਼ੰਸਾ ਕੀਤੀ ਗਈ ਹੈ। ਕਿਸਾਨਾਂ ਨੂੰ ਖਰੀਦ 'ਚ ਆ ਰਹੀਆਂ ਸਮੱਸਿਆਵਾਂ ਹੱਲ ਕਰਨ ਬਾਰੇ ਕੋਈ ਸਿਫਾਰਿਸ਼ ਨਹੀਂ ਪਰ ਸਰੀਰਕ ਦੂਰੀ ਨੂੰ ਲਾਗੂ ਕਰਨਾ ਯਕੀਨੀ ਬਣਾ ਕੇ ਅਪਣੀ ਮੰਡੀਆਂ ਸਮੇਤ ਸਬਜ਼ੀ ਮੰਡੀਆਂ ਵਧਾਉਣ ਦੀ ਸਿਫਾਰਸ਼ ਕੀਤੀ ਗਈ ਹੈ। ਸਾਉਣੀ ਦੀ ਫਸਲ ਦੀ ਬਿਜਾਈ ਲਈ ਪਾਣੀ, ਬੀਜ ਅਤੇ ਖਾਦਾਂ ਦੇ ਪ੍ਰਬੰਧ ਦੀ ਸਿਫਾਰਸ਼ ਕੀਤੀ ਹੈ। ਮਗਨਰੇਗਾ ਬਾਰੇ ਕੋਈ ਠੋਸ ਸਿਫਾਰਸ਼ ਨਹੀਂ ਹੈ। ਡੇਅਰੀ ਖੇਤਰ ਲਈ ਹਲਵਾਈਆਂ ਦੀਆਂ ਦੁਕਾਨਾਂ ਖੋਲ੍ਹਣ ਜਾਂ ਹੋਰ ਸਿਫਾਰਸ਼ਾਂ ਹਨ।

# ਭਾਰਤ ਵਿਚ ਕਰੋਨਾ ਪੀੜਤਾਂ ਦਾ ਅੰਕੜਾ 30 ਹਜ਼ਾਰ ਤੋਂ ਪਾਰ

*(ਸਫਾ 1 ਦੀ ਬਾਕੀ)*

**ਜਲੰਧਰ 'ਚ ਨਵਾਂ ਕਰੋਨਾ ਮਰੀਜ਼, ਗਿਣਤੀ 79 ਤੱਕ ਪੁੱਜੀ**

ਸ਼ਹਿਰ ਵਿੱਚ ਕਰੋਨਾ ਦਾ ਇੱਕ ਨਵਾਂ ਮਰੀਜ਼ ਪਾਜ਼ੇਟਿਵ ਆਇਆ ਹੈ। ਇਹ 46 ਸਾਲਾ ਮਰੀਜ਼ ਜਵਾਲਾ ਨਗਰ ਮਕਸੂਦਾਂ ਦੀ ਰਹਿਣ ਵਾਲੀ ਹੈ। ਇਹ ਮਰੀਜ਼ ਵੀ ਮੀਡੀਆ ਹਾਊਸ ਦੇ ਪਾਜ਼ੇਟਿਵ ਆਏ ਮਰੀਜ਼ ਦੇ ਸੰਪਰਕ ਵਿੱਚ ਆ ਗਈ ਸੀ। ਹੁਣ ਜਲੰਧਰ ਵਿੱਚ ਪਾਜ਼ੇਟਿਵ ਮਰੀਜ਼ਾਂ ਦੀ ਗਿਣਤੀ 79 ਹੋ ਗਈ ਹੈ। ਉਂਝ ਡਾਕਟਰ ਕਸ਼ਮੀਰੀ ਲਾਲ ਅਨੁਸਾਰ ਜਿਹੜੇ ਵੀ ਮਰੀਜ਼ ਸਿਵਲ ਹਸਪਤਾਲ ਵਿੱਚ ਦਾਖਲ ਹਨ ਉਨ੍ਹਾਂ ਵਿੱਚੋਂ ਕਰੋਨਾ ਦਾ ਕੋਈ ਵੀ ਮਰੀਜ਼ ਗੰਭੀਰ ਸਥਿਤੀ ਵਿੱਚ ਨਹੀਂ ਹੈ। ਜਿਹੜੇ 20 ਮਰੀਜ਼ ਸ਼ੱਕੀ ਵੀ ਹਨ ਉਹ ਵੀ ਸਿਹਤ ਪੱਖੋਂ ਕਾਫ਼ੀ ਠੀਕ-ਠਾਕ ਹਨ।

**ਤਖ਼ਤ ਹਜ਼ੂਰ ਸਾਹਿਬ ਹਾਈ ਅਲਰਟ 'ਤੇ**

ਤਖ਼ਤ ਹਜ਼ੂਰ ਸਾਹਿਬ ਨਾਂਦੇੜ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ ਹੈ ਕਿਉਂਕਿ ਇਥੋਂ ਪੰਜਾਬ ਪਰਤੇ 12 ਤੀਰਥ ਯਾਤਰੀਆਂ ਨੂੰ ਕਰੋਨਾਵਾਇਰਸ ਪਾਜ਼ੇਟਿਵ ਨਿਕਲਿਆ ਹੈ। ਤਖ਼ਤ ਦੇ ਅਧਿਕਾਰੀ ਨੇ ਦੱਸਿਆ ਕਿ ਗੁਰਦੁਆਰਾ ਕੰਪਲੈਕਸ ਨੂੰ ਦਿਨ ਵਿੱਚ ਕਈ ਵਾਰ ਸੈਨੇਟਾਈਜ਼ ਕੀਤਾ ਜਾ ਰਿਹਾ ਹੈ ਤੇ ਸਮਾਜਿਕ ਦੂਰੀ ਰੱਖਣ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਹੋ ਰਹੀ ਹੈ।

**ਚੰਡੀਗੜ੍ਹ: ਇਕ ਦਿਨ 'ਚ 11 ਨਵੇਂ ਕੇਸ; ਗਿਣਤੀ 56 ਹੋਈ**

ਅੱਜ ਦੁਪਹਿਰ ਨੂੰ ਚੰਡੀਗੜ੍ਹ ਵਿੱਚ ਕਰੋਨਾਵਾਇਰਸ ਦੇ 6 ਹੋਰ ਨਵੇਂ ਕਰੋਨਾ ਪਾਜ਼ੇਟਿਵ ਸਾਹਮਣੇ ਆਏ। ਇਹ 6 ਕੇਸ ਬਾਪੂ ਧਾਮ ਕਲੋਨੀ ਦੇ ਹਨ। ਇਸ ਤੋਂ ਪਹਿਲਾਂ ਅੱਜ ਸਵੇਰੇ ਸੈਕਟਰ-30 ਵਿੱਚ 5 ਕਰੋਨਾ ਪਾਜ਼ੇਟਿਵ ਕੇਸ ਆਏ ਸਨ। ਹੁਣ ਚੰਡੀਗੜ੍ਹ ਵਿੱਚ ਕਰੋਨਾ ਮਰੀਜ਼ਾਂ ਦੀ ਗਿਣਤੀ 56 ਹੋ ਗਈ ਹੈ।

**ਕਿੱਟਾਂ ਦੇ ਨਤੀਜਿਆਂ ਤੇ ਆਈਸੀਐੱਮਆਰ ਦੇ ਫ਼ੈਸਲੇ ਤੋਂ ਚੀਨ ਫਿਕਰਮੰਦ**

ਚੀਨ ਨੇ ਅੱਜ ਕਿਹਾ ਕਿ ਉਹ ਦੋ ਚੀਨੀ ਕੰਪਨੀਆਂ ਵੱਲੋਂ ਮੁਹੱਈਆ ਕੀਤੀਆਂ ਗਈਆਂ ਕੋਵਿਡ-19 ਰੈਪਿਡ ਜਾਂਚ ਕਿੱਟਾਂ ਦੇ ਨਤੀਜਿਆਂ ਅਤੇ ਭਾਰਤੀ ਮੈਡੀਕਲ ਖੋਜ ਕੌਂਸਲ (ਆਈਸੀਐੱਮਆਰ) ਵੱਲੋਂ ਇਸ ਦੀ ਵਰਤੋਂ ਨਾ ਕੀਤੇ ਜਾਣ ਦੇ ਫ਼ੈਸਲੇ ਤੋਂ ਬਹੁਤ ਫਿਕਰਮੰਦ ਹੈ। ਉਸ ਉਮੀਦ ਜ਼ਾਹਿਰ ਕੀਤੀ ਕਿ ਭਾਰਤ ਜਲਦੀ ਹੀ ਇਸ ਮੁੱਦੇ ਨੂੰ ਸੁਲਝਾ ਲਵੇਗਾ। ਜ਼ਿਕਰਯੋਗ ਹੈ ਕਿ ਆਈਸੀਐੱਮਆਰ ਨੇ ਲੰਘੇ ਸੋਮਵਾਰ ਨੂੰ ਸਾਰੇ ਸੂਬਿਆਂ ਤੇ ਯੂਟੀਜ਼ ਨੂੰ ਚੀਨੀ ਕੰਪਨੀਆਂ ਗੁਆਂਗਜ਼ੂ ਵੋਂਦਫੋ ਬਾਇਓਟੈੱਕ ਅਤੇ ਜ਼ੁਹਾਈ ਲਿਵਜ਼ੋਨ ਡਾਇਗਨੋਸਟਿਕ ਤੋਂ ਖਰੀਦੀਆਂ ਗਈਆਂ ਕਿੱਟਾਂ ਦੀ ਵਰਤੋਂ ਬੰਦ ਕਰਨ ਨੂੰ ਕਿਹਾ ਸੀ ਕਿਉਂਕਿ ਇਨ੍ਹਾਂ ਟੈਸਟ ਕਿੱਟਾਂ ਦੇ ਨਤੀਜਿਆਂ 'ਚ ਫਰਕ ਸੀ। ਚੀਨੀ ਦੂਤਾਵਾਸ ਦੇ ਬੁਲਾਰੇ ਜੀ ਰੌਂਗ ਨੇ ਕਿਹਾ, 'ਅਸੀਂ ਟੈਸਟ ਕਿੱਟਾਂ ਦੇ ਮੁਲਾਂਕਣ ਨਤੀਜਿਆਂ ਤੇ ਆਈਸੀਐੱਮਆਰ ਦੇ ਫ਼ੈਸਲੇ ਤੋਂ ਬੇਹੱਦ ਫਿਕਰਮੰਦ ਹਾਂ। ਚੀਨ ਬਰਾਮਦ ਕੀਤੇ ਗਏ ਮੈਡੀਕਲ ਉਪਕਰਨਾਂ ਦੇ ਮਿਆਰ ਨੂੰ ਬਹੁਤ ਮਹੱਤਵ ਦਿੰਦਾ ਹੈ।' ਉਨ੍ਹਾਂ ਕਿਹਾ, 'ਕੁਝ ਵਿਅਕਤੀਆਂ ਵੱਲੋਂ ਚੀਨੀ ਉਤਪਾਦਾਂ ਨੂੰ ਖਰਾਬ ਦੱਸਣਾ ਅਤੇ ਮੁੱਦਿਆਂ ਨੂੰ ਪੁਰਾਣੇ ਨਜ਼ਰੀਏ ਤੋਂ ਦੇਖਣਾ ਗਲਤ ਤੇ ਗ਼ੈਰ-ਜ਼ਿੰਮੇਵਾਰੀ ਵਾਲੀ ਭਾਵਨਾ ਹੈ।' ਹਾਲਾਂਕਿ ਉਨ੍ਹਾਂ ਇਹ ਸਪੱਸ਼ਟ ਨਹੀਂ ਕੀਤਾ ਕਿ ਉਹ ਕਿਹੜੇ ਵਿਅਕਤੀਆਂ ਬਾਰੇ ਗੱਲ ਕਰ ਰਹੀ ਸੀ। ਬੁਲਾਰੇ ਨੇ ਕਿਹਾ ਕਿ ਚੀਨ ਆਲਮੀ ਮਹਾਮਾਰੀ ਖਿਲਾਫ਼ ਜੰਗ 'ਚ ਭਾਰਤ ਦੀ ਹਮਾਇਤ ਕਰਦਾ ਹੈ ਅਤੇ ਦੋਵਾਂ ਦੇਸ਼ਾਂ ਦੇ ਲੋਕਾਂ ਨੂੰ ਮਹਾਮਾਰੀ ਤੋਂ ਜਲਦੀ ਤੋਂ ਜਲਦੀ ਉੱਭਰਨ ਲਈ ਨਵੀਂ ਦਿੱਲੀ ਨਾਲ ਮਿਲ ਕੇ ਕੰਮ ਕਰੇਗਾ।

# ਅਮਰੀਕਾ ਵਿਚ ਮ੍ਰਿਤਕਾਂ ਦੀ ਗਿਣਤੀ 59000 ਤੋਂ ਪਾਰ, ਇਕ ਡਾਕਟਰ ਨੇ ਕੀਤੀ ਖੁਦਕੁਸ਼ੀ

ਵਾਸ਼ਿੰਗਟਨ (ਹੁਸਨ ਲੜੋਆ ਬੰਗਾ)— ਅਮਰੀਕਾ ਵਿਚ ਕੋਰੋਨਾਵਾਇਰਸ ਨਾਲ ਪਿਛਲੇ 24 ਘੰਟਿਆਂ ਦੌਰਾਨ 2200 ਤੋਂ ਵਧ ਮੌਤਾਂ ਹੋਈਆਂ ਹਨ। ਮੌਤਾਂ ਦੀ ਕੁਲ ਗਿਣਤੀ 59266 ਹੋ ਗਈ ਹੈ ਜਦ ਕਿ ਪੀੜਤਾਂ ਦੀ ਗਿਣਤੀ 10,35,765 ਹੋ ਗਈ ਹੈ। ਤਕਰੀਬਨ 25000 ਨਵੇਂ ਮਰੀਜ਼ ਆਏ ਹਨ। ਹੁਣ ਤੱਕ 2,01, 504 ਕੇਸ ਬੰਦ ਕਰ ਦਿੱਤੇ ਗਏ ਹਨ। ਇਨਾਂ ਵਿਚੋਂ 71% ਮਰੀਜ਼ ਠੀਕ ਹੋਏ ਹਨ ਜਦ ਕਿ 29% ਮੌਤ ਦੇ ਮੂੰਹ ਵਿਚ ਜਾ ਪਏ ਹਨ। ਇਕੱਲੇ ਨਿਊਯਾਰਕ ਵਿਚ ਪਿਛਲੇ 24 ਘੰਟਿਆਂ ਦੌਰਾਨ 521 ਮੌਤਾਂ ਹੋਈਆਂ ਹਨ। ਨਿਊਯਾਰਕ ਵਿਚ ਮ੍ਰਿਤਕਾਂ ਦੀ ਗਿਣਤੀ 23144 ਹੋ ਗਈ ਹੈ। ਬਦਤਰ ਬਣੀ ਸਥਿੱਤੀ ਦੇ ਦਰਮਿਆਨ ਰਾਸ਼ਟਰਪਤੀ ਡੋਨਾਲਟ ਟਰੰਪ ਨੇ ਗਰੌਸਰੀ ਸਟੋਰਾਂ ਵਿਚ ਮੀਟ ਦੀ ਸਪਲਾਈ ਯਕੀਨੀ ਬਣਾਉਣ ਲਈ ਮੀਟ ਪਲਾਂਟ ਖੋਲਣ ਦੇ ਆਦੇਸ਼ ਦਿੱਤੇ ਹਨ।



ਡਾਕਟਰ ਲੋਰਨਾ ਬਰੀਨ

**ਮੀਟ ਪਲਾਂਟ ਖੋਲਣ ਦੇ ਆਦੇਸ਼:**

ਰਾਸ਼ਟਰਪਤੀ ਟਰੰਪ ਨੇ ਮੀਟ ਦੀ ਪੈਦਾ ਹੋਈ ਥੁੜ ਨੂੰ ਵੇਖਦਿਆਂ ਹੋਇਆਂ ਕੋਰੋਨਾਵਾਇਰਸ ਦੇ ਫੈਲਣ ਦੀ ਚਿੰਤਾ ਦੇ ਬਾਵਜੂਦ ਬੀਫ਼, ਪੋਰਕ ਤੇ ਪੋਲਟਰੀ ਪ੍ਰਾਸੈਸਿੰਗ ਪਲਾਂਟ ਖੋਲਣ ਦੇ ਆਦੇਸ਼ ਦਿੱਤੇ ਹਨ। ਡਿਫੈਂਸ ਪ੍ਰੋਡੱਕਸ਼ਨ ਐਕਟ ਤਹਿਤ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਜਾਰੀ ਆਦੇਸ਼ ਵਿਚ ਟਰੰਪ ਨੇ ਕਿਹਾ ਹੈ ਕਿ ਅਮਰੀਕਨਾਂ ਨੂੰ ਪ੍ਰੋਟੀਨ ਦੀ ਸਪਲਾਈ ਯਕੀਨੀ ਬਣਾਉਣ ਵਾਸਤੇ ਇਹ ਮਹੱਤਵਪੂਰਨ ਹੈ ਕਿ ਬੀਫ਼, ਪੋਰਕ ਤੇ ਪੋਲਟਰੀ (ਮੀਟ ਤੇ ਪੋਲਟਰੀ) ਦੀ ਫੂਡ ਸਪਲਾਈ ਚੇਨ ਵਿਚ ਨਿਰੰਤਰਤਾ ਬਣੀ ਰਹੇ। ਟਰੰਪ ਦੇ ਇਸ ਆਦਸ਼ ਦੇ ਅਲੋਚਕਾਂ ਨੇ ਕਿਹਾ ਹੈ ਕਿ ਕੁੱਝ ਪਲਾਂਟ ਇਸ ਕਰਕੇ ਬੰਦ ਕਰ ਦਿੱਤੇ ਸਨ ਕਿਉਂਕਿ ਉਥੇ ਕੰਮ ਕਰਦੇ ਮੁਲਾਜ਼ਮਾਂ ਨੂੰ ਕੋਰੋਨਾ ਹੋ ਗਿਆ ਸੀ। ਜਬਰਨ ਪਲਾਂਟ ਖੋਲਣ ਨਾਲ ਵਰਕਰਾਂ ਦੀ ਸੁਰੱਖਿਆ ਖਤਰੇ ਵਿਚ ਪੈ ਜਾਵੇਗੀ। ਟਰੰਪ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੇਕਰ ਮੁਲਾਜ਼ਮ ਜੋ ਨੌਕਰੀ ਦੌਰਾਨ ਕੋਰੋਨਾਵਾਇਰਸ ਦੇ ਸੰਪਰਕ ਵਿਚ ਆਏ ਸਨ, ਕਾਨੂੰਨੀ ਕਾਰਵਾਈ ਕਰਦੇ ਹਨ ਤਾਂ ਉਹ ਮੀਟ ਪਲਾਂਟਾਂ ਦੀ ਹਿਫ਼ਾਜਤ ਕਰਨਗੇ।

**ਡਾਕਟਰ ਨੇ ਕੀਤੀ ਖੁਦਕੁੱਸ਼ੀ:**

ਮੈਨਹਟਨ ਵਿਚ ਐਮਰਜੈਂਸੀ ਰੂਮ ਡਾਕਟਰ ਜਿਸ ਨੇ ਅਨੇਕਾਂ ਕੋਰੋਨਾਵਾਇਰਸ ਮਰੀਜ਼ਾਂ ਦਾ ਇਲਾਜ਼ ਕੀਤਾ, ਨੇ ਖੁਦਕੁੱਸ਼ੀ ਕਰ ਲਈ ਹੈ। ਪੁਲਿਸ ਅਨੁਸਾਰ ਡਾਕਟਰ ਲੋਰਨਾ ਬਰੀਨ (49) ਨਿਊਯਾਰਕ-ਪ੍ਰੈਸਬਾਈਟ-ਰੇਅਨ ਐਲਨ ਹਸਪਤਾਲ ਵਿਚ ਐਮਰਜੈਂਸੀ ਵਿਭਾਗ ਵਿਚ ਮੈਡੀਕਲ ਡਾਇਰੈਕਟਰ ਵਜੋਂ ਕੰਮ ਕਰਦੀ ਸੀ ਤੇ ਇਸ ਸਮੇ ਉਹ ਆਪਣੇ ਪਰਿਵਾਰ ਨਾਲ ਚਰਲੋਟੈਸਵਿਲੇ , ਵਰਜੀਨੀਆ ਵਿਚ ਰਹਿ ਰਹੀ ਸੀ। ਪੁਲਿਸ ਉਸ ਨੂੰ ਡਾਕ-ਟਰੀ ਸਹਾਇਤਾ ਲਈ ਵਰਜੀਨੀਆ ਮੈਡੀਕਲ ਸੈਂਟਰ ਵਿਖੇ ਲੈ ਕੇ ਗਈ ਜਿਥੇ ਉਹ ਖੁਦ ਵੱਲੋਂ ਕੀਤੇ ਜ਼ਖਮਾਂ ਦੀ ਤਾਬ ਨਾ ਸਹਾਰਦੀ ਹੋਈ ਦਮ ਤੋੜ ਗਈ। ਬਰੀਨ ਦੇ ਪਿਤਾ ਡਾਕਟਰ ਫਿਲਿਪ ਨੇ ਦੱਸਿਆ ਕਿ ਮੇਰੀ ਬੇਟੀ ਮਰੀਜ਼ਾਂ ਦੀਆਂ ਮੌਤਾਂ ਦੇ ਭਿਆਨਕ ਦ੍ਰਿਸ਼ਾਂ ਬਾਰੇ ਦਸਦੀ ਸੀ ਜਿਸ ਤੋਂ ਉਹ ਪ੍ਰੇਸ਼ਾਨ ਸੀ। ਉਹ ਕੋਰੋਨਾਵਾਇਰਸ ਦੇ ਸੰਪਰਕ ਵਿਚ ਆਈ ਸੀ ਪਰੰਤੂ ਡੇਢ ਹਫਤੇ ਬਾਅਦ ਉਹ ਮੁੜ ਆਪਣੀ ਡਿਊਟੀ 'ਤੇ ਚਲੀ ਗਈ ਸੀ। ਜਦੋਂ ਹਸਪਤਾਲ ਨੇ ਉਸ ਨੂੰ ਘਰ ਭੇਜ ਦਿੱਤਾ ਤਾਂ ਉਹ ਇਥੇ ਸਾਡੇ ਕੋਲ ਵਰਜੀਨੀਆ ਆ ਗਈ ਸੀ।

# ਰੁੱਸ ਗਈ ਜਾਪਦੀ ਹੈ ਜ਼ਿੰਦਗੀ!

**ਕੁਲਮਿੰਦਰ ਕੌਰ**

ਕੋਰੋਨਾ ਵਾਇਰਸ ਨੇ ਪੂਰੀ ਦੁਨੀਆ ਨੂੰ ਆਪਣੀ ਗ੍ਰਿਫ਼ਤ 'ਚ ਲੈ ਲਿਆ ਹੈ। ਲੱਖਾਂ ਲੋਕ ਇਸ ਤੋਂ ਪ੍ਰਭਾਵਿਤ ਹੋ ਚੁੱਕੇ ਹਨ। ਇਸ ਦੇ ਇਲਾਜ ਲਈ ਕੋਈ ਵੈਕਸੀਨ ਈਜਾਦ ਨਹੀਂ ਹੋ ਸਕੀ ਪਰ ਖੋਜਾਂ ਜਾਰੀ ਹਨ। ਇਸ ਆਲਮੀ ਮਹਾਮਾਰੀ ਦੇ ਟਾਕਰੇ ਲਈ ਸਾਨੂੰ ਆਪਣੀ ਮਾਨਸਿਕ ਤੇ ਸਰੀਰਕ ਸਿਹਤ ਬਰਕਰਾਰ ਰੱਖਦਿਆਂ ਸਮਾਜਿਕ ਦੂਰੀ ਬਣਾ ਕੇ ਰਹਿਣਾ ਜ਼ਰੂਰੀ ਹੈ। ਜਿੱਥੋਂ ਤਕ ਸਰੀਰਕ ਤੇ ਮਾਨਸਿਕ ਸਿਹਤ ਦਾ ਸਵਾਲ ਹੈ, ਇਸ ਦਾ ਸਬੰਧ ਸਾਡੇ ਸਰੀਰ ਦੇ ਰੋਗਾਂ ਨਾਲ ਲੜਨ ਦੀ ਸ਼ਕਤੀ ਨਾਲ ਹੈ।

ਕੋਵਿਡ-19 ਦੀ ਮੌਜੂਦਾ ਸਥਿਤੀ 'ਚ ਫੇਫੜਿਆਂ ਦੀ ਅੰਦਰਲੀ ਤਹਿ ਨੂੰ ਨੁਕਸਾਨ ਪਹੁੰਚਦਾ ਹੈ, ਵਿਅਕਤੀ ਗੰਭੀਰ ਰੂਪ 'ਚ ਬਿਮਾਰ ਹੋ ਜਾਂਦਾ ਹੈ ਤੇ ਕਈਆਂ ਦੀ ਮੌਤ ਵੀ ਹੋ ਜਾਂਦੀ ਹੈ। ਮਾਹਿਰ ਡਾਕਟਰਾਂ ਨੇ ਇਸ ਦਾ ਸੰਭਾਵਿਤ ਇਲਾਜ ਵੀ ਪਲਾਜ਼ਮਾ ਥੈਰੇਪੀ ਦੱਸਿਆ ਹੈ। ਕੋਵਿਡ-19 ਤੋਂ ਸਿਹਤਮੰਦ ਹੋ ਚੁੱਕੇ ਮਰੀਜ਼ ਦੇ ਬਲੱਡ ਪਲਾਜ਼ਮਾ ਨੂੰ 4 ਹਫ਼ਤੇ ਬਾਅਦ ਪੌਜ਼ਿਟਿਵ ਮਰੀਜ਼ਾਂ ਦੇ ਸਰੀਰ 'ਚ ਇੰਜੈਕਟ ਕੀਤਾ ਜਾ ਸਕਦਾ ਹੈ, ਜਿਸ 'ਚ ਵਾਇਰਸ 'ਤੇ ਹਮਲਾ ਕਰਨ ਵਾਲੇ ਐਂਟੀਬਾਡੀਜ਼ ਹੋਣਗੇ।

ਇਮਿਊਨ ਸ਼ਕਤੀ ਪੌਸ਼ਟਿਕ ਤੱਤਾਂ ਨਾਲ ਭਰਪੂਰ ਸੰਤੁਲਿਤ ਖ਼ੁਰਾਕ, ਸਾਫ਼ ਤੇ ਸ਼ੁੱਧ ਵਾਤਾਵਰਨ 'ਚ ਰਹਿ ਕੇ ਮਜ਼ਬੂਤ ਹੁੰਦੀ ਹੈ।ਪਰ ਅਸੀਂ ਜਾਣਦੇ ਹਾਂ ਕਿ ਆਪਣੀ ਥਾਲੀ 'ਚ ਕੀ ਪਰੋਸ ਰਹੇ ਹਾਂ। ਕੁਦਰਤ ਦੀ ਬਖ਼ਸ਼ਿਸ਼ ਹਵਾ, ਪਾਣੀ, ਜ਼ਮੀਨ, ਜੋ ਭੋਜਨ ਦੇ ਸਰੋਤ ਹਨ, ਸਾਰੇ ਹੀ ਅਸੀਂ ਦੂਸ਼ਿਤ ਕੀਤੇ ਹਨ। ਅਜਿਹੀ ਹਾਲਤ 'ਚ ਇਮਿਊਨ ਸ਼ਕਤੀ ਕਿਵੇਂ ਮਜ਼ਬੂਤ ਰਹਿ ਸਕਦੀ ਹੈ, ਜਿਸ ਦੀ ਉਮੀਦ ਅਸੀਂ ਇਸ ਬਿਮਾਰੀ 'ਚ ਕਰ ਰਹੇ ਹਾਂ। ਆਉਣ ਵਾਲੀਆਂ ਪੀੜ੍ਹੀਆਂ ਲਈ ਵੱਡੇ ਖ਼ਤਰੇ ਦਾ ਖਦਸ਼ਾ ਹੈ।

ਪਿਛਲੇ ਸਾਲ ਪੋਲੈਂਡ ਦੇ ਕਾਟੋਵਿਸ ਸ਼ਹਿਰ 'ਚ ਮੌਸਮੀ ਤਬਦੀਲੀਆਂ ਸਬੰਧੀ ਹੋਈ ਕਾਨਫਰੰਸ 'ਚ ਸਵੀਡਨ ਦੀ 16 ਸਾਲਾ ਸਕੂਲੀ ਵਿਦਿਆਰਥਣ ਗ੍ਰੇਟਾ ਥਨਬਰਗ ਨੇ ਦੁਨੀਆ ਭਰ ਦੇ ਲੀਡਰਾਂ ਨੂੰ ਭਾਵੁਕ ਹੁੰਦਿਆਂ ਸੰਬੋਧਨ ਕੀਤਾ, ''ਤੁਸੀਂ ਸਾਡਾ ਭਵਿੱਖ ਬਰਬਾਦ ਕਰਨ ਲੱਗੇ ਹੋ, ਮੈਂ ਹੁਣ ਵੀ ਵਾਰ- ਵਾਰ ਪੁੱਛ ਰਹੀ ਹਾਂ ਕਿ ਤੁਸੀਂ ਆਪਣੇ ਬੱਚਿਆਂ ਲਈ ਕੁਝ ਛੱਡੋਗੇ ਕਿ ਨਹੀਂ।'' ਇਕ ਸੰਵੇਦਨਸ਼ੀਲ ਲੇਖਕ ਵਾਤਾਵਰਨ ਪ੍ਰਦੂਸ਼ਣ ਸਬੰਧੀ ਲੇਖ 'ਚ ਮਨੁੱਖਤਾ ਨੂੰ ਇਨਸਾਨੀਅਤ ਦਾ ਪਾਠ ਪੜ੍ਹਾਉਂਦੇ ਹੋਏ ਲਿਖਦਾ ਹੈ, ਹੇ ਇਨਸਾਨ! ਅਜੇ ਵੀ ਵਕਤ ਹੈ, ਸਮਝ ਸਕਦਾ ਹੈਂ ਤਾਂ ਸਮਝ ਲੈ ਨਹੀਂ ਤਾਂ ਕਿਤੇ ਰੁੱਸ ਨਾ ਜਾਵੇ ਜ਼ਿੰਦਗੀ, ਕਿਤੇ ਮੁੱਕ ਨਾ ਜਾਵੇ ਜ਼ਿੰਦਗੀ।

ਅੱਜ ਕੁਝ ਇਸ ਤਰ੍ਹਾਂ ਹੀ ਜਾਪਦੈ ਕਿ ਜ਼ਿੰਦਗੀ ਰੁੱਸ ਗਈ ਹੈ, ਉਹ ਠਹਿਰ ਗਈ ਹੈ, ਫ਼ਜ਼ੂਲ ਹੈ। ਇਹ ਧਾਰਨਾ ਹੈ ਕਿ ਅਸੀਂ ਜ਼ਿੰਦਗੀ ਤਾਉਮਰ ਆਪਣੇ ਅਨੁਸਾਰ ਚਲਾਵਾਂਗੇ, ਕੁਦਰਤ ਆਪਣੇ ਹਿਸਾਬ ਨਾਲ ਪਾਸਾ ਪਲਟਦੀ ਹੈ। ਅਸੀਂ ਵੇਖ ਹੀ ਲਿਆ ਹੈ ਕਿ ਕਿਵੇਂ ਨੰਗੀ ਅੱਖ ਨਾਲ ਨਾ ਦਿਸਣ ਵਾਲੇ ਕੀਟਾਣੂ (ਵਾਇਰਸ) ਨੇ ਵਿਕਾਸ ਦੀ ਦੌੜ 'ਚ ਹੁਣ ਚੰਦਰਮਾ 'ਤੇ ਬਸੇਰਾ ਕਰਨ ਦੀਆਂ ਯੋਜਨਾਵਾਂ ਬਣਾ ਰਹੀ ਸਾਰੀ ਦੁਨੀਆ 'ਤੇ ਕਹਿਰ ਢਾਹਿਆ ਹੋਇਆ ਹੈ ਤੇ ਜ਼ਿੰਦਗੀ ਦੇ ਹੋਰ ਕਈ ਪੰਨੇ ਵੀ



ਖੋਲ੍ਹ ਕੇ ਰੱਖ ਦਿੱਤੇ ਹਨ, ਜਿਸ ਤੋਂ ਸਾਰੀ ਮਨੁੱਖਤਾ ਨੂੰ ਸਿੱਖਣ ਦੀ ਲੋੜ ਹੈ। 20 ਮਾਰਚ ਨੂੰ ਆਲਮੀ ਖ਼ੁਸ਼ੀ ਦਿ-ਹਾੜੇ''ਮੌਕੇ ਚਿਹਰਿਆਂ 'ਤੇ ਮਾਸਕ ਬੱਝ ਗਏ। ਫਿਲਮ 'ਖ਼ਾਮੋਸ਼ੀ' ਵਿਚ ਇਕ ਗਾਣਾ ਵੀ ਸੀ 'ਜ਼ਿੰਦਗੀ ਕੈਸੀ ਹੈ ਪਹੇਲੀ'। ਲਾਕਡਾਊਨ ਦੇ ਦਿਨਾਂ 'ਚ ਹੀ ਮੈ ਦਵਾਈਆਂ ਬਗ਼ੈਰ ਸਰਦਾ ਨਾ ਵੇਖ ਘਰੋਂ ਲੈਣ ਨਿਕਲੀ। ਰਾਹ 'ਚ ਪੈਂਦੇ ਪਾਰਕ 'ਚੋਂ ਲੰਘੀ ਤਾਂ ਕੀ ਵੇਖਦੀ ਹਾਂ ਕਿ ਬਿਨਾਂ ਰੱਖ-ਰਖਾਅ ਤੋਂ ਵੀ ਬਨਸਪਤੀ ਹਰੇ-ਕਚੂਚ ਪੱਤਿਆਂ ਨਾਲ ਮੌਲ ਰਹੀ ਹੈ। ਸੜਕ 'ਤੇ ਧੂੰਆਂਧਾਰ ਗੱਡੀਆਂ ਨਹੀਂ ਚੱਲ ਰਹੀਆਂ। ਸ਼ਾਂਤ ਵਾਤਾਵਰਨ, ਸਾਫ਼ ਨੀਲਾ ਆਸਮਾਨ, ਚਾਰੇ ਪਾਸੇ ਸੁੰਨ-ਮਸਾਨ। ਕੋਰੋਨਾ ਤੋਂ ਬੇਖੌਫ਼ ਹੈ ਕਾਦਰ ਦੀ ਕੁਦਰਤ। ਸਵੇਰੇ-ਸ਼ਾਮ ਪੰਛੀਆਂ ਦੀ ਚਹਿਚਹਾਟ ਸੁਣਦੇ ਹਾਂ। ਘਰਾਂ ਤੇ ਵਿਹੜੇ ਚੰਦ ਦੀ ਚਾਨਣੀ ਨਾਲ ਰੁਸ਼ਨਾਏ ਵੇਖਦੇ ਹਾਂ। ਜੰਗਲੀ ਜੀਵ ਰਿਹਾਇਸ਼ੀ ਖੇਤਰਾਂ 'ਚ ਲੱਭ ਰਹੇ ਹਨ।

ਚੰਡੀਗੜ੍ਹ ਤੇ ਆਸਪਾਸ ਪਿੰਡਾਂ-ਸ਼ਹਿਰਾਂ 'ਚੋਂ ਹੀ ਚੀਤੇ ਤੇ ਤੇਂਦੂਆ ਫੜੇ ਗਏ। ਨਦੀਆਂ-ਨਾਲਿਆਂ 'ਚ ਪਾਣੀ ਸਾਫ਼ ਹੋ ਰਿਹਾ ਹੈ। ਹਰੀਕੇ ਪੱਤਣ 'ਤੇ ਗੋਤੇ ਖਾਂਦੀ ਡਾਲਫਿਨ ਦਿਖਾਈ ਦੇ ਰਹੀ ਹੈ। ਲੋਕੀਂ ਦੂਰ-ਨੇੜੇ ਘਰਾਂ ਤੋਂ ਬਰਫ਼ਾਂ ਨਾਲ ਲੱਦੇ ਪਹਾੜ ਵੇਖ ਖ਼ੁਸ਼ ਹੋ ਰਹੇ ਹਨ। ਨਵੀਂ ਪੀੜ੍ਹੀ ਲਈ ਸਭ ਤੋਂ ਵੱਧ ਮਨਮੋਹਕ ਤੇ ਸਕੂਨ ਦੇਣ ਵਾਲੇ ਦ੍ਰਿਸ਼ ਹਨ। ਅਸੀਂ ਤਾਂ ਇਹ ਨਜ਼ਾਰੇ ਕਈ ਦਹਾਕੇ ਪਹਿਲਾਂ ਵੇਖੇ ਹੋਏ ਹਨ। ਕੋਰੋਨਾ ਵਾਇਰਸ ਮਰੀਜ਼ਾਂ ਦੇ ਫੇਫੜੇ ਸਿਹਤਮੰਦ ਰੱਖਣ ਲਈ ਪ੍ਰਦੂਸ਼ਣ ਰਹਿਤ ਹਵਾ ਕਾਰਗਰ ਸਿੱਧ ਹੋ ਰਹੀ ਹੈ, ਜੋ ਸਾਨੂੰ ਅਗਾਊਂ ਚੇਤਾਵਨੀ ਵੀ ਦੇ ਰਹੀ ਹੈ।

ਕਿਸੇ ਜਾਣਕਾਰੀ ਕੰਮਕਾਜੀ ਔਰਤ ਨੇ ਫੋਨ 'ਤੇ ਗੱਲਬਾਤ ਕਰਦਿਆਂ ਦੱਸਿਆ, ''ਅਸੀਂ ਸਵੇਰ ਦਾ ਕੰਮ ਨਿਪਟਾ ਕੇ ਆਪਣੇ ਅੱਠਵੀਂ-ਨੌਵੀਂ ਜਮਾਤ 'ਚ ਪੜ੍ਹਦੇ ਬੱਚਿਆਂ ਨੂੰ ਲੈ ਕੇ 'ਰਾਮਾਇਣ' ਸੀਰੀਅਲ ਵੇਖਣ ਬੈਠ ਜਾਂਦੇ ਹਨ। ਪਹਿਲਾਂ ਤਾਂ ਉਨ੍ਹਾਂ ਨੇ ਦਿਲਚਸਪੀ ਨਹੀਂ ਵਿਖਾਈ ਪਰ ਹੁਣ ਅਸੀਂ ਨਾਲ ਬੈਠ ਕੇ ਉਨ੍ਹਾਂ ਦੀਆਂ ਉਲਝਣਾਂ ਦੂਰ ਕਰ ਦਿੰਦੇ ਹਾਂ। ਉਹ ਤਾਂ ਸਾਨੂੰ ਵੀ ਪਿਤਾ ਸ੍ਰੀ, ਮਾਤਾ ਸ੍ਰੀ ਕਹਿਣ ਲੱਗੇ ਹਨ।'' ਮੈਂ ਕਿਹਾ ,''ਵਾਹ! ਵਧੀਆ ਹੈ, ਇਹ ਤਾਂ ਤੁਸੀਂ ਇਤਿਹਾਸ, ਵਿਰਸੇ ਤੇ ਸਭਿਆਚਾਰ ਨਾਲ ਜੋੜ ਰਹੇ ਹੋ। ਅੱਜਕੱਲ੍ਹ ਬੱਚੇ ਉਕਤਾ ਰਹੇ ਹੋਣਗੇ, ਉਨ੍ਹਾਂ ਨੂੰ ਰੋਚਕ ਕੰਮਾਂ ਨਾਲ ਜੋੜੋ, ਕਿਤਾਬਾਂ ਪੜ੍ਹਨ ਦਾ ਸ਼ੌਕ ਪੈਦਾ ਕਰੋ, ਰਸੋਈ ਦਾ ਕੰਮ ਲਓ ਤਾਂ ਕਿ ਉਹ ਸਮਾਰਟ ਫੋਨਾਂ ਤੋਂ ਦੂਰ ਹੋਣਗੇ।'' ਇਕ ਹੋਰ ਅਜਿਹੇ ਵਰਤਾਰੇ 'ਚੋਂ ਹੀ ਜ਼ਿੰਦਗੀ ਦਾ ਸਬਕ ਨਜ਼ਰ ਆਇਆ। ਮੇਰੀ ਇਕ ਗੁਆਂਢਣ ਸਹੇਲੀ ਦੇ ਵੱਡੇ ਪੋਤਰੇ ਦਾ ਵਿਆਹ 29 ਮਾਰਚ ਨੂੰ ਰੱਖਿਆ ਸੀ। ਬੜੀਆਂ ਰੀਝਾਂ ਸਨ ਕਿ ਪਹਿਲਾ ਵਿਆਹ ਹੈ, ਘਰ 'ਚ ਧੂਮ-ਧਾਮ ਨਾਲ ਕਰਾਂਗੇ ਪਰ ਜਿਉਂ ਦਿਨ ਨੇੜੇ ਆਏ ਤਾਂ ਮੁੰਡੇ ਦਾ ਚਾਚਾ ਇਟਲੀ ਤੋਂ ਨਾ ਆ ਸਕਿਆ ਤੇ ਲਾਕਡਾਊਨ ਵੀ ਲੱਗ ਗਿਆ। ਸਾਰਾ ਟੱਬਰ ਉਦਾਸ ਸੀ। ਕੁੜੀ ਵਾਲਿਆਂ ਨਾਲ ਸਲਾਹ ਕਰ ਕੇ ਪ੍ਰੋਗਰਾਮ ਹੀ ਮੁਲਤਵੀ ਕਰ ਦਿੱਤਾ।

ਇਹੀ ਸੋਚਿਆ ਕਿ ਹਾਲਾਤ ਠੀਕ ਹੋ ਜਾਣ 'ਤੇ ਕਰਾਂਗੇ। ਹੁਣ ਜਦੋਂ ਸਮਾਂ ਜ਼ਿਆਦਾ ਲੰਘ ਰਿਹਾ ਹੈ ਤਾਂ ਮਨ ਬਣਾ ਲਿਆ ਹੈ ਕਿ ਪੰਜ ਬੰਦੇ ਹੀ ਜਾ ਕੇ ਵਿਆਹ ਲਿਆਵਾਂਗੇ। ਵੱਡਾ ਸਬਕ ਹੈ ਇਹ ਵੀ। ਸਮਾਜ ਦਾ ਇਕ ਵਰਗ ਹੋਕਾ ਵੀ ਦੇ ਰਿਹਾ ਹੈ 'ਸਾਦਾ ਵਿਆਹ, ਸਾਦੇ ਭੋਗ, ਨਾ ਕਰਜ਼ਾ, ਨਾ ਚਿੰਤਾ ਰੋਗ।

ਕੋਰੋਨਾ ਸੰਕਟ ਦੀ ਮੁਸ਼ਕਲ ਘੜੀ 'ਚ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਖ਼ਾਸ ਕਰਕੇ ਦਿਹਾੜੀਦਾਰ, ਨਿੱਤ ਦਿਨ ਕਮਾ ਕੇ ਖਾਣ ਵਾਲੇ ਵੱਧ ਪ੍ਰਭਾਵਿਤ ਹੋਏ ਹਨ। ਦੇਸ਼ ਦੀ ਸਰਕਾਰ ਤੇ ਸਿਵਲ ਪ੍ਰਸ਼ਾਸਨ ਇਨ੍ਹਾਂ ਦੀ ਰੋਟੀ-ਰੋਜ਼ੀ ਦਾ ਪ੍ਰਬੰਧ ਕਰਨ, ਜਿਸ ਨਾਲ ਇਨ੍ਹਾਂ ਦਾ ਵੀ ਮਨੋਬਲ ਵਧੇ। ਡਾਕਟਰਾਂ, ਨਰਸਾਂ, ਪੈਰਾਮੈਡੀਕਲ ਸਟਾਫ, ਪੁਲਿਸ, ਪੱਤਰਕਾਰ, ਸੁਰੱਖਿਆ ਤੇ ਸਫ਼ਾਈ ਕਾਮਿਆਂ ਨੂੰ ਵਿਸ਼ੇਸ਼ ਭੱਤਾ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਜਾਣਾ ਚਾਹੀਦਾ ਹੈ। ਇਹ ਸਾਰੇ ਆਪਣੀ ਜਾਨ ਜੋਖ਼ਮ 'ਚ ਪਾ ਕੇ ਵੀ ਡਿਊਟੀ ਦੇ ਰਹੇ ਹਨ। ਕੁਝ ਦਿਨ ਪਹਿਲਾਂ ਇਕ ਘਟਨਾ ਨੇ ਹਿਲਾ ਕੇ ਰੱਖ ਦਿਤਾ ਕਿ ਅਖੌਤੀ ਨਿਹੰਗਾਂ ਨੇ ਪੁਲਿਸ 'ਤੇ ਹੀ ਕਾਤਲਾਨਾ ਹਮਲਾ ਕਰ ਦਿੱਤਾ।

ਆਓ! ਆਪਸੀ ਭਾਈਚਾਰਕ ਸਾਂਝ, ਸੰਜਮੀ ਸੁਭਾਅ ਤੇ ਸਰਬੱਤ ਦਾ ਭਲਾ ਮੰਗਣ ਵਾਲੇ ਅਸੀਂ ਸਾਰੇ ਪੰਜਾਬ ਵਾਸੀ ਆਉਣ ਵਾਲੇ ਸਮੇਂ ਦੌਰਾਨ ਇਸ ਤਕਨੀਕੀ ਯੁੱਗ 'ਚ ਵੀ ਆਪਣੀ ਜ਼ਿੰਦਗੀ ਨੂੰ ਕੁਦਰਤ ਦੇ ਕਾਇਦੇ ਅਨੁਸਾਰ ਢਾਲੀਏ।

## ਕੰਮ ਦੀਆਂ ਗੱਲਾਂ



ਕਦੇ ਵੀ ਆਪਣੇ ਬੱਚਿਆਂ ਨੂੰ ਬਾਰ ਬਾਰ ਉਹਨਾਂ ਦੀਆਂ ਕਮੀਆਂ ਨਾ ਗਿਣਾਉ ਨਹੀਂ ਤਾ ਉਹ ਉਹਨਾਂ ਕਮੀਆਂ ਨੂੰ ਆਪਣੀ ਜਿੰਦਗੀ ਦਾ ਇੱਕ ਹਿੱਸਾ ਮੰਨ ਲੈਣਗੇ ਤੇ ਆਪਣੀ ਤਾਕਤ ਨੂੰ ਕਦੇ ਵੀ ਨਹੀਂ ਪਹਿਚਾਣ ਸਕਣਗੇ।

ਪੰਜ ਸਾਲ ਦੀ ਉਮਰ ਵਿਚ ਮਿਸ਼ਿਗਨ ਅਮਰੀਕਾ ਦੇ ਥਾਮਸ ਏਡੀਸਨ ਨੂੰ ਸਕੂਲ ਵਿੱਚ ਦਾਖਲ ਕਰਾਇਆ ਤਾ ਕੁਝ ਦਿਨਾਂ ਵਿਚ ਹੀ ਸਾਰੇ ਅਧਿਆਪਕ ਉਸ ਤੋਂ ਬਹੁਤ ਦੁਖੀ ਆ ਗਏ ਕਿਉਂਕਿ ਉਹ ਸਵਾਲ ਬਹੁਤ ਪੁਛਿਆ ਕਰਦਾ ਸੀ। ਸਾਰੇ ਪਿੰਡ ਵਾਲੇ ਉਸਨੂੰ ਮੰਦ ਬੁੱਧੀ ਤੇ ਪਾਗਲ ਤੇ ਸਿਰੇ ਦਾ ਨਲਾਇਕ ਸਮਝਦੇ ਤੇ ਮਜ਼ਾਕ ਕਰਦੇ ਸਨ। ਤੇ ਅਖੀਰ 3 ਕੁ ਮਹੀਨੇ ਪਿਛੋਂ ਇਕ ਦਿਨ ਉਸਨੇ ਸਕੂਲੋਂ ਆ ਕੇ ਆਪਣੀ ਮਾਂ ਨੂੰ ਇਕ ਚਿੱਠੀ ਫੜਾਈ ਜੋ ਉਸਦੇ ਅਧਿਆਪਕ ਨੇ ਦਿੱਤੀ ਸੀ । ਚਿੱਠੀ ਪੜ ਕੇ ਉਸ ਦੀ ਮਾਂ ਦੀਆਂ ਅੱਖਾਂ ਵਿੱਚ ਪਾਣੀ ਆ ਗਿਆ ਤੇ ਉਸਨੇ ਉੱਚੀ ਉੱਚੀ ਉਹ ਚਿੱਠੀ ਥਾਮਸ ਨੂੰ ਪੜ ਕੇ ਸੁਣਾਈ ਤੇ ਕਿਹਾ ਕੇ ਸਕੂਲ ਵਾਲਿਆਂ ਨੇ ਲਿਖਿਆ ਹੈ ਕਿ "ਤੁਹਾਡਾ ਬੱਚਾ ਬਹੁਤ ਹੁਸ਼ਿਆਰ ਹੈ ਤੇ ਸਾਡੇ ਕੋਲ ਕਾਬਿਲ ਅਧਿਆਪਕ ਨਹੀਂ ਹਨ ਇਸ ਲਈ ਤੁਸੀਂ ਕੱਲ ਤੋ ਥਾਮਸ ਨੂੰ ਕੱਲ ਤੋਂ ਸਕੂਲ ਨਾ ਭੇਜਣਾ ਤੇ ਘਰ ਵਿਚ ਹੀ ਪੜਾਉਣਾ" । ਇਸ ਤੋਂ ਬਾਅਦ ਵਿਚ ਉਸਦੀ ਮਾਂ ਨੇ ਉਸਨੂੰ ਰਸਾਇਣ ਵਿਗਿਆਨ ਦੀ ਇਕ ਕਿਤਾਬ ਦਿਤੀ ਤੇ ਕਿਹਾ ਕਿ ਕੱਲ੍ਹ ਤੋਂ ਘਰ ਬੈਠ ਕੇ ਹੀ ਪੜ੍ਹਾਈ ਕਰੇ।

ਉਸਨੇ ਘਰ ਵਿਚ ਹੀ ਲੈਬ ਬਣਾ ਲਈ ਤੇ ਉਥੇ ਹੀ ਆਪਣੇ ਪ੍ਰਯੋਗ ਕਰਨ ਲੱਗ ਗਿਆ ਤੇ ਦੋਬਾਰਾ ਜਿੰਦਗੀ ਵਿੱਚ ਕਿਸੇ ਸਕੂਲ ਜਾਂ ਕਾਲਜ ਨਹੀਂ ਗਿਆ। ਥੋੜਾ ਵੱਡਾ ਹੋਇਆ ਤਾ ਕਿਤਾਬਾਂ ਦਾ ਖਰਚਾ ਪੂਰਾ ਕਰਨ ਵਾਸਤੇ ਰੇਲਵੇ ਸਟੇਸ਼ਨ ਤੇ ਅਖਬਾਰ ਵੇਚਣ ਲੱਗ ਪਿਆ । ਪੜ੍ਹਾਈ ਦਾ ਏਨਾ ਜਨੂੰਨ ਸੀ ਕਿ ਰੇਲ ਦੇ ਡੱਬੇ ਵਿੱਚ ਹੀ ਪ੍ਰਯੋਗ ਕਰਨ ਲੱਗ ਪਿਆ। ਤੇਜ਼ਾਬ ਦੀ ਬੋਤਲ ਹੇਠਾਂ ਡਿਗਣ ਕਾਰਨ ਰੇਲ ਦੇ ਡੱਬੇ ਵਿੱਚ ਅੱਗ ਪੈ ਗਈ। ਅੱਗ ਤਾਂ ਬੁਝਾ ਲਈ ਪਰ ਇੱਕ ਅਧਿਕਾਰੀ ਨੇ ਉਸਦੇ ਇੰਨੀ ਜੋਰ ਨਾਲ ਥੱਪੜ ਮਾਰਿਆ ਕਿ ਇੱਕ ਕੰਨੋ ਉਸਨੂੰ ਉੱਚਾ ਸੁਣਨ ਲੱਗ ਪਿਆ ਤੇ ਬਾਅਦ ਵਿੱਚ ਸੁਣਨੋ ਹੀ ਹਟ ਗਿਆ । ਦੁਖੀ ਹੋਣ ਦੀ ਬਜਾਏ ਥਾਮਸ ਖੁਸ਼ ਹੋਇਆ ਕਿ ਹੁਣ ਉਹਨਾਂ ਲੋਕਾਂ ਦੀ ਫਾਲਤੂ ਬਕਵਾਸ ਸੁਣਾਈ ਨਹੀਂ ਦੇਵੇਗੀ।

ਥਾਮਸ ਘੱਟੋ ਘੱਟ 10000 ਵਾਰ ਅਸਫਲ ਹੋਣ ਤੋਂ ਬਾਅਦ ਬਿਜਲੀ ਦੇ ਬਲਬ ਦੀ ਕਾਢ ਕੱਢਣ ਚ ਕਾਮਯਾਬ ਹੋਇਆ। ਪਹਿਲੀ ਵਾਰ ਇਹ ਬੱਲਬ ਸਾਰਾ ਦਿਨ ਜਗਦਾ ਰਿਹਾ ਤੇ ਲੱਖਾਂ ਲੋਕ ਇਸਨੂੰ ਦੇਖਣ ਆਏ। ਲੋਕਾਂ ਵਾਸਤੇ ਇਹ ਇੱਕ ਬਹੁਤ ਵੱਡਾ ਚਮਤਕਾਰ ਸੀ। ਸਿਰਫ਼ 3 ਮਹੀਨੇ ਸਕੂਲ ਪੜ੍ਹੇ ਥਾਮਸ ਨੇ ਆਪਣੀ ਜਿੰਦਗੀ ਵਿੱਚ 1097 ਆਵਿਸ਼ਕਾਰ ਕੀਤੇ ਜਿਨ੍ਹਾਂ ਵਿੱਚ ਸਭ ਤੋਂ ਵੱਡੀ ਖੋਜ ਬਲਬ ਦੀ ਹੈ ਇਸ ਤੋ ਇਲਾਵਾ Gramophone, motion picture, sound recorder, electric rail engine ਤੇ ਹੋਰ ਪਤਾ ਨੀ ਕਿੰਨੀਆਂ ਕੁ ਖੋਜਾਂ ਕੀਤੀਆਂ । ਸਭ ਤੋ ਵੱਧ ਖੋਜਾਂ ਦਾ ਵਿਸ਼ਵ ਰਿਕਾਰਡ ਉਹਨਾਂ ਨੂੰ ਜਾਂਦਾ ਹੈ ।ਉਸ ਦਾ ਕਹਿਣਾ ਸੀ ਕਿ ਅਸਫਲਤਾ ਦਾ ਕਾਰਨ ਹੀ ਹਾਰ ਮੰਨਣਾ ਹੈ। ਹੁਣ ਉਹ ਬਹੁਤ ਸਫ਼ਲ ਹੋ ਚੁੱਕਾ ਸੀ ਤੇ ਇੱਕ ਦਿਨ ਘਰ ਵਿਚ ਕਿਤਾਬਾਂ ਦੀ ਫਰੋਲਾ ਫਰੋਲੀ ਕਰਦੇ ਨੂੰ ਇੱਕ ਚਿੱਠੀ ਮਿਲੀ । ਉਸ ਨੂੰ ਯਾਦ ਆਇਆ ਕਿ ਇਹ ਤਾ ਉਹੀ ਚਿੱਠੀ ਹੈ ਜੋ ਬਚਪਨ ਵਿੱਚ ਸਕੂਲ ਵਲੋਂ ਮਿਲੀ ਸੀ ਤੇ ਜਦੋਂ ਉਸਨੇ ਚਿੱਠੀ ਪੜੀ ਤਾਂ ਥਾਮਸ ਸੁੰਨ ਹੋ ਗਿਆ ਤੇ ਸਾਰਾ ਦਿਨ ਆਪਣੀ ਮਰ ਚੁੱਕੀ ਮਾਂ ਨੂੰ ਯਾਦ ਕਰ ਕਰ ਰੋਂਦਾ ਰਿਹਾ। ਉਸ ਵਿੱਚ ਲਿਖਿਆ ਸੀ ਕਿ "ਤੁਹਾਡਾ ਬੱਚਾ ਬਹੁਤ ਨਲਾਇਕ ਤੇ ਮੰਦ ਬੁੱਧੀ ਹੈ ਇਸ ਨੂੰ ਕਿਸੇ ਪਾਗਲਖਾਨੇ ਜਾਂ ਹਸਪਤਾਲ ਭਰਤੀ ਕਰਾਉ ਨਾ ਕਿ ਸਕੂਲ ਵਿੱਚ ਕੱਲ ਤੋਂ ਥਾਮਸ ਨੂੰ ਸਕੂਲ ਨਾ ਭੇਜਣਾ" ।ਬਾਅਦ ਵਿੱਚ ਉਸਨੇ ਆਪਣੀ ਇੱਕ ਕਿਤਾਬ ਵਿੱਚ ਲਿਖਿਆ ਕਿ ਉਸਦੀ ਮਾਂ ਨੇ ਇੱਕ ਪਾਗਲ ਤੇ ਮੰਦ ਬੁੱਧੀ ਬੱਚੇ ਨੂੰ ਇਕ ਮਹਾਨ ਵਿਗਿਆਨੀ ਬਣਾ ਦਿੱਤਾ। ਜੇ ਉਸਦੀ ਮਾਂ ਚਿੱਠੀ ਵਿਚਲੇ ਸੱਚ ਨੂੰ ਨਾ ਛੁਪਾਉਦੀ ਤਾ ਕਦੇ ਵੀ ਉਸਨੇ ਇੰਨਾ ਵੱਡਾ ਵਿਗਿਆਨੀ ਨਹੀਂ ਬਨਣਾ ਸੀ। ਅੱਜ ਥਾਮਸ ਏਡੀਸਾਨ ਕਰਕੇ ਹੀ ਦੁਨੀਆਂ ਦਾ ਹਰ ਘਰ ਰੋਸ਼ਨ ਹੈ

## ਲੋਕ ਤੱਥ

ਦੁਖੀ ਵੇਖ ਦੂਜਿਆਂ ਨੂੰ ਖੁਸ਼ ਹੋਈਏ ਨਾ।
ਖੁਸ਼ ਦੇਖ ਦੂਜਿਆਂ ਨੂੰ ਕਦੇ ਰੋਈਏ ਨਾ।
ਮੁਸਕਰਾਹਟ ਤੇ ਦੁਆਵਾਂ ਸਦਾ ਰਹੋ ਵੰਡਦੇ।
ਖੁਰਪੇ ਤੇ ਕਹੀ ਨੂੰ ਰੱਖੋ ਚੰਡ ਕੇ।
ਅਲਮਾਰੀ ਅਤੇ ਮਨ ਨੂੰ ਸਾਫ ਰੱਖੀਏ।
ਨਸ਼ਿਆਂ ਦਾ ਕਦੇ ਨਾ ਸਵਾਦ ਚੱਖੀਏ।
ਛੱਡਣ 'ਚ ਗੁਨਾਹ ਕਰੀਏ ਨਾ ਦੇਰ ਜੀ।
ਬੇਗਾਨੀ ਚੀਜ਼ ਦੀ ਵੀ ਕਰੀਏ ਨਾ ਮੇਰ ਜੀ।
ਚੰਗੇ ਟਾਈਮ ਵਿੱਚ ਨਾ ਜੀ ਅੱਤ ਚੱਕੀਏ।
ਓਪਰੇ ਦੇ ਵਿਆਹ 'ਚ ਨਾ ਜਾ ਕੇ ਨੱਚੀਏ।
ਸਾਉਣ 'ਚ ਉਧੇੜੀਏ ਨਾ ਮਕਾਨ ਨੂੰ।
ਰੱਖੀਏ ਜੀ ਸਾਂਭ ਕੀਮਤੀ ਸਮਾਨ ਨੂੰ।
ਦੁਖਦੀ ਰਗ 'ਤੇ ਨੀ ਹੱਥ ਧਰੀ ਦਾ।
ਪੈਸੇ, ਟਕੇ ਦਾ ਨੀ ਬਹੁਤਾ ਹੇਜ ਕਰੀਦਾ।
ਬੇਸਵਰੇ ਤੇ ਲੋਭੀ ਕਦੇ ਨਹੀਂਓ ਰੱਜਦੇ।
ਮੈਦਾਨ ਛੱਡ ਸੂਰਮੇ ਕਦੇ ਨੀ ਭੱਜਦੇ।
ਵਿਸ਼ਵਾਸ ਅਤੇ ਦਿਲ ਕਿਸੇ ਦਾ ਨਾ ਤੋੜੀਏ।
ਬਦਮਾਸ਼ ਮੂਹਰੇ 'ਬੜੈਚ ਸਿਆਂ' ਨਾ ਹੱਥ ਜੋੜੀਏ।



-ਤਸਵਿੰਦਰ ਸਿੰਘ ਬੜੈਚ
91-75279-31887

# "ਜਫਰਨਾਮਾ"- ਗੁਰੂ ਗੋਬਿੰਦ ਸਿੰਘ ਜੀ ਦੇ ਮਾਨਸਿਕ ਸੰਤੁਲਨ, ਜਜਬੇ ਅਤੇ ਕਾਵਿਕ ਪਕੜ ਦਾ ਅਨੋਖਾ ਵਰਨਣ

"ਜਫਰਨਾਮਾ" ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਾਹਕਾਰ ਰਚਨਾ ਹੈ । ਪਰ ਸਾਡੀ ਪੀੜੀ ਦੀ ਇਹ ਬਦਕਿਸਮਤੀ ਹੈ ਕਿ ਸੱਭਿਆਚਾਰ ਦਾ ਇਹ ਬਹੁਮੁੱਲਾ ਅਤੇ ਇਤਿਹਾਸਕ ਦਸਤਾਵੇਜ ਵਿਸ਼ਵ ਦੀ ਲੋੜੀਦੀਂ ਤਵੱਜੋ ਤੋਂ ਵਿਰਵਾ ਰਿਹਾ। ਬੀਤੇ ਦਿਨੀਂ ਪ੍ਰਵਾਨਿਤ ਸੂਫੀ ਸ਼ਾਇਰ ਅਤੇ ਕਲਾਕਾਰ ਸਤਿੰਦਰ ਸਰਤਾਜ ਵੱਲੋਂ ਗੁਰੂ ਸਾਹਿਬ ਦੀ ਹੱਥ ਲਿਖਤ ਇਸ ਰਚਨਾ ਦੇ ਇਸਦੀ ਮੂਲ ਭਾਸ਼ਾ ਭਾਵ ਫਾਰਸੀ ਵਿੱਚ ਗਾਇਨ ਨੇ ਵਿਸ਼ਵ ਦੇ ਲੋਕਾਂ ਦਾ ਧਿਆਨ ਖਿਚਿਆ ਹੈ । ਸਰਤਾਜ ਦੀ ਪੇਸ਼ਕਾਰੀ ਵਾਲੀ ਵੀਡੀਓ ਦੀ ਇਹ ਵੀ ਖਾਸੀਅਤ ਹੈ ਕਿ ਇਸ ਪ੍ਰਸਿੱਧ ਰਚਨਾ ਨੂੰ ਪੰਜਾਬੀ ਅਤੇ ਅੰਗਰੇਜੀ ਵਿੱਚ ਨਾਲੋ ਨਾਲ ਅਨੁਵਾਦਤ ਵੀ ਕੀਤਾ ਗਿਆ ਹੈ । ਇਸ ਪੇਸ਼ਕਾਰੀ ਨਾਲ ਸਰਤਾਜ ਨੇ ਗਾਇਕਾਂ ਸਿਰ ਪੈਂਦੇ ਇਸ ਇਲਜਾਮ ਨੂੰ ਧੋਣ ਦੀ ਕੋਸ਼ਿਸ ਕੀਤੀ ਹੈ ਕਿ ਗਾਇਕ ਇਤਿਹਾਸਕ ਅਤੇ ਸੱਭਿਆਚਾਰਕ ਕਦਰਾਂ ਕੀਮਤਾਂ ਦੀ ਪੇਸ਼ਕਾਰੀ ਤੋਂ ਦੂਰੀ ਰੱਖਦੇ ਹਨ ਅਤੇ ਜਫਰਨਾਮਾ ਦੀ ਪ੍ਰਸਿੱਧੀ ਨੇ ਇਸ ਧਾਰਨਾਂ ਨੂੰ ਵੀ ਗਲਤ ਸਿੱਧ ਕੀਤਾ ਹੈ ਕਿ ਸਰੋਤੇ ਚੰਗਾ ਅਤੇ ਉਸਾਰੂ ਸੁਨਣਾ ਨਹੀਂ ਚਾਹੁੰਦੇ। ਸਰਤਾਜ ਦੀ ਇਸ ਗੱਲੋਂ ਤਾਰੀਫ ਕਰਨੀ ਬਣਦੀ ਹੈ ਕਿ ਉਸ ਦੁਆਰਾ ਕੀਤੀ ਗਈ ਇਸ ਪੇਸ਼ਕਾਰੀ ਨੇ ਗੁਰੂ ਸਾਹਿਬ ਦੀ ਇਸ ਸਰਵੋਤਮ ਰਚਨਾ ਨੂੰ ਦੁਨੀਆਂ ਦੇ ਸਨਮੁੱਖ ਵਿਚਾਰ ਲਈ ਖੜਾ ਕਰ ਦਿੱਤਾ ਹੈ।




ਜਫਰਨਾਮਾ ਫਾਰਸੀ ਦੇ ਦੋ ਸ਼ਬਦਾਂ "ਜਫਰ" ਭਾਵ ਜਿੱਤ ਅਤੇ " ਨਾਮਾਹ " ਭਾਵ ਖਤ ਜਾਂ ਪੱਤਰ ਦਾ ਸੁਮੇਲ ਹੈ, ਜਿਸਦਾ ਸ਼ਾਬਦਿਕ ਅਰਥ "ਜਿੱਤ ਦਾ ਪੱਤਰ " ਮੰਨਿਆਂ ਜਾਂਦਾ ਹੈ । ਜਫਰਨਾਮਾ ਗੁਰੂ ਸਾਹਿਬ ਦੁਆਰਾ ਆਪਣਾ ਸਰਬੰਸ ਕੁਰਬਾਨ ਕਰਨ ਤੋਂ ਬਾਅਦ ਮੌਜੂਦਾ ਮੋਗਾ ਜਿਲੇ ਦੇ ਪਿੰਡ ਦੀਨਾ ਸਾਹਿਬ ਤੋਂ 1705 ਈਸਵੀ ਵਿੱਚ ਮੁਗਲ ਸਮਰਾਟ ਔਰੰਗਜੇਬ ਨੂੰ ਭੇਜਿਆ ਫਾਰਸੀ ਭਾਸ਼ਾ ਚ ਲਿਖਿਆ ਉਹ ਪੱਤਰ ਹੈ, ਜਿਸਨੂੰ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਨੇ ਅਹਿਮਦ-ਨਗਰ ਵਿੱਚ ਔਰੰਗਜੇਬ ਨੂੰ ਪਹੁੰਚਾਇਆ । ਇਹ ਇਤਿਹਾਸਕ ਦਸਤਾਵੇਜ ਗੁਰੂ ਗੋਬਿੰਦ ਸਿੰਘ ਜੀ ਦੀ ਆਦੁੱਤੀ ਸ਼ਖਸ਼ੀਅਤ ਦੇ ਅਧਿਆਤਮਕ, ਬਹਾਦਰੀ,ਸਬਰ, ਬਲੀਦਾਨ ਅਤੇ ਸੂਰਮਗਤੀ ਦੇ ਪਹਿਲੂਆਂ ਤੇ ਝਾਤ ਪਾਉਂਦਾ ਹੈ । ਫਾਰਸੀ ਵਿੱਚ ਕੁਲ 111 ਕਾਵਿ-ਪਦਾਂ (ਸ਼ੇਅਰ) ਨਾਲ ਸ਼ਿੰਗਾਰੇ ਇਸ ਜਿੱਤ ਦੇ ਪੱਤਰ ਭਾਵ ਜ਼ਫ਼ਰਨਾਮੇ ਵਿੱਚ ਗੂਰੂ ਗੋਬਿੰਦ ਸਿੰਘ ਨੇ ਬਹਾਦਰੀ ਅਤੇ ਸੂਰਮਗਤੀ ਭਰਪੂਰ ਆਪਣੀ ਲੜਾਈਆਂ ਅਤੇ ਕਾਰਜਾਂ ਦੇ ਰੋਮਾਂਚਕਾਰੀ ਚਿਤਰਣ ਦੇ ਨਾਲ ਖਾਲਸਾ ਪੰਥ ਦੀ ਸਥਾਪਨਾ, ਆਨੰਦਪੁਰ ਸਾਹਿਬ ਛੱਡਣਾ, ਚਾਲ੍ਹੀ ਸਿੱਖਾਂ ਦੀ ਸ਼ਹੀਦੀ, ਗੁਰੂ ਪੁੱਤਾਂ ਦਾ ਦੀਵਾਰ ਵਿੱਚ ਚਿਣਵਾਏ ਜਾਣ ਅਤੇ ਚਮਕੌਰ ਦੇ ਸੰਘਰਸ਼ ਦਾ ਵਰਣਨ ਹੈ। ਵਰਨਣਯੋਗ ਹੈ ਕਿ ਗੁਰੂ ਸਾਹਿਬ ਦੀ ਇਹ ਰਚਨਾ ਉਨਾਂ ਦੁਆਰਾ ਰਚਿਤ ਫਤਿਹਨਾਮਾ ਤੋਂ ਬਾਅਦ ਰਚੀ ਗਈ ਦੱਸੀ ਜਾਂਦੀ ਹੈ ਕਿਉਂਕਿ ਜਫਰਨਾਮਾ ਵਿੱਚ ਫਤਿਹਨਾਮਾ ਦੀ ਬਜਾਇ ਗੁਰੂ ਸਾਹਿਬ ਚਾਰੇ ਪੁੱਤਰਾਂ ਦੀ ਕੁਰਬਾਨੀ ਦਾ ਜਿਕਰ ਕਰਦੇ ਹਨ । ਇਹ ਰਚਨਾ ਆਪਣਾ ਪੂਰਾ ਸਰਬੰਸ ਦੇਸ਼ ਤੋਂ ਲੁਟਾ ਦੇਣ ਤੋਂ ਬਾਅਦ ਗੁਰੂ ਸਾਹਿਬ ਦੇ ਮਾਨਸਿਕ ਸੰਤੁਲਨ ਅਤੇ ਜਜਬੇ ਦਾ ਅਨੋਖਾ ਵਰਨਣ ਹੈ ਕਿਉਂਕਿ ਜਫਰਨਾਮਾ ਦੇ 34 ਕਾਵਿ ਪਦਾਂ ਵਿੱਚ ਉਹ ਅਕਾਲ ਪੁਰਖ ਦੀ ਸਿਫਤ ਸਾਲਾਹ ਕਰਦਿਆਂ ਉਹਦੇ ਭਾਣੇ ਨੂੰ ਸਰਬਉੱਚ ਮੰਨਦੇ ਹਨ।

ਕਮਾਲੇ ਕਰਾਮਾਤ ਕਾਯਮ ਕਰੀਮ ਰਜਾ ਬਖਸ਼ ਰਾਜਕ ਰਹਾਕੋ ਰਹੀਮ ॥( ਕਾਵਿ ਪਦ 01)

ਅਮਾਂ ਬਖਸ਼ ਬਖਸ਼ਿੰਦਹ ਓ ਦਸਤਗੀ,ਖਤਾ ਬਖਸ਼ ਰੋਜੀ ਇਹੋ ਦਿਲਪਜੀਰ ॥(ਕਾਵਿ ਪਦ 02)

ਵਾਹਿਗੁਰੂ ਆਪਣੀਆਂ ਰਹਿਮਤਾਂ ਵਿੱਚ ਪੂਰਨ ਅਚਲ,ਕ੍ਰਿਪਾਲੂ, ਖੁਸ਼ੀਆਂ ਬਖਸ਼ਣ ਵਾਲਾ, ਰੋਜੀ ਦੇਣ ਵਾਲਾ, ਈਮਾਨ ਤੇ ਸੁੱਖ ਦੇਣ ਵਾਲਾ,ਬਾਂਹ ਫੜਣ ਵਾਲਾ, ਮੁਕਤੀ ਕਰਨ ਵਾਲਾ ਅਤੇ ਮਿਹਰ ਕਰਨ ਵਾਲਾ ਹੈ।

ਉਹਨਾਂ ਦੀ ਸੱਚੇ ਸਿੱਖ ਵਜੋਂ ਕਲਮ ਨੂੰ ਸਲਾਮ ਵਜੋਂ ਸਿਰ ਝੁੱਕ ਜਾਂਦਾਂ ਹੈ, ਜਦੋਂ ਉਹ ਔਰੰਗਜੇਬ ਦੀਆਂ ਖੂਬੀਆਂ ਨੂੰ ਬਿਆਨ ਕਰਨੋਂ ਬਿਲਕੁੱਲ ਸੰਕੋਚ ਨਹੀਂ ਕਰਦੇ ਅਤੇ 89 ਤੋਂ 94 ਨੰਬਰ ਦੇ 06 ਕਾਵਿ ਪਦਾਂ ਵਿੱਚ ਔਰੰਗਜੇਬ ਵਿਚਲੀਆਂ ਸਿਫਤਾਂ ਨੂੰ ਸਪੱਸ਼ਟ ਬਿਆਨ ਕਰਦੇ ਹਨ ਜਦੋ ਉਹ ਕਹਿੰਦੇ ਹਨ ।

ਖੁਸ਼ਸ ਸ਼ਾਹੇ ਸ਼ਾਹਾਨ ਆਉਰੰਗਜੇਬ,ਕਿ ਚਾਲਾਕ ਦਸਤ ਅਸਤ ਚਾਬਕ ਰਕੇਬ ॥( ਕਾਵਿ ਪਦ 89)

ਰਾਜਿਆਂ ਦਾ ਰਾਜਾ ਔਰੰਗਜੇਬ ਇੱਕ ਖੁਸ਼ ਮਿਜਾਜ ਵਿਅਕਤੀਤਵ ਵਾਲਾ ਵਧੀਆ ਤਲਵਾਰਬਾਜ ਅਤੇ ਚੁਸਤ ਘੋੜਸਵਾਰਹ ਹੈ।

ਕਿ ਰੌਸ਼ਨ ਜਮੀਰ ਅਸਤੋ ਹੁਸਨ ਅਲ-ਜਮਾਲ, ਖੁਦਾਵੰਦ ਬਖਸ਼ਿੰਦਹ ਏ ਮਲਕੋ ਮਾਲ ॥( ਕਾਵਿ ਪਦ 92)

ਉਹ ਇੱਕ ਹੁਸ਼ਿਆਰ ਦਿਮਾਗ ਵਾਲਾ ਖੂਬਸੂਰਤ ਵਿਅਕਤੀ ਹੈ ਜੋ ਆਪਣੇ ਸ਼ਾਸਨ ਵਿੱਚ ਖੈਰਾਤ ਵੰਡਦਾ ਹੈ ।

ਪਰ ਔਰੰਗਜੇਬ ਵੱਲੋਂ ਕੀਤੀਆਂ ਧੋਖੇਧੜੀਆਂ , ਕੁਰਾਨ ਦੀਆਂ ਕਸਮਾਂ ਖਾ ਕੇ ਕੀਤੇ ਧੋਖੇ ਦਾ ਜਿਕਰ ਕਰਦਿਆਂ ਗੁਰੂ ਸਾਹਿਬ ਉਸਨੂੰ ਅਹੰਕਾਰੀ, ਹਕੂਮਤ ਅਤੇ ਦੌਲਤ ਨਾਲ ਅੰਨਾਂ ਸ਼ਾਸਕ ਕਹਿੰਦਿਆਂ 24ਵੇਂ ਕਾਵਿ-ਪਦ ਵਿੱਚ ਲੂੰਬੜੀ ਵਾਂਗ ਚਲਾਕ ਕਹਿਣੋ ਗੁਰੇਜ ਨਹੀਂ ਕਰਦੇ।




ਨਾ ਦਾਨਮ ਕਿ ਈਂ ਮਰਦ ਰੋਬਾਏ ਪੀਚ,ਵਗਰ ਹਰਗਿਜ ਈਂ ਰਾਹ ਨਿਯਾਯਮ ਬਹੀਚ ॥ (ਰੋਬਾਏ- ਲੂੰਬੜੀ, ਪੀਚ-ਚਲਾਕ)

ਮੈਨੂੰ ਪਤਾ ਨਹੀਂ ਸੀ ਕਿ ਉਹ (ਔਰੰਗਜੇਬ) ਏਨਾ ਲੂੰਬੜੀ ਵਾਂਗ ਚਲਾਕ ਹੈ ਨਹੀਂ ਤਾਂ ਮੈਂ ਉਹਦੇ ਅਤੇ ਉਹਦੇ ਆਦਮੀਆਂ ਦੀਆਂ ਝੂਠੀਆਂ ਕਸਮਾਂ ਤੇ ਇਸ ਜਗਹ ਤੇ ਭਾਵ ਚਮਕੌਰ ਸਾਹਿਬ ( ਅਨੰਦਪੁਰ ਛੱਡ ਕੇ ) ਨਹੀਂ ਆਉਣਾ ਸੀ ।

ਜਫਰਨਾਮਾ ਦੇ ਕਾਵਿ-ਪਦ 19 ਤੋਂ 41 ਵਿੱਚ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੀ ਲੜਾਈ ਦਾ ਵਿਸਤਰਿਤ ਜਿਕਰ ਕਰਦਿਆਂ ਜਿੱਥੇ ਉਹ ਸਿੰਘਾਂ ਦੀ ਸੂਰਮਗਤੀ ਦਾ ਵਿਖਿਆਨ ਕਰਦੇ ਹਨ, ਉਥੇ ਉਹ ਮੁਗਲ ਸ਼ਾਸਕਾਂ ਦੁਆਰਾ ਕੁਰਾਨ ਦੀਆਂ ਸੌਹਾਂ ਖਾ ਕੇ ਉਨਾਂ ਨਾਲ ਧੋਖਾ ਕਰਕੇ ਉਨਾਂ ਦੇ ਸਮੁੱਚੇ ਪਰਿਵਾਰ ਨੂੰ ਸ਼ਹੀਦ ਕਰ ਦੇਣ ਦਾ ਬਾਖੂਬੀ ਵਰਨਣ ਕਰਦੇ ਹਨ ।



ਡਾ. ਸੁਰਜੀਤ ਸਿੰਘ ਭਦੌੜ
+91-98884-88060


ਚੁ ਕਾਰ ਅਜ ਹਮਹ ਹੀਲਤੇ ਦਰ ਗੁਜਸਤ, ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ ॥( ਕਾਵਿ ਪਦ 22 )

ਚਿ ਕਸਮੇ ਕੁਰਾਂ ਮਨ ਕੁਨਮ ਏਤਬਾਰ,ਵਗਰਨਾਂ ਤੁ ਗੋਈ ਮਨ ਈ ਰਾਹ ਚਿਕਾਰ ॥( ਕਾਵਿ ਪਦ 23)

ਜਦੋਂ ਕਿਸੇ ਮਸਲੇ ਦੇ ਹੱਲ ਲਈ ਬਾਕੀ ਸਾਰੇ ਹੀਲੇ ਖਤਮ ਹੋ ਜਾਣ ਤਾਂ ਹੱਥ ਵਿੱਚ ਤਲਵਾਰ ਚੁੱਕਣਾ ਜਾਇਜ ਹੈ । ਮੈਂ ਤੇਰੀਆਂ ਕਸਮਾਂ (ਕੁਰਾਨ ਦੀ ਕਸਮ )ਤੇ ਯਕੀਨ ਕਿਵੇਂ ਕਰਾਂ ਅਤੇ ਤੂੰ ਹੀ ਦੱਸ ਕਿ ਤੇਰੇ ਤੇ ਬੇਭਰੋਸਗੀ ਤੋਂ ਬਾਅਦ ਮੈਂ ਕਿਹੜਾ ਰਾਹ ਅਪਨਾਵਾਂ।

ਗੁਰੂ ਸਾਹਿਬ ਦੀ ਵਿਸ਼ਵ ਦੀ ਅਤੇ ਕਾਵਿਕ ਸਮਝ ਦਾ ਅੰਦਾਜਾ ਉਹਨਾਂ ਵੱਲੋਂ 80ਵੇਂ ਕਾਵਿ-ਪਦ ਵਿੱਚ ਕੀਤੇ ਗਏ ਇਰਾਨ ਦੇ ਫਾਰਸੀ ਸ਼ਾਇਰ ਫਿਰਦੋਸ਼ੀ ਦੇ ਜਿਕਰ ਤੋਂ ਲਗਾਇਆ ਜਾ ਸਕਦਾ ਹੈ ਜਦੋਂ ਉਹ ਫਿਰਦੋਸੀ ਦੇ ਸ਼ਬਦਾਂ ਨੂੰ ਆਪਣੇ ਪੱਤਰ ਵਿੱਚ ਪਰੋ ਕੇ ਕਹਿੰਦੇ ਹਨ ।

ਚਿਹ ਖੁਸ਼ ਗੁਫਤ ਫਿਰਦੌਸੀ, ਏ ਖੁਸ਼ ਜਬਾਂ , ਸ਼ਿਤਾਬੀ ਬਵਦ ਕਾਰ ਅਹਿਰਮਨਾਂ ॥

ਫਿਰਦੌਸੀ ਨੇ ਆਪਣੀ ਮਿੱਠੀ ਜਬਾਨ ਚ ਕਿਹਾ ਹੈ ਕਿ ਕਾਹਲੀ ਵਿੱਚ ਕੀਤਾ ਹੋਇਆ ਕੰਮ ਸ਼ੈਤਾਨ ਦਾ ਕੰਮ ਹੁੰਦਾ ਹੈ । ਇਸ ਕਾਹਲੀ ਦੇ ਕੰਮ ਨੂੰ ਉਹ ਔਰੰਗਜੇਬ ਵੱਲੋਂ ਅਨੰਦਪੁਰ ਦੇ ਕਿਲੇ ਤੇ ਕਾਹਲੀ ਵਿੱਚ ਕੀਤੇ ਹਮਲੇ ਦੇ ਸੰਬੰਧ ਵਿੱਚ ਕਹਿੰਦੇ ਹਨ ਜਿਸ ਵਿੱਚ ਗੁਰੂ ਸਾਹਿਬ ਦੇ ਵੱਡੇ ਲਾਲ ਸ਼ਹੀਦ ਹੋਏ ਸਨ।

ਵਰਨਣਯੋਗ ਹੈ ਕਿ ਫਿਰਦੋਸੀ 17ਵੀਂ ਸਦੀ ਦਾ ਪ੍ਰਸਿੱਧ ਇਰਾਨੀ ਫਿਲਾਸਫਰ ਮੰਨਿਆਂ ਜਾਂਦਾ ਹੈ ਅਤੇ ਦੱਸਿਆ ਜਾਂਦਾ ਹੈ ਕਿ ਉਸਨੇ 60 ਹਜਾਰ ਸਤਰਾਂ ਦਾ ਇੱਕ ਫਾਰਸੀ ਦੀਵਾਨ ਲਿਖਿਆ ਸੀ । ਇਸ ਲਈ ਸਮੁੱਚੇ ਰੂਪ ਵਿੱਚ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਦੁਆਰਾ ਸਿਰਜੀ ਇਹ ਰਚਨਾ ਜਫਰਨਾਮਾ ਉਨਾਂ ਦੀ ਸ਼ਖਸੀਅਤ ਦੇ ਨਾਲ ਨਾਲ ਉਹਨਾਂ ਦੀ ਸੰਜੀਦਾ ਅਤੇ ਗੰਭੀਰ ਲੇਖਣ ਅਤੇ ਕਾਵਿਕ ਪਕੜ ਨੂੰ ਬਾਖੂਬੀ ਬਿਆਨ ਕਰਦੀ ਹੈ ।

# ਕਲਮ ਦਾ ਧਨੀ : ਜਸਵਿੰਦਰ ਸਿੰਘ "ਰੁਪਾਲ"



ਪ੍ਰੀਤਮ ਲੁਧਿਆਣਵੀ
9876428641


ਸਾਹਿਤਕ ਤੇ ਸਭਿਆਚਾਰਕ ਹਲਕਿਆ ਵਿਚ ਜਸਵਿੰਦਰ ਸਿੰਘ "ਰੁਪਾਲ" ਨਾਂਓਂ ਕਿਸੇ ਜਾਣ-ਪਛਾਣ ਦਾ ਮੁਥਾਜ਼ ਨਹੀਂ। ਪੰਜਾਬੀ ਮਾਂ-ਬੋਲੀ ਦੇ ਵਫ਼ਾਦਾਰ, ਸੁਹਿਰਦ, ਤਪੱਸਵੀਆਂ ਅਤੇ ਪੁਜਾਰੀਆਂ ਦੀ ਮੂਹਰਲੀ ਕਤਾਰ ਦੇ ਸਿਰ-ਕੱਢ ਨਾਂਵਾਂ ਵਿਚ ਬੋਲਦਾ ਹੈ ਉਨ੍ਹਾਂ ਦਾ ਨਾਂਉਂ। ਇੱਕ ਮੁਲਾਕਾਤ ਦੌਰਾਨ ਰੁਪਾਲ ਜੀ ਨੇ ਦੱਸਿਆ ਕਿ ਕਲਮ ਨਾ.ਲ ਉਨ੍ਹਾਂ ਦੀ ਸਾਂਝ ਕਾਲਜ ਦੌਰਾਨ ਪੜ੍ਹਦਿਆਂ ਐਨੀ ਪੀਡੀ ਪੈ ਗਈ ਸੀ ਕਿ ਕਾਲਜ ਦੌਰਾਨ ਉਨ੍ਹਾਂ ਨੂੰ ਕਾਲਜ-ਮੈਗਜੀਨ ਦਾ ਐਡੀਟਰ ਹੋਣ ਦਾ ਮਾਣ ਪ੍ਰਾਪਤ ਰਿਹਾ। ਇਨ੍ਹਾਂ ਦੀ ਵਿੱਦਿਅਕ ਯੋਗਤਾ ਅਤੇ ਉਚ-ਡਿਗਰੀਆਂ ਦੀ ਗੱਲ ਕਰੀਏ ਤਾਂ ਉਹ ਬੀ. ਐਸ. ਸੀ., ਬੀ.ਐਡ., ਐਮ.ਏ. ਪੰਜਾਬੀ, ਅੰਗਰੇਜ਼ੀ, ਅਰਥ-ਸ਼ਾਸ਼ਤਰ, ਜਨ-ਸੰਚਾਰ, ਮਨੋਵਿਗਿਆਨ), ਦੋ ਸਾਲਾ ਸਿੱਖ ਮਿਸ਼ਨਰੀ ਕੋਰਸ (ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ), ਦੋ ਸਾਲਾ ਧਰਮ ਅਧਿਐਨ ਪੱਤਰ ਵਿਹਾਰ ਕੋਰਸ (ਸ਼੍ਰੋ. ਗੁ. ਪ੍ਰ. ਕ., ਅੰਮ੍ਰਿਤਸਰ) ਪਾਸ ਹਨ।

ਪੜ੍ਹਾਈ ਖਤਮ ਕਰ ਕੇ ਰੁਪਾਲ ਜੀ ਅਧਿਆਪਨ ਦੇ ਕਿੱਤੇ ਨਾਲ ਜੁੜ ਗਏ। 1987 ਤੋਂ 2012 ਤੱਕ ਸਾਇੰਸ ਮਾਸਟਰ ਦੇ ਤੌਰ ਤੇ ਅਤੇ 2012 ਤੋਂ ਲੈਕਚਰਾਰ (ਅਰਥ ਸ਼ਾਸ਼ਤਰ) ਸ. ਸ. ਸ. ਸਕੂਲ, ਭੈਣੀ ਸਾਹਿਬ, (ਲੁਧਿਆਣਾ) ਅਤੇ ਅੱਜ ਕਲ੍ਹ ਸ. ਸ. ਸ. ਸ. ਕਟਾਣੀ ਕਲਾਂ ਵਿਖੇ ਸੇਵਾ ਨਿਭਾ ਰਹੇ ਹਨ।

ਰੋਜੀ-ਰੋਟੀ ਦਾ ਮਸਲਾ ਹੱਲ ਹੋ ਗਿਆ ਤਾਂ ਹੋਰ ਵੀ ਸਰਗਰਮੀ ਨਾਲ ਕਲਮ ਨੂੰ ਹਾਣੀ ਬਣਾ ਕੇ ਸਾਹਿਤਕ ਸਫ਼ਰ ਉਤੇ ਨਿਕਲ ਤੁਰੇ। ਇਸ ਹਰਫ਼ਨਮੌਲਾ ਸਖ਼ਸ਼ੀਅਤ ਨੂੰ ਓਸ ਮਾਲਕ ਦੀ ਐਸੀ ਬਖਸ਼ੀਸ਼ ਹਾਸਲ ਹੈ ਕਿ ਉਹ ਗ਼ਜ਼ਲ, ਗੀਤ, ਕਵਿਤਾ, ਹਾਇਕੂ, ਰੁਬਾਈ, ਕਹਾਣੀ ਆਦਿ ਦੇ ਨਾਲ-ਨਾਲ ਪੁਸਤਕਾਂ ਦੇ ਰਿਵਿਊ ਅਤੇ ਮੁੱਖ-ਬੰਦ ਆਦਿ ਸਾਹਿਤ ਦੀ ਹਰ ਵਿਧਾ ਵਿਚ ਪੂਰਨ ਨਿਪੁੰਨਤਾ ਹਾਸਲ ਹੈ।

ਜ਼ਿੰਦਗੀ ਦੇ ਕਦਮ-ਕਦਮ ਤੇ ਕਾਮਯਾਬੀਆਂ ਖੱਟਦੇ, ਅਨਗਿਣਤ ਸਟੇਜ਼ਾਂ ਤੋਂ ਮਾਨ-ਸਨਮਾਨ ਆਪਣੀ ਝੋ.ਲੀ ਪੁਆ ਚੁੱਕੇ ਰੁਪਾਲ ਜੀ ਦੀ ਸਾਹਿਤਕ ਤੇ ਸਭਿਆਚਾਰਕ ਜੀਵਨ ਦੀ ਗੱਲ ਚੱਲੀ ਤਾਂ ਉਨ੍ਹਾਂ ਦੱਸਿਆ ਕਿ ਉਹ 1983 ਤੋਂ ਲਿਖਦੇ ਆ ਰਹੇ ਹਨ। ਲਿਖਣ ਖੇਤਰ ਵਿੱਚ ਗ਼ਜ਼ਲ, ਗੀਤ, ਕਵਿਤਾ, ਹਾਇਕੂ, ਕਹਾਣੀ, ਮਿੰਨੀ ਕਹਾਣੀ, ਲੇਖ, ਅਲੋਚਨਾ, ਮੁਖ ਬੰਦ ਆਦਿ ਹੁਣ ਤੱਕ ਦੇਸ਼ ਅਤੇ ਵਿਦੇਸ਼ ਦੇ ਲੱਗਭੱਗ ਸਾਰੇ ਅਖ਼ਬਾਰਾਂ ਅਤੇ 40-45 ਦੇ ਕਰੀਬ ਮੈਗਜ਼ੀਨਾਂ ਵਿੱਚ ਛਪ ਚੁੱਕੇ ਅਤੇ ਛਪ ਰਹੇ ਹਨ। ਮੁੱਖ ਰੂਪ ਵਿੱਚ ਗ਼ਜ਼ਲਾਂ ਲਿਖੀਆਂ ਸਨ, ਪਰ ਹੁਣ ਲੱਗਭੱਗ ਹਰ ਰੂਪ ਹੀ ਲਿਖਿਆ ਜਾ ਰਿਹਾ ਹੈ।

ਗ਼ਜ਼ਲਾਂ ਅਤੇ ਕਵਿਤਾਵਾਂ ਦੀਆਂ ਸਾਂਝੀਆਂ ਪੁਸਤਕਾਂ ਵਿੱਚੋਂ ਜ਼ਿਕਰ ਯੋਗ ਹਨ, "ਸਾਡੇ ਰਾਹ ਦਸੇਰੇ" (ਸਾਂਝਾ ਗ਼ਜ਼ਲ ਸੰਗ੍ਰਹਿ (ਸੰਪਾ: ਕੁਲਦੀਪ ਸਿੰਘ ਅਰਸ਼ੀ), "ਪੰਜਾਬੀ ਗ਼ਜ਼ਲ' (ਸੰਪਾ: ਚਾਨਣ ਗੋਬਿੰਦਪੁਰੀ), "ਆਤਮਾ ਦੀ ਪੀੜ" (ਸਾਹਿਤ ਸਭਾ ਭੈਣੀ ਸਾਹਿਬ), "ਕਲਮਾਂ ਦੇ ਸਿਰਨਾਵੇਂ", 'ਵਿਰਸੇ ਦੇ ਪੁਜਾਰੀ' ਅਤੇ "ਰੰਗ-ਬਰੰਗੀਆਂ ਕਲਮਾਂ', (ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ, ਪੰਜਾਬ (ਰਜ਼ਿ:), 'ਫੁੱਲਾਂ ਭਰੀ ਚੰਗੇਰ' (ਸੰਪਾਦਕ ਕਾਬਲ ਵਿਰਕ), "ਮਹਿਫ਼ਿਲ ਸ਼ੇਅਰਾਂ ਦੀ' (ਸੰਪਾ: ਗੁਰਦਿਆਲ ਰੋਸ਼ਨ), 'ਪੰਜਾਬੀ ਹਾਇਕੂ ਰਿਸ਼ਮਾਂ' ਵਿਚ 50 ਹਾਇਕੂ ਅਤੇ 'ਇਕੋ ਰਾਹ ਦੇ ਪਾਂਧੀ' (ਤਾਂਕਾ ਸੰਗ੍ਰਹਿ) ਵਿਚ 50 ਤਾਂਕੇ ਸ਼ਾਮਿਲ (ਸੰਪਾਦਕ ਪਰਮਜੀਤ ਰਾਮਗੜ੍ਹੀਆ), 'ਕਲਮ 5ਆਬ ਦੀ ਕਾਵਿ 2018' (ਸੰਪਾਦਕ ਜਸਵਿੰਦਰ ਪੰਜਾਬੀ), 'ਪੰਜਾਬੀ ਲੋਕਧਾਰਾ ਦਾ ਮੁਹਾਂਦਰਾ' (ਸੰਪਾ : ਗੁਰਸੇਵਕ ਸਿੰਘ ਧੌਲਾ), ਅਤੇ 'ਸੂਰਜਾਂ ਦੇ ਵਾਰਿਸ', (ਸੰਪਾਦਕ ਗੁਰਪ੍ਰੀਤ ਸਿੰਘ ਥਿੰਦ) ਆਦਿ। 1986 ਦੀ ਸਰਬੋਤਮ ਪੰਜਾਬੀ ਕਵਿਤਾ" (ਭਾਸ਼ਾ ਵਿਭਾਗ, ਪੰਜਾਬ, ਪਟਿਆਲਾ) ਵਿੱਚ ਇੱਕ ਗ਼ਜ਼ਲ ਸਰਬੋਤਮ ਕਵਿਤਾ ਵਜੋਂ ਚੁਣੀ ਗਈ। ਪੰਜਾਬੀ ਲੇਖਕਾਂ ਅਤੇ ਪੱਤਰਕਾਰਾਂ ਦੀ ਡਾਇਰੈਕਟਰੀ" ਵਿੱਚ ਫੋਟੋ ਸਮੇਤ ਜ਼ਿਕਰ। ਜਦ ਕਿ ਕਹਾਣੀਆਂ ਤੇ ਮਿੰਨੀ ਕਹਾਣੀ -ਪੁਸਤਕਾਂ ਵਿੱਚ, "ਰਾਹ ਦਸੇਰੀਆਂ" (ਸੰਪਾ: ਕੁਲਦੀਪ ਸਿੰਘ ਅਰਸ਼ੀ), 'ਸੰਧੂਰੀ ਕਲਮਾਂ" (ਸੰਪਾ: ਡਾ.ਗੁਰਚਰਨ ਸਿੰਘ ਸੇਕ) '"ਕੀਮੇ ਦੇ ਕੋਫ਼ਤੇ" (ਸੰਪਾ: ਡਾ.ਅਜੀਤ ਸਿੰਘ) 'ਕਹਾਣੀ ਅੱਗੇ ਤੁਰਦੀ ਗਈ' "(ਸੰਪਾ: ਜਗਤਾਰ ਸਿੰਘ ਦਿਓਲ) ਅਤੇ "ਮਿੰਨੀ ਕਹਾਣੀ ਸੰਗ੍ਰਹਿ' (ਸੰਪਾ: ਹਰਭਜਨ ਸਿੰਘ ਖੇਮਕਰਨੀ) ਆਦਿ ਵਰਣਨ ਯੋਗ ਹਨ।



ਇਵੇਂ ਹੀ "ਪੱਤਰ ਸਾਹਿਤ" ਦੀ ਪੁਸਤਕ "ਰਿਸ਼ਮਾਂ ਦਾ ਸਿਰਨਾਵਾਂ" (ਸੰਪਾ: ਕੁਲਦੀਪ ਸਿੰਘ ਅਰਸ਼ੀ) ਵਿੱਚ 14 ਪੱਤਰ ਛਪੇ ਹਨ। ਅਲੋਚਨਾਤਮਕ ਲੇਖ ਤੇ ਪੁਸਤਕ ਰੀਵੀਊ ਖੇਤਰ ਵਿਚ, 'ਸੰਤਾਂ ਦੇ ਕੌਤਕ' (ਵਾਰਤਕ - ਹਰਜਿੰਦਰ ਸਿੰਘ ਸਭਰਾ), 'ਸਾਡਾ ਬੇੜਾ ਇਉਂ ਗਰਕਿਆ' (ਲੇਖ ਸੰਗ੍ਰਹਿ -ਇੰਦਰ ਸਿੰਘ ਘੱਗਾ), 'ਕੌਣ ਤਾਕਤਵਰ-ਕਲਮ ਕਿ ਬੰਦੂਕ' (ਕਹਾਣੀ ਸੰਗ੍ਰਹਿ -ਤਰਲੋਕ ਮਨਸੂਰ), 'ਦੇਹ.ਲੀ ਤੇ ਬੈਠੀ ਉਡੀਕ' (ਕਾਵਿ ਸੰ-ਗ੍ਰਹਿ -ਸੁਰਿੰਦਰ ਰਾਮ-ਪੁਰੀ), 'ਪੀੜਾਂ ਤੇ ਪੈੜਾਂ'(ਕਾਵਿ ਸੰਗ੍ਰਹਿ -ਰਵਨੀਤ ਕੌਰ), 'ਸੰਦਲੀ ਪੈੜਾਂ' (ਨਾਰੀ ਹਾਇਕੂ ਸੰਗ੍ਰਹਿ- ਸੰ: ਪਰਮਜੀਤ ਰਾਮਗੜ੍ਹੀਆ) ਆਦਿ ਹਨ।

ਇੱਥੇ ਹੀ ਬਸ ਨਹੀਂ 'ਨਾਨਕ ਸਾਚੇ ਕਉ ਸਚੁ ਜਾਣ' "(ਲੇਖ-ਸੰਗ੍ਰਹਿ) ਅਤੇ ਹੋਰ ਕਈ ਪੁਸਤਕਾਂ ਦੇ ਮੁੱਖਬੰਦ ਲਿਖੇ ਹਨ। .....ਸੰਪਾਦਕੀ ਖੇਤਰ ਵੱਲ ਨਜ਼ਰ ਮਾਰੀਏ ਤਾਂ ਕਾਲਜ਼ ਦੀ ਮੈਗਜ਼ੀਨ 'ਮੀਰੀ ਪੀਰੀ' (1985-86), 'ਸਾਡਾ ਵਿਰਸਾ ਸਾਡਾ ਗੌਰਵ' (1990-92) ਪਰਚੇ ਦੇ ਸੰਪਾਦਕੀ ਬੋਰਡ ਦੇ ਮੈਂਬਰ, ਸਕੂਲ- ਮੈਗਜ਼ੀਨ 'ਲੋਅ' (2013-14), ਇਟਲੀ ਦਾ 'ਯੂਰਪ ਟਾਈਮਜ਼' ਅਕਤੂਬਰ 2014 ਤੋਂ ਸਲਾਹਕਾਰ, ਜ਼ਰਮਨ ਤੋਂ ਨਿਕਲਦੇ ਈ-ਪੇਪਰ, 'ਪੰਜਾਬੀ ਸਾਂਝ' ਦੇ ਅਪ੍ਰੈਲ 2017 ਤੋਂ ਬਤੌਰ ਸਹਿ-ਸੰਪਾਦਕ ਮਾਣ ਕਰਨ ਯੋਗ ਸੇਵਾਵਾਂ ਹਨ। ਫਿਰ ਪੇਪਰ ਅਤੇ ਖੋਜ਼-ਭਰਪੂਰ ਲੇਖ-ਲੜੀ ਵਿਚ ਪੁਸਤਕ (ਨਨਕਾਣਾ ਸਾਹਿਬ ਐਜੂਕੇਸ਼ਨ ਕਾਲਜ, ਕੋਟ ਗੰਗੂ ਰਾਇ ਵਲੋ ਪ੍ਰਕਾਸ਼ਿਤ) (ਸੰਪਾ: ਡਾ.ਬਲਜੀਤ ਕੌਰ) ਵਿਚ ਇਕ ਪੇਪਰ, "'ਲਿੰਗ-ਭੇਦ ਘਟਾਉਣ ਲਈ ਵਿਦਿਆਰਥੀਆਂ ਦੀ ਗਾਈਡੈਂਸ ਅਤੇ ਕਾਉਂਸਲਿੰਗ" ਛਪਿਆ। ਪੁਸਤਕ, "ਗੁਰੂ ਗੋਬਿੰਦ ਸਿੰਘ ਜੀ ਦੀ ਵਿਚਾਰਧਾਰਾ- ਸਮਕਾਲੀ ਸੰਦਰਭ'" (ਰਾਮਗੜ੍ਹੀਆ ਗਰਲਜ ਕਾਲਜ, ਲੁਧਿਆਣਾ ਵਲੋਂ ਪ੍ਰਕਾਸ਼ਿਤ) (ਸੰਪਾ: ਡਾ. ਇੰਦਰਜੀਤ ਕੌਰ, ਡਾ. ਰਿਪਨਦੀਪ ਕੌਰ) ਵਿੱਚ ਪੇਪਰ "ਗੁਰੂ ਗੋਬਿੰਦ ਸਿੰਘ ਜੀ ਦਾ ਦਰਵੇਸ਼ੀ ਰੂਪ', ਪੁਸਤਕ 'ਜਬੈ ਬਾਣਿ ਲਾਗਯੋ' (ਸੰਪਾ : ਪ੍ਰੋ. ਬਲਵਿੰਦਰਪਾਲ ਸਿੰਘ) ਵਿਚ ਲੇਖ, "ਕਮਿਊਨਿਜ਼ਮ ਦਾ ਗੁਰਮਤਿ ਨਾਲ ਕਿਉਂ ਹੈ ਵਿਰੋਧ", 'ਗੁਰੂ ਨਾਨਕ ਦਾ ਧਰਮ-ਯੁੱਧ' -(ਸੰਪਾਦਕ ਪ੍ਰੋ. ਬਲਵਿੰਦਰਪਾਲ ਸਿੰਘ) ਵਿਚ ਲੇਖ 'ਗੁਰੂ ਨਾਨਕ ਦਾ ਚਿੰਤਨ ਅਤੇ ਡੇਰਾਬਾਦ' : ਪੰਜਾਬੀ ਲੋਕ-ਧਾਰਾ ਗਰੁਪ ਵਲੋ 'ਪੰਜਾਬੀ ਲੋਕਧਾਰਾ ਦਾ ਮੁਹਾਂਦਰਾ' ਪੁਸਤਕ ਵਿੱਚ ਕੁਝ ਲੋਕ-ਧਾਰਾ ਨਾਲ ਸੰਬੰਧਿਤ ਲੇਖ : 'ਜਗਤ ਗੁਰ ਬਾਬਾ' (ਪੰਜਾਬੀ ਸੱਥ ਵਾਰਸਾਲ, ਯੂ.ਕੇ.ਵਲੋਂ ਪ੍ਰਕਾਸ਼ਿਤ) ਵਿਚ ਲੇਖ 'ਗੁਰੂ ਨਾਨਕ ਚਿੰਤਨ ਦੇ ਇਨਕਲਾਬੀ ਪਹਿਲੂ' ਛਪਿਆ। ਇਸੇ ਪੁਸਤਕ ਦੇ ਹਿੰਦੀ ਅਤੇ ਅੰਗਰੇਜ਼ੀ ਅਨੁਵਾਦ ਵੀ ਛਾਪੇ ਗਏ।

ਰੇਡਿਓ ਖੇਤਰ ਵਿਚ, 'ਹਰਮਨ ਰੇਡਿਓ' ਆਸਟਰੇਲੀਆ ਤੋਂ ਪ੍ਰੋਗਰਾਮ "ਦਿਲ ਤੋਂ' ਵਿੱਚ ਮਿੰਨੀ ਕਹਾਣੀ ਲੇਖਕ ਵਜੋ: 'ਕੌਮੀ ਆਵਾਜ਼ ਰੇਡਿਓ' ਆਸਟਰੇਲੀਆ' ਤੋਂ ਇੰਟਰਵਿਊ। (ਇੰਟਰਵਿਊ ਕਰਤਾ : ਕੁਲਜੀਤ ਕੌਰ ਗਜ਼ਲ) ਆਦਿ ਇੱਕ ਲੰਬੀ ਲਿਸਟ ਹੈ" ਰੁਪਾਲ ਜੀ ਦੀਆਂ ਮਾਣ-ਮੱਤੀਆਂ ਸੇਵਾਵਾਂ ਦੀ।

ਪੰਜਾਬੀ ਸਾਹਿਤ ਦੇ ਅਮੀਰ ਵਿਰਸੇ ਨੂੰ ਪ੍ਰਫੁੱਲਤ ਕਰਨ ਵਿਚ ਦਿਨ ਰਾਤ ਇਕ ਕਰਨ ਵਾਲੇ ਜਸਵਿੰਦਰ ਸਿੰਘ ਰੁਪਾਲ ਜੀ ਤੋਂ ਪੰਜਾਬੀ ਮਾਂ-ਬੋਲੀ ਨੂੰ ਢੇਰ ਸਾਰੀਆਂ ਆਸਾਂ ਤੇ ਉਮੀਦਾਂ ਹਨ।

ਰੱਬ ਕਰੇ! ਵਿਰਸੇ ਦੀ ਸਾਂਭ-ਸੰਭਾਲ ਅਤੇ ਇਸਦਾ ਮੂੰਹ-ਮੁਹਾਂਦਰਾਂ ਸਵਾਰਨ ਵਿਚ ਲੱਗੇ ਹੋਏ ਇਸ ਕਲਮ ਦੇ ਧਨੀ ਜਸਵਿੰਦਰ ਸਿੰਘ "ਰੁਪਾਲ ਨੂੰ ਲਗਾਤਾਰ ਜੁਟੇ ਰਹਿਣ ਦਾ ਮਾਲਕ ਹੋਰ ਵੀ ਬਲ ਬਖਸ਼ੇ !

**ਸੰਪਰਕ : ਜਸਵਿੰਦਰ ਸਿੰਘ "ਰੁਪਾਲ",**
**ਲੁਧਿਆਣਾ-(9814715796)**

### 25 ਅਪ੍ਰੈਲ ਨੂੰ ਰਮਜ਼ਾਨ ਦੇ ਆਰੰਭ ਤੇ ਵਿਸ਼ੇਸ਼

# ਬੁਰੇ ਕੰਮਾਂ ਤੋਂ ਬਚ ਕੇ ਚੰਗੇ ਕੰਮ ਕਰਨ ਦਾ ਨਾਮ ਹੈ, ਰੋਜ਼ਾ

ਇਸਲਾਮ ਧਰਮ ਪੰਜ ਥੰਮਾਂ ਜਾਂ ਸਿਧਾਤਾਂ ਤੇ ਖੜ੍ਹਾ ਹੈ। ਜਿਸ ਵਿੱਚ ਸਭ ਤੋਂ ਪਹਿਲਾਂ ਥੰਮ ਹੈ ਇੱਕ ਰੱਬ ਤੇ ਵਿਸ਼ਵਾਸ਼ ਕਰਨਾ ਤੇ ਕੇਵਲ ਉਸ ਦੀ ਹੀ ਪੂਜਾ/ਬੰਦਗੀ ਕਰਨਾ ਅਤੇ ਮੁਹੰਮਦ (ਸਲ.) ਨੂੰ ਪੈਗੰਬਰ ਮੰਨ ਕੇ ਉਹਨਾਂ ਦੁਆਰਾ ਆਪਣੇ ਜੀਵਨ ਵਿੱਚ ਅਪਣਾਏ ਸਿਧਾਤਾਂ ਨੂੰ ਅਪਣਾਉਣਾ ਹੈ। ਦੂਜਾ ਹੈ ਦਿਨ 'ਚ ਪੰਜ ਵਾਰ ਨਮਾਜ਼ ਪੜ੍ਹਨਾ ਭਾਵ ਆਪਣੇ ਰੱਬ ਦੀ ਪੂਜਾ ਕਰਨਾ ਹੈ। ਤੀਜਾ ਥੰਮ ਹੈ ਜ਼ਕਾਤ ਭਾਵ ਆਪਣੀ ਨੇਕ ਕਮਾਈ ਦਾ 40ਵਾਂ ਹਿੱਸਾ (ਢਾਈ ਪ੍ਰਤੀਸ਼ਤ) ਗਰੀਬਾਂ, ਯਤੀਮਾਂ, ਲੋੜਵੰਦਾਂ ਨੂੰ ਰੱਬ ਦੀ ਰਜ਼ਾ ਲਈ ਦਾਨ ਦੇਣਾ ਹੈ। ਚੋਥਾ ਹੈ ਰਮਜ਼ਾਨ ਦੇ ਪਵਿੱਤਰ ਮਹੀਨੇ ਵਿੱਚ ਇੱਕ ਮਹੀਨੇ ਦੇ ਰੋਜ਼ੇ/ਵਰਤ ਰੱਖਣਾ ਹੈ। ਪੰਜਵਾਂ ਥੰਮ ਹੈ ਹੱਜ ਕਰਨਾ। ਭਾਵ ਆਪਣੀ ਜਿੰਦਗੀ ਵਿੱਚ ਇੱਕ ਵਾਰ ਮੱਕੇ (ਜੋ ਕਿ ਸਾਊਦੀ ਅਰਬ ਦਾ ਇੱਕ ਸ਼ਹਿਰ ਹੈ ਅਤੇ ਮੁਹੰਮਦ ਸਾਹਿਬ ਦਾ ਜਨਮ ਸਥਾਨ ਹੈ) ਦੀ ਯਾਤਰਾ ਕਰਨੀ।

ਰਮਜ਼ਾਨ ਦਾ ਪਵਿੱਤਰ ਮਹੀਨਾ ਅਰਬੀ ਸੰਨ ਹਿਜ਼ਰੀ (ਜੋ ਕਿ ਚੰਦਰਮਾ ਅਨੁਸਾਰ ਹਨ) ਦਾ ਨੌਵਾਂ ਮਹੀਨਾ ਹੈ। ਸ਼ਾਬਾਨ ਅੱਠਵਾਂ ਮਹੀਨਾ ਹੈ। ਖ਼ੁਦਾ ਦੇ ਨੇਕ ਬੰਦੇ ਸ਼ਾਬਾਨ ਮਹੀਨਾ ਸ਼ੁਰੂ ਹੁੰਦੇ ਹੀ ਰਮਜ਼ਾਨ ਦੀਆਂ ਤਿਆਰੀਆਂ ਸ਼ੁਰੂ ਕਰ ਦਿੰਦੇ ਹਨ।ਇਸਲਾਮ ਧਰਮ ਦੇ ਬਹੁਤ ਸਾਰੇ ਹੁਕਮਾਂ ਵਾਂਗ ਰੋਜ਼ਾ ਵੀ ਸਹਿਜੇ-ਸਹਿਜੇ ਫਰਜ਼ ਕੀਤਾ ਗਿਆ। ਹਜ਼ਰਤ ਮੁਹੰਮਦ (ਸ.) ਨੇ ਸ਼ੁਰੂ ਵਿੱਚ ਮੁਸਲਮਾਨਾਂ ਨੂੰ ਹਰ ਮਹੀਨੇ ਕੇਵਲ ਤਿੰਨ ਦਿਨਾਂ ਦੇ ਰੋਜ਼ੇ ਰੱਖਣ ਦੀ ਹਦਾਇਤ ਕੀਤੀ ਸੀ। ਪਰ ਇਹ ਰੋਜ਼ੇ ਫਰਜ਼ ਨਹੀਂ ਸਨ। ਫਿਰ ਸੰਨ 2 ਹਿਜ਼ਰੀ ਵਿੱਚ ਰਮਜ਼ਾਨ ਮਹੀਨੇ ਦੇ ਰੋਜ਼ਿਆਂ ਦਾ ਹੁਕਮ ਕੁਰਆਨ ਵਿੱਚ ਨਾਜ਼ਲ ਹੋਇਆ। ਕਿਹਾ ਗਿਆ ਉਹੇ ਈਮਾਨ ਲਿਆਉਣ ਵਾਲਿਓ ਰੱਬ ਦੇ ਹੁਕਮ ਨਾਲ ਤੁਹਾਡੇ ਉੱਪਰ ਰੋਜ਼ੇ ਫਰਜ਼ ਕਰ ਦਿੱਤੇ ਗਏ ਹਨ।ਜਿਸ ਤਰ੍ਹਾਂ ਤੁਹਾਡੇ ਤੋਂ ਪਹਿਲੀਆਂ ਉਮਤਾਂ ਤੇ ਫਰਜ਼ ਕੀਤੇ ਗਏ ਸਨ ਤਾਂ ਕਿ ਤੁਹਾਡੇ ਵਿੱਚ ਪਰਹੇਜ਼ਗਾਰੀ ਦਾ ਗੁਣ ਪੈਦਾ ਹੋ ਜਾਵੇ। ਇੱਥੇ ਇਹ ਗੱਲ ਧਿਆਨ ਦੇਣ ਵਾਲੀ ਹੈ ਕਿ ਬਿਮਾਰਾਂ, ਮੁਸਾਫਰਾਂ, ਗਰਭਵਤੀ ਜਾਂ ਦੁੱਧ ਚੁੰਘਾਉਣ ਵਾਲੀਆਂ ਇਸਤਰੀਆਂ ਲਈ ਭਾਵ ਜਿਹਨਾਂ ਵਿੱਚ ਰੋਜ਼ਾ ਰੱਖਣ ਦੀ ਤਾਕਤ ਨਾ ਹੋਵੇ ਉਨ੍ਹਾਂ ਨੂੰ ਰੋਜੇ ਰੱਖਣ ਤੋਂ ਛੋਟ ਦਿੱਤੀ ਗਈ ਹੈ। ਪਰਹੇਜ਼ਗਾਰੀ ਤੋਂ ਭਾਵ ਆਪਣੇ ਨਫ਼ਸ ਤੇ ਕਾਬੂ ਰੱਖਣਾ ਹੈ। ਇਸ ਮਹੀਨੇ ਵਿੱਚ ਇਸਲਾਮ ਧਰਮ ਦੀ ਪਵਿੱਤਰ ਕਿਤਾਬ ਕੁਰਆਨ ਸ਼ਰੀਫ਼ ਨਾਜ਼ਲ ਹੋਈ। ਇਸ ਕਰਕੇ ਇਸ ਨੂੰ ਕੁਰਆਨ ਦੀ ਸਾਲ ਗਿਰਾਹ ਦਾ ਮਹੀਨਾ ਵੀ ਕਿਹਾ ਜਾਂਦਾ ਹੈ।

ਇਸ ਤਰ੍ਹਾਂ ਰਮਜ਼ਾਨ ਦਾ ਮਹੀਨਾ ਜਿਸ ਨੂੰ ਪਵਿੱਤਰ ਅਤੇ ਬਰਕਤਾਂ ਵਾਲਾ ਮਹੀਨਾ ਕਿਹਾ ਜਾਂਦਾ ਹੈ ਇਸਲਾਮ ਜਗਤ ਵਿੱਚ ਬਹੁਤ ਮਹੱਤਤਾ ਰੱਖਦਾ ਹੈ। ਇਸ ਮਹੀਨੇ ਵਿੱਚ ਇਸਲਾਮ ਨੂੰ ਮੰਨਣ ਵਾਲੇ ਭਾਵ ਮੁਸਲਮਾਨ ਪੂਰੇ ਮਹੀਨੇ ਦੇ ਰੋਜ਼ੇ (ਵਰਤ) ਰੱਖਦੇ ਹਨ। ਇਸ ਵਿੱਚ ਰੱਬ ਵੱਲੋਂ ਆਪਣੀ ਇਬਾਦਤ (ਪੂਜਾ) ਕਰਨ ਦਾ ਬਦਲ 70 ਗੁਣਾ ਤੱਕ ਵਧਾ ਦਿੱਤਾ ਜਾਂਦਾ ਹੈ। ਇਸ ਦੀ ਮਹੱਤਤਾ ਨੂੰ ਦੱਸਦੇ ਹੋਏ ਇਸਲਾਮ ਧਰਮ ਦੇ ਆਖਰੀ ਪੈਗੰਬਰ ਹਜ਼ਰਤ ਮੁਹੰਮਦ (ਸਲ.) ਨੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਉਐ ਲੋਕੋ ਤੁਹਾਡੇ ਸਾਹਮਣੇ ਇੱਕ ਬਹੁਤ ਮੁਬਾਰਕ ਅਤੇ ਬਰਕਤਾਂ ਵਾਲਾ ਮਹੀਨਾ ਆਉਣ ਵਾਲਾ ਹੈ। ਇਸ ਵਿੱਚ ਇੱਕ ਰਾਤ ਅਜਿਹੀ ਵੀ ਹੈ ਜਿਸ ਵਿੱਚ ਕੀਤੀ ਇਬਾਦਤ ਹਜ਼ਾਰ ਮਹੀਨਿਆਂ ਵਿੱਚ ਕੀਤੀ ਇਬਾਦਤ ਤੋਂ ਚੰਗੀ ਹੈ। ਇਸ ਦੇ ਰੋਜ਼ਿਆਂ ਨੂੰ ਰੱਬ ਨੇ ਤੁਹਾਡੇ ਤੇ ਫ਼ਰਜ਼ ਕੀਤਾ ਹੈ ਅਤੇ ਰਾਤ ਦੇ ਕਿਆਮ ਭਾਵ ਤਰਾਬੀ ਦੀ ਨਮਾਜ਼ ਨੂੰ ਤੁਹਾਡੇ ਲਈ ਸਵਾਬ (ਪੁੰਨ) ਦੀ ਚੀਜ਼ ਬਣਾਇਆ ਹੈ। ਕੋਈ ਵੀ ਮਨੁੱਖ ਜੋ ਇਸ ਮਹੀਨੇ ਵਿੱਚ ਚੰਗਾ ਕੰਮ ਕਰੇਗਾ ਉਸ ਨੂੰ ਫਰਜ਼ ਅਦਾ ਕਰਨ ਦੇ ਬਰਾਬਰ ਸਵਾਬ ਦਿੱਤਾ ਜਾਵੇਗਾ ਤੇ ਜੋ ਫ਼ਰਜ਼ ਅਦਾ ਕਰੇਗਾ ਉਸ ਨੂੰ 70 ਫ਼ਰਜ਼ ਅਦਾ ਕਰਨ ਦੇ ਬਰਾਬਰ ਸਵਾਬ ਦਿੱਤਾ ਜਾਵੇਗਾ"। ਇਹ ਸਬਰ ਦਾ ਮਹੀਨਾ ਹੈ ਤੇ ਮੁਹੰਮਦ (ਸਲ.) ਦੇ ਅਨੁਸਾਰ ਸਬਰ ਦਾ ਬਦਲਾ ਜੰਨਤ (ਸਵਰਗ) ਹੈ। ਇਹ ਗਰੀਬਾਂ, ਯਤੀਮਾਂ, ਵਿਧਵਾਵਾਂ ਆਦਿ ਨਾਲ ਭਲਾਈ ਅਤੇ ਹਮਦਰਦੀ ਕਰਨ ਦਾ ਮਹੀਨਾ ਹੈ। ਇਸ ਮਹੀਨੇ ਵਿੱਚ ਜਿਸ ਵਿਅਕਤੀ ਉਪੱਰ ਜ਼ਕਾਤ ਫਰਜ਼ ਹੈ ਉਸ ਨੂੰ ਆਪਣੀ ਆਮਦਨ/ਮਾਲ ਵਿੱਚੋਂ 40 ਵਾਂ ਹਿੱਸਾ (2.5%) ਲੋੜਵੰਦਾਂ, ਗਰੀਬਾਂ, ਯਤੀਮਾਂ, ਵਿਧਵਾਵਾਂ ਆਦਿ ਨੂੰ ਦਾਨ ਕਰਨ ਦਾ ਹੁਕਮ ਦਿੱਤਾ ਗਿਆ ਹੈ। ਇਸ ਮਹੀਨੇ ਦੇ ਪਹਿਲੇ ਹਿੱਸੇ ਨੂੰ ਰਹਿਮਤ ਦਾ, ਦੂਜੇ ਹਿੱਸੇ ਨੂੰ ਮਗਫ਼ਿਰਤ ਦਾ ਅਤੇ ਤੀਸਰੇ ਹਿੱਸੇ ਨੂੰ ਜਹੰਨਮ/ਨਰਕ ਤੋਂ ਛੁਟਕਾਰੇ ਦਾ ਕਿਹਾ ਗਿਆ ਹੈ।

ਇਸ ਮਹੀਨੇ ਵਿੱਚ ਨੌਕਰਾਂ ਦੇ ਕੰਮ ਨੂੰ ਘੱਟ ਕਰਨ ਦਾ ਹੁਕਮ ਦਿੱਤਾ ਗਿਆ ਹੈ। ਮੁਹੰਮਦ (ਸਲ.) ਨੇ ਕਿਹਾ ਉਜੋ ਵਿਅਕਤੀ ਆਪਣੇ ਰੱਬ ਨੂੰ ਖੁਸ਼ ਕਰਨ ਲਈ ਕਿਸੇ ਰੋਜ਼ੇਦਾਰ ਦਾ ਰੋਜ਼ਾ ਇਫਤਾਰ ਕਰਵਾਏਗਾ ਅੱਲ੍ਹਾ ਉਸ ਨੂੰ ਵੀ ਰੋਜ਼ਾ ਰੱਖਣ ਵਾਲੇ ਦੇ ਬਰਾਬਰ ਦਾ ਸਵਾਬ ਦੇਣਗੇ ਜਦੋਂ ਕਿ ਰੋਜ਼ਾ ਰੱਖਣ ਵਾਲੇ ਦੇ ਸਵਾਬ ਵਿੱਚ ਕਿਸੇ ਤਰ੍ਹਾਂ ਦੀ ਕੋਈ ਕਮੀ ਨਹੀਂ ਕੀਤੀ ਜਾਵੇਗੀ"।

ਇਸ ਗੱਲ ਨੂੰ ਲੈ ਕਿ ਅਕਸਰ ਰਮਜ਼ਾਨ ਦੇ ਮਹੀਨੇ ਵਿੱਚ ਵੱਡੇ-ਵੱਡੇ ਨੇਤਾਵਾਂ ਅਤੇ ਅਸਰ ਰਸੂਖ ਰੱਖਣ ਵਾਲੇ ਵਿਅਕਤੀਆਂ ਦੁਆਰਾ ਇਫਤਾਰ ਪਾਰਟੀਆਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਇਹਨਾਂ ਇਫਤਾਰ ਪਾਰਟੀਆਂ ਨੂੰ ਦੇਖਣ ਤੋਂ ਤਾਂ ਇਹ ਲੱਗਦਾ ਹੈ ਕਿ ਇਹ ਇਫਤਾਰ ਪਾਰਟੀਆਂ ਰੱਬ ਨੂੰ ਖੁਸ਼ ਕਰਨ ਲਈ ਨਹੀਂ ਸਗੋਂ ਆਪਣੇ ਹਿੱਤਾਂ ਦੀ ਪੂਰਤੀ ਲਈ ਰੱਖੀਆਂ ਜਾਂਦੀਆਂ ਹਨ।ਇਹਨਾਂ ਇਫਤਾਰ ਪਾਰਟੀਆਂ ਤੋਂ ਲੋੜਵੰਦਾਂ, ਗਰੀਬਾਂ, ਯਤੀਮਾਂ, ਵਿਧਵਾਵਾਂ ਆਦਿ ਨੂੰ ਦੂਰ ਹੀ ਰੱਖਿਆ ਜਾਂਦਾ ਹੈ ਕੇਵਲ ਉਹਨਾਂ ਲੋਕਾਂ ਨੂੰ ਹੀ ਬੁਲਾਇਆ ਜਾਂਦਾ ਹੈ ਜਿਹਨਾਂ ਤੋਂ ਕਿਸੇ ਪ੍ਰਕਾਰ ਦੇ ਹਿੱਤਾਂ ਦੀ ਪੂਰਤੀ ਕਰਨੀ ਹੋਵੇ। ਫਿਰ ਭਾਵੇਂ ਇਫਤਾਰ ਪਾਰਟੀ ਵਿੱਚ ਸ਼ਾਮਿਲ ਹੋਣ ਵਾਲੇ ਦਾ ਰੋਜ਼ਾ ਹੋਵੇ ਜਾ ਨਾ ਹੋਵੇ। ਇਸ ਤਰ੍ਹਾਂ ਦੀਆਂ ਇਫਤਾਰ ਪਾਰਟੀਆਂ ਇਸਲਾਮ ਦੇ ਸਿਧਾਤਾਂ ਨਾਲ ਮੇਲ ਨਹੀਂ ਖਾਂਦੀਆ।

ਦੂਸਰੀ ਜੋ ਸਭ ਤੋਂ ਵੱਡੀ ਕਮੀ ਅੱਜ ਕੱਲ ਦੇ ਰੋਜ਼ਾ ਰੱਖਣ ਵਾਲਿਆ 'ਚ ਦੇਖਣ ਨੂੰ ਮਿਲਦੀ ਹੈ। ਉਹ ਇਹ ਹੈ ਸਵੇਰ ਤੋਂ ਸ਼ਾਮ ਤੱਕ ਭੁੱਖੇ ਤਾਂ ਰਹਿ ਲੈਂਦੇ ਹਨ ਪਰ ਜਿਹਨਾਂ ਚੀਜਾਂ ਤੋਂ ਰੋਜ਼ਾ ਰੱਖ ਕੇ ਬਚਣ ਲਈ ਕਿਹਾ ਗਿਆ ਹੈ ਉਨ੍ਹਾਂ ਤੋਂ ਨਹੀਂ ਬਚਦੇ। ਮੁਹੰਮਦ (ਸਲ.) ਨੇ ਕਿਹਾ ਸੀ ਕਿ ਉਰੋਜ਼ਾ ਕੇਵਲ ਭੁੱਖੇ ਰਹਿਣ ਦਾ ਨਾਮ ਨਹੀਂ ਸਗੋ ਹਰ ਤਰਾਂ ਦੇ ਬੁਰੇ ਕੰਮਾਂ ਤੋਂ ਬਚ ਕੇ ਚੰਗੇ ਕੰਮ ਕਰਨ ਦਾ ਨਾਮ ਹੈ। ਸ਼ਰੀਰ ਦੇ ਹਰੇਕ ਅੰਗ ਭਾਵ ਹੱਥ, ਕੰਨ, ਨੱਕ, ਅੱਖ, ਜ਼ੁਬਾਨ ਆਦਿ ਦਾ ਵੀ ਰੋਜ਼ਾ ਹੁੰਦਾ ਹੈ।ਇਹਨਾਂ ਦੀ ਹਰ ਬੁਰੇ ਕੰਮ ਤੋਂ ਹਿਫਾਜ਼ਤ ਕਰਨੀ ਬਹੁਤ ਜਰੂਰੀ ਹੈ"।



ਮੁਹੰਮਦ ਬਸ਼ੀਰ
91-94171-58300

ਅਸਲ ਵਿੱਚ ਰਮਜ਼ਾਨ ਦਾ ਮਹੀਨਾ ਹਰ ਤਰ੍ਹਾਂ ਦੇ ਬੁਰੇ ਕੰਮਾਂ ਨੂੰ ਛੱਡ ਕੇ ਚੰਗੇ ਕੰਮ ਕਰਨ ਦਾ ਅਭਿਆਸ ਹੈ ਤਾਂ ਕਿ ਇਸ ਅਭਿਆਸ ਦੇ ਨਾਲ ਮਨੁੱਖ ਸਾਰਾ ਸਾਲ ਬੁਰਾਈਆਂ ਤੋਂ ਬਚ ਕੇ ਮਨੁੱਖਤਾ ਦੀ ਸੇਵਾ ਕਰਨ ਵਾਲਾ ਬਣੇ ਜਾਂ ਇਹ ਕਿਹਾ ਜਾ ਸਕਦਾ ਹੈ ਕਿ ਨਫਸ ਦੇ ਖਿਲਾਫ ਜਿਹਾਦ ਦਾ ਦੂਜਾ ਨਾਮ ਰੋਜ਼ਾ ਹੈ।

ਮੁਹੰਮਦ (ਸਲ.) ਦੇ ਵਿਚਾਰਾਂ ਨੂੰ ਜਾਨਣ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਰੋਜ਼ਾ ਕੇਵਲ ਭੁੱਖੇ ਪਿਆਸੇ ਰਹਿਣ ਦਾ ਨਾਮ ਨਹੀਂ ਸਗੋਂ ਬੁਰਾਈ ਨੂੰ ਛੱਡ ਕੇ ਅੱਛਾਈ ਨੂੰ ਅਪਣਾਉਣ ਦਾ ਨਾਮ ਹੈ।ਇਸ ਲਈ ਰੋਜ਼ਾ ਰੱਖਣ ਵਾਲਿਆਂ ਲਈ ਜ਼ਰੂਰੀ ਹੈ ਕਿ ਉਹ ਰੋਜ਼ੇ ਦੀ ਅਸਲ ਰੂਹ ਨੂੰ ਪ੍ਰਾਪਤ ਕਰਨ ਦਾ ਯਤਨ ਕਰਨ। ਝੂਠ, ਨਿੰਦਾ-ਚੁਗਲੀ, ਲੜਾਈ-ਝਗੜੇ, ਦੰਗੇ ਫਸਾਦ, ਕਿਸੇ ਨੂੰ ਧੋਖਾ ਦੇਣਾ ਆਦਿ ਬੁਰੇ ਅਤੇ ਮਨੁੱਖਤਾ ਵਿਰੋਧੀ ਕੰਮਾਂ ਨੂੰ ਛੱਡ ਕੇ ਮਨੁੱਖਤਾ ਦੇ ਭਲੇ ਅਤੇ ਸੇਵਾ ਲਈ ਸਮਰਪਿਤ ਹੋ ਕੇ ਸਾਂਤ ਮਈ ਸਮਾਜ ਦੀ ਸਿਰਜਨਾ ਵੱਲ ਧਿਆਨ ਦੇਣ। ਇਸ ਤਰ੍ਹਾਂ ਹੀ ਰਮਜ਼ਾਨ ਮਹੀਨੇ ਦੇ ਅਸਲ ਮਕਸਦ ਨੂੰ ਪੂਰਾ ਕੀਤਾ ਜਾ ਸਕਦਾ ਹੈ। ਦੁਨੀਆਂ ਤੇ ਆਖ਼ਿਰਤ ਵਿੱਚ ਸਫਲਤਾ ਪ੍ਰਾਪਤ ਕੀਤੀ ਜਾ ਸਕਦੀ ਹੈ।

# ਵਿਦੇਸ਼ਾਂ 'ਚ ਫਸੇ ਨਾਗਰਿਕਾਂ ਤੇ ਵਿਦਿਆਰਥੀਆਂ ਦੀ ਹਰ ਸੰਭਵ ਮਦਦ ਕਰੇਗਾ ਜ਼ਿਲਾ ਪ੍ਰਸ਼ਾਸਨ-ਡੀ.ਸੀ



**ਫਗਵਾੜਾ (ਬੀ.ਕੇ.ਰੱਤੂ)**- ਡਿਪਟੀ ਕਮਿਸ਼ਨਰ ਸ਼੍ਰੀਮਤੀ ਦੀਪਤੀ ਉੱਪਲ ਨੇ ਕਿਹਾ ਹੈ ਕਿ ਕਪੂਰਥਲਾ ਜ਼ਿਲੇ ਨਾਲ ਸਬੰਧਤ ਰੁਜ਼ਗਾਰ ਦੇ ਸਿਲਸਿਲੇ 'ਚ ਵਿਦੇਸ਼ ਗਏ ਹੋਏ ਨਾਗਰਿਕ ਜਾਂ ਉੱਚ ਸਿੱਖਿਆ ਪ੍ਰਾਪਤ ਕਰਨ ਗਏ ਵਿਦਿਆਰਥੀ, ਜੇਕਰ ਵਾਪਸ ਮੁੜਨਾ ਚਾਹੁੰਦੇ ਹਨ, ਤਾਂ ਜ਼ਿਲਾ ਪ੍ਰਸ਼ਾਸਨ ਵੱਲੋਂ ਉਨਾਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ।

ਉਨਾਂ ਦੱਸਿਆ ਕਿ ਜ਼ਿਲੇ ਨਾਲ ਸਬੰਧਤ ਵਿਦੇਸ਼ ਤੋਂ ਵਾਪਸ ਪਰਤਣ ਦੇ ਚਾਹਵਾਨ ਨਾਗਰਿਕ/ਵਿਦਿਆਰਥੀ ਜਾਂ ਉਨਾਂ ਦੇ ਰਿਸ਼ਤੇਦਾਰ ਇਸ ਸਬੰਧੀ ਸੂਚਨਾ ਕਪੂਰਥਲਾ ਜ਼ਿਲੇ ਦੀ ਵੈੱਬਸਾਈਟ kapurthala.gov.in ਉੱਤੇ 'ਕੋਰੋਨਾ ਵਾਇਰਸ' ਆਪਸ਼ਨ ਤਹਿਤ ਇਸ ਸਬੰਧੀ ਲਿੰਕ 'ਤੇ ਕਲਿਕ ਕਰਕੇ ਖ਼ੁਦ ਹੀ ਅਪਲੋਡ ਕਰ ਸਕਦੇ ਹਨ ਜਾਂ ਨਿਰਧਾਰਤ ਪ੍ਰੋਫਾਰਮੇ ਅਨੁਸਾਰ ਜਾਣਕਾਰੀ ਈਮੇਲ nickapurthala.pb @gmail.com ਉੱਤੇ ਦੇ ਸਕਦੇ ਹਨ। ਇਸ ਤੋਂ ਇਲਾਵਾ ਇਹ ਜਾਣਕਾਰੀ ਜ਼ਿਲੇ ਦੇ ਕੰਟਰੋਲ ਰੂਮ ਨੰਬਰ 01822-233768 ਜਾਂ ਮੋਬਾਈਲ ਨੰਬਰ 94644-85037 ਉੱਤੇ ਵੀ ਨੋਟ ਕਰਵਾਈ ਜਾ ਸਕਦੀ ਹੈ। ਉਨਾਂ ਦੱਸਿਆ ਕਿ ਇਹ ਜਾਣਕਾਰੀ ਮਿਤੀ 29 ਅਪ੍ਰੈਲ 2020 ਤੱਕ ਦੇਣੀ ਹੋਵੇਗੀ। ਉਨਾਂ ਦੱਸਿਆ ਕਿ ਦਿੱਤੀ ਜਾਣ ਵਾਲੀ ਸੂਚਨਾ ਵਿਚ ਵਿਦੇਸ਼ ਗਏ ਹੋਏ ਨਾਗਰਿਕ ਦਾ ਨਾਮ/ਪਿਤਾ ਦਾ ਨਾਮ, ਮੌਜੂਦਾ ਮੋਬਾਈਲ ਨੰਬਰ, ਵਿਦੇਸ਼ ਵਿਚਲਾ ਮੌਜੂਦਾ ਪਤਾ, ਪਾਸਪੋਰਟ ਨੰਬਰ, ਉਸ ਨਾਲ ਭਾਰਤ ਵਾਪਸ ਪਰਤਣ ਵਾਲਿਆਂ ਦੀ ਗਿਣਤੀ (ਪਰਿਵਾਰ ਦੇ ਮਾਮਲੇ ਵਿਚ) ਅਤੇ ਪੰਜਾਬ ਵਿਚ ਸਭ ਤੋਂ ਨੇੜਲੇ ਹਵਾਈ ਅੱਡੇ ਦੀ ਜਾਣਕਾਰੀ ਸ਼ਾਮਿਲ ਹੈ।

ਜ਼ਿਕਰਯੋਗ ਹੈ ਕਿ ਵਿਦੇਸ਼ਾਂ 'ਚ ਗਏ ਹੋਏ ਬਹੁਤ ਸਾਰੇ ਭਾਰਤੀ ਨਾਗਰਿਕ ਜਾਂ ਵਿਦਿਆਰਥੀ ਵਾਪਸ ਭਾਰਤ ਪਰਤਣਾ ਚਾਹੁੰਦੇ ਹਨ, ਪਰੰਤੂ ਕੋਵਿਡ-19 ਦੇ ਚੱਲਦਿਆਂ ਹਵਾਈ ਉਡਾਣਾਂ ਰੱਦ ਹੋਣ ਕਾਰਨ ਉਹ ਉਥੇ ਹੀ ਫਸ ਗਏ ਹਨ।

# ਕਰੋਨਾ ਵਾਇਰਸ ਦੇ ਸੰਕਟ ਵਿੱਚ ਭਾਰਤੀ ਮੀਡੀਆ ਨੇ ਉਪਜਾਏ ਸੰਪਰਦਾਇਕ ਨਫਰਤ ਦੇ ਹਾਲਾਤ

ਕਰੋਨਾ ਵਾਇਰਸ ਨਾਲ ਹੁਣ ਤੱਕ ਵਿਸ਼ਵ ਦੇ 210 ਦੇਸ਼ਾਂ ਵਿੱਚ ਲਗਭਗ ਦੋ ਲੱਖ ਲੋਕਾਂ ਦੀ ਮੌਤ ਹੋ ਚੁੱਕੀ ਹੈ ਤੇ 29 ਲੱਖ ਦੇ ਲਗਭਗ ਕਰੋਨਾ ਵਾਇਰਸ ਨਾਲ ਪੀੜਤ ਮਰੀਜ਼ ਜਿੰਦਗੀ ਅਤੇ ਮੌਤ ਦੀ ਲੜਾਈ ਲੜ ਰਹੇ ਹਨ। ਲਗਭਗ ਚਾਰ ਮਹੀਨੇ ਬੀਤ ਜਾਣ ਦੇ ਬਾਅਦ ਵੀ ਇਸ ਬੀਮਾਰੀ ਦਾ ਕੋਈ ਭਰੋਸੇ ਯੋਗ ਇਲਾਜ਼ ਅੱਜ ਤੱਕ ਨਹੀਂ ਲੱਭਿਆ ਜਾ ਸਕਿਆ। ਚੀਨ ਤੋਂ ਆਰੰਭ ਹੋ ਕੇ ਸਮੁੱਚੇ ਵਿਸ਼ਵ ਦੇ ਵਿੱਚ ਫੈਲ ਚੁੱਕਿਆ ਕਰੋਨਾ ਵਾਇਰਸ ਅਜੋਕੇ ਵਿਸ਼ਵ ਲਈ ਇੱਕ ਨਵੀਂ ਚੁਣੌਤੀ ਬਣ ਕੇ ਉਭਰਿਆ ਹੈ। ਕਰੋਨਾ ਨੇ ਵਿਸ਼ਵ ਦੀਆਂ ਆਰਥਿਕ ਅਤੇ ਸੈਨਿਕ ਮਹਾਂ ਸਕਤੀਆਂ ਨੂੰ ਆਪਣੇ ਪ੍ਰਭਾਵ 'ਚ ਇਸ ਤਰ੍ਹਾਂ ਲਿਆ ਹੈ ਕਿ ਉਨ੍ਹਾਂ ਨੂੰ ਕਰੋਨਾ ਤੋਂ ਬਚਣ ਦਾ ਕੋਈ ਰਾਹ ਨਹੀਂ ਲੱਭ ਰਿਹਾ। ਦੁਨੀਆਂ ਦੀ ਸੁਪਰ ਪਾਵਰ ਅਮਰੀਕਾ ਜੋ ਕਿ ਵੱਖ-ਵੱਖ ਸਮਿਆਂ ਤੇ ਦੁਨੀਆਂ ਦੇ ਛੋਟੇ-ਵੱਡੇ ਦੇਸ਼ਾਂ ਨੂੰ ਟਿੱਚ ਜਾਣ ਕੇ ਆਪਣੇ ਹਿੱਤਾਂ ਦੀ ਰਾਖੀ ਕਰਨ 'ਚ ਪ੍ਰਸਿਧ ਮੰਨਿਆ ਜਾਂਦਾ ਰਿਹਾ ਹੈ, ਨੂੰ ਵੀ ਗੋਡੇ ਟੇਕਣ ਦੀ ਕਗਾਰ ਤੇ ਲਿਆ ਖੜ੍ਹਾ ਕੀਤਾ ਹੈ। ਅਮਰੀਕਾ ਦਾ ਧਮਕੀ ਭਰਿਆ ਲਹਿਜਾ ਉਸਦੀ ਸਾਰੀ ਆਧੁਨਿਕ ਤਕਨੀਕ ਇਸ ਬੀਮਾਰੀ ਦਾ ਮੁਕਾਬਲਾ ਕਰਨ 'ਚ ਅਸਮੱਰਥ ਨਜ਼ਰ ਆ ਰਹੀ ਹੈ। ਇਹ ਹਾਲ ਹੋਰ ਵੀ ਕਈ ਵਿਕਸਤ ਦੇਸ਼ਾਂ ਦਾ ਹੋ ਰਿਹਾ ਹੈ। ਇਸ ਕੁਦਰਤੀ ਆਫ਼ਤ ਨੇ ਸਮੁੱਚੀ ਮਨੁੱਖਤਾ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਭਾਰਤ ਵੀ ਇਸ ਵਾਇਰਸ ਦੇ ਪ੍ਰਭਾਵ ਵਿੱਚ ਆਉਣ ਵਾਲੇ ਦੇਸ਼ਾਂ 'ਚੋਂ ਇੱਕ ਦੇਸ਼ ਹੈ। ਸਾਡੇ ਦੇਸ਼ 'ਚ ਭਾਵੇਂ ਇਸ ਦਾ ਪ੍ਰਭਾਵ ਚੀਨ, ਇਟਲੀ, ਅਮਰੀਕਾ ਆਦਿ ਦੇਸ਼ਾਂ ਵਾਂਗ ਬਹੁਤ ਜ਼ਿਆਦਾ ਨਹੀਂ ਪਰ ਫਿਰ ਵੀ ਭਾਰਤ ਦੇ ਸਾਧਨਾਂ ਅਤੇ ਜਨਸੰਖਿਆ ਦੀ ਤੁਲਨਾ ਨੂੰ ਦੇਖ ਕੇ ਇਹ ਡਰ ਜ਼ਰੂਰ ਬਣਿਆ ਹੋਇਆ ਹੈ ਕਿ ਜੇਕਰ ਲੋਕਾਂ ਵੱਲੋਂ ਥੋੜੀ ਅਣਗਹਿਲੀ ਵੀ ਵਰਤੀ ਗਈ ਤਾਂ ਇਸ ਵਾਇਰਸ ਨਾਲ ਭਾਰਤ ਦੇ ਲੋਕਾਂ ਨੂੰ ਬਹੁਤ ਨੁਕਸਾਨ ਉਠਾਉਣਾ ਪੈ ਸਕਦਾ ਹੈ।

ਇਸ ਗੱਲ ਨੂੰ ਮੁੱਖ ਰੱਖ ਕੇ ਹੀ ਲਗਭਗ ਸਮੁੱਚੇ ਭਾਰਤ 'ਚ ਪਿਛਲੇ ਇੱਕ ਮਹੀਨੇ ਦੇ ਵੱਧ ਸਮੇਂ ਤੋਂ ਤਾਲਾਬੰਦੀ-ਕਮ-ਕਰਫਿਊ ਚੱਲਾ ਆ ਰਿਹਾ ਹੈ, ਜੋ ਕੇ ਹਾਲ ਦੀ ਘੜੀ ਕਈ ਰਾਜਾਂ ਵਿੱਚ 3 ਮਈ ਤੱਕ ਚੱਲਣਾ ਹੈ। 3 ਮਈ ਤੋਂ ਬਾਅਦ ਸਥਿਤੀ ਨੂੰ ਦੇਖਦੇ ਹੋਏ ਅੱਗੇ ਵੀ ਵਧਾਇਆ ਜਾ ਸਕਦਾ ਹੈ। ਇੱਥੇ ਮੈਂ ਇਹ ਗੱਲ ਜ਼ਰੂਰ ਕਹੂੰਗਾਂ ਕਿ ਜੇਕਰ ਪਹਿਲਾਂ ਹੀ ਸਾਵਧਾਨੀ ਵਰਤੀ ਜਾਂਦੀ ਤਾਂ ਸ਼ਾਇਦ ਕਰਫਿਊ ਲਗਾਉਣ ਦੀ ਨੌਬਤ ਨਾ ਆਉਂਦੀ। ਮੇਰੇ ਕਹਿਣ ਦਾ ਭਾਵ ਹੈ, ਕਿ ਜਦੋਂ ਜਨਵਰੀ ਵਿੱਚ ਚੀਨ 'ਚ ਕਰੋਨਾ ਦਾ ਪ੍ਰਕੋਪ ਆਪਣੇ ਪੂਰੇ ਜੋਬਨ ਤੇ ਸੀ ਉਦੋਂ ਹੀ ਬਾਹਰਲੇ ਦੇਸ਼ਾਂ ਤੋਂ ਆਉਣ ਵਾਲੇ ਯਾਤਰੀਆਂ ਨੂੰ ਪਰਹੇਜ਼ ਅਤੇ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਇਕਾਂਤਵਾਸ 'ਚ ਰੱਖ ਲੈਣਾ ਚਾਹੀਦਾ ਸੀ। ਇਸ ਨਾਲ ਆਮ ਨਾਗਰਿਕਾਂ 'ਚ ਇਸ ਬੀਮਾਰੀ ਨੂੰ ਫੈਲਣ ਤੋਂ ਰੋਕਿਆ ਜਾ ਸਕਦਾ ਸੀ। ਕਿਹਾ ਜਾਂਦਾ ਹੈ ਕਿ ਪਰਹੇਜ਼ ਇਲਾਜ਼ ਨਾਲੋਂ ਵੱਧ ਲਾਭਦਾਇਕ ਹੁੰਦਾ ਹੈ। ਇਸ ਕਰਕੇ ਹੁਣ ਭਾਰਤ ਸਰਕਾਰ ਅਤੇ ਵੱਖ-ਵੱਖ ਰਾਜਾਂ ਦੀ ਰਾਜ ਸਰਕਾਰਾਂ ਵੱਲੋਂ ਲੋਕਾਂ ਦੀ ਸੁਰੱਖਿਆ ਲਈ ਚੁੱਕਿਆ ਕਰਫਿਊ ਵਾਲਾ ਕਦਮ ਜਨਤਕ ਹਿੱਤਾਂ ਵਿੱਚ ਹੀ ਜਾਪਦਾ ਹੈ। ਪਰ ਇਸਦੇ ਨਾਲ ਇਹ ਵੀ ਇੱਕ ਸੱਚਾਈ ਹੈ ਕਿ ਭਾਰਤ ਦੀ ਸਮੁੱਚੀ ਜਨਸੰਖਿਆ ਦੀ ਬਹੁ-ਗਿਣਤੀ ਉਹਨਾਂ ਲੋਕਾਂ ਦੀ ਹੈ ਜੋ ਆਪਣੀ ਰੋਜ਼ੀ-ਰੋਟੀ ਦਾ ਜੁਗਾੜ ਰੋਜ਼ ਦੀ ਰੋਜ਼ ਕਮਾ ਕੇ ਕਰਦੀ ਹੈ ਅਤੇ ਨਾਲ ਹੀ ਜਨਸੰਖਿਆ ਦਾ ਇੱਕ ਵੱਡਾ ਹਿੱਸਾ ਮੰਗ ਕੇ (ਭਿਖਾਰੀ) ਆਪਣਾ ਪੇਟ ਭਰਦਾ ਹੈ।

ਕੁਦਰਤੀ ਰੂਪ 'ਚ ਕਰਫਿਊ ਦੌਰਾਨ ਇਹਨਾਂ ਭਾਰਤੀ ਲੋਕਾਂ ਲਈ ਰੋਜ਼ਾਨਾ ਜ਼ਰੂਰਤ ਦੀਆਂ ਚੀਜਾਂ ਦੇ ਨਾਲ-ਨਾਲ ਦੋ ਵਕਤ ਦੀ ਰੋਟੀ ਇੱਕ ਵੱਡੀ ਸਮੱਸਿਆ ਬਣੀ ਹੋਈ ਹੈ। ਇਸ ਕਰਕੇ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਨੂੰ ਵੋਟ ਰਾਜਨੀਤੀ ਅਤੇ ਪਾਰਟੀ ਹਿੱਤਾਂ ਤੋਂ ਉੱਪਰ ਉੱਠ ਕੇ ਮਨੁੱਖਤਾ ਦੇ ਭਲੇ ਲਈ ਬਿਨਾਂ ਕਿਸੇ ਭੇਦ-ਭਾਵ ਤੋਂ ਇਹਨਾਂ ਗਰੀਬ ਲੋਕਾਂ ਲਈ ਖੁਲ-ਦਿਲੀ ਨਾਲ ਫੈਸਲੇ ਲੈਣੇ ਚਾਹੀਦੇ ਹਨ ਤਾਂ ਕਿ ਕਰੋਨਾ ਵਾਇਰਸ ਤੋਂ ਬਚਣ ਦੇ ਡਰ ਕਾਰਨ ਲਾਏ ਗਏ ਕਰਫਿਊ ਦੀ ਸਥਿਤੀ 'ਚ ਪਨਪ ਰਹੀ ਕਰੋਨਾ ਤੋਂ ਵੀ ਖਤਰਨਾਕ ਬੀਮਾਰੀ ਭੁੱਖਮਰੀ ਤੋਂ ਵੀ ਲੋਕਾਂ ਨੂੰ ਬਚਾਇਆ ਜਾ ਸਕੇ। ਸਰਕਾਰੀ ਪੱਧਰ ਤੇ ਭਾਵੇਂ ਕੁਝ ਰਾਸ਼ਨ ਲੋਕਾਂ ਤੱਕ ਪਹੁੰਚਾਇਆ ਵੀ ਜਾ ਰਿਹਾ ਹੈ ਪਰ ਉਹ ਜਨਸੰਖਿਆਂ ਦੇ ਅਨੁਸਾਰ ਬਹੁਤ ਘੱਟ ਹੈ। ਇਸ ਕਰਕੇ ਇਸ ਮੁਹਿੰਮ ਨੂੰ ਹੋਰ ਜੰਗੀ ਪੱਧਰ ਤੇ ਬਿਨਾਂ ਕਿਸੇ ਭੇਦ-ਭਾਵ ਤੋਂ ਗਰੀਬ ਲੋਕਾਂ ਤੱਕ ਲੈ ਕੇ ਜਾਣ ਦੀ ਜ਼ਰੂਰਤ ਹੈ। ਇਸਦੇ ਨਾਲ ਹੀ ਭਾਰਤ ਦੇ ਵੱਡੇ-ਵੱਡੇ ਉਦਯੋਗਿਕ ਘਰਾਣਿਆਂ, ਰਾਜਨੇਤਾਵਾਂ, ਸ਼ਾਹੂਕਾਰਾਂ ਆਦਿ ਨੂੰ ਵੀ ਇਨਾਂ ਔਖੇ ਹਾਲਾਤਾਂ 'ਚ ਲੋਕਾਂ ਦੀ ਸਹਾਇਤਾ ਲਈ ਹਰ ਪੱਧਰ ਤੇ ਸਮੁੱਚੀ ਲੋਕਾਈ ਦੀ ਭਲਾਈ ਲਈ ਅੱਗੇ ਆਉਣਾ ਚਾਹੀਦਾ ਹੈ। ਜਿਸ ਵਿੱਚ ਜਿੰਨੀ ਹਿੰਮਤ ਹੈ ਉਹ ਆਪਣੀ ਹਿੰਮਤ ਅਤੇ ਹੈਸੀਅਤ ਦੇ ਅਨੁਸਾਰ ਲੋਕਾਈ ਦੀ ਭਲਾਈ 'ਚ ਆਪਣਾ ਯੋਗਦਾਨ ਪਾ ਸਕਦਾ ਹੈ। ਸੋਸ਼ਲ ਮੀਡੀਆ ਤੇ ਵਾਇਰਲ ਹੋ ਰਹੀਆਂ ਕੁਝ ਕਲਿਪਾਂ ਤੋਂ ਇਹ ਵੀ ਸਾਹਮਣੇ ਆਇਆ ਕਿ ਕੁਝ ਸਿੱਖ, ਮੁਸਲਿਮ ਅਤੇ ਹਿੰਦੂ ਜੱਥੇਬੰਦੀਆਂ ਇਸ ਔਖੀ ਘੜੀ 'ਚ ਆਪਣੀ ਜਾਣ ਅਤੇ ਮਾਲ ਦੀ ਪਰਵਾਹ ਨਾ ਕਰਦੇ ਹੋਏ ਭੁੱਖੇ ਮਰ ਰਹੇ ਲੋਕਾਂ ਲਈ ਇੱਕ ਆਸ ਦੀ ਕਿਰਨ ਬਣ ਕੇ ਕੰਮ ਕਰ ਰਹੀਆਂ ਹਨ ਜੋ ਕਿ ਬਹੁਤ ਸ਼ਲਾਘਾ ਯੋਗ ਅਤੇ ਵੱਡਾ ਕੰਮ ਹੈ। ਇਸ ਤਰ੍ਹਾਂ ਹੀ ਭਾਰਤ ਦੇ ਅਮੀਰ ਰਾਜਨੀਤੀਵਾਨਾਂ ਨੂੰ ਵੀ ਕਰਨਾ ਚਾਹੀਦਾ ਹੈ।

ਪਰ ਤਸਵੀਰ ਦਾ ਦੂਜਾ ਪਾਸਾ ਵੀ ਹੈ; ਇੱਥੇ ਮੈਨੂੰ ਬਹੁਤ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਭਾਰਤ ਲਈ ਤਾਂ ਕਰੋਨਾ ਵਾਇਰਸ ਤੋਂ ਵੀ ਖਤਰਨਾਕ ਵਾਇਰਸ ਜੋ ਭਾਰਤ ਨੂੰ ਹਰ ਪੱਖ ਤੋਂ ਖੋਖਲਾ ਕਰਕੇ ਬਰਬਾਦੀ ਵੱਲ ਲੈ ਕੇ ਜਾ ਰਿਹਾ ਹੈ, ਉਹ ਹੈ 'ਧਰਮ ਜਾਂ ਜਾਤ ਦੇ ਆਧਾਰ ਤੇ ਨਫਰਤ'। ਸੱਤਾ ਦਾ ਸੁੱਖ ਭੋਗਣ ਲਈ ਭਾਰਤੀ ਰਾਜਨੇਤਾਵਾਂ ਦੇ ਇੱਕ ਹਿੱਸੇ ਵੱਲੋਂ ਅਤੇ ਭਾਰਤੀ ਲੋਕਤੰਤਰ ਦੇ ਚੌਥਾ ਥੰਮ ਮੰਨੇ ਜਾਂਦੇ ਮੀਡੀਆ ਮੁੱਖ ਰੂਪ 'ਚ ਇਲੈਕਟ੍ਰੌਨਿਕ ਮੀਡੀਆ ਜਾਂ ਬਹੁਤੇ ਨਿਊਜ਼ ਚੈਨਲਾਂ ਵੱਲੋਂ ਗੈਰ ਜਿੰਮੇਵਾਰਾਨਾਂ ਵਿਵਹਾਰ ਅਪਣਾਉਂਦੇ ਹੋਏ ਅਨਪੜ੍ਹ ਅਤੇ ਜਾਨੂੰਨੀ ਭਾਰਤੀ ਲੋਕਾਂ ਦੇ ਅੰਦਰ ਸੰਪਰਦਾਇਕ ਵਾਇਰਸ ਨੂੰ ਇਸ ਕਦਰ ਭਰਿਆ ਜਾ ਰਿਹਾ ਹੈ, ਜਿਸਦਾ ਵਿਸਫੋਟ ਪ੍ਰਮਾਣੂ ਬੰਬ ਨਾਲੋਂ ਵੀ ਵੱਧ ਖਤਰਨਾਕ ਹੋਵੇਗਾ। ਇਸ ਵਾਇਰਸ ਦਾ ਪ੍ਰਭਾਵ ਅਸੀਂ ਪਹਿਲਾਂ ਵੀ ਮੁੱਖ ਰੂਪ 'ਚ 1947, 1984, 2002, 2020 ਵਿੱਚ ਦੇਖ ਚੁੱਕੇ ਹਾਂ।

ਭਾਰਤੀ ਮੀਡੀਆ ਦਾ ਇਹ ਨਾ ਭੁਲੱਣਯੋਗ ਕਾਲਾ ਦੌਰ ਹਮੇਸ਼ਾ ਭਾਰਤੀ ਲੋਕਾਂ ਨੂੰ ਯਾਦ ਰਹੇਗਾ ਕਿ ਕਿਸ ਤਰ੍ਹਾਂ ਜਦੋਂ ਸਮੁੱਚਾ ਵਿਸ਼ਵ ਕਰੋਨਾ ਨਾਮ ਦੇ ਖਤਰਨਾਕ ਵਾਇਰਸ ਨਾਲ ਲੜ੍ਹਣ ਅਤੇ ਉਸਦੇ ਇਲਾਜ਼ ਲਈ ਖੋਜਾਂ ਕਰਨ 'ਚ ਲੱਗਿਆ ਹੋਇਆ ਸੀ ਤਾਂ ਉਸ ਸਮੇਂ ਭਾਰਤੀ ਮੀਡੀਆ ਦੇ ਖੋਜ ਕਰਤਾਵਾਂ ਨੇ ਕਰੋਨਾ ਵਾਇਰਸ ਨੂੰ ਇੱਕ ਧਾਰਮਿਕ ਵਾਇਰਸ ਘੋਸ਼ਿਤ ਕਰ ਦੇਣ ਦੀ ਇੱਕ ਵਿਸ਼ਵ ਪ੍ਰਸਿੱਧ ਬੇਮਿਸਾਲ ਖੋਜ ਕੀਤੀ ਸੀ ਤੇ ਇਸ ਨਾਲ ਹੋਣ ਵਾਲੀ ਬੀਮਾਰੀ ਨੂੰ ਕਰੋਨਾ ਜਿਹਾਦ ਦਾ ਨਾਮ ਦਿੱਤਾ ਸੀ।

ਜਿਸ ਦਾ ਕੁਝ ਨਿਊਜ਼ ਚੈਨਲਾਂ ਨੂੰ ਛੱਡ ਕੇ ਬਹੁਤੇ ਨਿਊਜ਼ ਚੈਨਲਾਂ ਨੇ ਖੂਬ ਚੀਕ-ਚੀਕ ਕੇ ਜਰਨਲਿਜ਼ਮ ਦੇ ਮਿਆਰ ਅਤੇ ਇਸ ਪ੍ਰਚਾਰ ਦੇ ਸਮਾਜ ਤੇ ਪੈਣ ਵਾਲੇ ਬੁਰੇ ਪ੍ਰਭਾਵ ਦੀ ਪਰਵਾਹ ਕੀਤੇ ਬਿਨਾਂ ਬਹੁਤ ਰੋਲਾ ਪਾਇਆ ਸੀ। ਮੀਡੀਆ ਜਿਸ ਨੂੰ ਲੋਕਾਂ ਦੇ ਸਾਹਮਣੇ ਸੱਚਾਈ ਲੈ ਕੇ ਆਉਣ ਅਤੇ ਲੋਕਾਂ ਦੇ ਹੱਕਾਂ ਦੀ ਰਾਖੀ ਕਰਨ ਦਾ ਇੱਕ ਸਾਧਨ ਮੰਨਿਆ ਜਾਂਦਾ ਹੈ, ਉਸ ਮੀਡੀਆ ਵੱਲੋਂ ਆਪਣੇ ਅਤੇ ਆਪਣੇ ਮਾਲਕਾਂ ਦੇ ਸੌੜੇ ਰਾਜਨੀਤਕ ਅਤੇ ਆਰਥਿਕ ਹਿੱਤਾਂ ਦੀ ਪੂਰਤੀ ਲਈ ਬੋਲੇ ਝੂਠ ਕਾਰਨ ਇੱਕ ਵਿਸ਼ੇਸ਼ ਘੱਟ ਗਿਣਤੀ ਲਈ ਕਰੋਨਾ ਵਾਇਰਸ ਦੀ ਬੀਮਾਰੀ ਦੇ ਪ੍ਰਕੋਪ ਨਾਲ ਲੜਣ ਦੇ ਨਾਲ-ਨਾਲ ਸਮਾਜਿਕ ਹਾਲਾਤ ਵੀ ਬਹੁਤ ਅਣਸੁਖਾਵੇਂ ਬਣਾ ਦਿੱਤੇ ਗਏ ਹਨ।

ਵਾਇਰਲ ਵਿਡੀਓ ਕਲਿਪਾਂ ਨੂੰ ਦੇਖਣ ਤੋਂ ਪਤਾ ਚੱਲਦਾ ਹੈ ਕਿ ਕਈ ਜਗ੍ਹਾਂ ਕਿਸ ਤਰ੍ਹਾਂ ਘੱਟ ਗਿਣਤੀ ਦੇ ਲੋਕਾਂ ਤੇ ਕਰੋਨਾ ਵਾਇਰਸ ਦੇ ਫੈਲਾਓ ਦੇ ਕਾਰਨ ਨੂੰ ਮੁੱਦਾ ਬਣਾ ਕੇ ਤਰ੍ਹਾਂ ਤਰ੍ਹਾਂ ਦੇ ਜੁਲਮ ਕੀਤੇ ਗਏ ਹਨ, ਸਮਾਜਿਕ ਆਰਥਿਕ ਬਾਈਕਾਟ ਕੀਤਾ ਗਿਆ ਹੈ, ਜਿੱਥੇ ਇਸ ਨਾਲ ਇੱਕ ਵਿਸ਼ੇਸ਼ ਘੱਟ ਗਿਣਤੀ ਨੂੰ ਝੂਠ ਅਤੇ ਗੰਦੀ ਰਾਜਨੀਤੀ ਦੇ ਕੂੜ ਪ੍ਰਚਾਰ ਦਾ ਖਮਿਆਜ਼ਾ ਭੁਗਤਨਾ ਪਿਆ ਹੈ, ਉੱਥੇ ਹੀ ਭਾਰਤ ਦੀ ਦਿੱਖ ਅੰਤਰ ਰਾਸ਼ਟਰੀ ਪੱਧਰ ਤੇ ਵੀ ਬਹੁਤ ਖਰਾਬ ਹੋਈ ਹੈ। ਇਸ ਕਾਰਨ ਵਿਸ਼ਵ ਪੱਧਰ ਤੇ ਭਾਰਤ ਦੀ ਸਥਿਤੀ ਬਹੁਤ ਹਾਸੋਹੀਣੀ ਬਣੀ ਹੋਈ ਹੈ ਕਿ ਜਦੋਂ ਸਮੁੱਚਾ ਵਿਸ਼ਵ ਇੱਕਜੁੱਟ ਹੋ ਕੇ ਬਿਨਾਂ ਕਿਸੇ ਭੇਦ-ਭਾਵ ਦੇ ਇਸ ਮਹਾਂਮਾਰੀ ਨਾਲ ਲੜ ਰਿਹਾ ਹੈ ਉਦੋਂ ਭਾਰਤੀ ਮੀਡੀਆ ਦਾ ਇੱਕ ਵੱਡਾ ਹਿੱਸਾ ਅਤੇ ਕੁਝ ਕੱਟੜ ਵਿਚਾਰਧਾਰਾ ਵਾਲੇ ਸੰਗਠਨ ਭਾਰਤੀ ਲੋਕਾਂ 'ਚ ਨਫਰਤ ਫੈਲਾ ਕੇ ਆਪਸੀ ਵਿਰੋਧ ਵਧਾ ਕੇ ਵੱਖ-ਵੱਖ ਧਰਮਾਂ ਦੇ ਲੋਕਾਂ ਨੂੰ ਆਪਸੀ ਲੜਾਈ ਝਗੜੇ ਲਈ ਉਕਸਾ ਰਹੇ ਹਨ। ਇਸ ਗੈਰ ਜਿੰਮੇਵਾਰਾਨਾਂ ਵਿਵਹਾਰ ਨੂੰ ਕਿਸੇ ਵੀ ਤਰ੍ਹਾਂ ਉਚਿਤ ਨਹੀਂ ਠਹਿਰਾਇਆਂ ਜਾ ਸਕਦਾ।

ਇਸ ਤਰ੍ਹਾਂ ਦਾ ਮਾਹੌਲ ਹੋਰ ਕਿਸੇ ਵੀ ਦੇਸ਼ 'ਚ ਦੇਖਣ ਨੂੰ ਨਹੀਂ ਮਿਲ ਰਿਹਾ। ਸੋ ਮੇਰੀ ਸਮੁੱਚੇ ਭਾਰਤ ਦੇ ਹਰ ਇੱਕ ਧਰਮ ਅਤੇ ਜਾਤ ਨਾਲ ਸਬੰਧਤ ਲੋਕਾਂ ਨੂੰ ਦਿਲੋਂ ਅਪੀਲ ਹੈ ਕਿ ਇਸ ਔਖੇ ਸਮੇਂ ਵਿੱਚ ਜੇਕਰ ਭਾਰਤ ਅਤੇ ਖੁਦ ਨੂੰ ਬਚਾਉਣਾ ਚਾਹੁੰਦੇ ਹੋ ਤਾਂ ਹਰੇਕ ਤਰ੍ਹਾਂ ਦੇ ਭੇਦ-ਭਾਵ ਭੁਲਾ ਕੇ ਮਨੁੱਖਤਾ ਨੂੰ ਆਪਣਾ ਧਰਮ ਸਮਝ ਕੇ ਅੱਗੇ ਆਓ ਤਾਂ ਕਿ ਇਸ ਔਖੀ ਜੰਗ ਨੂੰ ਅਸੀਂ ਫ਼ਤਿਹ ਕਰ ਸਕੀਏ। ਧਾਰਮਿਕ ਨਫਰਤ ਦੇ ਕਾਰਨ ਜੋ ਅੱਜ ਦੇਸ਼ ਦੇ ਹਾਲਾਤ ਬਣ ਰਹੇ ਹਨ ਉਸ ਕਾਰਨ ਸਮੁੱਚਾ ਭਾਰਤ ਆਉਣ ਵਾਲੇ ਸਮੇਂ 'ਚ ਜਬਰਦਸਤ ਆਰਥਿਕ ਮੰਦੀ, ਬੇਰੁਜ਼ਗਾਰੀ ਅਤੇ ਅਰਾਜਕਤਾ ਵੱਲ ਵੱਧ ਰਿਹਾ ਹੈ ਜਿਸ ਦਾ ਖਮਿਆਜ਼ਾ ਗਰੀਬ ਅਤੇ ਮੱਧ ਵਰਗ ਨੂੰ ਭੁਗਤਨਾ ਪਵੇਗਾ, ਜੋ ਕਿ ਦੇਸ਼ ਭਗਤਾਂ ਅਤੇ ਦੇਸ਼ ਦੇ ਸ਼ੁਭ ਚਿੰਤਕਾਂ ਲਈ ਕੋਈ ਚੰਗੇ ਸੰਕੇਤ ਨਹੀਂ ਹਨ।

**– ਮੁਹੰਮਦ ਬਸ਼ੀਰ**

ਸੋਚ ਆਪੋ ਆਪਣੀ

# ਕੋਰੋਨਾ ਮਹਾਂਮਾਰੀ, ਪਰਛਾਵੇਂ ਤੇ ਭਵਿੱਖ



ਸੰਤੋਖ ਸਿੰਘ ਜੱਸੀ
91-70876-19800

ਚੀਨ ਦੀ ਸਰਕਾਰ ਵਲੋਂ 31 ਦਸੰਬਰ 2019 ਨੂੰ ਪਹਿਲੀ ਵਾਰ ਦੁਨੀਆਂ ਦੀ ਸਭ ਤੋਂ ਵੱਡੀ ਸੰਸਥਾ ਵਿਸ਼ਵ ਸਿਹਤ ਸੰਗਠਨ (WHO) ਨੂੰ ਸੂਚਿਤ ਕੀਤਾ ਗਿਆ ਕਿ ਦੇਸ਼ ਵਿੱਚ ਇੱਕ ਨਵਾਂ ਵਾਇਰਸ (ਫਲੂ) ਨਾਲ ਬਿਮਾਰੀ ਦਾ ਆਗਾਜ਼ ਹੋ ਗਿਆ ਹੈ। ਚੀਨ ਨੇ ਦੱਸਿਆ ਕਿ ਹੁਵੇਈ ਪ੍ਰਦੇਸ਼ ਦੇ ਵੂਹਾਨ ਸ਼ਹਿਰ ਵਿੱਚ ਨਿਮੋਨੀਆ ਵੱਡੇ ਪੱਧਰ ’ਤੇ ਫੈਲ ਰਿਹਾ ਹੈ। ਜਿਸ ’ਤੇ ਵਿਸ਼ਵ ਸਿਹਤ ਸੰਗਠਨ ਨੇ ਇਸ ਨੂੰ ਨਵਾਂ ਕੋਰੋਨਾ ਵਾਇਰਸ ਦੇ ਨਾਂ ਨਾਲ ਵਿਸ਼ਵ ਨੂੰ ਜਾਣੂੰ ਕਰਵਾਇਆ। ਇਸ ਨਵੇਂ ਵਾਇਰਸ ਨਾਲ ਹੁਣ ਲੱਗਭੱਗ ਦੁਨੀਆਂ ਦੇ 180 ਦੇਸ਼ ਪ੍ਰਭਾਵਿਤ ਹੋ ਚੁੱਕੇ ਹਨ ਅਤੇ ਲੱਗਭੱਗ 2 ਲੱਖ ਦੇ ਕਰੀਬ ਲੋਕ ਮੌਤ ਦੇ ਮੂੰਹ ’ਚ ਜਾ ਚੁੱਕੇ ਹਨ ਅਤੇ ਲੱਖਾਂ ਲੋਕ ਇਸ ਤੋਂ ਪੀੜਿਤ ਹੋ ਗਏ ਹਨ ਅਤੇ ਪੂਰਾ ਵਿਸ਼ਵ ਡਰ ਨਾਲ ਸਹਿਮਿਆਂ ਹੋਇਆ ਹੈ ਅਤੇ ਇਸ ਦੇ ਪ੍ਰਭਾਵ ਹੇਠ ਹਨ ਅਤੇ ਭਵਿੱਖ ਲਈ ਗੰਭੀਰਤਾ ਰੱਖਦੇ ਹਨ। ਪਰ ਸੰਸਾਰ ਦੇ ਸਾਰੇ ਦੇਸ਼ ਅਤੇ ਵਿਗਿਆਨੀ ਇਸ ’ਤੇ ਕਾਬੂ ਪਾਉਣ ਲਈ ਹਰ ਸੰਭਵ ਯਤਨ ਲਈ ਪਲ-ਪਲ ਮਿਹਨਤ ਕਰ ਰਹੇ ਹਨ।

ਨਵੀਂ ਬਿਮਾਰੀ, ਨਵਾਂ ਫਲੂ ਹੋਣ ਨਾਲ ਜਿੱਥੇ ਸਰਕਾਰਾਂ, ਵਿਗਿਆਨੀਆਂ, ਲੋਕਾਂ ਅਤੇ ਸਮੁੱਚੀ ਵਿਵਸਥਾ ਬੁਰੀ ਤਰ੍ਹਾਂ ਇੱਕ ਦਮ ਹਿੱਲ ਗਈ ਹੈ। ਇਹ ਵਾਕਿਆ ਹੀ ਬਹੁਤ ਗੰਭੀਰ ਚਿੰਤਾ ਅਤੇ ਸਭ ਲਈ ਚਿੰਤਨ ਦਾ ਵਿਸ਼ਾ ਹੈ। ਦੁਨੀਆਂ ਵਿੱਚ ਵਿਗਿਆਨ ਅਤੇ ਰੱਬ ਬਾਰੇ ਮੁੜ ਵਿਚਾਰਾਂ ਹੋਣ ਲੱਗੀਆਂ ਹਨ ਕਿ ਰੱਬ ਹੈ ਜਾਂ ਨਹੀਂ? ਸਾਰੇ ਪੱਖ ਆਪੋ ਆਪਣੇ ਪੱਖਾਂ ਨੂੰ ਅਜੇ ਤੱਕ ਸਾਹਮਣੇ ਲਿਆਉਣ ਵਿੱਚ ਪੂਰੀ ਤਰ੍ਹਾਂ ਸਫਲ ਨਹੀਂ ਹੋ ਸਕੇ। ਜਿਸ ਕਰਕੇ ਦੁਨੀਆਂ ਦਾ ਹਰ ਇਨਸਾਨ ਇਸ ਬਾਰੇ ਵੱਖ-ਵੱਖ ਸੰਚਾਰ ਮਾਧਿਅਮਾਂ ਰਾਹੀਂ ਇਸ ’ਤੇ ਨਜ਼ਰ ਲਗਾਈ ਬੈਠਾ ਹੈ। ਹਰ ਕੰਨ ਨੂੰ ਹਰ ਕੋਨੇ ਤੋਂ ਇੱਕੋ ਹੀ ਆਵਾਜ਼ ਆਉਂਦੀ ਹੈ ਹਾਏ ਕੋਰੋਨਾ।

ਮੁੱਢਲੀਆਂ ਖੋਜਾਂ ਮੁਤਾਬਿਕ ਵਿਗਿਆਨੀਆਂ ਵਲੋਂ ਇਹ ਹੀ ਸਲਾਹ ਦਿੱਤੀ ਗਈ ਹੈ ਕਿ ਮਨੁੱਖ ਵਿੱਚ ਆਪਸੀ ਦੂਰੀ ਬਣਾਈ ਜਾਣੀ ਕੋਰੋਨਾ ਦੀ ਬਿਮਾਰੀ ਤੋਂ ਪਹਿਲਾ ਬਚਾਓ ਹੈ। ਦੂਜਾ ਇਹ ਜਾਨਵਰਾਂ ਤੋਂ ਮਨੁੱਖ ਵਿੱਚ ਫੈਲਦਾ ਹੈ ਅਤੇ ਜੋ ਮਨੁੱਖ ਜ਼ੁਕਾਮ ਤੋਂ ਲੈ ਕੇ ਸਾਹ ਪ੍ਰਣਾਲੀ ਦੀਆਂ ਅਤੇ ਹੋਰ ਬਿਮਾਰੀਆਂ ਤੋਂ ਪ੍ਰਭਾਵਿਤ ਹਨ। ਉਨ੍ਹਾਂ ’ਤੇ ਇਹ ਛੇਤੀ ਅਸਰ ਕਰਦਾ ਹੈ। ਇਸ ਲਈ ਅਹਿਤਿਆਤ ਵਜੋਂ ਇਮਿਊਨਿਟੀ ਸਿਸਟਮ ਦਾ ਮਜਬੂਤ ਹੋਣਾ ਬਹੁਤ ਜਰੂਰੀ ਹੈ। ਇਸ ਦਾ ਪ੍ਰਭਾਵ ਇੱਕ ਪੀੜਿਤ ਤੋਂ ਦੂਜੇ ਤੰਦਰੁਸਤ ਮਨੁੱਖ ਨੂੰ ਨਾ ਹੋ ਜਾਵੇ। ਇਸ ਲਈ ਮਾਸਕ ਪਹਿਨਣ ਦੀ ਵੀ ਸਲਾਹ ਵੱਡੇ ਪੱਧਰ ’ਤੇ ਦਿੱਤੀ ਗਈ ਹੈ। ਜਿਸ ਤਰ੍ਹਾਂ ਅਕਸਰ ਕਿਹਾ ਜਾਂਦਾ ਹੈ ਕਿ ਬਚਾਓ ਵਿੱਚ ਹੀ ਬਚਾਓ ਹੈ। ਇਸ ਲਈ ਘਰਾਂ ਤੋਂ ਬਾਹਰ ਨਿਕਲਣਾ ਇਸ ਮਹਾਂਮਾਰੀ ਨੂੰ ਸੱਦਾ ਦੇਣ ਬਰਾਬਰ ਮੰਨਿਆ ਗਿਆ ਹੈ।

ਵਿਸ਼ਵ ਸਿਹਤ ਸੰਗਠਨ ਅਤੇ ਦੁਨੀਆਂ ਭਰ ਦੇ ਸਿਹਤ ਸੰਗਠਨਾਂ ਦੇ ਉੱਚ ਪੱਧਰ ਦੇ ਅਫ਼ਸਰ, ਸਲਾਹਕਾਰ ਅਤੇ ਮਾਹਿਰ ਇਸ ਦੇ ਉਪਾਅ ਲਈ ਬੜੇ ਯੋਜਨਾਬੱਧ ਤਰੀਕੇ ਨਾਲ ਹਰ ਪਹਿਲੂ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਮਹਾਂਮਾਰੀ ਨੂੰ ਕੰਟਰੋਲ ਕਰਨ ਵਿੱਚ ਮਸ਼ਰੂਫ਼ ਹਨ। ਜਿਸ ਦੇ ਸਿੱਟੇ ਵਜੋਂ ਇਸ ’ਤੇ ਕੁੱਝ ਕਾਬੂ ਵੀ ਪਾਇਆ ਗਿਆ ਹੈ। ਇਸ ਲਈ ਨਿਰੰਤਰ ਯਤਨਾਂ ਨੂੰ ਬੂਰ ਪੈਂਦਾ ਦੁਨੀਆਂ ਦੇਖ ਰਹੀ ਹੈ। ਇਸ ਬਾਬਤ ਪੂਰੇ ਵਿਸ਼ਵ ਵਿੱਚ ਇੱਕ ਤਰ੍ਹਾਂ ਸਭ ਕੁੱਝ ਸਿਮਟ ਕੇ ਰਹਿ ਗਿਆ ਹੈ। ਜਿੱਥੇ ਦਿਨ ਦੇ 24 ਘੰਟੇ ਇੱਕ ਪਲ ਵੀ ਮਨੁੱਖ ਵਿਹਲਾ ਨਹੀਂ ਰਹਿੰਦਾ ਸੀ, ਭਾਵ ਆਰਾਮ ਤੋਂ ਵਾਂਝਾ ਸੀ। ਕਰੀਬ 1 ਮਹੀਨੇ ਤੋਂ ਪਈ ਮਹਾਂਮਾਰੀ ਕਾਰਨ ਇੱਕ ਤਰ੍ਹਾਂ ਪਿੰਜਰੇ ਵਿੱਚ ਬੰਦ ਹੋ ਕੇ ਰਹਿਣ ਲਈ ਮਜਬੂਰ ਹੋ ਗਿਆ ਹੈ। ਕਦੇ ਮਨੁੱਖ ਹਵਾ ’ਚ ਪੰਛੀਆਂ ਵਾਂਗ ਉੱਡਦਾ ਸੀ। ਪਰ ਅੱਜ ਸਿਰਫ਼ ਪੰਛੀ ਮਨੁੱਖ ਨੂੰ ਕਲੋਲਾਂ ਕਰ ਰਿਹਾ ਹੈ। ਇਹ ਕੁਦਰਤ ਹੈ ਅਤੇ ਇਸ ਦਾ ਸਨਮਾਨ ਕੀਤਾ ਜਾਣਾ ਜਰੂਰੀ ਵੀ ਹੈ ਅਤੇ ਹਰ ਮਨੁੱਖ ਲਈ ਮਜਬੂਰੀ ਵੀ।




ਇਸ ਸਮੇਂ ਦੁਨੀਆਂ ਦਾ ਸਾਰਾ ਢਾਂਚਾ ਠੱਪ ਹੋ ਗਿਆ ਹੈ। ਆਮਦਨ ਦੇ ਸਾਧਨ ਬੰਦ ਹੋ ਗਏ ਹਨ ਅਤੇ ਖਰਚੇ ਖਾਸ ਕਰਕੇ ਖਾਣ-ਪੀਣ ਅਤੇ ਇਲਾਜ ਦੇ ਜਰੂਰੀ ਅਤੇ ਮਹਿੰਗੇ ਹੋ ਗਏ ਹਨ। ਸਰਕਾਰਾਂ ਸਿਰ ਤੋੜ ਯਤਨਾਂ ਵਿੱਚ ਲੱਗੀਆਂ ਹੋਈਆਂ ਹਨ। ਉਹ ਆਪਣੇ ਦੇਸ਼ ਦੇ ਨਾਗਰਿਕਾਂ ਨੂੰ ਜ਼ਿਊਂਦੇ ਰੱਖਣ ਲਈ, ਉਨ੍ਹਾਂ ਦੇ ਖਾਣ-ਪੀਣ ਅਤੇ ਹੋਰ ਲੋੜੀਂਦੇ ਪ੍ਰਬੰਧ ਕਰਨ। ਜਿਸ ਬਾਰੇ ਰੋਜ਼ਾਨਾ ਐਲਾਨ ਅਤੇ ਸਮੀਖਿਆ ਪਲ ਪਲ ਕੀਤੀ ਜਾ ਰਹੀ ਹੈ। ਇਸ ਦੇ ਪ੍ਰਭਾਵਾਂ ਬਾਰੇ ਹਾਲੇ ਕੁੱਝ ਕਿਹਾ ਨਹੀਂ ਜਾ ਸਕਦਾ। ਪਰ ਇਸ ਦੇ ਪ੍ਰਭਾਵ ਅਸੀਂ ਬਹੁਤ ਗੰਭੀਰ ਭੁਗਤ ਰਹੇ ਹਾਂ ਅਤੇ ਭੁਗਤਣ ਲਈ ਸਾਨੂੰ ਆਪਣੇ ਆਪ ਨੂੰ ਤਿਆਰ ਕਰਨਾ ਹੋਵੇਗਾ। ਸਰਕਾਰਾਂ ਤੇ ਪ੍ਰਸ਼ਾਸਨ ਇਸ ਗੰਭੀਰਤਾ ਨੂੰ ਲੈਂਦਾ, ਮੰਨਦਾ, ਸਮਝਦਾ ਹੈ। ਉੱਥੇ ਮਾਹਿਰ ਭਵਿੱਖ ਪ੍ਰਤੀ ਪੈਣ ਵਾਲੇ ਪ੍ਰਭਾਵਾਂ ਬਾਰੇ ਸਰਕਾਰਾਂ ਅਤੇ ਲੋਕਾਂ ਨੂੰ ਲਗਾਤਾਰ ਸੁਚੇਤ ਕਰਦੇ ਹਨ। ਇਸ ਬਿਮਾਰੀ ਨੇ ਅਮੀਰ-ਗਰੀਬ ਨੂੰ ਛੱਡ ਕੇ ਸ਼ਾਇਦ ਸਭ ਨੂੰ ਆਪਣੇ ਕਲ਼ਾਵੇ ਵਿੱਚ ਲੈ ਲਿਆ ਹੈ। ਭਾਵੇਂ ਉਹ ਚੀਨ, ਅਮਰੀਕਾ, ਇਟਲੀ, ਇੰਗਲੈਂਡ, ਕੈਨੇਡਾ, ਸਪੇਨ, ਨੀਦਰਲੈਂਡ ਆਦਿ ਅਤੇ ਭਾਰਤ, ਪਾਕਿਸਤਾਨ ਵਰਗੇ ਮੁਲਕ ਹੋਣ। ਚੀਨ ਅਤੇ ਹੁਣ ਅਮਰੀਕਾ ਵਰਗੇ ਅਤਿ ਵਿਕਸਿਤ ਦੇਸ਼ ਮੂੱਧੇ ਮੂੰਹ ਡਿੱਗੇ ਹੋਏ ਹਨ। ਚੀਨ ਦੁਨੀਆਂ ਦੇ ਨਿਸ਼ਾਨੇ ’ਤੇ ਹੈ। ਇਹ ਦੇਸ਼ ਮਨੁੱਖਤਾ ਦਾ ਕਾਤਿਲ ਦੇਸ਼ ਹੈ। ਇਸ ਬਾਰੇ ਭਿੰਨ-ਭਿੰਨ ਪ੍ਰਕਾਰ ਦੇ ਵਿਚਾਰਾਂ ’ਚ ਇਹ ਵੀ ਤੱਥ ਸਾਹਮਣੇ ਆ ਰਿਹਾ ਹੈ ਕਿ ਚੀਨ ਕਿਸੇ ਨਾ ਕਿਸੇ ਅਤੇ ਕੋਈ ਨਾਲ ਕੋਈ ਹੀਲਾ ਵਰਤ ਕੇ ਅਮਰੀਕਾ ਨੂੰ ਨੀਵਾਂ ਸਾਬਿਤ ਕਰਕੇ ਵਿਸ਼ਵ ਦੀ ਪਹਿਲੀ ਸ਼ਕਤੀ ਬਣਨਾ ਚਾਹੁੰਦਾ ਹੈ। ਇਸ ਲਈ ਕੋਈ ਵੀ ਚੀਨ ’ਤੇ ਵਿਸ਼ਵਾਸ ਨਹੀਂ ਕਰ ਰਿਹਾ ਹੈ। ਸਗੋਂ ਚੀਨ ਕਹਿ ਰਿਹਾ ਹੈ ਕਿ ਮੈਂ ਮੁਜ਼ਰਿਮ ਨਹੀਂ ਪੀੜਿਤ ਹਾਂ।

ਭਾਰਤ ਦੇ ਸੰਦਰਭ ਵਿੱਚ ਸਰਕਾਰ ਨੇ ਵਿਸ਼ਵ ਸਿਹਤ ਮਾਹਿਰਾਂ ਦੀਆਂ ਸਲਾਹਾਂ ਨੂੰ ਧਿਆਨ ’ਚ ਰੱਖਦੇ ਹੋਏ ਤਾਲ਼ਾਬੰਦੀ ਕਰ ਦਿੱਤੀ ਅਤੇ ਹਰ ਸੂਬੇ ਨੇ ਇਸ ਨੂੰ ਮੰਨ ਲਿਆ। ਜਿਸ ਕਾਰਨ ਸਾਡੇ ਵਿਕਾਸਸ਼ੀਲ ਦੇਸ਼ ’ਤੇ ਕੋਰੋਨਾ ਵਾਇਰਸ ਕੁੱਝ ਕਾਬੂ ਹੇਠ ਹੈ। ਦੂਜੇ ਪਾਸੇ ਦੇਸ਼ ਦੁਨੀਆਂ ਦਾ ਵਿਸ਼ਾਲ ਜਨ ਸਮੂਹ ਹੈ ਅਤੇ ਦੇਸ਼ ਦੀ ਬਹੁਗਿਣਤੀ ਗਰੀਬੀ ’ਚ ਦਿਨ ਗੁਜ਼ਾਰ ਰਹੀ ਹੈ। ਗਰੀਬ ਵਰਗ ਰੋਜੀ-ਰੋਟੀ ਲਈ ਪਹਿਲਾਂ ਹੀ ਤੰਗੀਆਂ, ਤਰੁੱਸ਼ੀਆਂ ਦਾ ਸ਼ਿਕਾਰ ਹੁੰਦਾ ਹੈ। ਕਰੋੜਾਂ ਲੋਕ ਰੋਜ਼ਾਨਾ ਭਿੰਨ-ਭਿੰਨ ਪ੍ਰਕਾਰ ਦੇ ਕੰਮ ਕਰਕੇ ਸ਼ਾਮ ਨੂੰ ਪਰਿਵਾਰ ਦੇ ਪਾਲਣ-ਪੋਸ਼ਣ ਲਈ ਖਾਣ-ਪੀਣ ਦਾ ਪ੍ਰਬੰਧ ਕਰਦੇ ਹਨ। ਜਿਨ੍ਹਾਂ ਦੀ ਨਾ ਅੱਜ ਤੱਕ ਕੋਈ ਪੱਕੀ ਤਨਖ਼ਾਹ ਹੈ ਅਤੇ ਨਾ ਹੀ ਕੋਈ ਸੁਰੱਖਿਆ। ਇੱਕ ਦਮ ਸਭ ਕੁੱਝ ਉੱਜੜਿਆ-ਉੱਜੜਿਆ ਗਰੀਬ ਵਰਗ ਲਈ ਨਜ਼ਰ ਆਉਣ ਲੱਗਾ। ਛੋਟੇ ਘਰਾਂ ’ਚ ਵੱਧ ਪਰਿਵਾਰਿਕ ਮੈਂਬਰਾਂ ਕਾਰਨ ਘਰ ਦਾ ਮਾਹੌਲ ਹੋਰ ਵੀ ਤੰਗੀਆਂ ਤਰੁੱਸ਼ੀਆਂ ਅਤੇ ਸਮੱਸਿਆਵਾਂ ਵਿੱਚ ਪਹੁੰਚ ਗਿਆ।

ਭਾਵੇਂ ਭਾਰਤ ਸਰਕਾਰ ਸੂਬੇ ਦੀਆਂ ਸਰਕਾਰਾਂ ਸਮੇਤ ਪੰਜਾਬ ਸਰਕਾਰ ਨੇ ਗਰੀਬ ਵਰਗਾਂ ਸਮੇਤ ਸਾਰੇ ਨਾਗਰਿਕਾਂ ਦਾ ਖਿਆਲ ਰੱਖਿਆ ਅਤੇ ਰੱਖਣਾ ਵੀ ਚਾਹੀਦਾ ਸੀ। ਲੇਕਿਨ ਹੁਣ ਘਰਾਂ ਵਿੱਚ ਬੰਦ ਰਹਿਣਾ ਬੇਹੱਦ ਔਖਾ ਅਤੇ ਮੁਸ਼ਕਿਲ ਹੁੰਦਾ ਜਾ ਰਿਹਾ ਹੈ। ਸਮੱਸਿਆਵਾਂ ਮੂੰਹ ਅੱਡ ਖੜ੍ਹੀਆਂ ਸਾਹਮਣਿਓ ਨਜ਼ਰ ਆ ਰਹੀਆਂ ਹਨ। ਪਰ ਸਰਕਾਰਾਂ ਦੇ ਯਤਨ, ਸਹੂਲਤਾਂ ਹੀ ਆਸ ਦੀ ਕਿਰਨ ਹਨ। ਹਾਲਾਤਾਂ, ਸਮੇਂ ਨੂੰ ਧਿਆਨ ’ਚ ਰੱਖਦੇ ਹੋਏ ਜਿੱਥੇ ਸਰਕਾਰਾਂ ਨੂੰ ਲੋਕਾਂ ਦੇ ਖਾਣ-ਪੀਣ ਅਤੇ ਉਨ੍ਹਾਂ ਦੀ ਰੋਜ਼ਮੱਰਰਾ ਦੀਆਂ ਜਰੂਰਤਾਂ ਲਈ ਸਹੂਲਤਾਂ ਦੇਣ ਦੀ ਨਿਰੰਤਰ ਲੋੜ ਹੈ। ਉੱਥੇ ਮਜਬੂਤ ਇਰਾਏ ਨਾਲ ਸਰਕਾਰਾਂ, ਸਿਹਤ ਮਹਿਕਮੇ ਅਤੇ ਹਰ ਪੱਧਰ ’ਤੇ ਇਸ ਬਿਮਾਰੀ ਨੂੰ ਜੰਗ ਜਿੱਤਣ ਵਾਂਗ ਲਿਆ ਜਾਣਾ ਚਾਹੀਦਾ ਹੈ। ਕਿਉਂਕਿ ਕਿਹਾ ਜਾਂਦਾ ਹੈ ਕਿ ਜੋ ਜੀਤਾ, ਵਹੀ ਸਿਕੰਦਰ। ਸਰਕਾਰਾਂ ਨੂੰ ਆਪਣੇ ਨਾਗਰਿਕਾਂ ਨੂੰ ਜ਼ਿੰਦਾ ਅਤੇ ਆਸਵੰਦ ਰੱਖਣ ਲਈ ਵੱਡੇ ਪੱਧਰ ’ਤੇ ਆਰਥਿਕ ਅਤੇ ਸਿਹਤ ਪ੍ਰਬੰਧ ਨੂੰ ਨਵੇਂ ਸਿਰਿਉਂ ਨਿਵਿਆਉਣ ਦੀ ਲੋੜ੍ਹ ਹੈ। ਆਓ ਇਸ ਭਿਆਨਕ ਸਮੇਂ ’ਚ ਆਪਸੀ ਸੂਝ-ਬੂਝ, ਇੱਕਮੁੱਠਤਾ, ਇੱਕ ਵਿਸ਼ਵ ਨਾਗਰਿਕ, ਇੱਕ ਗਲੋਬਲ ਪਿੰਡ ਦੀ ਸਾਰਥਿਕਤਾ ਨੂੰ ਸਮਝਦੇ ਹੋਏ, ਸਰਕਾਰਾਂ ਅਤੇ ਸਿਹਤ ਮਹਿਕਮਿਆਂ ਵਲੋਂ ਦਿੱਤੀਆਂ ਜਾ ਰਹੀਆਂ ਹਦਾਇਤਾਂ ਅਤੇ ਸਲਾਹਾਂ ਨੂੰ ਮੰਨਦੇ ਹੋਏ ਆਪਣੀ ਜ਼ਿੰਦਗੀ ਆਸ਼ਾ ਦਾ ਪੱਲਾ ਫੜ੍ਹ ਰੱਖੀਏ। ਕਿਉਂਕਿ ਆਸ ਨਾਲ ਹੀ ਜ਼ਿੰਦਗੀ ਜੀਵੀ ਜਾ ਸਕਦੀ ਹੈ ਅਤੇ ਇਹੀ ਜ਼ਿੰਦਗੀ ਦੀ ਫ਼ਿਲਾਸਫ਼ੀ ਹੈ। ਆਓ ਇੱਕ-ਦੂਜੇ ਦਾ ਸਾਥ ਦੇ ਕੇ ਭਾਈਚਾਰਾ ਬਣਾਈਏ। ਆਪ ਜੀਵੀਏ ਅਤੇ ਦੂਜਿਆਂ ਨੂੰ ਜਿਊਣ ਦੇਈਏ।

# ਮਜ਼ਦੂਰਾਂ ਦੇ ਭਵਿੱਖ ਲਈ ਮਨਰੇਗਾ ’ਚ ਨਵਾਂ ਉਤਸ਼ਾਹ ਭਰਨ ਦੀ ਲੋੜ੍ਹ

ਭਾਰਤ ਸਰਕਾਰ ਦੀ ਪੇਂਡੂ ਮਜ਼ਦੂਰਾਂ ਨੂੰ ਸਮਾਜਿਕ ਸੁਰੱਖਿਆ ਹਿੱਤ ਰੋਜ਼ਗਾਰ ਦੇਣ ਅਤੇ ਪਿੰਡਾਂ ਦੇ ਸਰਬਪੱਖੀ ਵਿਕਾਸ ਕਰਨ ਲਈ ਭਾਰਤੀ ਸੰਸਦ ਵਿੱਚ ਕੌਮੀ ਦਿਹਾਤੀ ਰੋਜ਼ਗਾਰ ਗਾਰੰਟੀ ਯੋਜਨਾ ਐਕਟ 2005 ਹੋਂਦ ਵਿੱਚ ਲਿਆਂਦੀ ਗਈ। ਜਿਸ ਨੂੰ ਸਾਲ 2006 ਵਿੱਚ ਦੇਸ਼ ਦੇ 200 ਜ਼ਿਲ੍ਹਿਆਂ ਵਿੱਚ ਪਹਿਲਾਂ ਲਾਗੂ ਕੀਤਾ ਗਿਆ ਅਤੇ 2009 ਦੇ ਵਿੱਤੀ ਸਾਲ ਵਿੱਚ ਪੂਰੇ ਮੁਲਕ ਅੰਦਰ ਅਮਲ ਵਿੱਚ ਲਿਆਂਦਾ ਗਿਆ। ਸਾਲ 2009 ਵਿੱਚ ਇਸ ਯੋਜਨਾ ਵਿੱਚ ਮਹਾਤਮਾ ਗਾਂਧੀ ਦਾ ਨਾਮ ਜੋੜ ਕੇ ਮਹਾਤਮਾ ਗਾਂਧੀ ਕੌਮੀ ਦਿਹਾਤੀ ਰੋਜ਼ਗਾਰ ਗਾਰੰਟੀ ਯੋਜਨਾ (ਮਨਰੇਗਾ) ਦਾ ਨਾਂ ਦਿੱਤਾ ਗਿਆ।

ਇਸ ਯੋਜਨਾ ਮੁਤਾਬਿਕ ਉਨ੍ਹਾਂ ਕੰਮਾਂ ਦੀ ਚੋਣ ਕੀਤੀ ਜਾਣੀ ਤੈਅ ਕੀਤੀ ਗਈ ਕਿ 60 ਪ੍ਰਤੀਸ਼ਤ ਮਜ਼ਦੂਰੀ ਮਜ਼ਦੂਰ ਕਰਨ ਅਤੇ 40 ਪ੍ਰਤੀਸ਼ਤ ਉਸ ’ਤੇ ਮਟੀਰੀਅਲ ਦੀ ਲਾਗਤ ਆਵੇ। ਇਹ ਯੋਜਨਾ ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਦੇ ਆਪਸੀ ਹਿੱਸੇ ਕ੍ਰਮਵਾਰ 90 ਪ੍ਰਤੀਸ਼ਤ ਅਤੇ 10 ਪ੍ਰਤੀਸ਼ਤ ਨਾਲ ਚੱਲਦੀ ਆ ਰਹੀ ਹੈ। ਜਿਸ ਵਿੱਚ 260 ਕੰਮਾਂ ਨੂੰ ਕਰਨ ਦੀ ਵਿਆਪਕ ਯੋਜਨਾ ਵੱਖ-ਵੱਖ ਸੂਬਿਆਂ ਦੀਆਂ ਸਥਿਤੀਆਂ-ਪ੍ਰਸਥਿਤੀਆਂ ਮੁਤਾਬਿਕ ਸ਼ਾਮਿਲ ਕੀਤਾ ਗਿਆ ਹੈ। ਇਸ ਸਮੇਂ ਪੰਜਾਬ ਸੂਬੇ ਦੇ ਕੁੱਲ 22 ਜ਼ਿਲ੍ਹਿਆਂ ਵਿੱਚ 16,84,288 ਕੰਮ ਕਰਨ ਵਾਲੇ ਮਜ਼ਦੂਰਾਂ ਦੇ ਜਾਬ ਕਾਰਡ ਹਨ ਅਤੇ ਕਰੀਬ 1600 ਮੁਲਾਜ਼ਮ ਇਸ ਯੋਜਨਾ ਵਿੱਚ ਕੰਮ ਕਰ ਰਹੇ ਹਨ।

ਇਸ ਨਵੇਂ ਵਰ੍ਹੇ 2020-21 ਲਈ ਭਾਰਤ ਸਰਕਾਰ ਵਲੋਂ ਕੋਰੋਨਾ ਦੀ ਮਹਾਂਮਾਰੀ ਕਾਰਨ 60 ਹਜਾਰ ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ ਅਤੇ 19 ਹਜਾਰ ਕਰੋੜ ਜਾਰੀ ਕੀਤੇ ਗਏ ਹਨ। ਪੰਜਾਬ ਵਿੱਚ ਮਜ਼ਦੂਰੀ ਦੀ ਦਿਹਾੜੀ ਪਿਛਲੇ ਸਾਲ ਦੀ 241 ਰੁਪਏ ਤੋਂ ਵਧਾ ਕੇ 263 ਰੁਪਏ ਕਰ ਦਿੱਤੀ ਗਈ ਹੈ। ਇਸ ਕਰੋਪੀ ਦੌਰਾਨ ਚੰਗੀ ਗੱਲ ਇਹ ਹੋਈ ਕਿ ਜਿਹੜੇ ਮਜ਼ਦੂਰਾਂ ਅਤੇ ਦੁਕਾਨਾਂ ’ਤੇ ਮਟੀਰੀਅਲ ਵੇਚਣ ਵਾਲਿਆਂ ਦੀ ਰਕਮ ਦੀ ਅਦਾਇਗੀ ਕਦੇ ਸਮੇਂ ’ਤੇ ਨਹੀਂ ਹੁੰਦੀ ਸੀ। ਪਰ ਹੁਣ ਮਜ਼ਦੂਰਾਂ ਦੀ 31 ਮਾਰਚ 2020 ਤੱਕ ਕੁੱਲ ਅਦਾਇਗੀ ਕਰ ਦਿੱਤੀ ਗਈ ਹੈ।

ਪੰਜਾਬ ਵਿੱਚ ਇਸ ਸਮੇਂ ਮੁੱਖ ਤੌਰ ’ਤੇ ਮਨਰੇਗਾ ਯੋਜਨਾ ਰਾਹੀਂ ਪਿੰਡਾਂ ਵਿੱਚ ਛੱਪੜਾਂ ਦੀ ਸਾਫ਼-ਸਫ਼ਾਈ, ਗੰਦੇ ਪਾਣੀ ਦਾ ਨਿਕਾਸ, ਉੱਚੀ-ਨੀਵੀਂ ਅਨੁਸੂਚਿਤ ਜਾਤੀ ਵਰਗ ਦੀ ਜਮੀਨ ਨੂੰ ਪੱਧਰਾ ਕਰਨਾ, ਇੰਦਰਾ ਆਵਾਸ ਯੋਜਨਾ ਅਧੀਨ ਮਕਾਨਾਂ ਦੀ ਉਸਾਰੀ ਕਰਨਾ, ਹੜ੍ਹਾਂ ਦਾ ਕੰਟਰੋਲ ਅਤੇ ਸੇਮ ਦੇ ਮਾਰੇ ਇਲਾਕੇ ਵਿੱਚ ਹੜ੍ਹਾਂ ਦੀ ਰੋਕਥਾਮ ਅਤੇ ਰੱਖ-ਰਖਾਉ ਦੇ ਕੰਮ, ਦਿਹਾਤੀ ਲਿੰਕ ਸੜ੍ਹਕਾਂ ਨੂੰ ਬਣਾਉਣਾ, ਪਸ਼ੂਆਂ ਮੱਝਾਂ-ਗਾਂਵਾਂ ਆਦਿ ਲਈ ਸ਼ੈੱਡਾਂ ਦੀ ਉਸਾਰੀ ਕਰਨਾ, ਖੁਰਲ਼ੀਆਂ ਬਣਾਉਣਾ, ਪੋਲਟਰੀ ਸ਼ੈਲਟਰ, ਮੱਛੀ ਪਾਲਣ ਸਬੰਧੀ ਕੰਮ, ਪੀਣ ਵਾਲੇ ਪਾਣੀ ਨਾਲ ਸਬੰਧਿਤ ਕੰਮ ਜਿਵੇਂ ਸੋਕ ਪਿੱਟ, ਰੀਚਾਰਜ਼ ਪਿੱਟ, ਵਿਅਕਤੀਗਤ ਪਰਿਵਾਰਿਕ, ਸਕੂਲ, ਆਂਗਣਵਾੜੀ ਸੈਂਟਰਾਂ ਲਈ ਲੈਟਰੀਨਾਂ (ਪਖ਼ਾਨੇ), ਸੌਲਿਡ ਅਤੇ ਲੀਕੁਅਡ ਬੇਸਡ ਮੈਨੇਜ਼ਮੈਂਟ, ਆਂਗਣਵਾੜੀ ਸੈਂਟਰਾਂ ਦੀ ਉਸਾਰੀ, ਖੇਡ ਮੈਦਾਨਾਂ ਦੀ ਉਸਾਰੀ, ਪਾਰਕਾਂ ਦੀ ਉਸਾਰੀ ਆਦਿ ਦੇ ਕੰਮ ਚੱਲਦੇ ਹਨ। ਪਿੰਡਾਂ ਦੀਆਂ ਪੰਚਾਇਤਾਂ ਉਕਤ ਯੋਜਨਾ ਦੀ ਮੂਲ ਭਾਵਨਾ ਅਤੇ ਲੋੜ ਮੁਤਾਬਿਕ ਆਪਣੇ ਮਤਿਆਂ ਰਾਹੀਂ ਆਪਣੇ ਬੀ.ਡੀ.ਪੀ.ਓ. ਰਾਹੀਂ ਕੰਮ ਕਰਨ ਦੀ ਇਜ਼ਾਜਤ ਲੈ ਸਕਦੀਆਂ ਹਨ।

ਇਸ ਯੋਜਨਾ ’ਤੇ ਪਿਛਲਝਾਤ ਮਾਰਦਿਆਂ ਮਹਿਸੂਸ ਹੁੰਦਾ ਹੈ ਕਿ ਇਸ ਯੋਜਨਾ ਵਿੱਚ ਮਜ਼ਦੂਰ ਵਰਗ ਦਾ ਬੁਰੀ ਤਰ੍ਹਾਂ ਸ਼ੋਸ਼ਣ ਹੋਇਆ ਹੈ। ਮਜ਼ਦੂਰ ਨੂੰ ਉਸ ਦੀ ਮਜ਼ਦੂਰੀ ਕਦੇ ਵੀ ਸਮੇਂ ਸਿਰ ਨਹੀਂ ਮਿਲ ਸਕੀ। ਹਾਜ਼ਰੀਆਂ ਦਾ ਰੌਲ਼ਾ ਪੈਂਦਾ ਰਿਹਾ ਹੈ। ਮਟੀਰੀਅਲ ਦੀਆਂ ਅਦਾਇਗੀਆਂ ਕਈ-ਕਈ ਸਾਲਾਂ ਬਾਅਦ ਹੋਣ ਕਾਰਨ ਹਰ ਕੋਈ ਨਰੇਗਾ ਤੋਂ ਦੁਖੀ ਪਰੇਸ਼ਾਨ ਅਤੇ ਦੂਰ ਰਹਿਣ ਲੱਗਾ। ਪਿੰਡਾਂ ਦੇ ਪਿੰਡ ਅਤੇ ਦੁਕਾਨਦਾਰ ਦਫ਼ਤਰਾਂ/ਮੁਲਾਜ਼ਮਾਂ ਦੇ ਚੱਕਰ ਕੱਟ-ਕੱਟ ਕੇ ਥੱਕ ਹਾਰ ਗਏ ਤੇ ਇਹ ਸੋਚ ਬਣਨ ਲੱਗੀ ਕਿ ਨਰੇਗਾ ’ਚ ਕੰਮ ਹੀ ਨਹੀਂ ਕਰਨਾ, ਜੇ ਪੈਸੇ ਹੀ ਸਮੇਂ ਸਿਰ ਨਹੀਂ ਮਿਲਣੇ। ਜੇ ਮਜ਼ਦੂਰ ਨੂੰ ਮਜ਼ਦੂਰੀ ਦੇ ਪੈਸੇ ਹੀ ਨਹੀਂ ਮਿਲਣੇ ਤਾਂ ਕੰਮ ਕਰਨ ਦਾ ਕੀ ਫ਼ਾਇਦਾ? ਸ਼ਾਇਦ ਇਸੇ ਕਰਕੇ ਮਹਾਨ ਲੈਨਿਨ ਨੇ ਕਿਹਾ ਸੀ ਕਿ ਮਜ਼ਦੂਰ ਨੂੰ ਉਸ ਦੀ ਮਜ਼ਦੂਰੀ, ਉਸ ਦੇ ਪਸੀਨਾ ਸੁੱਕਣ ਤੋਂ ਪਹਿਲਾਂ ਮਿਲ ਜਾਣੀ ਚਾਹੀਦੀ ਹੈ।'' ਇਸੇ ਤਰ੍ਹਾਂ ਦੁਕਾਨਦਾਰਾਂ ਨੇ ਪੰਚਾਇਤਾਂ ਨੂੰ ਸਮਾਨ ਸੀਮਿੰਟ, ਸਰੀਆ, ਬਜਰੀ, ਰੇਤਾ, ਪਾਇਪ ਆਦਿ ਦੇਣ ਤੋਂ ਕੋਰੀ ਨਾਂਹ ਕਰ ਦਿੱਤੀ। ਜਿਸ ਕਾਰਨ ਮਿੱਥੇ ਨਿਸ਼ਾਨੇ ਮੁਤਾਬਿਕ ਯੋਜਨਾ ਦਾ ਲਾਭ ਜ਼ਮੀਨੀ ਪੱਧਰ ’ਤੇ ਨਹੀਂ ਮਿਲ ਸਕਿਆ।

ਹੁਣ ਕੋਰੋਨਾ ਮਹਾਂਮਾਰੀ ਦੌਰਾਨ ਅਤੇ ਸਾਲ 2020-2021 ਦੌਰਾਨ ਪੰਜਾਬ ਸਰਕਾਰ ਨੇ ਪਿਛਲੇ ਸਾਲ ਗੁਰੂ ਨਾਨਕ ਦੇਵ ਜੀ ਦੇ 550 ਸਾਲਾਂ ’ਤੇ ਹਰ ਪਿੰਡ ਵਿੱਚ 550 ਬੂਟੇ ਲਗਾਏ ਸਨ। ਉਨ੍ਹਾਂ ਵਾਸਤੇ ਹਰ ਪਿੰਡ ਵਿੱਚ 3-3 ਵਣ ਮਿੱਤਰ ਬੂਟਿਆਂ ਦੀ ਸਾਂਭ-ਸੰਭਾਲ ਲਈ ਲਗਾਏ ਗਏ ਹਨ। ਸਰਕਾਰ ਨੂੰ ਇਸ ਦੇ ਨਾਲ ਹੀ ਚਾਹੀਦਾ ਹੈ ਕਿ ਪਾਇਪਾਂ ਰਾਹੀਂ ਜੋ ਗੰਦੇ ਪਾਣੀ ਦੇ ਨਿਕਾਸ ਦਾ ਕੰਮ ਰੁਕਿਆ ਹੋਇਆ ਹੈ, ਮੁੜ ਚਾਲੂ ਕੀਤਾ ਜਾਵੇ। ਜਿਸ ਨਾਲ ਜਿੱਥੇ ਵਾਤਾਵਰਣ ’ਚ ਸ਼ੁੱਧਤਾ ਆਵੇਗੀ ਅਤੇ ਮਨਰੇਗਾ ਮਜ਼ਦੂਰਾਂ ਨੂੰ ਵੱਧ ਤੋਂ ਵੱਧ ਲਾਭ ਮਿਲੇਗਾ ਅਤੇ ਜੋ ਪੰਜਾਬ ਵਿੱਚ ਗਰੀਬ ਮਜ਼ਦੂਰਾਂ, ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਅਤੇ ਹੋਰ ਲੋੜਵੰਦਾਂ ਦੇ ਮਕਾਨ ਬਣਾਉਣ ਦੀ ਤਜ਼ਵੀਜ਼ ਹੈ ਨੂੰ ਵੀ ਤੁਰੰਤ ਅਮਲ ਵਿੱਚ ਲਿਆਉਣ ਦੀ ਵਿਉਂਤਬੰਦੀ ਨੂੰ ਅਸਲੀ ਜਾਮਾ ਦਿੱਤਾ ਜਾਣਾ ਸਮੇਂ ਦੀ ਮੰਗ ਹੈ। ਜੋ ਮਜ਼ਦੂਰ ਪੁਰਸ਼/ਇਸਤਰੀ ਕੰਮ ਕਰਨਾ ਚਾਹੁੰਦੇ ਹਨ, ਉਨ੍ਹਾਂ ਦੇ ਜਾਬ ਕਾਰਡ ਬਣਾਉਣ ਦਾ ਅਭਿਆਨ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ। ਇਸ ਬਾਬਤ ਨਰੇਗਾ ਮਜ਼ਦੂਰਾਂ ਦੀ ਸਿਹਤ ਅਤੇ ਉਨ੍ਹਾਂ ਦੀ ਹਿਫ਼ਾਜ਼ਤ ਲਈ ਲੋੜੀਂਦੇ ਪ੍ਰਬੰਧ ਕਰਨੇ ਸਭ ਤੋਂ ਵੱਧ ਜਰੂਰੀ ਹਨ ਤਾਂ ਜੋ ਕਿਸੇ ਵੀ ਤਰ੍ਹਾਂ ਕੋਰੋਨਾ ਵਰਗੀ ਮਹਾਂਮਾਰੀ ਤੋਂ ਬਚਾਇਆ ਜਾ ਸਕੇ।

ਭਾਰਤ ਸਰਕਾਰ ਵਲੋਂ ਇਸ ਯੋਜਨਾ ਨੂੰ ਦੁਨੀਆਂ ਭਰ ਵਿੱਚ ਮਜ਼ਦੂਰਾਂ ਦੀ ਸਭ ਤੋਂ ਵੱਡੀ ਹਿੱਤਕਾਰੀ ਯੋਜਨਾ ਕਿਹਾ ਜਾਂਦਾ ਹੈ। ਭਾਰਤ ਵਿੱਚ ਲੱਗਭੱਗ 70 ਪ੍ਰਤੀਸ਼ਤ ਆਬਾਦੀ ਪਿੰਡਾਂ ਵਿੱਚ ਵੱਸਦੀ ਹੈ। ਜਿਸ ਵਿੱਚ ਬਹੁਗਿਣਤੀ ਮਜ਼ਦੂਰ ਵਰਗ ਦੀ ਹੈ। ਅੱਜ ਤੱਕ ਆਜ਼ਾਦੀ ਦੇ 73 ਸਾਲਾਂ ਬਾਅਦ ਜੋ ਕੰਮ ਇੱਕ ਆਜ਼ਾਦ ਮੁਲਕ ਦੇ ਮਜ਼ਦੂਰਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਹੋਣੇ ਚਾਹੀਦੇ ਸਨ। ਉਹ ਆਟੇ ’ਚ ਲੂਣ ਬਰਾਬਰ ਹੀ ਹਨ। ਜਿਸ ਕਾਰਨ ਮਜ਼ਦੂਰ ਵਰਗ ਨਿਰਾਸ਼ਾ ਦੇ ਆਲਮ ’ਚ ਜ਼ਿੰਦਗੀ ਮਾਣ ਨਹੀਂ ਰਿਹਾ, ਸਗੋਂ ਰੋ-ਰੋ ਕੇ ਦਿਨਕਟੀ ਕਰਨ ਲਈ ਮਜਬੂਰ ਹੈ। ਅਜੇ ਤੱਕ ਮਜ਼ਦੂਰ ਵਰਗ ਨੂੰ ਉਨ੍ਹਾਂ ਦੇ ਪੱਕੇ ਪੈਰੀਂ ਖੜ੍ਹਾ ਕਰਨ ਲਈ ਸਮਾਜਿਕ ਅਤੇ ਆਰਥਿਕ ਤੌਰ ’ਤੇ ਕੋਈ ਵੀ ਯੋਜਨਾ ਕਾਰਗਾਰ ਸਾਬਿਤ ਨਹੀਂ ਹੋ ਸਕੀ। ਜਿਸ ਦੀ ਮੁੱਖ ਵਜ੍ਹਾ ਮਜ਼ਦੂਰਾਂ ਦੀ ਆਪਸੀ ਏਕਤਾ ਦੀ ਘਾਟ ਅਤੇ ਸਰਕਾਰਾਂ ਦੀਆਂ ਨਾਕਾਮੀਆਂ ਹਨ। ਉਨ੍ਹਾਂ ਨੂੰ ਸਿਰਫ਼ ਵੋਟ ਬੈਂਕ ਵਜੋਂ ਕੁੱਝ ਸਮੇਂ ਲਈ ਕੁੱਝ ਰਾਹਤ ਦੇ ਕੇ ਹੀ ਡੰਗ ਟਪਾਈ ਕੀਤੀ ਜਾਂਦੀ ਆ ਰਹੀ ਹੈ। ਜੋ ਕਿ ਇੱਕ ਚੰਗੇ, ਸਿਹਤਮੰਦ ਲੋਕਤੰਤਰ ਦੀ ਨਿਸ਼ਾਨੀ ਨਹੀਂ ਹੋ ਸਕਦੀ। ਕਿਉਂਕਿ ਜੇਕਰ ਦੇਸ਼ ਦੀ ਬਹੁਗਿਣਤੀ ਦੇ ਹੀ ਜੀਵਨ ਪੱਧਰ ਵਿੱਚ ਸੁਧਾਰ ਨਾ ਹੋਇਆ ਤਾਂ ਫਿਰ ਲੋਕਤੰਤਰ ਦੀ ਪਰਿਭਾਸ਼ਾ ਕਿ ਲੋਕਾਂ ਦੀ, ਲੋਕਾਂ ਲਈ ਅਤੇ ਲੋਕਾਂ ਦੁਆਰਾ ਸਰਕਾਰ ਬਣਾਉਣ ਦਾ ਅਰਥ ਹੀ ਕੀ ਰਹਿ ਜਾਂਦਾ ਹੈ?

ਦੇਸ਼ ਦੇ ਅੰਕੜਿਆਂ ’ਤੇ ਝਾਤ ਮਾਰੀ ਜਾਵੇ ਤਾਂ ਦੇਸ਼ ਦਾ ਕਰੀਬ 70 ਪ੍ਰਤੀਸ਼ਤ ਸਰਮਾਇਆ ਸਿਰਫ਼ 1 ਪ੍ਰਤੀਸ਼ਤ ਲੋਕਾਂ ਨੇ ਸਾਂਭਿਆ ਹੋਇਆ ਹੈ। ਪੰਜਾਬ ਦੀਆਂ ਸਰਕਾਰਾਂ ਨੂੰ ਪੰਜਾਬ ਦੇ ਲੱਗਭੱਗ 300 ਧਨਾਂਢ ਪਰਿਵਾਰ ਹੀ ਚਲਾਉਣ ਵਿੱਚ ਮੋਹਰੀ ਭੂਮਿਕਾ ਨਿਭਾ ਰਹੇ ਹਨ। ਜਿਸ ਕਾਰਨ ਸਮਾਜ ਵਿੱਚ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਅਸਮਾਨਤਾ ਪ੍ਰਤੱਖ ਨਜ਼ਰ ਆਉਂਦੀ ਹੈ। ਦੇਸ਼ ਦੀ ਅਸਲੀਅਤ ਤੱਥਾਂ ਨੂੰ ਬੇਧਿਆਨ ਕਰਕੇ ਮਿਲੀਅਨ ਡਾਲਰਾਂ ਦਾ ਕਰਜ਼ਾ ਲੈ ਕੇ ਅਤੇ ਵਿਆਜ਼ ਭਰਨ ਲਈ ਹੋਰ ਕਰਜ਼ੇ ਲੈ ਕੇ ਜਿੱਥੇ ਦੇਸ਼ ਦਾ ਬਾਹਰੀ ਪ੍ਰਭਾਵ ਤਾਂ ਇਹ ਦਿਸ ਰਿਹਾ ਹੈ ਕਿ ਦੇਸ਼ ਵਿਕਸਿਤ ਦੇਸ਼ਾਂ ਵੱਲ ਵੱਧ ਰਿਹਾ ਹੈ। ਪਰ ਅੰਦਰੂਨੀ ਹਾਲਾਤ ਭਾਰਤ ਦਾ ਦੱਬਿਆ ਕੁਚਲਿਆ ਮਜ਼ਦੂਰ, ਦਲਿਤ, ਕਿਰਤੀ, ਕਿਸਾਨ ਚੰਗੀ ਤਰ੍ਹਾਂ ਰੋਜ਼ਮੱਰਰਾ ਦੀ ਜ਼ਿੰਦਗੀ ਬਤੀਤ ਕਰਨ ਲਈ ਮਜਬੂਰ ਹੈ। ਉਸ ਦੀਆਂ ਸਮੱਸਿਆਵਾਂ ਅਤੇ ਪ੍ਰੇਸ਼ਾਨੀਆਂ ਦੇ ਨਿਵਾਰਣ ਲਈ ਨਾ ਤਾਂ ਸਮੇਂ ਦੀਆਂ ਸਰਕਾਰਾਂ ਦੀ ਮਜ਼ਬੂਤ ਇੱਛਾ ਸ਼ਕਤੀ ਹੈ ਅਤੇ ਨਾ ਹੀ ਦੇਸ਼ ਦੀ ਅਫ਼ਸਰਸ਼ਾਹੀ ਇਸ ਜਾਲ ਵਿੱਚੋਂ ਮਜ਼ਦੂਰਾਂ ਨੂੰ ਕੱਢਣ ਲਈ ਕੋਈ ਕ੍ਰਾਂਤੀਕਾਰੀ ਤਜ਼ਵੀਜ਼ਾਂ ਪੇਸ਼ ਕਰਨ ’ਚ ਅਸਫ਼ਲ ਰਹੀ ਹੈ। ਹਕੀਕਤ ਇਹ ਹੈ ਕਿ ਹੇਠਲੇ ਵਰਗ ਤਰਾਂਅ-ਤਰਾਂਅ ਕਰਨ ਲਈ ਮਜਬੂਰ ਹਨ ਅਤੇ ਨੀਰੂ (ਪ੍ਰਧਾਨ ਮੰਤਰੀ) ਬੰਸਰੀ ਵਜਾ ਰਿਹਾ ਹੈ!

ਮਨਰੇਗਾ ਯੋਜਨਾ ਨੂੰ ਚਲਾਇਆਂ 10 ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ। ਜਿਸ ਵਿੱਚ ਲੱਖਾਂ ਪੜ੍ਹੇ-ਲਿਖੇ ਲੋਕਾਂ ਨੂੰ ਰੋਜ਼ਗਾਰ ਤਾਂ ਦਿੱਤਾ ਗਿਆ ਹੈ, ਪਰ ਅੱਜ ਵੀ ਉਹ ਠੇਕੇ ’ਤੇ ਹਨ। ਹਰ ਸਾਲ ਠੇਕੇ (ਕੰਟ੍ਰੈਕਟ) ਦੀ ਤਰੀਕ ਵਧਾਉਣ ਦੀ ਹਾਲਤ ਨੰਗੀ ਤਾਰ ਨਾਲ ਗੁਜ਼ਰ ਜਾਣ ਵਾਲੀ ਹੁੰਦੀ ਹੈ। ਕਹਿਣ ਦਾ ਭਾਵ ਹੈ ਕਿ ਜੋ ਮਜ਼ਦੂਰਾਂ ਨੂੰ ਕੰਮ, ਮਾਰਗ ਦਰਸ਼ਨ, ਮਜ਼ਦੂਰੀ ਦੇਣ ਦਾ ਕੰਮ ਕਰਦੇ ਹਨ। ਜੇ ਉਨ੍ਹਾਂ ਦਾ ਭਵਿੱਖ ਹੀ ਸੁਰੱਖਿਅਤ ਨਹੀਂ ਤਾਂ ਉਨ੍ਹਾਂ ਤੋਂ ਕਰੋੜਾਂ ਲੋਕਾਂ ਦੇ ਭਵਿੱਖ ਦੀ ਕਿੰਨੀ ਕੁ ਆਸ ਰੱਖੀ ਜਾ ਸਕਦੀ ਹੈ। ਇਹ ਸਾਡੇ ਚਿੰਤਨ, ਸਮਝਣ ਅਤੇ ਅੰਤਰਝਾਤ ਮਾਰਨ ਦਾ ਵਿਸ਼ਾ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਇਸ ਦਾ ਪੱਕੇ ਤੌਰ ’ਤੇ ਸਥਾਈ ਹੱਲ ਕੱਢਣ ਤਾਂ ਜੋ ਸਮੁੱਚਾ ਮਨਰੇਗਾ ਅਮਲਾ ਪੂਰੀ ਗਤੀਸ਼ੀਲਤਾ ਅਤੇ ਉਤਸ਼ਾਹਿਤ ਭਾਵਨਾ ਨਾਲ ਪਿੰਡਾਂ ਦੇ ਲੋਕਾਂ ਦੇ ਜੀਵਨ ਪੱਧਰ ਵਿੱਚ ਆਸ ਦੀ ਕਿਰਨ ਬਣਾਈ ਰੱਖਣ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਜੇਕਰ ਪੰਜਾਬ ’ਤੇ ਹੀ ਗੱਲ ਕੀਤੀ ਜਾਵੇ ਤਾਂ ਹਰ ਉੱਚ ਅਫ਼ਸਰ/ਵਿਭਾਗ ਦੀ ਇਹ ਸੋਚ ਰਹੀ ਹੈ ਕਿ ਜਿੱਥੇ ਕੋਈ ਮੁਲਾਜ਼ਮ ਕੰਮ ਘੱਟ ਕਰਦਾ ਹੈ ਜਾਂ ਮੁਲਾਜ਼ਮ ਨਹੀਂ ਹੈ। ਉੱਥੇ ਮਨਰੇਗਾ ਦੇ ਰੋਜ਼ਗਾਰ ਵਰਕਰਾਂ ਨੂੰ ਝੋਕ ਦਿੱਤਾ ਜਾਵੇ। ਜਿਸ ਦੀ ਤਾਜ਼ਾ ਮਿਸਾਲ ਇਸ ਵਕਤ ਕੋਰੋਨਾ ਵਰਗੀ ਮਹਾਂਮਾਰੀ ਸਮੇਂ ਹੈ। ਜਦੋਂ ਸਿਹਤ ਵਿਭਾਗ, ਸਿਵਲ ਪ੍ਰਸ਼ਾਸਨ, ਪੁਲਿਸ ਪ੍ਰਸ਼ਾਸਨ ਤੋਂ ਬਾਅਦ ਜੇਕਰ ਪੇਂਡੂ ਖ਼ੇਤਰਾਂ ਵਿੱਚ ਪੰਚਾਇਤਾਂ ਨਾਲ ਰਬੋ-ਰਾਬਤਾ ਜਾਂ ਉਨ੍ਹਾਂ ਦੀ ਖਾਣ-ਪੀਣ ਦੀ ਸਮੱਗਰੀ ਪਹੁੰਚਾਉਣੀ ਹੈ ਤਾਂ ਸਭ ਤੋਂ ਤੇਜ਼ੀ ਨਾਲ ਕੰਮ ਕਰਦੇ ਇਹ ਰੋਜ਼ਗਾਰ ਸੇਵਕ ਹੀ ਫ਼ੌਜੀ ਡਿਊਟੀ ਵਾਂਗ ਸੇਵਾਵਾਂ ਪ੍ਰਦਾਨ ਕਰਦੇ ਨਜ਼ਰ ਆਉਂਦੇ ਹਨ।

ਸਮਾਂ, ਹਾਲਾਤ ਮੰਗ ਕਰਦੇ ਹਨ ਕਿ ਜੋ ਕੋਰੋਨਾ ਵਾਇਰਸ ਮਹਾਂਮਾਰੀ ਤੋਂ ਬਾਅਦ ਜੋ ਹਾਲਾਤ ਬਣਨੇ ਹਨ। ਉਸ ਦਾ ਅਗਾਂਉ ਹੱਲ ਮਾਹਿਰਾਂ ਵਲੋਂ ਕੀਤਾ ਜਾਣਾ ਚਾਹੀਦਾ ਹੈ ਕਿ ਇਸ ਯੋਜਨਾ ਨੂੰ ਲੰਮੇ ਸਮੇਂ ਤੱਕ ਕਿਵੇਂ ਚੁਸਤ-ਦਰੁਸਤ ਰੱਖਿਆ ਜਾ ਸਕਦਾ ਹੈ ਅਤੇ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਣਾ ਚਾਹੀਦਾ ਹੈ ਕਿ ਮਜ਼ਦੂਰ ਵਰਗਾਂ ਲਈ ਕੰਮ ਪੂਰਾ ਸਾਲ ਦਿੱਤਾ ਜਾਵੇ। ਇਸ ਮਜ਼ਦੂਰੀ ਦੀ ਅਦਾਇਗੀ ਸਮੇਂ ’ਤੇ ਕਰਨੀ ਨਿਸ਼ਚਿਤ ਕੀਤੀ ਜਾਵੇ ਅਤੇ ਜੇਕਰ ਨਿਸ਼ਚਿਤ ਸਮੇਂ ਤੋਂ ਬਾਅਦ ਅਦਾਇਗੀ ਮਨਰੇਗਾ ਵਰਕਰ ਦੇ ਖਾਤੇ ਵਿੱਚ ਟਰਾਂਸਫਰ ਨਹੀਂ ਹੁੰਦੀ ਤਾਂ ਉੱਚ ਅਧਿਕਾਰੀਆਂ ਖਿਲਾਫ਼ ਕਾਰਵਾਈ ਕਰਨ ਦਾ ਅਮਲ ਲਿਆਂਦਾ ਜਾਣਾ ਚਾਹੀਦਾ ਹੈ। ਇਸ ਨਾਲ ਜਿੱਥੇ ਦੇਸ਼ ਦੇ ਪੇਂਡੂ ਖੇਤਰ ਦਾ ਬਹੁਪੱਖੀ ਵਿਕਾਸ ਹੋਵੇਗਾ। ਉੱਥੇ ਦੇਸ਼ ਦਾ ਮਜ਼ਦੂਰ ਵਰਗ ਉਤਸ਼ਾਹ ਨਾਲ ਕੰਮ ਕਰੇਗਾ, ਜੋ ਦੇਸ਼ ਹਿੱਤ ਹੈ। ਰੇ ਦੇਸ਼ ਅਤੇ ਵਿਗਿਆਨੀ ਇਸ ’ਤੇ ਕਾਬੂ ਪਾਉਣ ਲਈ ਹਰ ਸੰਭਵ ਯਤਨ ਲਈ ਪਲ-ਪਲ ਮਿਹਨਤ ਕਰ ਰਹੇ ਹਨ।

(ਬਾਕੀ ਅਗਲੇ ਸਫੇ ‘ਤੇ)

# ਮਜ਼ਦੂਰਾਂ ਦੇ ਭਵਿੱਖ ਲਈ ਮਨਰੇਗਾ 'ਚ ਨਵਾਂ ਉਤਸ਼ਾਹ ਭਰਨ ਦੀ ਲੋੜ

ਨਵੀਂ ਬਿਮਾਰੀ, ਨਵਾਂ ਫਲੂ ਹੋਣ ਨਾਲ ਜਿੱਥੇ ਸਰਕਾਰਾਂ, ਵਿਗਿਆਨੀਆਂ, ਲੋਕਾਂ ਅਤੇ ਸਮੁੱਚੀ ਵਿਵਸਥਾ ਬੁਰੀ ਤਰ੍ਹਾਂ ਇੱਕ ਦਮ ਹਿੱਲ ਗਈ ਹੈ। ਇਹ ਵਾਕਿਆ ਹੀ ਬਹੁਤ ਗੰਭੀਰ ਚਿੰਤਾ ਅਤੇ ਸਭ ਲਈ ਚਿੰਤਨ ਦਾ ਵਿਸ਼ਾ ਹੈ। ਦੁਨੀਆਂ ਵਿੱਚ ਵਿਗਿਆਨ ਅਤੇ ਰੱਬ ਬਾਰੇ ਮੁੜ ਵਿਚਾਰਾਂ ਹੋਣ ਲੱਗੀਆਂ ਹਨ ਕਿ ਰੱਬ ਹੈ ਜਾਂ ਨਹੀਂ? ਸਾਰੇ ਪੱਖ ਆਪੋ ਆਪਣੇ ਪੱਖਾਂ ਨੂੰ ਅਜੇ ਤੱਕ ਸਾਹਮਣੇ ਲਿਆਉਣ ਵਿੱਚ ਪੂਰੀ ਤਰ੍ਹਾਂ ਸਫਲ ਨਹੀਂ ਹੋ ਸਕੇ। ਜਿਸ ਕਰਕੇ ਦੁਨੀਆਂ ਦਾ ਹਰ ਇਨਸਾਨ ਇਸ ਬਾਰੇ ਵੱਖ-ਵੱਖ ਸੰਚਾਰ ਮਾਧਿਅਮਾਂ ਰਾਹੀਂ ਇਸ 'ਤੇ ਨਜ਼ਰ ਲਗਾਈ ਬੈਠਾ ਹੈ। ਹਰ ਕੰਨ ਨੂੰ ਹਰ ਕੋਨੇ ਤੋਂ ਇੱਕੋ ਹੀ ਆਵਾਜ਼ ਆਉਂਦੀ ਹੈ ਹਾਏ ਕੋਰੋਨਾ।

ਮੁੱਢਲੀਆਂ ਖੋਜਾਂ ਮੁਤਾਬਿਕ ਵਿਗਿਆਨੀਆਂ ਵਲੋਂ ਇਹ ਹੀ ਸਲਾਹ ਦਿੱਤੀ ਗਈ ਹੈ ਕਿ ਮਨੁੱਖ ਵਿੱਚ ਆਪਸੀ ਦੂਰੀ ਬਣਾਈ ਜਾਣੀ ਕੋਰੋਨਾ ਦੀ ਬਿਮਾਰੀ ਤੋਂ ਪਹਿਲਾ ਬਚਾਓ ਹੈ। ਦੂਜਾ ਇਹ ਜਾਨਵਰਾਂ ਤੋਂ ਮਨੁੱਖ ਵਿੱਚ ਫੈਲਦਾ ਹੈ ਅਤੇ ਜੋ ਮਨੁੱਖ ਜ਼ੁਕਾਮ ਤੋਂ ਲੈ ਕੇ ਸਾਹ ਪ੍ਰਣਾਲੀ ਦੀਆਂ ਅਤੇ ਹੋਰ ਬਿਮਾਰੀਆਂ ਤੋਂ ਪ੍ਰਭਾਵਿਤ ਹਨ। ਉਨ੍ਹਾਂ 'ਤੇ ਇਹ ਛੇਤੀ ਅਸਰ ਕਰਦਾ ਹੈ। ਇਸ ਲਈ ਅਹਿਤਿਆਤ ਵਜੋਂ ਇਮਿਊਨਿਟੀ ਸਿਸਟਮ ਦਾ ਮਜਬੂਤ ਹੋਣਾ ਬਹੁਤ ਜਰੂਰੀ ਹੈ। ਇਸ ਦਾ ਪ੍ਰਭਾਵ ਇੱਕ ਪੀੜਿਤ ਤੋਂ ਦੂਜੇ ਤੰਦਰੁਸਤ ਮਨੁੱਖ ਨੂੰ ਨਾ ਹੋ ਜਾਵੇ। ਇਸ ਲਈ ਮਾਸਕ ਪਹਿਨਣ ਦੀ ਵੀ ਸਲਾਹ ਵੱਡੇ ਪੱਧਰ 'ਤੇ ਦਿੱਤੀ ਗਈ ਹੈ। ਜਿਸ ਤਰ੍ਹਾਂ ਅਕਸਰ ਕਿਹਾ ਜਾਂਦਾ ਹੈ ਕਿ ਬਚਾਓ ਵਿੱਚ ਹੀ ਬਚਾਓ ਹੈ। ਇਸ ਲਈ ਘਰਾਂ ਤੋਂ ਬਾਹਰ ਨਿਕਲਣਾ ਇਸ ਮਹਾਂਮਾਰੀ ਨੂੰ ਸੱਦਾ ਦੇਣ ਬਰਾਬਰ ਮੰਨਿਆ ਗਿਆ ਹੈ।

ਵਿਸ਼ਵ ਸਿਹਤ ਸੰਗਠਨ ਅਤੇ ਦੁਨੀਆਂ ਭਰ ਦੇ ਸਿਹਤ ਸੰਗਠਨਾਂ ਦੇ ਉੱਚ ਪੱਧਰ ਦੇ ਅਫ਼ਸਰ, ਸਲਾਹਕਾਰ ਅਤੇ ਮਾਹਿਰ ਇਸ ਦੇ ਉਪਾਅ ਲਈ ਬੜੇ ਯੋਜਨਾਬੱਧ ਤਰੀਕੇ ਨਾਲ ਹਰ ਪਹਿਲੂ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਮਹਾਂਮਾਰੀ ਨੂੰ ਕੰਟਰੋਲ ਕਰਨ ਵਿੱਚ ਮਸ਼ਰੂਫ਼ ਹਨ। ਜਿਸ ਦੇ ਸਿੱਟੇ ਵਜੋਂ ਇਸ 'ਤੇ ਕੁੱਝ ਕਾਬੂ ਵੀ ਪਾਇਆ ਗਿਆ ਹੈ। ਇਸ ਲਈ ਨਿਰੰਤਰ ਯਤਨਾਂ ਨੂੰ ਬੂਰ ਪੈਂਦਾ ਦੁਨੀਆਂ ਦੇਖ ਰਹੀ ਹੈ।

ਇਸ ਬਾਬਤ ਪੂਰੇ ਵਿਸ਼ਵ ਵਿੱਚ ਇੱਕ ਤਰ੍ਹਾਂ ਸਭ ਕੁੱਝ ਸਿਮਟ ਕੇ ਰਹਿ ਗਿਆ ਹੈ। ਜਿੱਥੇ ਦਿਨ ਦੇ 24 ਘੰਟੇ ਇੱਕ ਪਲ ਵੀ ਮਨੁੱਖ ਵਿਹਲਾ ਨਹੀਂ ਰਹਿੰਦਾ ਸੀ, ਭਾਵ ਆਰਾਮ ਤੋਂ ਵਾਂਝਾ ਸੀ। ਕਰੀਬ 1 ਮਹੀਨੇ ਤੋਂ ਪਈ ਮਹਾਂਮਾਰੀ ਕਾਰਨ ਇੱਕ ਤਰ੍ਹਾਂ ਪਿੰਜਰੇ ਵਿੱਚ ਬੰਦ ਹੋ ਕੇ ਰਹਿਣ ਲਈ ਮਜਬੂਰ ਹੋ ਗਿਆ ਹੈ। ਕਦੇ ਮਨੁੱਖ ਹਵਾ 'ਚ ਪੰਛੀਆਂ ਵਾਂਗ ਉੱਡਦਾ ਸੀ। ਪਰ ਅੱਜ ਸਿਰਫ਼ ਪੰਛੀ ਮਨੁੱਖ ਨੂੰ ਕਲੋਲਾਂ ਕਰ ਰਿਹਾ ਹੈ। ਇਹ ਕੁਦਰਤ ਹੈ ਅਤੇ ਇਸ ਦਾ ਸਨਮਾਨ ਕੀਤਾ ਜਾਣਾ ਜਰੂਰੀ ਵੀ ਹੈ ਅਤੇ ਹਰ ਮਨੁੱਖ ਲਈ ਮਜਬੂਰੀ ਵੀ।

ਇਸ ਸਮੇਂ ਦੁਨੀਆਂ ਦਾ ਸਾਰਾ ਢਾਂਚਾ ਠੱਪ ਹੋ ਗਿਆ ਹੈ। ਆਮਦਨ ਦੇ ਸਾਧਨ ਬੰਦ ਹੋ ਗਏ ਹਨ ਅਤੇ ਖਰਚੇ ਖਾਸ ਕਰਕੇ ਖਾਣ-ਪੀਣ ਅਤੇ ਇਲਾਜ ਦੇ ਜਰੂਰੀ ਅਤੇ ਮਹਿੰਗੇ ਹੋ ਗਏ ਹਨ। ਸਰਕਾਰਾਂ ਸਿਰ ਤੋੜ ਯਤਨਾਂ ਵਿੱਚ ਲੱਗੀਆਂ ਹੋਈਆਂ ਹਨ। ਉਹ ਆਪਣੇ ਦੇਸ਼ ਦੇ ਨਾਗਰਿਕਾਂ ਨੂੰ ਜ਼ਿਊਂਦੇ ਰੱਖਣ ਲਈ,



ਉਨ੍ਹਾਂ ਦੇ ਖਾਣ-ਪੀਣ ਅਤੇ ਹੋਰ ਲੋੜ੍ਹੀਂਦੇ ਪ੍ਰਬੰਧ ਕਰਨ। ਜਿਸ ਬਾਰੇ ਰੋਜ਼ਾਨਾ ਐਲਾਨ ਅਤੇ ਸਮੀਖਿਆ ਪਲ ਪਲ ਕੀਤੀ ਜਾ ਰਹੀ ਹੈ।

ਇਸ ਦੇ ਪ੍ਰਭਾਵਾਂ ਬਾਰੇ ਹਾਲੇ ਕੁੱਝ ਕਿਹਾ ਨਹੀਂ ਜਾ ਸਕਦਾ। ਪਰ ਇਸ ਦੇ ਪ੍ਰਭਾਵ ਅਸੀਂ ਬਹੁਤ ਗੰਭੀਰ ਭੁਗਤ ਰਹੇ ਹਾਂ ਅਤੇ ਭੁਗਤਣ ਲਈਨੂੰ ਆਪਣੇ ਆਪ ਨੂੰ ਤਿਆਰ ਕਰਨਾ ਹੋਵੇਗਾ। ਸਰਕਾਰਾਂ ਤੇ ਪ੍ਰਸ਼ਾਸਨ ਇਸ ਗੰਭੀਰਤਾ ਨੂੰ ਲੈਂਦਾ, ਮੰਨਦਾ, ਸਮਝਦਾ ਹੈ। ਉੱਥੇ ਮਾਹਿਰ ਭਵਿੱਖ ਪ੍ਰਤੀ ਪੈਣ ਵਾਲੇ ਪ੍ਰਭਾਵਾਂ ਬਾਰੇ ਸਰਕਾਰਾਂ ਅਤੇ ਲੋਕਾਂ ਨੂੰ ਲਗਾਤਾਰ ਸੁਚੇਤ ਕਰਦੇ ਹਨ। ਇਸ ਬਿਮਾਰੀ ਨੇ ਅਮੀਰ-ਗਰੀਬ ਨੂੰ ਛੱਡ ਕੇ ਸ਼ਾਇਦ ਸਭ ਨੂੰ ਆਪਣੇ ਕਲ਼ਾਵੇ ਵਿੱਚ ਲੈ ਲਿਆ ਹੈ। ਭਾਵੇਂ ਉਹ ਚੀਨ, ਅਮਰੀਕਾ, ਇਟਲੀ, ਇੰਗਲੈਂਡ, ਕੈਨੇਡਾ, ਸਪੇਨ, ਨੀਦਰਲੈਂਡ ਆਦਿ ਅਤੇ ਭਾਰਤ, ਪਾਕਿਸਤਾਨ ਵਰਗੇ ਮੁਲਕ ਹੋਣ। ਚੀਨ ਅਤੇ ਹੁਣ ਅਮਰੀਕਾ ਵਰਗੇ ਅਤਿ ਵਿਕਸਿਤ ਦੇਸ਼ ਮੂੱਧੇ ਮੂੰਹ ਡਿੱਗੇ ਹੋਏ ਹਨ। ਚੀਨ ਦੁਨੀਆਂ ਦੇ ਨਿਸ਼ਾਨੇ 'ਤੇ ਹੈ। ਇਹ ਦੇਸ਼ ਮਨੁੱਖਤਾ ਦਾ ਕਾਤਿਲ ਦੇਸ਼ ਹੈ। ਇਸ ਬਾਰੇ ਭਿੰਨ-ਭਿੰਨ ਪ੍ਰਕਾਰ ਦੇ ਵਿਚਾਰਾਂ 'ਚ ਇਹ ਵੀ ਤੱਥ ਸਾਹਮਣੇ ਆ ਰਿਹਾ ਹੈ ਕਿ ਚੀਨ ਕਿਸੇ ਨਾ ਕਿਸੇ ਅਤੇ ਕੋਈ ਨਾਲ ਕੋਈ ਹੀਲਾ ਵਰਤ ਕੇ ਅਮਰੀਕਾ ਨੂੰ ਨੀਵਾਂ ਸਾਬਿਤ ਕਰਕੇ ਵਿਸ਼ਵ ਦੀ ਪਹਿਲੀ ਸ਼ਕਤੀ ਬਣਨਾ ਚਾਹੁੰਦਾ ਹੈ। ਇਸ ਲਈ ਕੋਈ ਵੀ ਚੀਨ 'ਤੇ ਵਿਸ਼ਵਾਸ ਨਹੀਂ ਕਰ ਰਿਹਾ ਹੈ। ਸਗੋਂ ਚੀਨ ਕਹਿ ਰਿਹਾ ਹੈ ਕਿ ਮੈਂ ਮੁਜ਼ਰਿਮ ਨਹੀਂ ਪੀੜਿਤ ਹਾਂ।

ਭਾਰਤ ਦੇ ਸੰਦਰਭ ਵਿੱਚ ਸਰਕਾਰ ਨੇ ਵਿਸ਼ਵ ਸਿਹਤ ਮਾਹਿਰਾਂ ਦੀਆਂ ਸਲਾਹਾਂ ਨੂੰ ਧਿਆਨ 'ਚ ਰੱਖਦੇ ਹੋਏ ਤਾਲ਼ਾਬੰਦੀ ਕਰ ਦਿੱਤੀ ਅਤੇ ਹਰ ਸੂਬੇ ਨੇ ਇਸ ਨੂੰ ਮੰਨ ਲਿਆ। ਜਿਸ ਕਾਰਨ ਸਾਡੇ ਵਿਕਾਸਸ਼ੀਲ ਦੇਸ਼ 'ਤੇ ਕੋਰੋਨਾ ਵਾਇਰਸ ਕੁੱਝ ਕਾਬੂ ਹੇਠ ਹੈ। ਦੂਜੇ ਪਾਸੇ ਦੇਸ਼ ਦੁਨੀਆਂ ਦਾ ਵਿਸ਼ਾਲ ਜਨ ਸਮੂਹ ਹੈ ਅਤੇ ਦੇਸ਼ ਦੀ ਬਹੁਗਿਣਤੀ ਗਰੀਬੀ 'ਚ ਦਿਨ ਗੁਜ਼ਾਰ ਰਹੀ ਹੈ। ਗਰੀਬ ਵਰਗ ਰੋਜੀ-ਰੋਟੀ ਲਈ ਪਹਿਲਾਂ ਹੀ ਤੰਗੀਆਂ, ਤਰੁੱਸ਼ੀਆਂ ਦਾ ਸ਼ਿਕਾਰ ਹੁੰਦਾ ਹੈ। ਕਰੋੜਾਂ ਲੋਕ ਰੋਜ਼ਾਨਾ ਭਿੰਨ-ਭਿੰਨ ਪ੍ਰਕਾਰ ਦੇ ਕੰਮ ਕਰਕੇ ਸ਼ਾਮ ਨੂੰ ਪਰਿਵਾਰ ਦੇ ਪਾਲਣ-ਪੋਸ਼ਣ ਲਈ ਖਾਣ-ਪੀਣ ਦਾ ਪ੍ਰਬੰਧ ਕਰਦੇ ਹਨ। ਜਿਨ੍ਹਾਂ ਦੀ ਨਾ ਅੱਜ ਤੱਕ ਕੋਈ ਪੱਕੀ ਤਨਖ਼ਾਹ ਹੈ ਅਤੇ ਨਾ ਹੀ ਕੋਈ ਸੁਰੱਖਿਆ। ਇੱਕ ਦਮ ਸਭ ਕੁੱਝ ਉੱਜੜਿਆ-ਉੱਜੜਿਆ ਗਰੀਬ ਵਰਗ ਲਈ ਨਜ਼ਰ ਆਉਣ ਲੱਗਾ। ਛੋਟੇ ਘਰਾਂ 'ਚ ਵੱਧ ਪਰਿਵਾਰਿਕ ਮੈਂਬਰਾਂ ਕਾਰਨ ਘਰ ਦਾ ਮਾਹੌਲ ਹੋਰ ਵੀ ਤੰਗੀਆਂ ਤਰੁੱਸ਼ੀਆਂ ਅਤੇ ਸਮੱਸਿਆਵਾਂ ਵਿੱਚ ਪਹੁੰਚ ਗਿਆ।

ਭਾਵੇਂ ਭਾਰਤ ਸਰਕਾਰ ਸੂਬੇ ਦੀਆਂ ਸਰਕਾਰਾਂ ਸਮੇਤ ਪੰਜਾਬ ਸਰਕਾਰ ਨੇ ਗਰੀਬ ਵਰਗਾਂ ਸਮੇਤ ਸਾਰੇ ਨਾਗਰਿਕਾਂ ਦਾ ਖਿਆਲ ਰੱਖਿਆ ਅਤੇ ਰੱਖਣਾ ਵੀ ਚਾਹੀਦਾ ਸੀ। ਲੇਕਿਨ ਹੁਣ ਘਰਾਂ ਵਿੱਚ ਬੰਦ ਰਹਿਣਾ ਬੇਹੱਦ ਔਖਾ ਅਤੇ ਮੁਸ਼ਕਿਲ ਹੁੰਦਾ ਜਾ ਰਿਹਾ ਹੈ। ਸਮੱਸਿਆਵਾਂ ਮੂੰਹ ਅੱਡ ਖੜ੍ਹੀਆਂ ਸਾਹਮਣਿਓ ਨਜ਼ਰ ਆ ਰਹੀਆਂ ਹਨ। ਪਰ ਸਰਕਾਰਾਂ ਦੇ ਯਤਨ, ਸਹੂਲਤਾਂ ਹੀ ਆਸ ਦੀ ਕਿਰਨ ਹਨ। ਹਾਲਾਤਾਂ, ਸਮੇਂ ਨੂੰ ਧਿਆਨ 'ਚ ਰੱਖਦੇ ਹੋਏ ਜਿੱਥੇ ਸਰਕਾਰਾਂ ਨੂੰ ਲੋਕਾਂ ਦੇ ਖਾਣ-ਪੀਣ ਅਤੇ ਉਨ੍ਹਾਂ ਦੀ ਰੋਜ਼ਮੱਰਰਾ ਦੀਆਂ ਜਰੂਰਤਾਂ ਲਈ ਸਹੂਲਤਾਂ ਦੇਣ ਦੀ ਨਿਰੰਤਰ ਲੋੜ੍ਹ ਹੈ। ਉੱਥੇ ਮਜਬੂਤ ਇਰਾਏ ਨਾਲ ਸਰਕਾਰਾਂ, ਸਿਹਤ ਮਹਿਕਮੇ ਅਤੇ ਹਰ ਪੱਧਰ 'ਤੇ ਇਸ ਬਿਮਾਰੀ ਨੂੰ ਜੰਗ ਜਿੱਤਣ ਵਾਂਗ ਲਿਆ ਜਾਣਾ ਚਾਹੀਦਾ ਹੈ। ਕਿਉਂਕਿ ਕਿਹਾ ਜਾਂਦਾ ਹੈ ਕਿ ਜੋ ਜੀਤਾ, ਵਹੀ ਸਿਕੰਦਰ। ਸਰਕਾਰਾਂ ਨੂੰ ਆਪਣੇ ਨਾਗਰਿਕਾਂ ਨੂੰ ਜ਼ਿੰਦਾ ਅਤੇ ਆਸਵੰਦ ਰੱਖਣ ਲਈ ਵੱਡੇ ਪੱਧਰ 'ਤੇ ਆਰਥਿਕ ਅਤੇ ਸਿਹਤ ਪ੍ਰਬੰਧ ਨੂੰ ਨਵੇਂ ਸਿਰਿਉਂ ਨਿਵਿਆਉਣ ਦੀ ਲੋੜ੍ਹ ਹੈ।

ਆਓ ਇਸ ਭਿਆਨਕ ਸਮੇਂ 'ਚ ਆਪਸੀ ਸੂਝ-ਬੂਝ, ਇੱਕਮੁੱਠਤਾ, ਇੱਕ ਵਿਸ਼ਵ ਨਾਗਰਿਕ, ਇੱਕ ਗਲੋਬਲ ਪਿੰਡ ਦੀ ਸਾਰਥਿਕਤਾ ਨੂੰ ਸਮਝਦੇ ਹੋਏ, ਸਰਕਾਰਾਂ ਅਤੇ ਸਿਹਤ ਮਹਿਕਮਿਆਂ ਵਲੋਂ ਦਿੱਤੀਆਂ ਜਾ ਰਹੀਆਂ ਹਦ-ਾਇਤਾਂ ਅਤੇ ਸਲਾਹਾਂ ਨੂੰ ਮੰਨਦੇ ਹੋਏ ਆਪਣੀ ਜ਼ਿੰਦਗੀ ਆਸ਼ਾ ਦਾ ਪੱਲਾ ਫੜ੍ਹ ਰੱਖੀਏ। ਕਿਉਂਕਿ ਆਸ ਨਾਲ ਹੀ ਜ਼ਿੰਦਗੀ ਜੀਵੀ ਜਾ ਸਕਦੀ ਹੈ ਅਤੇ ਇਹੀ ਜ਼ਿੰਦਗੀ ਦੀ ਫ਼ਿਲਾਸਫ਼ੀ ਹੈ। ਆਓ ਇੱਕ-ਦੂਜੇ ਦਾ ਸਾਥ ਦੇ ਕੇ ਭਾਈਚਾਰਾ ਬਣਾਈਏ। ਆਪ ਜੀਵੀਏ ਅਤੇ ਦੂਜਿਆਂ ਨੂੰ ਜਿਊਣ ਦੇਈਏ।

**ਸੰਤੋਖ ਸਿੰਘ ਜੱਸੀ 91-70876-19800**



# ਖ਼ੂਬਸੂਰਤ ਆਕਰਸ਼ਕ ਰੰਗ-ਬਿਰੰਗੇ ਰੰਗਾਂ 'ਚ ਰੰਗੇ ਜਾਣ ਲੱਗੇ ਸਰਕਾਰੀ ਪ੍ਰਾਇਮਰੀ ਸਕੂਲ- ਕ੍ਰਿਸ਼ਨ ਕੁਮਾਰ ਮੁੜ ਚਰਚਾ 'ਚ

ਤੱਪੜਾਂ ਵਾਲੇ, ਸਾਧਾਰਨ ਇਮਾਰਤਾਂ 'ਚ ਦਲੀਏਵਾਲੇ, ਸਕੂਲਾਂ 'ਚ ਪੜ੍ਹਦੇ ਬੱਚਿਆਂ ਬਾਬਤ ਹੁਣ ਪਹਿਲਾਂ ਨਾਲੋਂ ਬਹੁਤ ਸੁਧਾਰ ਹੋਣ ਦੀ ਦਿਸ਼ਾ ਵਿੱਚ ਕੰਮ ਮਿਸ਼ਨਰੀ ਭਾਵਨਾ ਮੁਤਾਬਿਕ ਹੋਣ ਲੱਗਾ ਹੈ। ਸਰਕਾਰੀ ਸਕੂਲਾਂ 'ਚ ਪੜ੍ਹਾਉਂਦੇ ਅਧਿਆਪਕ ਬੱਚਿਆਂ ਦੇ ਸਰਬਪੱਖੀ ਵਿਕਾਸ, ਵਿਦੇਸ਼ਾਂ 'ਚੋਂ ਪ੍ਰਾਪਤ ਵਿੱਦਿਅਕ ਖੇਤਰ ਲਈ ਆਧੁਨਿਕ ਤਕਨੀਕਾਂ ਨੂੰ ਹੌਲੀ-ਹੌਲੀ ਭਾਰਤ ਤੇ ਪੰਜਾਬ 'ਚ ਲਾਗੂ ਕਰਨ ਦੀ ਦਸ਼ਾ ਤੇ ਦਿਸ਼ਾ ਵੱਲ ਕਦਮ ਵੱਧਦੇ ਨਜ਼ਰ ਆਉਣ ਲੱਗੇ ਹਨ। ਸਕੂਲਾਂ ਦੇ ਸੁਧਾਰ 'ਚ ਵਿਆਪਕ ਯਤਨ ਤਾਂ ਕਾਫ਼ੀ ਅਰਸੇ ਤੋਂ ਚੱਲ ਰਹੇ ਸਨ ਪਰ ਇਸ ਗਤੀ ਨੇ ਰਫ਼ਤਾਰ ਕਰੀਬ ਇੱਕ ਦਹਾਕੇ ਤੋਂ ਨਿਰੰਤਰ ਫੜੀ ਹੋਈ ਹੈ। ਵਿਦਿਆਰਥੀਆਂ ਲਈ ਗੁਣਵੱਤਾ ਸਿੱਖਿਆ, ਭਾਸ਼ਾਵਾਂ ਦਾ ਗਿਆਨ ਦੇਣ ਲਈ ਪਹਿਲਕਦਮੀਆਂ ਤੇ ਅਧਿਆਪਕਾਂ ਲਈ ਯੋਗਤਾਂ ਸ਼ਰਤਾਂ ਤੇ ਸਮੇਂ ਦੀਆਂ ਪਾਬੰਦੀਆਂ ਲਈ ਵਿਆਪਕ ਯਤਨਾਂ ਨੂੰ ਸਿੱਖਿਆ ਵਿਭਾਗ ਨੇ ਮੋਹਰਲੀ ਕਤਾਰ 'ਚ ਸ਼ਾਮਿਲ ਕੀਤਾ ਹੈ। ਸਕੂਲਾਂ ਵਿੱਚ ਬੈਠਣ ਲਈ ਟਾਟ, ਬੈਂਚ, ਪੜ੍ਹਨ-ਪੜ੍ਹਾਉਣ ਤੇ ਅਧਿਆਪਕਾਂ ਦੇ ਬੈਠਣ ਲਈ ਕੁਰਸੀਆਂ, ਮੇਜ਼, ਐਲ.ਸੀ.ਡੀ. ਬੈਂਚਾਂ ਲਈ ਕਾਫ਼ੀ ਕਸਰਤ ਹੋ ਰਹੀ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਦੇ ਮੌਜੂਦਾ ਸਕੱਤਰ ਸ਼੍ਰੀ ਕ੍ਰਿਸ਼ਨ ਕੁਮਾਰ ਹਨ, ਜਿਹੜੇ ਕਿਸੇ ਸਮੇਂ ਜਿਲ੍ਹਾ ਨਵਾਂਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਦੇ ਡਿਪਟੀ ਕਮਿਸ਼ਨਰ ਰਹਿਣ ਸਮੇਂ ਪੰਜਾਬ ਅਤੇ ਦੇਸ਼-ਵਿਦੇਸ਼ ਵਿੱਚ ਵੀ ਆਪਣੀ ਕਾਬਲੀਅਤ, ਇਮਾਨਦਾਰੀ, ਦੂਰਅੰਦੇਸ਼ੀ ਤੇ ਆਮ ਲੋਕਾਂ ਦੇ ਕੰਮ ਕਰਨ ਤੇ ਇਨਸਾਫ਼ ਲਈ ਤੁਰੰਤ ਐਕਸ਼ਨ ਲੈਣ ਕਰਕੇ ਚਹੁੰ-ਤਰਫ਼ੀ ਚਰਚਾ ਵਿੱਚ ਰਹੇ ਤੇ ਆਮ ਲੋਕਾਂ ਦੀ ਪਹਿਲੀ ਪਸੰਦ ਬਣੇ। ਉਹ ਸਿੱਖਿਆ ਵਿਭਾਗ 'ਚ ਵਿਆਪਕ ਸੁਧਾਰਾਂ ਲਈ ਨਿਰੰਤਰ ਨਵੇਂ-ਨਵੇਂ ਤਜ਼ਰਬਿਆਂ ਰਾਹੀਂ ਵਿੱਦਿਅਕ ਖੇਤਰ ਨੂੰ ਬੁਲੰਦੀਆਂ 'ਤੇ ਲਿਜਾਉਣ ਲਈ ਯਤਨਸ਼ੀਲ ਹਨ। ਉਹ ਚਾਹੁੰਦੇ ਹਨ ਕਿ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਪ੍ਰਾਇਮਰੀ ਪੱਧਰ ਤੋਂ ਉਨ੍ਹਾਂ ਦੇ ਮਾਨਸਿਕ ਪੱਧਰ ਧਿਆਨ 'ਚ ਰੱਖਦੇ ਹੋਏ, ਉਨ੍ਹਾਂ ਨੂੰ ਆਕਰਸ਼ਿਤ ਕਰਨ ਲਈ ਜਿੱਥੇ ਤਸਵੀਰਾਂ, ਫੁੱਲਾਂ, ਫ਼ਲਾਂ ਵਾਲੇ ਦ੍ਰਿਸ਼ ਬੱਚਿਆਂ ਨੂੰ ਮਾਨਸਿਕ ਤੇ ਦਿਮਾਗੀ ਤੌਰ 'ਤੇ ਪ੍ਰਭਾਵਿਤ ਕਰਦੇ ਹਨ। ਸਕੂਲਾਂ ਵਿੱਚ ਖੇਡਣ ਲਈ ਝੂਲੇ, ਪਾਰਕਾਂ ਦਾ ਪ੍ਰਬੰਧ, ਆਰ.ਓ. ਪਾਣੀ ਦਾ ਪ੍ਰਬੰਧ ਅਤੇ ਹੋਰ ਨਵੀਨਤਮ ਕੰਮ ਸਕੂਲਾਂ ਦੀਆਂ ਚਾਰਦੀਵਾਰੀਆਂ ਅੰਦਰ ਝਲਕ ਮਾਰਦਿਆਂ ਪ੍ਰਤੱਖ ਨਜ਼ਰ ਆਉਂਦੇ ਹਨ। ਉੱਥੇ ਰਸੋਈ, ਬਲੈਕ ਬੋਰਡ, ੨ਰੋਜ਼ਾਨਾਂ ਦਾ ਵਾਕੈ ਵੀ ਬੱਚੇ ਦਾ ਮਾਨਸਿਕ ਪੱਧਰ ਉੱਚਾ ਚੁੱਕਦੇ ਹਨ। ਸਮਾਂ-ਸਾਰਣੀ 'ਤੇ ਨਿਯਮਿਤ ਤੌਰ 'ਤੇ ਅਧਿਆਪਕਾਂ ਦੀ ਹਾਜ਼ਰੀ ਵੀ ਬਾਇਓ-ਮੈਟ੍ਰਿਕ ਮਸ਼ੀਨਾਂ ਰਾਹੀਂ ਚਾਹੁੰਦੇ ਹਨ ਤਾਂ ਜੋ ਸਮੇਂ ਦੀ ਪਾਬੰਦੀ ਦਾ ਸ਼ਬਦ ਅਧਿਆਪਕਾਂ ਅਤੇ ਬੱਚਿਆਂ ਲਈ ਸਹਾਇਕ ਬਣੇ। ਸਕੂਲਾਂ ਦੇ ਮੁੱਖ ਗੇਟ ਪਹਿਲਾਂ ਹੀ ਪੂਰੇ ਪੰਜਾਬ ਦੇ ਰੰਗਾਂ 'ਚ ਰੰਗੇ ਗਏ ਹਨ। ਸਕੂਲ ਦੀ ਚਾਰਦੀਵਾਰੀ ਨੂੰ ਸ਼ਿੰਗਾਰਿਆ ਗਿਆ ਹੈ। ਚਾਰਦੀਵਾਰੀਆਂ ਨੂੰ ਵੱਖ-ਵੱਖ ਰੰਗਾਂ ਤੇ ਦ੍ਰਿਸ਼ਾਂ 'ਚ ਰੰਗਣ ਨਾਲ ਹਰ ਕੋਈ ਪ੍ਰਭਾਵਿਤ ਹੋਏ ਬਿਨ੍ਹਾਂ ਨਹੀਂ ਰਹਿ ਸਕਦਾ। ਇਹ ਪੰਜਾਬ ਸਰਕਾਰ, ਸਿੱਖਿਆ ਮੰਤਰੀ ਤੇ ਸਿੱਖਿਆ ਸਕੱਤਰ ਲਈ ਕੁੱਝ ਸਕੂਨ ਤੇ ਪ੍ਰਾਪਤੀ ਹੋ ਸਕਦੀ ਹੈ। ਸਿੱਖਿਆ ਮਾਹਿਰਾਂ ਦੀਆਂ ਤਰਜ਼ੀਹਾਂ, ਸਲਾਹਾਂ ਮੁਤਾਬਿਕ ਪ੍ਰਾਇਮਰੀ ਸਿੱਖਿਆ ਦੇ ਪ੍ਰਚਾਰ-ਪ੍ਰਸਾਰ ਲਈ ਦਿੱਤੇ ਸੁਝਾਵਾਂ ਦੀਆਂ ਅਨੇਕਾਂ ਕੜ੍ਹੀਆਂ 'ਚ ਕੁੱਝ ਕੁ ਨੂੰ ਹੌਲ਼ੀ-ਹੌਲ਼ੀ ਪੂਰਾ ਕਰਨ ਦੀ ਪ੍ਰਕਿਰਿਆ ਚੱਲ ਰਹੀ ਹੈ, ਪਰ ਅਜੇ ਵੀ ਬਹੁਤ ਕੁੱਝ ਕਰਨਾ ਬਾਕੀ ਹੈ ਤੇ ਕਰਨਾ ਚਾਹੀਦਾ ਹੈ। ਅਜੇ ਵੀ ਸਕੂਲਾਂ ਦੀਆਂ ਘਾਟਾਂ ਤੇ ਸਮੱਸਿਆਵਾਂ ਵੱਲ ਝਾਤ ਮਾਰੀਏ ਤਾਂ ਪੂਰਾ ਕਰਨ ਲਈ ਵੱਡੇ ਬਜਟ ਦੀ ਲੋੜ੍ਹ ਹੈ। ਸਕੂਲਾਂ ਦੀ ਪਸਵਕ ਕਮੇਟੀਆਂ, ਪਿੰਡਾਂ ਦੀਆਂ ਪੰਚਾਇਤਾਂ, ਸੁਹਿਰਦ ਨਾਗਰਿਕਾਂ ਤੇ ਪ੍ਰਵਾਸੀ ਭਾਰਤੀਆਂ ਨਾਲ ਆਪਸੀ ਤਾਲ਼ਮੇਲ਼ ਵਧਾਉਣ ਨਾਲ ਕਈ ਸਮੱਸਿਆਵਾਂ ਦਾ ਹੱਲ ਕੀਤਾ ਜਾ ਰਿਹਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਆ ਰਹੇ ਬਜਟ 'ਚ ਸਿੱਖਿਆ ਵੱਲ ਖਾਸ ਕਰਕੇ ਪ੍ਰਾਇਮਰੀ ਸਿੱਖਿਆ ਦੇ ਢਾਂਚੇ, ਗਰਾਊਂਡਾਂ (ਖੇਡ ਦੇ ਮੈਦਾਨ), ਖੇਡ ਦਾ ਸਾਜ਼ੋ-ਸਮਾਨ, ਸਮੇਂ-ਸਮੇਂ 'ਤੇ ਮੈਡੀਕਲ ਚੈੱਕਅੱਪ ਕੈਂਪ ਲਗਾਉਣੇ ਚਾਹੀਦੇ ਹਨ। ਲਾਇਬ੍ਰੇਰੀਆਂ ਨੂੰ ਪ੍ਰਮੋਟ ਕਰਨਾ ਚਾਹੀਦਾ ਹੈ। ਮਾਪਿਆਂ, ਬੱਚਿਆਂ ਤੇ ਅਧਿਆਪਕਾਂ, ਪੰਚਾਇਤਾਂ, ਮੋਹਤਵਰ ਤੇ ਦਾਨੀ ਸੱਜਣਾਂ ਅਤੇ ਐਨ.ਆਰ.ਆਈ. ਸਾਥੀਆਂ ਦੇ ਤਾਲ਼ਮੇਲ਼ ਨਾਲ ਛੇਤੀ ਸੁਧਾਰ ਸੰਭਵ ਹੈ। ਆਓ ਆਪੋ-ਆਪਣੇ ਸਕੂਲਾਂ ਲਈ ਕੁੱਝ ਸਮਾਂ ਦਈਏ ਤਾਂ ਜੋ ਸਕੂਲਾਂ ਦੇ ਹਾਲਾਤਾਂ ਨੂੰ ਸਮਝੀਏ ਅਤੇ ੨ਫੈਲੇ ਵਿਦਿਆ ਚਾਨਣ ਹੋਇ" ਗੁਰਬਾਣੀ ਦੇ ਮਹਾਨ ਵਾਕ ਨੂੰ ਪੂਰਾ ਕਰਨ ਲਈ ਆਪਣੀ ਨੈਤਿਕਤਾ ਨੂੰ ਸਮਝੀਏ ਅਤੇ ਆਪਸੀ ਤਾਲਮੇਲ ਨਾਲ ਵਿੱਦਿਅਕ ਢਾਂਚੇ ਨੂੰ ਹਰ ਸਕੂਲ ਪੱਧਰ 'ਤੇ ਹੋਰ ਮਜ਼ਬੂਤ ਕੀਤਾ ਜਾ ਸਕੇ।





ਸੰਤੋਖ ਸਿੰਘ ਜੱਸੀ
91-70876-19800

ਕਿਉਂਕਿ ਕਿਸੇ ਦੇਸ਼ ਜਾਂ ਸੂਬੇ ਦਾ ਮਜ਼ਬੂਤ ਸਿੱਖਿਆ ਢਾਂਚਾ ਹੀ ਸਮਾਜ ਦਾ ਸੁਨਹਿਰਾ ਭਵਿੱਖ ਹੁੰਦਾ ਹੈ। ਜੇਕਰ ਅਸੀਂ ਸਮੂਹਿਕ ਤੌਰ 'ਤੇ ਭਵਿੱਖ ਨੂੰ ਵਧੀਆ ਅਤੇ ਸੁਰੱਖਿਅਤ ਕਰਨ ਲਈ ਸਾਂਝੇ ਹੰਭ਼ਲੇ ਮਾਰੀਏ ਤਾਂ ਚਾਨਣਮੁਨਾਰਾ ਬਣ ਸਕਦਾ ਹੈ। ਮਹਾਨ ਭਾਰਤੀ ਡਾ. ਬੀ. ਆਰ. ਅੰਬੇਡਕਰ ਜੀ ਨੇ ਇੱਕ ਵਾਰ ਕਿਹਾ ਸੀ ਕਿ ੨ਗਿਆਨ ਸ਼ੇਰਨੀ ਦੇ ਦੁੱਧ ਵਾਂਗ ਹੈ, ਜੋ ਪੀਏਗਾ ਉਹ ਸ਼ੇਰ ਵਾਂਗ ਦਹਾੜੇਗਾ ਹੈ।" ਉਨ੍ਹਾਂ ਇਹ ਵੀ ਕਿਹਾ ਸੀ ਕਿ ਬੱਚੇ ਦਾ ਮਾਨਸਿਕ ਵਿਕਾਸ ਅਜਿਹੇ ਪੱਧਰ ਦਾ ਹੋਣਾ ਚਾਹੀਦਾ ਹੈ ਕਿ ਉਹ ਬਿਨ੍ਹਾਂ ਕਿਸੇ ਪ੍ਰਭਾਵ ਦੇ ਅਧਿਆਪਕ ਤੋਂ ਸਵਾਲ ਪੁੱਛ ਸਕੇ ਅਤੇ ਜਵਾਬ ਦੇ ਸਕੇ। ਜੇਕਰ ਪਹਿਲਾਂ ਚੱਲ ਰਹੇ ਸਕੂਲਾਂ ਦੇ ਮੁਕਾਬਲੇ ਅੱਜ ਦੇ ਸਮੁੱਚੇ ਅਧਿਆਪਕ ਵਰਗ ਦੀ ਜ਼ਿੰਮੇਵਾਰੀ ਤੇ ਸਮਰਪਣ ਭਾਵਨਾ, ਬੱਚਿਆਂ ਤੇ ਮਾਪਿਆਂ ਦਾ ਆਪਸੀ ਤਾਲਮੇਲ ਅਤੇ ਸਰਕਾਰ ਵਲੋਂ ਫ਼ੁਟਕਲ ਕੰਮਾਂ ਲਈ ਗਰੰਟਾਂ ਦੇਣੀਆਂ ਚੰਗੇ ਭਵਿੱਖ ਦੀਆਂ ਨਿਸ਼ਾਨੀਆਂ ਹਨ। ਕਈ ਵਾਰੀ ਸਕੂਲਾਂ ਦੇ ਅੰਦਰੂਨੀ, ਬਾਹਰੀ ਅਤੇ ਉਨ੍ਹਾਂ ਦਾ ਸਮੁੱਚਾ ਪ੍ਰਬੰਧ ਅਤੇ ਯੋਜਨਾਵਾਂ ਦੇਖਣ ਸਮਝਣ 'ਤੇ ਕਿਸੇ ਕਾਨਵੈਂਟ ਸਕੂਲ ਦਾ ਝਲਕਾਰਾ ਪੈਂਦਾ ਹੈ। ਜੋ ਸਾਡੇ ਵਿੱਦਿਅਕ ਢਾਂਚੇ ਲਈ ਇੱਕ ਚੰਗੀ ਯੋਗ ਤੇ ਸੰਤੁਸ਼ਟੀ ਵਾਲੀ ਵਿੱਦਿਅਕ ਵਿਵਸਥਾ ਵੱਲ ਵੱਧ ਰਹੇ ਲੱਗਦੇ ਹਾਂ। ਸ਼ਾਇਦ ਇਹ ਹੀ ਸਮੇਂ ਦੀ ਅਹਿਮ ਲੋੜ ਹੈ। ਜਿਸ ਨੂੰ ਪੂਰਿਆਂ ਕੀਤਿਆਂ ਜਾਣਾ ਸਾਡੇ ਸਮੁੱਚੇ ਸਮਾਜ ਲਈ ਇੱਕ ਸਾਰਥਕ ਪਹਿਲ-ਕਦਮੀ ਹੈ। ਆਓ ਆਪਣੇ ਸਕੂਲਾਂ ਨੂੰ ਵਧੀਆਂ ਇਮਾਰਤਾਂ ਦੇਣ ਦੇ ਨਾਲ-ਨਾਲ ਉੱਚ ਪੱਧਰ ਦੀ ਸਿੱਖਿਆ ਦੇਣ ਵਾਲੇ ਵੀ ਬਣਾਈਏ।

# ਆਸ਼ਾ ਵਰਕਰਾਂ ਨੇ ਰੋਸ ਵਜੋਂ ਕਾਲੇ ਦੁਪੱਟੇ ਲੈ ਕੇ ਕੀਤਾ ਸਰਵੇ

**ਫਗਵਾੜਾ (ਬੀ.ਕੇ.ਰੱਤੂ)-** ਡੀ.ਐਮ.ਐਫ.ਓ. ਦੇ ਫੈਸਲੇ ਅਨੁਸਾਰ ਪਾਂਛਟ ਬਲਾਕ ਦੀ ਪ੍ਰਧਾਨ ਪੁਸ਼ਪਿੰਦਰ ਕੌਰ ਅਤੇ ਅਰਬਨ ਪ੍ਰਧਾਨ ਕੁਲਵਿੰਦਰ ਕੌਰ ਦੀ ਅਗਵਾਈ ਹੇਠ ਅੱਜ ਆਸਾ ਵਰਕਰਾਂ ਨੇ ਆਪਣੀ ਡਿਉਟੀ ਦੌਰਾਨ ਕਾਲੇ ਦੁਪੱਟੇ ਲੈ ਕੇ ਸਰਕਾਰ ਪ੍ਰਤੀ ਨਰਾਜਗੀ ਦਾ ਇਜਹਾਰ ਕੀਤਾ। ਯੁਨੀਅਨ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਕੋਰੋਨਾ ਆਫਤ ਦੌਰਾਨ ਆਸਾ ਵਰਕਰਾਂ ਨੂੰ 750 ਰੁਪਏ ਦੈਨਿਕ ਭੱਤਾ ਦਿੱਤਾ ਜਾਵੇ ਅਤੇ ਰਜਿਸਟਰਡ ਮਜਦੂਰਾਂ ਵਾਂਗੁ ਆਸਾ ਵਰਕਰਾਂ ਦੇ ਖਾਤੇ ਵਿਚ ਵੀ ਤਿੰਨ ਹਜਾਰ ਰੁਪਏ ਦੀ ਆਰਥਕ ਸਹਾਇਤਾ ਭੇਜੀ ਜਾਵੇ ਤਾਂ ਜੋ ਮੋਹਰਲੀ ਕਤਾਰ ਵਿਚ ਕੋਰੋਨਾ ਵਾਇਰਸ ਨਾਲ ਜੰਗ ਲੜ ਰਹੀਆਂ ਆਸਾ ਵਰਕਰਾਂ ਨੂੰ ਆਰਥਕ ਸਹਾਰਾ



ਮਿਲ ਸਕੇ। ਇਸ ਤੋਂ ਇਲਾਵਾ ਉਹਨਾਂ ਆਸਾ ਵਕਰਕਾਂ ਦੀ ਸਿਹਤ ਸੁਰੱਖਿਆ ਲਈ ਲੋੜੀਂਦੇ ਉਪਕਰਣ ਮੁਹੱਈਆ ਕਰਵਾਉਣ ਅਤੇ ਫੈਸਿਲੀਟੇਟਰ ਸਮੇਤ ਉਹਨਾਂ ਨੂੰ ਘੱਟੋ ਘੱਟ ਉਜਰਤ ਲਾਗੂ ਕਰਕੇ ਪੱਕਾ ਕਰਨ ਦੀ ਮੰਗ ਵੀ ਕੀਤੀ। ਇਸ ਮੌਕੇ ਰਜਿੰਦਰ ਪਾਲ ਕੌਰ, ਗੁਰਜੀਤ ਦੇਵੀ, ਅਨੁਰਾਧਾ, ਪਰਮਜੀਤ, ਸੰਦੀਪ, ਸਵਿਤਾ, ਰਜਨੀ, ਅਨੀਤਾ, ਜਸਵਿੰਦਰ ਵੀਨਾ, ਮਨਜੀਤ, ਹਰਵਿੰਦਰ ਆਦਿ ਹਾਜਰ ਸਨ।







# 3 ਮਈ ਵਿਸ਼ਵ ਪ੍ਰੈਸ ਅਜ਼ਾਦੀ ਦਿਹਾੜੇ 'ਤੇ ਵਿਸ਼ੇਸ਼



ਮਾਸਟਰ ਪ੍ਰਭਜੀਤ ਸਿੰਘ ਰਸੂਲਪੁਰ
91-98780-23768

ਸੰਯੁਕਤ ਰਾਸ਼ਟਰ ਦੇ 1948 ਦੇ ਮਨੁੱਖੀ ਅਧਿਕਾਰਾਂ ਬਾਰੇ ਵਿਸ਼ਵਵਿਆਪੀ ਘੋਸ਼ਣਾ ਵਿਚ ਕਿਹਾ ਗਿਆ ਹੈ: "ਹਰੇਕ ਨੂੰ ਵਿਚਾਰ ਅਤੇ ਪ੍ਰਗਟਾਵੇ ਦੀ ਆਜ਼ਾਦੀ ਦਾ ਅਧਿਕਾਰ ਹੈ; ਇਸ ਅਧਿਕਾਰ ਵਿਚ ਬਿਨਾਂ ਕਿਸੇ ਦਖਲ ਦੇ ਵਿਚਾਰਾਂ ਨੂੰ ਕਿਸੇ ਵੀ ਮੰਚ ਤੇ ਆਜ਼ਾਦੀ ਨਾਲ ਰੱਖਣਾ, ਕਿਸੇ ਵੀ ਮਸਲੇ ਤੇ ਆਪਣੀ ਸਹਿਮਤੀ ਅਤੇ ਅਸਹਿਮਤੀ ਪ੍ਰਗਟਾਉਣ ਰੱਖਣ, ਦੀ ਆਜ਼ਾਦੀ ਸ਼ਾਮਲ ਹੈ।

ਪੱਤਰਕਾਰਤਾ ਦੀ ਅਜ਼ਾਦੀ ਦੀ ਮਹੱਤਤਾ ਨੂੰ ਵੇਖਦੇ ਹੋਏ ਹੀ ਸੰਯੁਕਤ ਰਾਸ਼ਟਰ ਸੰਘ ਨੇ 1993 ਵਿਚ 03 ਮਈ ਦੇ ਦਿਹਾੜੇ ਨੂੰ ਵਿਸਵ ਪ੍ਰੈਸ ਅਜ਼ਾਦੀ ਦਿਵਸ ਵਜੋਂ ਘੋਸ਼ਿਤ ਕੀਤਾ ਸੀ ਉਸਤੋਂ ਬਾਅਦ ਹਰ ਸਾਲ 03 ਮਈ ਨੂੰ ਵਿਸ਼ਵ ਪ੍ਰੈਸ ਅਜ਼ਾਦੀ ਦਿਵਸ ਮਨਾਇਆ ਜਾਂਦਾ ਹੈ ਅਤੇ ਇਸ ਦਿਨ ਸਰਕਾਰਾਂ ਵਲੋਂ ਅਤੇ ਮੀਡੀਆ ਉਦਯੋਗ ਨਾਲ ਜੁੜੇ ਲੋਕਾਂ ਦੁਆਰਾ

ਇਸ ਦਿਨ ਨੂੰ ਸਥਾਨਕ ਪੱਧਰ, ਰਾਜ਼ ਪੱਧਰ, ਰਾਸ਼ਟਰੀ ਪੱਧਰ ਅਤੇ ਅੰਤਰਰਾਸ਼ਟਰੀ ਪੱਧਰ ਤੇ ਮਨਾਇਆ ਜਾਂਦਾ ਹੈ।ਇਸ ਵਾਰ ਯੂਨਿਸਕੋ ਨੇ 22ਤੋ 24ਅਪ੍ਰੈਲ ਤੱਕ ਹੇਗ ਵਿਖੇ ਵਿਸ਼ਵ ਪ੍ਰੈਸ ਅਜ਼ਾਦੀ ਕਾਨਫਰੰਸ ਕਰਵਾਉਣੀ ਤਹਿ ਕੀਤੀ ਸੀ ਜ਼ੋ ਕੋਰੋਨਾ ਵਾਇਰਸ ਹੋਣ ਕਰਕੇ ਅੱਗੇ ਪਾਈ ਗਈ ਹੈ ਜੋ ਹੁਣ 18 ਤੋ 20 ਅਕਤੂਬਰ ਤੱਕ ਉਸੇ ਸਥਾਨ ਤੇ ਹੀ ਹੋਣੀ ਹੈ।ਇਹਨਾਂ ਮਿਤੀਆਂ ਤੇ ਵਿਸ਼ਵ ਪ੍ਰੈਸ ਅਜ਼ਾਦੀ ਕਾਨਫਰੰਸ ਜ਼ੋ 20 ਤੋਂ 22ਅਪ੍ਰੈਲ ਨੂੰ ਹੋਣੀ ਸੀ ,ਇਸ ਦੇ ਨਾਲ ਹੀ 2 ਨਵੰਬਰ ਨੂੰ ਹੋਣ ਵਾਲੇ "ਪੱਤਰਕਾਰਾਂ ਉਪਰ ਜੁਰਮ ਵਿਰੋਧੀ ਦਿਹਾੜਾ " ਸਬੰਧੀ ਸਾਂਝਾ ਸਮਾਗਮ ਹੋਵੇਗਾ। ਯੂਨਿਸਕੋ ਵੱਲੋਂ ਤਿੰਨ ਮਈ ਨੂੰ ਇਸ ਦਿਹਾੜੇ ਦੇ ਸਬੰਧ ਵਿਚ ਕਈ ਤਰ੍ਹਾਂ ਦੇ ਆਨਲਾਈਨ ਡੀਬੇਟ ਅਤੇ ਵਰਕਸ਼ਾਪ ਪ੍ਰੋਗਰਾਮ ਕਰਵਾਏ ਜਾ ਰਹੇ ਹਨ । ਇਹਨਾਂ ਸਾਰੇ ਪ੍ਰੋਗਰਾਮਾਂ ਦਾ ਕੇਂਦਰ ਬਿੰਦੂ ਹੋਵੇਗਾ

(ੳ)"ਨਿਰਪੱਖ ਅਤੇ ਨਿਡਰ ਪੱਤਰਕਾਰੀ"।

(ਅ) ਔਰਤ ਅਤੇ ਮਰਦ ਪੱਤਰਕਾਰਾਂ ਅਤੇ ਮੀਡੀਆ ਵਰਕਰਾਂ ਦੀ ਸੁਰੱਖਿਆ,

(ੲ) ਸੁਤੰਤਰ ਅਤੇ ਪੇਸ਼ੇਵਰ ਪੱਤਰਕਾਰੀ, ਰਾਜਨੀਤਿਕ ਅਤੇ ਵਪਾਰਕ ਪ੍ਰਭਾਵ ਤੋਂ ਮੁਕਤ ਪੱਤਰਕਾਰਿਤਾ ਆਦਿ। ਇਸ ਕਾਨਫਰੰਸ ਦੇ ਸਬ ਥੀਮ ਵੀ ਹੋਣਗੇ, ਜ਼ੋ ਪੱਤਰਕਾਰਿਤਾ, ਪੱਤਰਕਾਰ ਅਤੇ ਇਹਨਾਂ ਨਾਲ ਸਬੰਧਤ ਹੋਰ ਮਸਲਿਆਂ ਬਾਰੇ ਹੋਣਗੇ। ਮੀਡੀਆ ਦੀ ਆਜ਼ਾਦੀ ਦੀ ਨਜ਼ਰਸਾਨੀ ਕਰਨ ਵਾਲੀ ਸੰਸਥਾ 'ਰਿਪੋਰਟਰਜ਼ ਵਿਦ ਆਊਟ ਬਾਰਡਰਜ਼' ਦੀ ਸਾਲਾਨਾ ਰਿਪੋਰਟ,2018 ਅਨੁਸਾਰ ਪ੍ਰੈਸ ਦੀ ਆਜ਼ਾਦੀ ਦੇ ਮਾਮਲੇ ਵਿਚ ਭਾਰਤ ਦਾ ਸਥਾਨ 180 ਮੁਲਕਾਂ ਵਿਚੋਂ 140ਵੇਂ ਨੰਬਰ 'ਤੇ ਆ ਗਿਆ ਹੈ। ਮੀਡੀਆ ਸੰਸਥਾਵਾਂ ਅੰਦਰਲਾ ਮਾਹੌਲ ਸੁਤੰਤਰ ਪੱਤਰਕਾਰੀ ਲਈ ਬਿਲਕੁਲ ਹੀ ਗ਼ੈਰ-ਮੁਆਫਕ ਅਤੇ ਬਾਂਹ ਮਰੋੜੂ ਹੈ। ਸੱਚੀ ਰਿਪੋਰਟਿੰਗ ਕਰਨ ਵਾਲੇ ਪੱਤਰਕਾਰਾਂ ਨੂੰ ਭਾਰੀ ਦਬਾਓ ਅਤੇ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਕਾਰਪੋਰੇਟ ਸਮੂਹਾਂ ਅਤੇ ਵੱਡੇ ਰਾਜਸੀ ਰਸੂਖ ਵਾਲੇ ਤਾਕਤਵਰ ਹਿੱਸਿਆਂ ਕੋਲ ਇਕ ਹੋਰ ਜ਼ਬਰਦਸਤ ਹਥਿਆਰ ਮਾਣਹਾਨੀ ਦਾ ਮੁਕੱਦਮਾ ਹੈ। ਭਾਰਤ ਵਿਚ ਪਿੱਛੇ ਸਾਲਾਂ ਵਿਚ 'ਆਊਟ-ਲੁੱਕ', 'ਦਿ ਵਾਇਰ', 'ਦਿ ਸਿਟੀਜ਼ਨ', ਐਨ. ਡੀ. ਟੀ. ਵੀ. ਵਗੈਰਾ ਉਪਰ ਹਜ਼ਾਰਾਂ ਕਰੋੜ ਰੁਪਏ ਦੇ ਮਾਣਹਾਨੀ ਦੇ ਮੁਕੱਦਮੇ ਕੀਤੇ ਗਏ। ਅੰਦਰਲਾ ਮਾਹੌਲ ਸੁਤੰਤਰ ਪੱਤਰਕਾਰੀ ਲਈ ਬਿਲਕੁਲ ਹੀ ਗ਼ੇਰ-ਮੁਆਫਕ ਅਤੇ ਬਾਂਹ ਮਰੋੜੂ ਹੈ। ਸੱਚੀ ਰਿਪੋਰਟਿੰਗ ਕਰਨ ਵਾਲੇ ਪੱਤਰਕਾਰਾਂ ਨੂੰ ਭਾਰੀ ਦਬਾਓ ਅਤੇ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਸੱਤਾਧਾਰੀਆਂ ਵਲੋਂ ਆਪਣਾ ਰਸੂਖ ਵਰਤ ਕੇ ਪੱਤਰਕਾਰਾਂ ਦੀ ਕਲਮ ਨੂੰ ਸੱਤਾ ਦੀ ਇੱਛਾ ਦੀ ਗੁਲਾਮ ਬਣਾਉਣ ਦੀ ਹਰ ਵਾਹ ਲਾਈ ਜਾਂਦੀ ਹੈ। ਭਾਰਤੀ ਪ੍ਰੈਸ ਅੱਗੇ ਸਭ ਤੋਂ ਵੱਡੀ ਜਿੰਮੇਵਾਰੀ ਉਸ ਉਪਰ ਜਨਤਾ ਦਾ ਵਿਸ਼ਵਾਸ ਅਤੇ ਭਰੋਸਾ ਬਰਕਰਾਰ ਰੱਖਣਾ ਹੈ।

ਮੀਡੀਆ ਦੇ ਇਕ ਹਿੱਸੇ ਦੁਆਰਾ ਪੀਲੀ ਪੱਤਰਕ-ਾਰੀ ਤੋਂ ਵੀ ਅੱਗੇ ਜਾ ਕੇ ਫਿਰਕੂ ਪੱਤਰਕਾਰੀ ਤੱਕ ਪਹੁੰਚਦੇ ਹੋਏ ਰਾਜ ਦਰਬਾਰੀ ਪੱਤਰਕਾਰੀ ਵੱਲ ਜਾਣ ਦਾ ਰੁਝਾਨ ਵਧ ਰਿਹਾ ਹੈ। ਇਸ ਤਰਾਂ ਇਮਾਨਦਾਰੀ ਅਤੇ ਮਿਹਨਤ ਨਾਲ ਕੰਮ ਕਰਦਾ ਪੱਤਰਕਾਰ ਭਾਈਚਾਰਾ ਆਪਣਾ ਸਹੀ ਕੰਮ ਨਹੀਂ ਕਰ ਸਕਦਾ ।ਇਸ ਲਈ ਜਨਤਾ ਵੀ ਜਾਗਰੂਕ ਹੋਵੇ ਅਤੇ ਉਹ ਇਮਾਨਦਾਰ ਮੀਡੀਆ ਨੂੰ ਉਭਾਰ ਕੇ ਭਾਰਤੀ ਪ੍ਰੈਸ ਦੇ ਰੋਲ ਨੂੰ ਇਮਾਨਦਾਰ ਅਖ਼ਬਾਰਾਂ ਅਤੇ ਪੱਤਰਕਾਰਾਂ ਰਾਹੀਂ ਜਾਨਦਾਰ ਤੇ ਸ਼ਾਨਦਾਰ ਬਣਾ ਸਕਦੀ ਹੈ।ਜਨਤਾ ਦਾ ਥਾਪੜਾ ਹੀ ਸਹੀ, ਸੱਚੇ ਤੇ ਸੁਹਿਰਦ ਪੱਤਰਕਾਰਾਂ ਨੂੰ ਆਪਣੇ ਫਰਜ਼ ਨਿਭਾਉਣ ਦੀ ਹਿੰਮਤ ਬਖਸ਼ੇਗਾ ਅਤੇ ਸਾਨੂੰ ਅਜ਼ਾਦ ਪ੍ਰੈਸ ਦੇ ਦਰਸ਼ਨ ਹੋ ਸਕਣਗੇ।

## (ਮਿੰਨੀ ਕਹਾਣੀ) ਬੱਸ ਇੱਕ ਬੁਰਕ

ਇੱਕ ਲਾਲਚੀ, ਕਮੀਨੇ ਅਤੇ ਜ਼ਹਿਰੀਲੇ ਨਾਗਰਾਜ ਨੇ ਆਪਣੇ ਟੁਕੜਬੋਚ ਤਨਖਾਹਦਾਰ ਸਪੋਲੀਆਂ ਨੂੰ ਬੁਲਾਇਆ । ਉਸ ਨੇ ਕਿਹਾ ," ਮੈਨੂੰ ਵਧੀਆ ਵਧੀਆ ਸਲਾਹਾਂ ਦਿਓ ਕਿ ਮੈਂ ਆਪਣੇ ਰਾਜ-ਭਾਗ ਨੂੰ ਇਸ ਤੋਂ ਵੀ ਹਜ਼ਾਰ ਗੁਣਾ ਵੱਡਾ ਕਿਵੇਂ ਕਰਾਂ ? ਸਭ ਰਾਜਾਂ ਤੋਂ ਹਰ ਚੰਗੀ ਚੀਜ਼ ਖੋਹ ਕੇ ਖਾਣ ਦਾ ਪੂਰਾ ਪੂਰਾ ਮਜ਼ਾ ਕਿਵੇਂ ਲਵਾਂ ? ਆਪਣੀ ਹਰ ਕਮੀਨੀ ਤੇ ਗਿਰੀ ਹੋਈ ਹਰ ਘਟੀਆ ਸਲਾਹ ਦੀ ਲੋੜ ਪਈ ਸਮਝੀ ਜਾਣ ਤੇ ਬੇਈਮਾਨ ਸਲਾਹਕਾਰ ਕਮੇਟੀ ਨੇ ਇੱਕ ਸੂਤਰੀ ਸੁਝਾਅ ਦਿੱਤਾ ਜੋ ਨਾਗਰਾਜ ਦੇ ਵੀ ਕਦੇ ਦਿਮਾਗ ਚ ਵੀ ਨੀ ਸੀ ਆਇਆ।

"ਸਾਡੇ ਰੱਬ ਰੂਪ ਨਾਗਰਾਜ ਜੀ ,ਤੁਹਾਡਾ ਵਿ-ਗਆਨ ਅਤੇ ਤਕਨਾਲੋਜੀ ਵਿਭਾਗ ਦਾ ਕੀ ਕੰਮ ਕਿ ਉਹ ਸਾਰਾ ਦਿਨ ਤੁਹਾਨੂੰ ਬੁਲਾ ਕੇ ਦੇਸ਼ ਦੇ ਬਾਰੇ ਈ ਕੰਮ ਕਰੀ ਜਾਵੇ ? ਇਸ ਲਈ ਵਿਗਿਆਨੀਆਂ ਕੋਲੋਂ ਆਧੁਨਿਕ ਮੈਡੀਕਲ ਤਕਨੀਕਾਂ ਦਾ ਫਾਇਦਾ ਲਿਆ ਜਾਵੇ। ਇਸ ਤੇ ਤੁਰੰਤ ਕਾਰਵਾਈ ਸ਼ੁਰੂ ਹੋ ਗਈ ।ਦੇਸ਼ ਦੇ ਸਾਰੇ ਖਰਚੇ ਰੋਕ ਕੇ ਇੱਕ ਉਚ ਪਧਰੀ ਤਕਨੀਕਾਂ ਯੁਕਤ ਵਿਸ਼ਵ ਪੱਧਰੀ ਪਰਯੋਗਸ਼ਾਲਾ ਬਣਾਈ ਗਈ ਅਤੇ ਉਸ ਵਿਚ ਲੂਣ ਹਰਾਮੀ ਅਤੇ ਜ਼ੀਰੋ ਪ੍ਰਤੀਸ਼ਤ।

ਇਨਸਾਨੀਅਤ ਦਾ ਮਾਦਾ ਰਖਣ ਵਾਲਾ ਵਿਕਾਊ ਸਰਜੀਅਨ ਮੰਗਵਾ ਕੇ ਇਸ ਦੇ ਮੁਖੀ ਵਜੋਂ ਤਾਇਨਾਤ ਕੀਤਾ ਗਿਆ । ਇਸ ਮਾਹਿਰ ਡਾਕਟਰ ਨੇ ਨਾਗਰਾਜ ਨੂੰ ਆਪਣੇ ਰਾਜ ਦਾ ਮਜ਼ਾ ਲੈਣਯੋਗ ਬਣਾਉਣਾ ਸੀ।

ਇੱਕ ਹਜ਼ਾਰ ਖਰਬ ਡਾਲਰ ਦੀ ਲਾਗਤ ਨਾਲ ਬਣੀ ਲੈਬ ਵਿਚ ਡਾਕਟਰ ਨੇ ਮਸ਼ੀਨ ਵਿਚ ਪਏ ਨਾਗਰਾਜ ਤੋਂ ਪੁੱਛਿਆ, ਅੰਧੇਰ ਨਗਰੀ ਕੇ ਕਾਲੇ ਨਾਗ ਸਮਰਾਟ ,"ਕਯਾ ਸੇਵਾ ਹਾਜ਼ਰ ਕਰੂੰ?

"ਯਾਰ ਮੇਰਾ ਡੰਗ ਓਨਾ ਕਾਮਯਾਬ ਨਹੀ ,ਜਿੰਨਾ ਮੇਰਾ ਜੀਅ ਚਾਹੁੰਦਾ ਏ .....! ਇਹ ਵੱਡਾ ਵੀ ਹੋਵੇ ਤੇ ਜ਼ਹਿਰੀਲਾ ਵੀ"।

ਡਾਕਟਰ ਨੇ ਅਜਿਹੀ ਜ਼ਹਿਰ ਬਣਾਈ ਜਿਸਦੇ ਇੱਕ ਬਿੰਦ ਨਾਲ ਸਾਰੀ ਕਰੋੜਾਂ ਲੋਕ ਮਰ ਜਾਣ ਅਤੇ ਫਿਰ ਪੁੱਛਿਆ ,"ਸਰ ,ਹੁਣ ਸਰਜਰੀ ਕਰਨੀ ਹੈ , ਡੰਗ ਵਾਸਤੇ ਤੁਹਾਡਾ ਮੂੰਹ ਕਿੰਨਾ ਕੁ ਵੱਡਾ ਬਣਾਵਾਂ..?

ਬੱਸ , .... ਅਜੇ ਤਾਂ ..ਛੋਟਾ ਜਿਹਾ ਹੀ ਬਣਾਇਓ, ਜਣੀ ਐਡਾ ਕੁ...... ।ਬਈ......

ਸਾਰੀ ਧਰਤੀ ਅਤੇ ਅਸਮਾਨ ਇੱਕ ਬੁਰਕ ਵਿੱਚ ਹੀ ਆ ਜਾਣ.....।

**ਪ੍ਰਭਜੀਤ ਸਿੰਘ "ਰਸੂਲਪੁਰ "**
**91-98780 23768**

# ਕਰੋਨਾ ਵਾਇਰਸ ਦੇ ਨਾਮ ਹੇਠ ਜਾਤੀ, ਧਰਮ ਅਤੇ ਨਸਲੀ ਹਿੰਸਾ ਸਿਖਰਾਂ 'ਤੇ

ਪ੍ਰਭਪ੍ਰੀਤ ਸਿੰਘ 91-98147-05330

ਦੁਨੀਆਂ ਭਰ ਦੇ ਕਰੀਬ 190 ਮੁਲਕ ਕਰੋਨਾ ਵਾਇਰਸ ਦੀ ਮਾਰ ਹੇਠ ਹਨ। ਚੀਨ,ਅਮਰੀਕਾ, ਕੈਨੇਡਾ, ਇੰਗਲੈਂਡ ਸਣੇ ਸਾਰੇ ਵੱਡੇ ਮੁਲਕਾਂ ਵਿੱਚ ਮਹਮਾਰੀ ਤੇਜ਼ੀ ਨਾਲ ਫੈਲ ਰਹੀ ਹੈ। ਭਾਰਤ ਵੀ ਇਸ ਲਾਇਲਾਜ ਮਹਾਂਮਾਰੀ ਦੀ ਚਪੇਟ ਵਿਚ ਆਉਣ ਤੋਂ ਬਚਾਅ ਨਹੀਂ ਕਰ ਸਕਿਆ ਹੈ ਅਤੇ ਭਾਰਤ ਦੇ ਲੱਗਭਗ ਹਰ ਸੂਬੇ ਵਿੱਚ ਕਰੋਨਾ ਪੀੜਤਾਂ ਦੀ ਸੰਖਿਆ ਲਗਾਤਾਰ ਵਧਦੀ ਜਾ ਰਹੀ ਹੈ। ਕੋਵਿਡ 19 ਨਾਮੀ ਇਹ ਕਰੋਨਾ ਵਾਇਰਸ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਵਿਚ ਫੈਲਦਾ ਹੈ। ਕਿਸੇ ਵੀ ਵਿਅਕਤੀ ਦੇ ਕਰੋਨਾ ਪ੍ਰਭਾਵਿਤ ਹੋਣ ਦਾ ਕਾਰਨ ਸਾਹਮਣੇ ਆਉਂਦੇ ਹਨ ਕਿ ਜਾਂ ਤਾਂ ਉਹ ਕਿਸੇ ਕਰੋਨਾ ਵਾਇਰਸ ਮਰੀਜ਼ ਦੇ ਸੰਪਰਕ ਵਿੱਚ ਆਇਆ ਹੈ ਜਾਂ ਕਿਸੇ ਐਸੀ ਚੀਜ਼ ਨੂੰ ਛੂਹਿਆ ਹੈ ਜਿਸ ਵਿੱਚ ਕਰੋਨਾ ਮੌਜੂਦ ਸੀ ।

ਭਾਰਤ ਵਰਗੇ ਮੁਲਕ ਵਿੱਚ ਜਿੱਥੇ ਧਰਮ, ਜਾਤੀ,ਲਿੰਗ ਅਤੇ ਨਸਲ ਦੇ ਨਾਮ ਤੇ ਪਹਿਲਾਂ ਹੀ ਲੋਕ ਛੂਆਛਾਤ ਵਿੱਚ ਵੰਡੇ ਹੋਏ ਸਨ। ਉੱਥੇ ਇਹ ਰੋਗ ਸੰਬੰਧਿਤ ਛੂਆਛਾਤ ਨਵੀਂ ਮੁਸੀਬਤ ਦਾ ਕਾਰਨ ਬਣਨ ਲੱਗਾ ਹੈ। ਹੈਦਰਾਬਾਦ ਵਿੱਚ ਉੱਤਰ ਪੂਰਬਲੇ ਸੂਬੇ ਅਰੁਣਾਚਲ ਪ੍ਰਦੇਸ਼ ਦੇ ਵਿਦਿਆਰਥੀਆਂ ਨੂੰ ਸਿਰਫ ਇਸ ਕਾਰਨ ਇੱਕ ਸ਼ਾਪਿੰਗ ਮਾਲ ਵਿੱਚ ਨਹੀਂ ਵੜਨ ਦਿੱਤਾ ਕਿ ਉਹ ਆਪਣੀ ਵੱਖਰੀ ਨਸਲੀ ਦਿੱਖ ਤੋਂ ਚੀਨੀ ਮੂਲ ਦੇ ਨਾਗਰਿਕਾਂ ਜਿਹੇ ਲੱਗਦੇ ਸਨ। ਇਸੇ ਤਰਜ ਤੇ ਦਿੱਲੀ ਵਿੱਚ ਮਨੀਪੁਰ ਦੀ ਇੱਕ ਮਹਿਲਾ ਨੂੰ 'ਕੋਰੋਨਾ'ਕਹਿ ਕੇ ਸੰਬੋਧਨ ਕੀਤਾ ਗਿਆ ਅਤੇ ਉਸ ਨਾਲ ਬਦਸਲੂਕੀ ਕੀਤੀ ਗਈ।

ਮਾਰਚ ਮਹੀਨੇ ਵਿੱਚ ਦਿੱਲੀ ਦੇ ਨਿਜ਼ਾਮੂਦੀਨ ਖੇਤਰ ਵਿੱਚ ਤਬਲੀਗੀ ਜਮਾਤ ਵੱਲੋਂ ਇੱਕ ਸਮਾਗਮ ਕੀਤਾ ਗਿਆ ਜਿਸ ਵਿੱਚ ਹਜ਼ਾਰਾਂ ਲੋਕ ਦੇਸ਼ ਅਤੇ ਵਿਦੇਸ਼ ਵਿੱਚ ਸ਼ਾਮਲ ਹੋਏ। ਉਸ ਇਕੱਠ ਵਿੱਚ ਕੁਝ ਲੋਕ ਅਜਿਹੇ ਵੀ ਸਨ ਜੋ ਕਰੋਨਾ ਮਹਾਮਾਰੀ ਤੋਂ ਸੰਕਰਮਿਤ ਸਨ। ਤਬਲੀਗੀ ਜਮਾਤ ਦੇ ਨਾਲ ਸਬੰਧਿਤ ਕੁਝ ਮੁਸਲਿਮ ਲੋਕਾਂ ਦਾ ਇਸ ਬਿਮਾਰੀ ਦੀ ਮਾਰ ਹੇਠਾਂ ਜਾਣ ਤੇ ਸੱਜ ਪਿਛਾਖੜ ਸ਼ਕਤੀਆਂ ਵੱਲੋਂ ਉਨ੍ਹਾਂ ਨੂੰ ਦੋਸ਼ੀ ਦੇ ਰੂਪ ਵਿੱਚ ਪ੍ਰਚਾਰ ਕੀਤਾ ਗਿਆ। ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਅਪੂਰਵਾ ਨੰਦ ਮੰਨਦੇ ਹਨ ਕਿ ਤਬਲੀਗੀ ਜਮਾਤ ਦੇ ਕਾਰਕੁੰਨਾਂ ਚ ਮਹਾਂਮਾਰੀ ਫੈਲਣ ਨੂੰ ਭਾਰਤ ਵਿੱਚ ਘੱਟ ਗਿਣਤੀਆਂ ਖਾਸ ਕਰ ਮੁਸਲਿਮ ਭਾਈਚਾਰੇ ਖਿਲਾਫ ਨਫਰਤ ਫੈਲਾਉਣ ਦੇ ਇੱਕ ਹਥਿਆਰ ਵਜੋਂ ਵੀ ਵਰਤੇ ਜਾਣ ਦੇ ਸੰਕੇਤ ਹਨ।

"ਦਾ ਇੰਟਰਸੈਪਟ" ਚ ਲਿਖੇ ਆਪਣੇ ਇੱਕ ਲੇਖ ਵਿੱਚ ਮਸ਼ਹੂਰ ਪੱਤਰਕਾਰ ਮਹਿਦੀ ਹਸਨ ਨੇ ਲਿਖਿਆ ਕਿ ਜਿੱਥੇ ਦੁਨੀਆਂ ਭਰ ਵਿੱਚ ਲੋਕਾਂ ਨੂੰ ਬੀਮਾਰੀ ਖਿਲਾਫ ਇਕਮੁੱਠ ਹੋ ਕੇ ਲੜਨ ਲਈ ਪ੍ਰੇਰਿਆ ਜਾ ਰਿਹਾ ਹੈ। ਉੱਥੇ ਹੀ ਭਾਰਤ ਵਿੱਚ ਕੁਝ ਫਿਰਕੂ ਸੰਗਠਨਾਂ ਨੇ ਕਰੋਨਾ ਵਾਇਰਸ ਨੂੰ ਮੁਸਲਿਮ ਭਾਈਚਾਰੇ ਦੇ ਖਿਲਾਫ "ਕਰੋਨਾ ਜੇਹਾਦ" ਅਤੇ "ਬਾਇਓਲੌਜੀਕਲ ਅੱਤਵਾਦ" ਜਿਹੇ ਜੁਮਲੇ ਘੜ ਕੇ ਲੋਕਾਂ ਵਿੱਚ ਪਾੜਾ ਵਧਾਉਣ ਦੇ ਯਤਨ ਕਿਤੇ ਹਨ।

ਸਮਾਜ ਵਿੱਚ ਪਹਿਲਾਂ ਤੋਂ ਹੀ ਮੌਜੂਦ ਧਾਰਮਿਕ ਭੇਦਭਾਵ ਅਤੇ ਸਮਾਜਿਕ ਦੂਰੀ ਨੂੰ ਵਧਾਉਣ ਵਿੱਚ ਜਿੱਥੇ ਕਰੋਨਾ ਵਾਇਰਸ ਦੀ ਵਰਤੋਂ ਕੀਤੀ ਜਾ ਰਹੀ ਹੈ। ਉੱਥੇ ਹੀ ਪੰਜਾਬ ਵਿੱਚ ਕਰੋਨਾ ਵਾਇਰਸ ਨਾਲ ਹੋਈ ਮੰਨੀ ਜਾ ਰਹੀ ਭਾਈ ਨਿਰਮਲ ਸਿੰਘ ਜੀ ਦੀ ਦੁਖਦ ਮੌਤ ਨੇ ਜਾਤੀਗਤ ਭੇਦਭਾਵ ਦੇ ਸਵਾਲਾਂ ਨੂੰ ਮੁੜ ਉਭਾਰਿਆ ਹੈ।

ਪਦਮ ਸ੍ਰੀ ਅਵਾਰਡ ਨਾਲ ਸਨਮਾਨਿਤ ਭਾਈ ਨਿਰਮਲ ਸਿੰਘ ਜੀ ਸਿੱਖਾਂ ਦੇ ਪਾਵਨ ਸਥਾਨ ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀ ਵੀ ਸਨ। ਹਾਲਾਂਕਿ ਸਿੱਖ ਧਰਮ ਦੀ ਸਥਾਪਨਾ ਜਾਤਾਂ-ਧਰਮਾਂ ਦੇ ਭੇਦਭਾਵ ਤੋਂ ਉੱਪਰ ਉੱਠ "ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ" ਦੇ ਸਿਧਾਂਤ ਉੱਪਰ ਹੋਈ ਸੀ। ਪਰ ਅੱਜ ਵੀ ਸਿੱਖ ਧਰਮ ਵਿੱਚ ਬ੍ਰਾਹਮਣਵਾਦ ਦੇ ਪ੍ਰਭਾਵ ਹੇਠ ਜਾਤ ਗੋਤ ਮੌਜੂਦ ਹਨ। ਜਾਤੀ ਅਭਿਮਾਨੀ ਲੋਕ ਅੱਜ ਵੀ ਗੁਰੂ ਦੇ ਸਿੱਖਾਂ ਨੂੰ 'ਰਾਮਦਾਸੀਏ', 'ਰਵਿਦਾਸੀਏ', 'ਰਾਏ' ਅਤੇ ਮਜ਼ਹਬੀ ਸਿੱਖ ਜਿਹੀਆਂ ਜਾਤਾਂ ਬਰਾਦਰੀਆਂ ਵਿੱਚ ਵੰਡ ਕੇ ਦੇਖਦੇ ਹਨ।

ਭਾਈ ਨਿਰਮਲ ਸਿੰਘ ਜੀ ਮਜ਼੍ਹਬੀ ਸਿੱਖ ਭਾਈਚਾਰੇ ਨਾਲ ਸੰਬੰਧਤ ਸਨ ਅਤੇ ਮਜ਼ਹਬੀ ਸਿੱਖ ਭਾਈਚਾਰੇ ਦੇ ਇਲਜ਼ਾਮ ਹਨ ਕਿ ਭਾਈ ਸਾਹਿਬ ਨਾਲ ਕਰੋਨਾ ਵਾਇਰਸ ਦੇ ਇਲਾਜ ਤੋਂ ਲੈ ਕੇ ਵੇਰਕਾ ਪਿੰਡ ਵਿੱਚ ਅੰਤਿਮ ਸੰਸਕਾਰ ਨਾ ਕੀਤੇ ਜਾਣ ਤਕ ਜਾਤੀਗਤ ਛੂਆਛਾਤ ਹੁੰਦੀ ਰਹੀ। ਜਦਕਿ ਬੜੀ ਸਫਾਈ ਨਾਲ ਇਸ ਨੂੰ ਬੀਮਾਰੀ ਦੇ ਡਰ ਨਾਲ ਸੰਬੰਧਿਤ ਭੇਦਭਾਵ ਦਾ ਨਾਮ ਦਿੱਤਾ ਗਿਆ ਹੈ। ਪੱਤਰਕਾਰ ਸੁਖਵਿੰਦਰ ਸਿੰਘ ਬੋਹੜ ਨੇ ਲਿਖਿਆ ਕਿ ਹਸਪਤਾਲ ਪ੍ਰਸ਼ਾਸਨ ਅਤੇ ਵੇਰਕਾ ਪਿੰਡ ਵਿੱਚ ਹੋਏ ਭੇਦਭਾਵ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਭਾਈ ਨਿਰਮਲ ਸਿੰਘ ਹੋਰਾਂ ਨਾਲ ਭੇਦਭਾਵ ਪੂਰਨ ਵਿਹਾਰ ਕੀਤਾ ਗਿਆ ਹੈ।

ਇਹ ਸਾਰੇ ਸਵਾਲ ਉਦੋਂ ਹੋਰ ਡੂੰਘੇ ਹੋ ਜਾਂਦੇ ਹਨ ਜਦ ਸੋਸ਼ਲ ਮੀਡੀਆ ਤੇ ਕਰੋਨਾ ਵਾਇਰਸ ਦਾ ਭੈਅ ਜਾਂ ਜਾਤੀਗਤ ਛੂਆਛਾਤ ਦੇ ਸਵਾਲ ਤਹਿਤ ਬਹਿਸ ਛਿੜ ਜਾਂਦੀ ਹੈ। ਫੇਸਬੁੱਕ ਤੇ ਦਲੇਰ ਮਜ਼ਹਬੀ ਨਾਮਕ ਇੱਕ ਯੂਜ਼ਰ ਨੇ ਲਿਖਿਆ ਕਿ ਲੁਧਿਆਣਾ ਦੇ ਏ.ਸੀ.ਪੀ. ਅਨਿਲ ਕੋਹਲੀ ਦਾ ਅੰਤਿਮ ਸੰਸਕਾਰ ਪੂਰੇ ਸਰਕਾਰੀ ਤੌਰ ਤਰੀਕੇ ਨਾਲ ਕੀਤਾ ਗਿਆ ਅਤੇ ਕਿਸੇ ਵੀ ਕਿਸਮ ਦੇ ਵਿਰੋਧੀ ਤੇ ਸੂਚਨਾ ਨਾ ਆਈ। ਜਦਕਿ ਉਹ ਵੀ ਕਰੋਨਾ ਵਾਇਰਸ ਨਾਲ ਪ੍ਰਭਾਵਿਤ ਸਨ ਅਤੇ ਜੇਰੇ ਇਲਾਜ ਸਨ। ਜੇਕਰ ਇੱਕ ਸਰਕਾਰੀ ਅਧਿਕਾਰੀ ਨੂੰ ਪੂਰਾ ਰਾਜਸੀ ਮਾਨ ਸਤਿਕਾਰ ਮਿਲ ਸਕਦਾ ਹੈ ਤਾਂ ਇੱਕ ਪਦਮ ਸ੍ਰੀ ਅਵਾਰਡੀ ਨੂੰ ਕਿਉਂ ਨਹੀਂ।

ਕਰੋਨਾ ਵਾਇਰਸ ਨਾਲ ਡਰੇ ਲੋਕਾਂ ਵੱਲੋਂ ਪੈਨਿਕ ਹੋ ਕੇ ਦੂਰੀ ਬਣਾਉਣਾ ਸੰਭਾਵਿਕ ਹੈ। ਪਰ ਇਸ ਦੀ ਆੜ ਵਿੱਚ ਗੈਰ ਸਮਾਜਿਕ ਤੱਤਾਂ ਵੱਲੋਂ ਇਸ ਨੂੰ ਜਾਤੀ, ਧਰਮ ਅਤੇ ਖੇਤਰੀ ਭੇਦਭਾਵ ਲਈ ਵਰਤਣਾ ਗੰਭੀਰ ਚਿੰਤਾ ਦਾ ਵਿਸ਼ਾ ਹੈ।

ਜਿੱਥੇ ਲੋਕਾਂ ਨੂੰ ਇਕੱਠੇ ਹੋ ਕੇ ਬਿਨਾਂ ਡਰੇ ਸਾਵਧਾਨੀ ਵਰਤ ਕੇ ਇਸ ਮਹਾਂਮਾਰੀ ਤੋਂ ਬਚਣ ਦੀ ਲੋੜ ਹੈ ਉੱਥੇ ਹੀ ਸਰਕਾਰਾਂ ਨੂੰ ਸਾਰੇ ਤਬਕਿਆਂ ਵਿੱਚ ਵਿਸ਼ਵਾਸ ਪੈਦਾ ਕਰਨਾ ਪਏਗਾ ਅਤੇ ਯਕੀਨੀ ਬਣਾਉਣਾ ਪਏਗਾ ਕਿ ਕਿਸੇ ਵੀ ਮਨੁੱਖ ਨਾਲ ਕਿਸੇ ਵੀ ਕਿਸਮ ਦਾ ਭੇਦ ਭਾਵ ਭਰਿਆ ਵਰਤਾਰਾ ਨਹੀਂ ਕੀਤਾ ਜਾਏਗਾ।

# ਕੋਰੋਨਾ ਲਾਕਡਾਊਨ ਦੌਰਾਨ ਅਰਦਾਸ ਅਤੇ ਹੌਸਲੇ ਦੇ ਹੋਕੇ ਨਾਲ ਪੇਸ਼ ਨੇ ਪੰਜਾਬੀ ਕਲਾਕਾਰ



ਡਾ.ਸੁਰਜੀਤ ਸਿੰਘ ਭਦੌੜ
91-98884-88060

ਕਲਾਕਾਰ ਚਾਹੇ ਕਿਸੇ ਵੀ ਵੰਨਗੀ ਚ ਹੋਣ ਅਦਾਕਾਰ, ਗਾਇਕ ਜਾਂ ਫਿਰ ਸਾਹਿਤਕਾਰ ਤੇ ਗੀਤਕਾਰ,ਆਮ ਲੋਕਾਂ ਦੀ ਜੀਵਨਸ਼ੈਲੀ ਨੂੰ ਪ੍ਰਭਾਵਤ ਕਰਦੇ ਹਨ । ਇਸੇ ਲਈ ਗਾਇਕਾਂ ਅਤੇ ਕਲਾਕਾਰਾਂ ਦੀਆਂ ਪੇਸ਼ਕਾਰੀਆਂ ਅਕਸਰ ਸਮਾਜਿਕ ਕਟਹਿਰੇ ਚ ਚਰਚਿਤ ਰਹਿੰਦੀਆਂ ਹਨ । ਮਨੁੱਖਤਾ ਤੇ ਆਉਂਦੀ ਕਿਸੇ ਵੀ ਭੀੜ ਵਿੱਚ ਲੀਡਰਾਂ ਦੇ ਨਾਲ ਨਾਲ ਆਮ ਲੋਕ ਕਲਾਕਾਰਾਂ ਤੋਂ ਵੀ ਬਣਦੀ ਜਿੰਮੇਵਾਰੀ ਨਿਭਾਉਣ ਦੀ ਉਮੀਦ ਰੱਖਦੇ ਹਨ । ਕੋਰੋਨਾਂ ਬਿਮਾਰੀ ਦੀ ਚਲਦੀ ਮਹਾਂਮਾਰੀ ਦੇ ਲਪੇਟੇ ਚ ਸਮੁੱਚੀ ਮਨੁੱਖਤਾ ਹੈ । ਇਸ ਬਿਮਾਰੀ ਦੀ ਵੱਡੀ ਮੁਸ਼ਕਲ ਵਿਅਕਤੀਗਤ ਦੂਰੀ ਵੀ ਹੈ, ਜਿਸ ਕਾਰਨ ਘਰਾਂ ਵਿੱਚ ਕੈਦ ਮਨੁੱਖਾਂ ਨੂੰ ਰੂਹ ਦੀ ਖੁਰਾਕ ਸੰਗੀਤ ਨਾਲ ਮਹਾਂਮਾਰੀ ਦੇ ਮੁਕਾਬਲੇ ਲਈ ਹੌਸਲਾ ਪਰੋਸਣਾ ਵੀ ਸੌਖਾਲਾ ਰਾਹ ਨਹੀਂ ਹੈ । ਇਸ ਮਹਾਂਮਾਰੀ ਦੇ ਦੌਰ ਵਿੱਚ ਪੰਜਾਬ ਦੇ ਅਦਾਕਾਰਾਂ, ਗਾਇਕਾਂ, ਗੀਤਾਕਾਰਾਂ ਅਤੇ ਕਲਾਕਾਰਾਂ ਨੇ ਆਪਣੀ ਸਮਾਜਿਕ ਜਿੰਮੇਵਾਰੀ ਨੂੰ ਕਬੂਲਦਿਆਂ ਸੰਗੀਤਕ ਖੁਰਾਕ ਸ਼ੋਸਲ ਮੀਡੀਆ ਦੇ ਮਾਧਿਅਮ ਤੋਂ ਸਰੋਤਿਆਂ ਅਤੇ ਦਰਸ਼ਕਾਂ ਦੇ ਦਰ ਤੇ ਪਹੁੰਚਾਉਣ ਦਾ ਬੀੜਾ ਚੁੱਕਿਆ ਹੈ। ਲਾਕਡਾਊਨ ਵਿੱਚ ਸਮੇਂ ਦੀ ਵਰਤੋਂ ਦਾ ਵਧੀਆਂ ਸਾਧਨ ਮੰਨੇ ਜਾਂਦੇ ਸ਼ੋਸਲ ਮੀਡੀਆ ਤੇ ਕਰਮਜੀਤ ਅਨਮੋਲ ਅਤੇ ਸੂਫੀ ਬਲਬੀਰ ਦਾ ਗਾਇਆ ਗਾਣਾ " ਇੱਕ ਅਰਦਾਸ " ਤੋਂ ਇਲਾਵਾ ਅਸ਼ੋਕ ਮਸਤੀ ਦੀ ਆਵਾਜ ਵਿੱਚ " ਹੌਸਲਾ ਨਾਂ ਛੱਡੀ " ਅਤੇ ਅਫਸਾਨਾ ਖਾਨ ਅਤੇ ਰਜਾ ਹੀਰ ਦੀ ਆਵਾਜ ਵਿੱਚ ਗਾਇਆ "ਗੀਤ ਜਿਤਾਂਗੇ ਹੌਸਲੇ ਨਾਲ " ਬਹੁਤ ਪ੍ਰਸਿੱਧੀ ਖੱਟ ਰਹੇ ਹਨ। ਇਸ ਵਿੱਚ ਕੋਈ ਅਤਿਕਥਨੀ ਨਹੀਂ ਕਿ ਕਿਸੇ ਵੀ ਤਰਾਂ ਮੁਸ਼ਕਲ




ਦੀ ਘੜੀ ਵਿੱਚ ਅਰਦਾਸ ਅਤੇ ਉਤਸ਼ਾਹਜਨਕ ਸੱਭਿਆਚਾਰਕ ਪੇਸ਼ਕਾਰੀਆਂ ਮਨੁੱਖ ਨੂੰ ਮਾਨਸਿਕ ਹੁਲਾਰਾ ਦਿੰਦੀਆਂ ਹਨ। ਸੂਫੀ ਬਲਬੀਰ ਦੇ ਲਿਖੇ "ਵਾਸਤਾ ਏ ਤੈਨੂੰ ਰੱਬਾ ਤੇਰੇ ਸਾਰੇ ਨਾਵਾਂ ਦਾ, ਤਰਲਾ ਜਹਾਨ ਦੀਆਂ ਸਾਰੀਆਂ ਮਾਵਾਂ ਦਾ "ਦੇ ਬੋਲਾਂ ਨੂੰ ਬਲਬੀਰ ਦੇ ਨਾਲ ਕਰਮਜੀਤ ਅਨਮੋਲ ਦੀ ਆਵਾਜ ਵਿੱਚ ਪੀਟੀਸੀ ਰਿਕਾਰਡ ਨੇ ਜਾਰੀ ਕੀਤਾ ਹੈ । ਚੜਦੀ ਕਲਾ ਦਾ ਸੰਦੇਸ਼ ਦਿੰਦੇ ਡਾ. ਕੇਵਲ ਅਰੋੜਾ ਦੇ ਲਿਖੇ ਗੀਤ "ਰੁੱਤਾਂ ਇਹ ਉਦਾਸ ਯਾਰਾ ਸਦਾ ਨਹੀਓ ਰਹਿੰਣੀਆਂ, ਹੌਸਲਾ ਨਾਂ ਛੱਡੀ ਦਿਨ ਫੇਰ ਮੁੜ ਆਉਂਣਗੇ" ਨੂੰ ਅਸ਼ੋਕ ਮਸਤੀ ਦੀ ਆਵਾਜ ਵਿੱਚ ਪੇਸ਼ ਕੀਤਾ ਗਿਆ ਹੈ। ਪ੍ਰਸਿੱਧ ਨਾਟ ਕਰਮੀ ਪਾਲ਼ੀ ਭੁਪਿੰਦਰ ਦੀ ਨਿਰਦਸ਼ਨਾ ਵਿੱਚ ਤਿਆਰ ਕੀਤੇ ਇਸ ਵਿਡੀਓ ਗੀਤ ਵਿੱਚ ਕਰਮਜੀਤ ਅਨਮੋਲ, ਗੁਰਪ੍ਰੀਤ ਘੁੱਗੀ, ਜਸਵਿੰਦਰ ਭੱਲਾ, ਰੋਸ਼ਨ ਪ੍ਰਿੰਸ, ਦੇਵ ਖਰੌੜ, ਸਮੀਪ ਕੰਗ, ਸਰਦਾਰ ਸੋਹੀ, ਨਛੱਤਰ ਗਿੱਲ, ਅਕਾਂਸ਼ਾਂ ਸਰੀਨ, ਜਸਬੀਰ ਜੱਸੀ, ਹਰੀਸ਼ ਵਰਮਾ ਸਮੇਤ 31 ਪੰਜਾਬੀ ਕਲਾਕਾਰਾਂ ਨੂੰ ਸ਼ਾਮਿਲ ਕੀਤਾ ਗਿਆ ਹੈ । ਇਸੇ ਤਰਾਂ ਨੀਰੂ ਬਾਜਵਾ ਦੀ ਪ੍ਰੋਡਕਸ਼ਨ ਕੰਪਨੀ ਐਨ ਬੀ ਦੁਆਰਾ ਇੱਕ ਹੋਰ ਉਤਸ਼ਾਹ ਵਧਾਊ ਵੀਡੀਓ ਗੀਤ " ਘੜੀ ਮੁਸੀਬਤ ਵਾਲੀ, ਕਟ ਨਹੀਂ ਹੋਣੀ ਇੰਝ ਤੌਖਲੇ ਨਾਲ ਇਹ ਜੰਗ ਨਹੀਂ ਹਥਿਆਰਾਂ ਦੀ, ਜਿਤਾਂਗੇ ਹੌਸਲੇ ਨਾਲ "ਸਪੀਡ ਰਿਕਾਰਡਜ ਦੁਆਰਾ ਜਾਰੀ ਕੀਤਾ ਗਿਆ ਹੈ ।ਇਸ ਗੀਤ ਦੇ ਬੋਲ ਵੀਤ ਬਲਜੀਤ ਨੇ ਲਿਖੇ ਹਨ । ਨੀਰੂ ਬਾਜਵਾ ਦੀ ਪੇਸ਼ਕਾਰੀ ਦੀ ਇਹ ਵੀ ਵਿਸ਼ੇਸਤਾ ਹੈ ਕਿ ਇਹ ਨਾਰੀ ਸ਼ਕਤੀ ਨਾਲ ਭਰਪੂਰ ਵੀਡੀਓ ਹੈ, ਜਿਸ ਵਿੱਚ ਪੰਜਾਬੀ ਫਿਲਮ ਉਦਯੋਗ ਦੀਆਂ ਪ੍ਰਸਿੱਧ ਅਦਾਕਾਰਾਵਾਂ ਨਿਰਮਲ ਰਿਸ਼ੀ, ਸਰਗੁਨ ਮਹਿਤਾ, ਪ੍ਰੀਤੀ ਸਪਰੂ, ਸਿੰਮੀ ਚਾਹਲ, ਅਦਿਤੀ ਸ਼ਰਮਾ, ਰੁਬੀਨਾ ਬਾਜਵਾ ਅਤੇ ਜਪੁਜੀ ਖਹਿਰਾ ਆਦਿ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਉਪਰਾਲੇ ਲਈ ਸਥਾਪਿਤ ਅਦਾਕਾਰ ਕਰਮਜੀਤ ਅਨਮੋਲ, ਨੀਰੂ ਬਾਜਵਾ ਅਤੇ ਪ੍ਰਸਿੱਧ ਰੰਗ ਕਰਮੀ ਪਾਲੀ ਭੁਪਿੰਦਰ ਹੋਰਾਂ ਦੀ ਸਾਰਥਿਕ ਕੋਸ਼ਿਸ ਨੂੰ ਵਧਾਈ ਦੇਣੀ ਬਣਦੀ ਹੈ ।

## 1 ਮਈ 2020 ਲਈ ਅੰਤਰਰਾਸ਼ਟਰੀ ਮਜਦੂਰ ਦਿਵਸ ਸਬੰਧੀ ਵਿਸ਼ੇਸ਼

# ਮਜਦੂਰਾਂ ਨਾਲੋਂ ਰਾਜਨੀਤਿਕ ਆਗੂਆਂ ਅਤੇ ਅਧਿਕਾਰੀਆਂ ਨੂੰ ਹੁੰਦਾ ਮਜਦੂਰ ਭਲਾਈ ਸਕੀਮਾਂ ਦਾ ਵੱਧ ਲਾਭ

01 ਮਈ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਜਿਸਨੂੰ ਮਈ ਦਿਵਸ ਵਜੋਂ ਜਾਣਿਆ ਜਾਂਦਾ ਹੈ ਦੀ ਸ਼ੁਰੂਆਤ 04 ਮਈ 1886 ਨੂੰ ਸ਼ਿਕਾਗੋ ਵਿੱਚ ਉਸ ਸਮੇਂ ਹੋਈ ਸੀ, ਜਦੋਂ ਮਜ਼ਦੂਰਾਂ ਦੇ ਸ਼ੋਸ਼ਣ ਨੂੰ ਰੋਕਣ ਲਈ ਮਜਦੂਰ ਇਕੱਠੇ ਹੋਕੇ ਮੰਗ ਕਰ ਰਹੇ ਸਨ ਕਿ ਇੱਕ ਦਿਹਾੜੀ ਵਿੱਚ ਕੰਮ ਦੇ ਘੰਟੇ 8 ਘੰਟੇ ਹੋਣ ਅਤੇ ਹਫਤੇ ਵਿੱਚ ਇੱਕ ਦਿਨ ਦੀ ਛੁੱਟੀ ਹੋਵੇ। ਇਸ ਦੌਰਾਨ ਕਿਸੇ ਵਿਅਕਤੀ ਨੇ ਬੰਬ ਚਲਾ ਦਿੱਤਾ ਅਤੇ ਬਾਅਦ ਵਿੱਚ ਪੁਲਿਸ ਫਾਈਰਿੰਗ ਵਿੱਚ ਕੁਝ ਮਜ਼ਦੂਰਾਂ ਦੀ ਮੌਤ ਹੋ ਗਈ ਅਤੇ ਕੁਝ ਪੁਲਿਸ ਵਾਲੇ ਵੀ ਮਾਰੇ ਗਏ। ਇਸਤੋਂ ਬਾਅਦ 1889 ਵਿੱਚ ਪੈਰਿਸ ਵਿੱਚ ਅੰਤਰ-ਰਾਸ਼ਟਰੀ ਮਹਾਂਸਭਾ ਦੀ ਦੂਜੀ ਬੈਠਕ ਵਿੱਚ ਫਰੈਂਚ ਕ੍ਰਾਂਤੀ ਨੂੰ ਯਾਦ ਕਰਦੇ ਹੋਏ ਇੱਕ ਪ੍ਰਸਤਾਵ ਪਾਸ ਕੀਤਾ ਗਿਆ ਕਿ ਇਸਨੂੰ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਦੇ ਰੂਪ ਵਿੱਚ ਮਨਾਇਆ ਜਾਵੇ, ਉਸ ਸਮੇਂ ਤੋਂ ਹੀ ਦੁਨੀਆਂ ਦੇ 80 ਦੇਸ਼ਾਂ ਵਿੱਚ ਮਈ ਦਿਵਸ ਨੂੰ ਰਾਸ਼ਟਰੀ ਛੁੱਟੀ ਘੋਸ਼ਿਤ ਕੀਤਾ ਗਿਆ ਅਤੇ ਇਸਨੂੰ ਰਾਸ਼ਟਰ ਪੱਧਰ ਤੇ ਮਨਾਇਆ ਜਾਣ ਲੱਗ ਪਿਆ। 1919 ਵਿੱਚ ਅੰਤਰਰਾਸ਼ਟਰੀ ਮਜਦੂਰ ਸੰਗਠਨ ਹੋਂਦ ਵਿੱਚ ਆ ਗਿਆ। ਇਸਦੇ ਲੱਗਭੱਗ 185 ਦੇਸ਼ ਮੈਂਬਰ ਹਨ ਅਤੇ ਇਸਨੂੰ 1969 ਵਿੱਚ ਨੋਬਲ ਸ਼ਾਂਤੀ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ ਹੈ। ਅੰਤਰਰਾਸ਼ਟਰੀ ਮਜਦੂਰ ਸੰਗਠਨ ਦੇ ਵੱਖ ਵੱਖ ਦੇਸ਼ਾਂ ਵਿੱਚ ਦਫਤਰ ਖੋਲੇ ਗਏ ਹਨ ਅਤੇ ਸਮੇਂ ਸਮੇਂ ਤੇ ਮਜ਼ਦੂਰਾਂ ਦੀਆਂ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ ਅਤੇ ਮਜਦੂਰਾਂ ਦੀ ਭਲਾਈ ਅਤੇ ਬਿਹਤਰੀ ਲਈ ਜਰੂਰੀ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ। ਭਾਰਤ ਵਿੱਚ 01 ਮਈ ਦਾ ਦਿਹਾੜਾ ਸਭ ਤੋਂ ਪਹਿਲਾਂ ਚੇਨਈ ਵਿੱਚ 01 ਮਈ 1923 ਨੂੰ ਮਨਾਉਣਾ ਸ਼ੁਰੂ ਕੀਤਾ ਗਿਆ ਸੀ। ਉਸ ਸਮੇਂ ਇਸ ਨੂੰ ਮਦਰਾਸ ਦਿਵਸ ਵਜੋਂ ਪ੍ਰਵਾਨਿਤ ਕਰ ਲਿਆ ਗਿਆ ਸੀ। ਇਸ ਦੀ ਸ਼ੁਰੂਆਤ ਭਾਰਤੀ ਮਜ਼ਦੂਰ ਕਿਸਾਨ ਪਾਰਟੀ ਦੇ ਨੇਤਾ ਕਾਮਰੇਡ ਸਿੰਗਰਾਵੇਲੂ ਚੇਟਿਆਰ ਨੇ ਕੀਤੀ ਸੀ। ਭਾਰਤ ਵਿੱਚ ਮਦਰਾਸ ਹਾਈਕੋਰਟ ਸਾਹਮਣੇ ਇੱਕ ਵੱਡਾ ਮੁਜ਼ਾਹਰਾ ਕਰਕੇ ਇੱਕ ਮਤਾ ਪਾਸ ਕਰਕੇ ਇਹ ਸਹਿਮਤੀ ਬਣਾਈ ਗਈ ਕਿ ਇਸ ਦਿਵਸ ਨੂੰ ਭਾਰਤ ਵਿੱਚ ਵੀ ਮਜਦੂਰ ਦਿਵਸ ਵਜੋਂ ਮਨਾਇਆ ਜਾਵੇ ਅਤੇ ਇਸ ਦਿਨ ਛੁੱਟੀ ਦਾ ਐਲਾਨ ਕੀਤਾ ਜਾਵੇ। ਇਸਤੋਂ ਬਾਦ ਦੇਸ਼ ਦੇ ਵੱਖ ਵੱਖ ਸੂਬਿਆਂ ਵਿੱਚ 01 ਮਈ ਦਾ ਦਿਹਾੜਾ ਮਜਦੂਰ ਦਿਵਸ ਵਜੋਂ ਮਨਾਇਆ ਜਾਣ ਲੱਗ ਪਿਆ। ਇਸ ਵਿੱਚ ਕੋਈ ਦੋ ਰਾਏ ਨਹੀਂ ਹੈ ਕਿ ਸਮਾਜ, ਦੇਸ਼, ਸੰਸਥਾ ਅਤੇ ਉਦਯੋਗ ਨੂੰ ਚਲਾਉਣ ਵਿੱਚ ਮਜ਼ਦੂਰਾਂ ਦਾ ਅਹਿਮ ਰੋਲ ਹੁੰਦਾ ਹੈ ਅਤੇ ਹਰ ਉਦਯੋਗ ਦੀ ਕਾਮਯਾਬੀ ਲਈ ਮਾਲਕ, ਸਰਮਾਇਆ, ਕਾਮੇ ਅਤੇ ਸਰਕਾਰ ਅਹਿਮ ਧਿਰਾਂ ਹੁੰਦੀਆਂ ਹਨ। ਸਰਕਾਰ ਦੀ ਭੂਮਿਕਾ ਉਦਯੋਗਿਕ ਸ਼ਾਂਤੀ, ਉਦਯੋਗਪਤੀਆਂ ਅਤੇ ਮਜ਼ਦੂਰਾਂ ਦਰਮਿਆਨ ਸੁਖਾਵੇਂ, ਸ਼ਾਂਤਮਈ ਤੇ ਪਰਿਵਾਰਕ ਸਬੰਧ ਕਾਇਮ ਕਰਨਾ, ਝਗੜੇ ਤੇ ਟਕਰਾਅ ਦੀ ਸੂਰਤ ਵਿੱਚ ਉਨ੍ਹਾਂ ਦਾ ਸਮਝੌਤਾ ਅਤੇ ਸੁਲਾਹ ਕਰਵਾਉਣ ਦਾ ਪ੍ਰਬੰਧ ਕਰਨਾ ਅਤੇ ਉਨ੍ਹਾਂ ਦੇ ਮਸਲਿਆਂ ਨੂੰ ਉਦਯੋਗਿਕ ਟ੍ਰਿਬਿਊਨਲ ਕਾਇਮ ਕਰਕੇ ਨਿਰਪੱਖਤਾ ਤੇ ਪਾਰਦਰਸ਼ੀ ਢੰਗ ਨਾਲ ਕੁਦਰਤੀ ਨਿਆਂ ਦੇ ਅਸੂਲਾਂ ਦੇ ਸਿਧਾਂਤਾਂ ਅਨੁਸਾਰ ਇਨਸਾਫ਼ ਦਿਵਾਉਣਾ ਅਤੇ ਉਨ੍ਹਾਂ ਦੀ ਬਿਹਤਰੀ ਲਈ ਸਮੇਂ-ਸਮੇਂ ਸਿਰ ਕਾਨੂੰਨੀ ਅਤੇ ਜਾਬਤਾ ਪ੍ਰਣਾਲੀ ਨਿਰਧਾਰਤ ਕਰਨਾ ਹੈ। ਹੁਣ ਮਜਦੂਰਾਂ ਦੀ ਭਲਾਈ ਹਰ ਸਰਕਾਰ ਅਤੇ ਰਾਜਨੀਤਿਕ ਪਾਰਟੀ ਲਈ ਵਿਸ਼ੇਸ਼ ਮੁੱਦਾ ਬਣ ਗਈ ਹੈ। ਪਹਿਲੇ ਸੰਸਾਰ ਯੁੱਧ ਅਤੇ ਦੂਜੇ ਸੰਸਾਰ ਯੁੱਧ ਦੌਰਾਨ ਸਾਰੇ ਮਜ਼ਦੂਰ ਸੰਗਠਨ ਅਤੇ ਇਨ੍ਹਾਂ ਦੇ ਆਗੂ ਆਪਣੇ ਦੇਸ਼ਾਂ ਦੇ ਝੰਡੇ ਹੇਠ ਇਕੱਠੇ ਹੋ ਗਏ ਅਤੇ ਪੱਛਮੀ ਦੇਸ਼ਾਂ ਵਿੱਚ ਕਲਿਆਣਕਾਰੀ ਰਾਜ ਆਇਆ ਅਤੇ ਮਈ ਦਿਵਸ ਦਾ ਪੁਨਰ ਜਾਗਰਣ ਹੋਇਆ। ਸੋਵੀਅਤ ਸੰਘ ਦੇ ਟੁੱਟਣ ਦੇ ਨਾਲ ਹੀ ਪੂੰਜੀਵਾਦ ਦਾ ਬਦਲਾਓ ਗੁੰਮ ਹੋ ਗਿਆ ਹੈ। ਇਕੱਠੇ ਕੰਮ ਕਰਨਾ ਅਤੇ ਇੱਕ ਜਗ੍ਹਾ ਕੰਮ ਕਰਨਾ ਹੁਣ ਮਹਿਜ ਇੱਕ ਸੁਪਨਾ ਹੀ ਰਹਿ ਗਿਆ। ਤਕਨਾਲੋਜੀ ਨੇ ਲੋਕਾਂ ਦੀ ਜ਼ਰੂਰਤਾਂ ਨੂੰ ਘੱਟ ਕਰ ਦਿੱਤਾ ਹੈ ਜੋ ਕੰਮ ਪਹਿਲਾਂ 100 ਮਜ਼ਦੂਰ ਮਿਲਕੇ ਕਰਦੇ ਸੀ ਉਹ ਕੰਮ ਹੁਣ ਇੱਕ ਰੋਬੋਟ ਕਰ ਲੈਂਦਾ ਹੈ। ਭਾਰਤ ਵਿੱਚ ਚੀਨ ਤੋਂ ਬਾਦ ਸਭਤੋਂ ਵੱਧ ਕਾਮੇ ਹਨ, ਇਨ੍ਹਾਂ ਵਿਚੋਂ ਬਹੁਤੇ ਕਾਮੇ ਗੈਰ ਸੰਗਠਿਤ ਖੇਤਰ ਵਿੱਚ ਹੀ ਕੰਮ ਕਰਦੇ ਹਨ। ਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੇ ਕਾਮਿਆਂ ਦੇ ਹਿੱਤਾਂ ਦੀ ਸੁਰਖਿੱਆ ਲਈ ਵੱਖ ਵੱਖ ਯੂਨੀਅਨਾਂ ਕੰਮ ਕਰਦੀਆਂ ਹਨ ਜਿਸ ਕਾਰਨ ਸਰਕਾਰਾਂ ਤੇ ਦਬਾਓ ਬਣਿਆ ਰਹਿੰਦਾ ਹੈ ਪ੍ਰੰਤੂ ਗੈਰ ਸੰਗਠਿਤ ਖੇਤਰ ਦੇ ਬਹੁਤੇ ਮਜ਼ਦੂਰ ਸ਼ੋਸ਼ਣ ਦਾ ਹੀ ਸ਼ਿਕਾਰ ਰਹਿੰਦੇ ਹਨ। ਗੈਰ ਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੇ ਬਹੁਤੇ ਕਾਮੇ ਪ੍ਰਵਾਸੀ ਹੁੰਦੇ ਹਨ ਜਿਨ੍ਹਾਂ ਵਿਚੋਂ ਬਹੁਤੇ ਅਪਣੇ ਪਰਿਵਾਰਾਂ ਤੋਂ ਦੂਰ ਰਹਿੰਦੇ ਹਨ। ਦੇਸ਼ ਵਿੱਚ ਕਾਮਿਆਂ ਦੇ ਹੱਕਾਂ ਦੀ ਰਾਖੀ ਲਈ ਲੱਗਭੱਗ 60 ਹਜਾਰ ਟ੍ਰੇਡ ਯੂਨੀਅਨਾਂ ਚੱਲ ਰਹੀਆਂ ਹਨ ਅਤੇ ਟ੍ਰੇਡ ਯੂਨੀਅਨਾਂ ਦੀਆਂ 10 ਕੇਂਦਰੀ ਫੈਡਰੇਸ਼ਨਾਂ ਹਨ। ਬਹੁਤੀਆਂ ਯੂਨੀਅਨਾਂ ਸਿਰਫ ਸੰਗਠਿਤ ਖੇਤਰਾਂ ਦੇ ਕਾਮਿਆਂ ਲਈ ਹੀ ਕੰਮ ਕਰਦੀਆਂ ਹਨ ਜਦਕਿ ਗੈਰ ਸੰਗਠਿਤ ਖੇਤਰ ਦੇ ਬਹੁਤੇ ਮਜਦੂਰਾਂ ਲਈ ਕੋਈ ਵੀ ਯੂਨੀਅਨ ਕੰਮ ਨਹੀਂ ਕਰਦੀ ਹੈ। ਕੋਰੋਨਾ ਵਾਇਰਸ ਦਾ ਵੀ ਗਰੀਬ ਮਜਦੂਰਾਂ ਤੇ ਅਸਰ ਪਾਇਆ ਹੈ। ਸੰਯੁਕਤ ਰਾਸਟਰ ਦੇ ਲੇਬਰ ਵਿਭਾਗ ਨੇ ਇਸ ਸਬੰਧੀ ਕਿਹਾ ਹੈ ਕਿ ਇਸ ਕਾਰਨ ਅਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੇ 40 ਕਰੋੜ ਲੋਕ ਗਰੀਬੀ ਵਿੱਚ ਫਸ ਸਕਦੇ ਹਨ। ਅੰਤਰ-ਰਾਸ਼ਟਰੀ ਮਜਦੂਰ ਸੰਗਠਨ ਦੇ ਮਹਾਂ ਨਿਰਦੇਸਕ ਗਾਏ ਰਾਇਡਰ ਅਨੁਸਾਰ ਇਨ੍ਹਾਂ ਮਜਦੂਰਾਂ ਲਈ ਬਹੁਤ ਹੀ ਸੰਕਟ ਦਾ ਸਮਾਂ ਹੈ। ਭਾਰਤ ਵਿੱਚ ਸਰਕਾਰ ਵਲੋਂ ਕੋਰੋਨਾ ਵਾਇਰਸ ਦੇ ਫੈਲਾਓ ਨੂੰ ਰੋਕਣ ਲਈ ਕੀਤੀ ਗਈ ਮੁਕੰਮਲ ਤਾਲਾਬੰਦੀ ਅਤੇ ਕਈ ਰਾਜਾਂ ਵਿੱਚ ਲਗਾਏ ਗਏ ਕਰਫਿਉ ਦਾ ਸਭ ਤੋਂ ਮਾੜ੍ਹਾ ਅਸਰ ਇਨ੍ਹਾਂ ਗਰੀਬ ਮਜਦੂਰਾਂ ਤੇ ਹੀ ਪਿਆ ਹੈ। ਸਰਕਾਰਾਂ ਦੇ ਪ੍ਰਬੰਧਾਂ ਦੀ ਪੋਲ ਖੋਲਦਿਆਂ ਹਜਾਰਾਂ ਮਜਦੂਰ ਅਪਣੇ ਪਰਿਵਾਰਾਂ ਸਮੇਤ ਕਈ ਸੋ ਕਿਲੋਮੀਟਰ ਸਫਰ ਭੁੱਖੇ ਭਾਣੇ ਕਰਕੇ ਅਪਣੇ ਜੱਦੀ ਇਲਾਕੇ ਵਿੱਚ ਪਹੁੰਚੇ ਹਨ। ਇਨ੍ਹਾਂ ਵਿੱਚੋਂ ਕਈਆਂ ਨਾਲ ਗੈਰ ਮਨੁੱਖੀ ਵਿਉਹਾਰ ਕੀਤਾ ਗਿਆ। ਬਹੁਤੇ ਇਲਾਕਿਆਂ ਵਿੱਚ ਸਰਕਾਰ ਵਲੋਂ ਭੇਜੀ ਗਈ ਰਾਹਤ ਸਮੱਗਰੀ ਅਤੇ ਹੋਰ ਲਾਭ ਇਨ੍ਹਾਂ ਮਜਦੂਰ ਬਸਤੀਆਂ ਤੱਕ ਨਾਂ ਪਹੁੰਚਣ ਦੇ ਮਾਮਲੇ ਅਤੇ ਭੁੱਖਮਰੀ ਦੇ ਮਾਮਲੇ ਸਾਹਮਣੇ ਆਏ ਹਨ। ਭਾਰਤੀ ਸੰਵਿਧਾਨ ਮਜ਼ਦੂਰਾਂ ਨੂੰ ਸ਼ੋਸ਼ਣ ਤੋਂ ਬਚਾਉਣ ਅਤੇ ਭਲਾਈ ਲਈ ਸਪੱਸ਼ਟ ਨਿਰਦੇਸ ਦਿੰਦਾ ਹੈ ਜਿਵੇਂ ਆਰਟੀਕਲ 23 ਜਬਰੀ ਮਜਦੂਰੀ ਨੂੰ ਰੋਕਦਾ ਹੈ, 24 ਬੱਚਿਆਂ ਨੂੰ ਕਈ ਥਾਵਾਂ ਤੇ ਕੰਮ ਕਰਨ ਤੇ ਪਾਬੰਦੀ ਲਗਾਂਦਾ ਹੈ। 42ਵੀਂ ਸੋਧ ਦੁਆਰਾ ਲਾਗੂ ਕੀਤੀ ਗਈ 43 ਏ ਨਿਰਦੇਸ ਦਿੰਦੀ ਹੈ ਕਿ ਉਦਯੋਗਾਂ ਦੇ ਪ੍ਰਬੰਧਕੀ ਕਮੇਟੀ ਵਿੱਚ ਕਾਮਿਆਂ ਨੂੰ ਵੀ ਸ਼ਾਮਿਲ ਕੀਤਾ ਜਾਵੇ। ਲੱਗਭੱਗ 144 ਕੇਂਦਰੀ ਅਤੇ ਰਾਜਾਂ ਦੇ ਕਨੂੰਨ ਮਜਦੂਰਾਂ ਦੀ ਭਲਾਈ ਲਈ ਬਣਾਏ ਗਏ ਹਨ। ਬੇਸ਼ਕ ਹਰ ਸਾਲ 01 ਮਈ ਦਾ ਦਿਨ ਅੰਤਰਰਾਸ਼ਟਰੀ ਮਜਦੂਰ ਦਿਵਸ ਵਜੋਂ ਮਨਾਇਆ ਜਾਂਦਾ ਹੈ ਅਤੇ ਵੱਖ-ਵੱਖ ਥਾਵਾਂ ਤੇ ਮਜ਼ਦੂਰਾਂ ਦੀ ਮਾੜ੍ਹੀ ਹਾਲਤ ਤੇ ਚਿੰਤਾ ਪ੍ਰਗਟ ਕੀਤੀ ਜਾਂਦੀ ਹੈ ਅਤੇ ਇਹਨਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਸਕੀਮਾਂ ਬਣਾਈਆਂ ਅਤੇ ਘੋਸ਼ਿਤ ਕੀਤੀਆਂ ਜਾਂਦੀਆਂ ਹਨ।




ਗੈਰ ਸੰਗਠਿਤ ਖੇਤਰ ਹੋਟਲਾਂ, ਢਾਬਿਆਂ, ਖੇਤੀਬਾੜੀ, ਭੱਠਿਆਂ, ਸੜ੍ਹਕ ਅਤੇ ਬਿਲਡਿੰਗ ਨਿਰਮਾਣ, ਠੇਕੇਦਾਰਾਂ ਵਲੋਂ ਕਰਵਾਏ ਜਾ ਰਹੇ ਕੰਮ ਵਿੱਚ ਲੱਗੇ ਮਜਦੂਰਾਂ ਦੀ ਭਲਾਈ ਦੇ ਨਾਂ ਤੇ ਹਰ ਸਾਲ ਕਰੋੜ੍ਹਾਂ ਰੁਪਏ ਖਰਚੇ ਜਾਂਦੇ ਹਨ। ਸਰਕਾਰ ਵਲੋਂ ਮਹਿਲਾ ਮਜਦੂਰਾਂ, ਬਾਲ ਮਜਦੂਰਾਂ ਵੱਲ ਵਿਸ਼ੇਸ਼ ਧਿਆਨ ਦੇਣ ਦਾ ਦਾਅਵਾ ਕੀਤਾ ਜਾਂਦਾ ਹੈ ਅਤੇ ਇਹਨਾਂ ਦੇ ਵਿਕਾਸ ਲਈ ਸਕੀਮਾਂ ਬਣਾਈਆਂ ਜਾਂਦੀਆ ਹਨ ਪਰ ਇਹ ਸਕੀਮਾਂ ਕਾਗਜ਼ਾਂ ਵਿੱਚ ਹੀ ਰਹਿ ਜਾਂਦੀਆਂ ਹਨ। ਸਰਕਾਰ ਵਲੋਂ ਕੀਤੇ ਜਾਂਦੇ ਵਾਅਦਿਆਂ ਵਿੱਚੋਂ ਬਹੁਤੇ ਸਿਰਫ ਵਾਅਦੇ ਹੀ ਰਹਿ ਜਾਂਦੇ ਹਨ ਅਤੇ ਮੁੜਕੇ ਬਹੁਤੇ ਰਾਜਨੀਤੀਵਾਨ ਅਤੇ ਅਧਿਕਾਰੀਆਂ ਨੂੰ ਇਨ੍ਹਾਂ ਮਜਦੂਰਾਂ ਦੀ ਯਾਦ ਨਹੀਂ ਆਂਦੀ ਹੈ। ਕੰਮ ਕਾਜ ਦੇ ਮਾੜੇ ਹਾਲਤਾਂ ਕਾਰਨ ਮਜਦੂਰਾਂ ਦੀ ਵਿਗੜਦੀ ਜਾ ਰਹੀ ਸਿਹਤ, ਮਜਦੂਰ ਭਲਾਈ ਵਿਭਾਗ ਦੇ ਅਧਿਕਾਰੀਆਂ ਦੀ ਲਾਪਰਵਾਹੀ ਕਾਰਨ ਹੋ ਰਹੀ ਲੁੱਟ ਖਸੁੱਟ, ਆਏ ਦਿਨ ਮਜਦੂਰਾਂ ਨਾਲ ਵਾਪਰ ਰਹੇ ਹਾਦਸੇ ਆਦਿ ਕਾਰਨ ਮਜ਼ਦੂਰਾਂ ਦੀ ਹਾਲਤ ਵਿਗੜਦੀ ਹੀ ਜਾ ਰਹੀ ਹੈ। ਸਰਕਾਰ ਵਲੋਂ ਸ਼ੁਰੂ ਕੀਤੀ ਗਈ ਪੇਂਡੂ ਮਜਦੂਰਾਂ ਲਈ ਮਹਾਤਮਾ ਗਾਂਧੀ ਰੁਜਗਾਰ ਗਰਾਂਟੀ ਯੋਜਨਾ ਵੀ ਬਹੁਤੇ ਅਧਿਕਾਰੀਆਂ ਅਤੇ ਰਾਜਨੀਤੀਵਾਨਾਂ ਦੀ ਮਿਲੀਭੁਗਤ ਕਾਰਨ ਮਜਦੂਰਾਂ ਨਾਲੋ ਅਧਿਕਾਰੀਆਂ ਲਈ ਵੱਧ ਲਾਭਦਾਇਕ ਸਾਬਿਤ ਹੋ ਰਹੀ ਹੈ। ਸਰਕਾਰ ਵਲੋਂ ਬਾਲ ਮਜ਼ਦੂਰਾਂ ਤੋਂ ਕਿਸੇ ਵੀ ਤਰਾਂ ਦੀ ਮਜ਼ਦੂਰੀ ਕਰਵਾਣਾ ਗੈਰ ਕਨੂੰਨੀ ਕਰਾਰ ਦਿਤਾ ਗਿਆ ਹੈ ਅਤੇ ਬਾਲ ਮਜ਼ਦੂਰੀ ਕਰਵਾਣ ਲਈ ਜਿੰਮੇਵਾਰ ਅਧਿਕਾਰੀਆਂ ਅਤੇ ਲੋਕਾਂ ਖਿਲਾਫ ਸਜ਼ਾ ਅਤੇ ਜ਼ੁਰਮਾਨਾ ਰੱਖਿਆ ਗਿਆ ਹੈ ਪਰ ਹੈਰਾਨੀ ਹੈ ਕਿ ਬਾਲ ਮਜ਼ਦੂਰਾਂ ਤੋਂ ਸ਼ਰੇਆਮ ਕੰਮ ਕਰਵਾਇਆ ਜਾ ਰਿਹਾ ਹੈ ਅਤੇ ਹਰ ਸ਼ਹਿਰ ਕਸਬੇ ਵਿੱਚ ਬੱਚਿਆਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਬੇਸੱਕ ਸਰਕਾਰ ਵਲੋਂ ਮਜਦੂਰਾਂ ਦੀ ਭਲਾਈ ਲਈ ਵੱਖ ਵੱਖ ਵਿਭਾਗ ਬਣਾਏ ਗਏ ਹਨ ਪਰ ਬਹੁਤੀ ਥਾਵਾਂ ਤੇ ਇਹ ਵੀ ਮਜ਼ਦੂਰਾਂ ਦੀ ਥਾਂ ਅਪਣੇ ਹੀ ਅਧਿਕਾਰੀਆਂ ਅਤੇ ਆਗੂਆਂ ਦਾ ਭਲਾ ਕਰਦੇ ਹਨ। ਸਰਕਾਰਾਂ, ਮਜ਼ਦੂਰ ਯੂਨੀਅਨਾਂ, ਸਰਕਾਰੀ ਅਧਿਕਾਰੀਆਂ, ਰਾਜਨੀਤਿਕ ਪਾਰਟੀਆ ਵਲੋਂ ਕਰਵਾਏ ਜਾਂਦੇ ਵੱਡੇ ਵੱਡੇ ਸਮਾਗਮ ਕਈ ਵਾਰ ਸਿਰਫ ਖਾਨਾਪੂਰਤੀ ਹੀ ਲੱਗਦੇ ਹਨ। ਕਈ ਅਦਾਰਿਆਂ ਵਿੱਚ ਵਾਪਰੀਆਂ ਅਣਸੁਖਾਵੀਂ ਘਟਨਾਵਾਂ ਨੇ ਸਾਬਤ ਕਰ ਦਿਤਾ ਹੈ ਕਿ ਸਰਕਾਰ ਮਜਦੂਰਾਂ ਦੀ ਸੁਰਖਿਆ ਲਈ ਕਿੰਨੀ ਗੰਭੀਰ ਹੈ। ਕੋਰੋਨਾ ਮਹਾਂਮਾਰੀ ਦੇ ਪ੍ਰਭਾਵ ਤੋਂ ਬਚਾਉਣ ਲਈ ਸਰਕਾਰ ਵਲੋਂ ਘੋਸਿਤ ਕੀਤੀਆਂ ਵੱਖ ਵੱਖ ਸਕੀਮਾਂ ਦਾ ਜਮੀਨੀ ਪੱਧਰ ਤੇ ਅਸਰ ਅਤੇ ਮਜਦੂਰਾਂ ਦੀ ਖਸਤਾ ਹਾਲਤ ਵੇਖਕੇ ਪਤਾ ਚੱਲਦਾ ਹੈ ਕਿ ਬਹੁਤੇ ਮਜਦੂਰਾਂ ਲਈ 01 ਮਈ ਮਜਦੂਰ ਦਿਵਸ ਵੀ ਇੱਕ ਵੱਡੀ ਬੁਝਾਰਤ ਹੀ ਹੈ।

ਅੱਜ ਦੇ ਦਿਨ ਦਾ ਅਸਲੀ ਮੰਤਬ ਪੂਰਾ ਕਰਨ ਲਈ ਮਜਦੂਰਾਂ ਦੀ ਬਿਹਤਰੀ ਅਤੇ ਭਲਾਈ ਦੀਆਂ ਯੋਜਨਾਵਾਂ ਨੂੰ ਅਮਲੀ ਜਾਮਾ ਪਹਿਨਾਉਣਾ ਪਵੇਗਾ ਅਤੇ ਇਸ ਸਬੰਧੀ ਕੋਤਾਹੀ ਵਰਤਣ ਵਾਲੇ ਅਧਿਕਾਰੀਆਂ ਖਿਲਾਫ ਸੱਖਤ ਕਾਰਵਾਈ ਕਰਨੀ ਪਵੇਗੀ।



ਕੁਲਦੀਪ ਚੰਦ
91-9417563054

# ਕਰੋਨਾ ਪੀੜ੍ਹਤ ਮਰੀਜ਼ਾਂ ਦੇ ਇਲਾਜ ਪ੍ਰਤੀ ਲੱਗ ਰਹੇ ਦੋਸ਼ ਚਿੰਤਾ ਦਾ ਵਿਸ਼ਾ



ਮੇਜਰ ਸਿੰਘ ਨਾਭਾ
91-94635-53962

ਪੰਜਾਬ ਅੰਦਰ ਕਰੋਨਾ ਵਾਇਰਸ ਦੀ ਮਹਾਂਮਾਰੀ ਨਾਲ ਟਾਕਰਾ ਕਰ ਰਹੇ ਮਰੀਜ਼ਾਂ ਲਈ ਖੁਸ਼ੀ ਭਰੀ ਖਬਰ ਆਈ ਹੈ ਕਿ ਨਵਾਂ ਸਹਿਰ ਦੇ ਇਲਾਜ਼ ਅਧੀਨ ਕੁਲ 18 ਪਾਜ਼ੇਟਿਵ ਮਰੀਜ਼ ਠੀਕ ਹੋ ਕੇ ਆਪਣੇ ਘਰਾਂ ਨੂੰ ਜਾ ਚੁੱਕੇ ਹਨ, ਇਹ ਉਹੀ ਜਿਲ੍ਹਾ ਹੈ ਜਿਹੜਾ ਕਿ ਸ਼ੁਰੂ 'ਚ ਕਰੋਨਾ ਪਾਜ਼ੇਟਿਵ ਮਰੀਜ਼ਾਂ ਦਾ ਸਭ ਤੋਂ ਵੱਧ ਕੇਸਾਂ ਵਾਲਾ ਜਿਲ੍ਹਾ ਬਣ ਗਿਆ ਸੀ।ਕਰੋਨਾ ਨੂੰ ਮਾਤ ਦੇਣ ਵਾਲਾ ਸਾਰਾ ਸਬੰਧਤ ਅਮਲਾ ਸਨਮਾਨ ਦਾ ਪਾਤਰ ਹੈ। ਕੋਰੋਨਾ ਵਾਇਰਸ ਰਾਜ ਦੇ ਸਿਹਤ ਵਿਭਾਗ ਲਈ ਇਹ ਚੁਣੌਤੀ ਬਣ ਕੇ ਸਾਹਮਣੇ ਖੜੀ ਹੈ । ਕੋਈ ਵੀ ਜੰਗ ਲੜਨ ਲਈ ਪਹਿਲਾਂ ਤਿਆਰੀ ਹੋਣੀ ਜ਼ਿਆਦਾ ਮਾਅਨੇ ਰੱਖਦੀ ਹੈ।ਬਾਹਰਲੇ ਦੇਸ਼ ਸਾਡੇ ਲਈ ਗਾਈਡ ਲਾਈਨਜ਼ ਪਹਿਲਾਂ ਹੀ ਦੇ ਰਹੇ ਹਨ, ਸ਼ੁਕਰ ਹੈ ਸਾਡੇ ਦੇਸ਼ 'ਚ ਇਹ ਵਾਇਰਸ ਲੇਟ ਆਇਆ ਹੈ।ਅਸੀਂ ਬਾਹਰਲੇ ਦੇਸ਼ਾਂ ਦੀਆਂ ਕੀਤੀਆਂ ਗਲਤੀਆਂ ਅਤੇ ਕੰਟਰੋਲ ਕਰਨ ਦੀਆਂ ਸਾਰਥਕ ਵਿਧੀਆਂ ਤੋਂ ਸੇਧ ਲੈ ਕੇ ਉਹੋ ਜਿਹੇ ਪ੍ਰਬੰਧ ਕਰ ਸਕਦੇ ਹਾਂ। ਭਾਵੇਂ ਪਦਮ ਸ਼੍ਰੀ ਭਾਈ ਨਿਰਮਲ ਸਿੰਘ ਸਾਬਕਾ ਹਜੂਰੀ ਰਾਗੀ ਦੇ ਪਰਿਵਾਰਿਕ ਮੈਂਬਰ ਪਹਿਲਾਂ ਹੀ ਇੰਨ੍ਹਾਂ ਪ੍ਰਬੰਧਾਂ ਬਾਰੇ ਉਂਗਲੀ ਉਠਾ ਚੁੱਕੇ ਹਨ,ਹੁਣੇ ਹੀ ਲੁਧਿਆਣੇ ਦੇ ਪ੍ਰਾਈਵੇਟ ਹਸਪਤਾਲ 'ਚ ਹੋਈ ਕਾਨੂੰਨਗੋ ਦੀ ਮੌਤ ਤੇ ਉਨ੍ਹਾਂ ਦੀ ਧੀ ਨੇ ਆਪਣੇ ਪਿਤਾ ਦੇ ਸਹੀ ਇਲਾਜ਼ ਨਾ ਹੋਣ ਦਾ ਦੋਸ਼ ਲਾਇਆ ਹੈ। ਇਥੇ ਦੇ ਸਿਵਲ ਹਸਪਤਾਲ ਵਿੱਚ ਇੱਕ ਪਾਜ਼ੇਟਿਵ ਮਰੀਜ਼ ਦੇ ਭਰਾ ਸੰਦੀਪ ਨੇ ਵੀ ਕਈ ਤਰ੍ਹਾਂ ਦੇ ਦੋਸ਼ ਲਾਏ ਹਨ ਜੋ ਕਿ ਚੰਗੀਆਂ ਸਿਹਤ ਸੇਵਾਵਾਂ ਦੇਣ ਦੀਆਂ ਗੱਲਾਂ ਦੀ ਪੋਲ੍ਹ ਖੋਲਦੀਆਂ ਹਨ। ਕੋਰੋਨਾ ਦੀ ਲਪੇਟ 'ਚ ਮਾਰੇ ਗਏ ਪੰਜਾਬ ਪੁਲਿਸ ਦੇ ਏ.ਸੀ.ਪੀ. ਸ਼੍ਰੀ ਅਨਿਲ ਕੋਹਲੀ ਦੀ ਪਤਨੀ ਨਾਲ ਹਸਪਤਾਲ 'ਚ ਮਾੜੇ ਵਰਤਾਉ ਦੀ ਅਖਬਾਰੀ ਖਬਰ ਪੜ੍ਹਕੇ ਹਰੇਕ ਦੇ ਮਨ ਨੂੰ ਠੇਸ ਪੁੱਜੀ ਹੈ। ਇਥੋਂ ਤੱਕ ਕਿ ਉਸ ਤੋਂ ਮੋਬਾਇਲ ਵੀ ਖੋਹ ਕੇ ਜਬਤ ਕਰ ਲਿਆ। ਇਹੋ ਜਿਹੀ ਇਨਸਾਨੀਅਤ ਹੋ ਜਾਵੇਗੀ ਗੁਰੂਆਂ ਪੀਰਾਂ ਦੀ ਧਰਤੀ ਤੇ ਇਹ ਤਾਂ ਕਿਸੇ ਨੇ ਸੋਚਿਆ ਵੀ ਨਹੀਂ ਸੀ।ਜਿਆਦਾਤਰ ਦੋਸ਼ ਲੱਗ ਰਹੇ ਹਨ ਕਿ ਕਿੰਨੇ ਕਿੰਨੇ ਘੰਟੇ ਮਰੀਜ਼ਾਂ ਨੂੰ ਪੁੱਛਿਆ ਤੱਕ ਨਹੀਂ ਜਾਂਦਾ। ਮਰੀਜ਼ ਦੀ ਜ਼ਿੰਦਗੀ ਲਈ ਡਾਕਟਰ ਦੇ ਦੋ ਹਮਦਰਦੀ ਭਰੇ ਬੋਲ ਅਤੇ ਹੌਸ਼ਲਾ ਦੇਣਾ ਬਹੁਤ ਮਹੱਤਵਪੂਰਨ ਹੈ। ਸਾਰੇ ਹਸਪਤਾਲਾਂ ਦੇ ਸਟਾਫ ਨੂੰ ਨਵਾਂ ਸ਼ਹਿਰ 'ਚ ਨਿਭਾਈਆਂ ਸਿਹਤ ਸੇਵਾਵਾਂ ਤੋਂ ਸੇਧ ਲੈ ਕੇ ਮਰੀਜ਼ਾਂ ਦਾ ਉੱਚਿਤ ਇਲਾਜ਼ ਕਰਕੇ ਇਸ ਕਿੱਤੇ ਦਾ ਸਨਮਾਨ ਵਧਾਉਣਾ ਚਾਹੀਦਾ ਹੈ। ਜੇ ਹੋ ਸਕੇ ਤਾਂ ਕੋਰੋਨਾ ਪੀੜਤ ਮਰੀਜ਼ਾਂ ਦੀ ਦੇਖਭਾਲ ਲਈ ਪਰਿਵਾਰਿਕ ਮੈਂਬਰਾਂ ਨੂੰ ਸੇਫਟੀ ਕਿੱਟਾਂ ਦੇ ਕੇ ਉਚਿੱਤ ਸਾਵਧਾਨੀ ਵਰਤ ਕੇ ਸੇਵਾ ਸੰਭਾਲ ਕਰਨ ਲਈ ਪ੍ਰੇਰਿਆ



ਜਾਵੇ ਤਾਂ ਕਿ ਮਰੀਜ਼ ਆਪਣਿਆਂ ਨੂੰ ਸਾਹਮਣੇ ਦੇਖ ਕੇ ਮਨੋ ਨਾ ਡੋਲਣ੍ਹ। ਮੌਤ ਅਟੱਲ ਹਰੇਕ ਨੂੰ ਆਉਣੀ ਹੈ, ਇਸ ਵਿੱਚ ਕੋਈ ਸ਼ੱਕ ਨਹੀਂ। ਫਿਰ ਮੌਤ ਦੇ ਪਰਛਾਵੇਂ ਤੋਂ ਆਪਣੇ ਫਰਜ਼ਾਂ ਨੂੰ ਨਿਭਾਉਣ ਵਾਲੇ ਕਿਉਂ ਡਰਦੇ ਫਿਰਦੇ ਹਨ। ਜੇਕਰ ਜੰਗ ਵਿੱਚ ਸਿਪਾਹੀ ਡਰ ਕੇ ਭੱਜ ਜਾਵੇ ਤਾਂ ਉਹ ਹੋਰ ਕਿਹੜੇ ਕੰਮ ਲਈ ਭਰਤੀ ਹੋਇਆ ਸੀ, ਇਸ ਲਈ ਆਪਣੇ ਮਹਿਕਮੇ ਦੇ ਨਿਯਮਾਂ ਪ੍ਰਤੀ ਹਰੇਕ ਨੂੰ ਪਾਬੰਦ ਹੋਣਾ ਵੀ ਜਰੂਰੀ ਹੈ। ਕੋਰੋਨਾ ਪੀੜ੍ਹਤ ਮਰੀਜ਼ਾਂ ਦੇ ਮਨੋਬਲ ਨੂੰ ਉੱਚਾ ਰੱਖਣ ਲਈ ਡਾਕਟਰਾਂ ਦੀ ਹਮਦਰਦੀ,ਹੌਸ਼ਲਾ ਮਿਲਣਾ ਅਤਿ ਜਰੂਰੀ ਹੈ ਜੋ ਕਿ ਇਲਾਜ ਦਾ ਇੱਕ ਹਿੱਸਾ ਹੈ। ਡਾਕਟਰ ਨੂੰ ਰੱਬ ਦਾ ਰੂਪ ਮੰਨਿਆ ਜਾਂਦਾ ਹੈ।ਇਹ ਨਾ ਹੋਵੇ ਕਿ ਲੋਕਾਂ ਅੰਦਰ ਡਾਕਟਰਾਂ ਪ੍ਰਤੀ ਇਹ ਨਜ਼ਰੀਆ ਕੋਈ ਹੋਰ ਰੂਪ ਲੈ ਲਵ।।ਇਕਾਂਤਵਾਸ ਤਾਂ ਚੰਗੇ ਭਲੇ ਵਿਅਕਤੀ ਨੂੰ ਵੀ ਰੋਗੀ ਬਣਾ ਦਿੰਦੀ ਹੈ, ਹੁਣ ਇਸ ਮੌਤ ਦੇ ਖੋਫ਼ ਵਾਲੀ ਬਿਮਾਰੀ ਕੋਰੋਨਾ ਨਾਲ ਲੜਨ ਲਈ ਮਰੀਜ਼ ਦਾ ਮਾਨਸਿਕ ਤੌਰ ਤੇ ਤੰਦਰੁਸਤ ਹੋਣਾ ਰੂਰੀ ਹੈ । ਉਸ ਨੂੰ ਹਰ ਇੱਕ ਸਹੂਲਤ ਪ੍ਰਦਾਨ ਕਰਾਉਣਾ ਸਾਡੀ ਸਰਕਾਰ ਦਾ ਮੁੱਢਲਾ ਫਰਜ਼ ਤਾਂ ਹੈ ਹੀ, ਸਗੋਂ ਸਵੈ-ਸੇਵੀ ਸੰਸਥਾਵਾਂ ਨੂੰ ਲੰਗਰਾਂ ਵੱਲ ਧਿਆਨ ਘਟਾ ਕੇ ਕੋਰੋਨਾ ਪੀੜ੍ਹਤਾਂ ਨੂੰ ਹਰ ਤਰ੍ਹਾਂ ਦੀ ਸਿਹਤ ਸੇਵਾਵਾਂ ਦੇਣ ਵਾਲਿਆਂ ਨਾਲ ਪ੍ਰੋਟੋਕੋਲ 'ਚ ਰਹਿ ਕੇ ਹਰ ਸੰਭਵ ਮਦਦ ਦੇਣ ਲਈ ਵੀ ਅੱਗੇ ਆਉਣਾ ਚਾਹੀਦਾ ਹੈ। ਮਰੀਜ਼ਾਂ ਲਈ ਚੜ੍ਹਦੀਕਲਾ 'ਚ ਰਹਿਣ ਲਈ ਧਾਰਮਿਕ ਵਿਚਾਰਾਂ ਦੇ ਪ੍ਰੋਗਰਾਮ ਅਤੇ ਲਾਈਵ ਕੀਰਤਨ ਸੁਣਨ ਦਾ ਅਤੇ ਹੋਰ ਇਸ ਤਰ੍ਹਾਂ ਦੇ ਮਨ ਨੂੰ ਤਕੜਾ ਕਰਨ ਵਾਲੇ ਰੌਚਕ ਪ੍ਰੋਗਰਾਮ ਸੁਣਾਏ ਜਾਣ ਦਾ ਪ੍ਰਬੰਧ ਜਰੂਰ ਹੋਣਾ ਚਾਹੀਦਾ ਹੈ। ਇੱਕ ਚੈਨਲ ਤੇ ਦਿਖਾਏ ਜਲੰਧਰ ਦੇ ਇੱਕ ਹਸਪਤਾਲ 'ਚ ਕੋਰੋਨਾ ਪਾਜ਼ੇਟਿਵ ਮਰੀਜ਼ ਇੱਕ ਗੀਤ ਦੀ ਧੁਨ ਤੇ ਮਸਤੀ ਕਰ ਰਹੇ ਨਜ਼ਰ ਆ ਰਹੇ ਹਨ ਜੋ ਵਧੀਆ ਗੱਲ ਹੈ। ਫੋਨ ਹਰੇਕ ਮਰੀਜ਼ ਕੋਲ ਹੋਵੇ ਤਾਂ ਜੋ ਆਪਣੇ ਪਰਿਵਾਰਿਕ ਮੈਂਬਰਾਂ ਨਾਲ ਸਮੇਂ ਸਮੇਂ ਸਿਰ ਗੱਲਬਾਤ ਵੀ ਕਰ ਸਕੇ ਜਿਸ ਨਾਲ ਮਰੀਜ਼ ਦਾ ਸਮਾਂ ਤਾਂ ਲੰਘੇਗਾ ਹੀ ਸਗੋਂ ਮਨੋਬਲ ਵੀ ਵਧੇਗਾ। ਮਰੀਜ਼ ਦੇ ਮਨਪਸ਼ੰਦ ਦੇ ਪੋਸ਼ਟਿਕ ਖਾਣੇ ਆਦਿ ਦੀ ਹਰ ਸਹੂਲਤ ਉਸ ਨੂੰ ਮੁਹੱਈਆ ਕਰਵਾਈ ਜਾਵੇ ਕੈਂਸਰ ਵਰਗੀਆਂ ਕਈ ਲਾ-ਇਲਾਜ਼ ਬਿਮਾਰੀਆਂ ਪਹਿਲਾਂ ਵੀ ਸਾਡੇ ਦੇਸ਼ ਵਿੱਚ ਆਪਣੇ ਪੈਰ ਪਸਾਰ ਚੁੱਕੀਆਂ ਹਨ,ਜਿਨ੍ਹਾਂ ਨਾਲ ਬਹੁਤ ਸਾਰੀਆਂ ਮੌਤਾਂ ਹਰੇਕ ਸਾਲ ਹੁੰਦੀਆਂ ਹਨ। ਮੀਡੀਏ ਨੇ ਕੋਰੋਨਾ ਦੀ ਲੋਕਾਂ ਦੇ ਮਨਾਂ ਅੰਦਰ ਇੱਕ ਦਹਿਸ਼ਤ ਪੈਦਾ ਕਰ ਦਿੱਤੀ ਹੈ ਜੋ ਕਿ ਨ ਹੀਂ ਹੋਣੀ ਚਾਹੀਦੀ ਸੀ।ਲੋਕ ਆਪਣਿਆਂ ਤੋਂ ਬੇਗਾਨੇ ਹੋਣ ਵੱਲ ਜਾ ਰਹੇ ਹਨ ਜੋ ਕਿ ਮਾੜੀ ਗੱਲ ਹੈ। ਸਰਕਾਰ ਦੀ ਗੱਲ ਕਰੀਏ ਤਾਂ ਇਥੇ ਸਰਕਾਰੀ ਡਾਕਟਰਾਂ ਲਈ ਜੋ ਸਹੂਲਤਾਂ ਹੋਣੀਆਂ ਚਾਹੀਦੀਆਂ ਹਨ ਉਨ੍ਹਾਂ ਨੂੰ ਪੂਰਾ ਕਰਨ ਲਈ ਸਰਕਾਰ ਏਨੇ ਲੰਬੇ ਸਮੇਂ 'ਚ ਕੋਈ ਪੁਖਤਾ ਪ੍ਰਬੰਧ ਨਹੀਂ ਕਰ ਸਕੀ, ਇਸੇ ਕਰਕੇ ਪੈਰਾ ਮੈਡੀਕਲ ਸਟਾਫ ਇਨ੍ਹਾਂ ਮਰੀਜ਼ਾਂ ਦੀ ਦੇਖਭਾਲ ਲਈ ਅੱਗੇ ਆਉਣ ਤੋਂ ਝਿਜਕ ਰਿਹਾ ਹੈ ਜੋ ਕਿ ਨਹੀਂ ਹੋਣਾ ਚਾਹੀਦਾ। ਇਸ ਭਿਆਨਕ ਬਿਮਾਰੀ ਦਾ ਟਾਕਰਾ ਕਰਨ ਲਈ ਸਮੂਹ ਸਿਹਤ ਸੇਵਾਵਾਂ ਨਾਲ ਜੁੜੇ ਸਟਾਫ ਲਈ ਉੱਚਿਤ ਮਿਆਰੀ ਸ਼ਾਜੋ ਸਮਾਨ ਮੁਹੱਈਆ ਕਰਵਾਉਣ ਨੂੰ ਪਹਿਲ ਕਰਨੀ ਚਾਹੀਦੀ ਹੈ ਤਾਂ ਜੋ ਇਸ ਬਿਮਾਰੀ ਦਾ ਟਾਕਰਾ ਕਰਕੇ ਇਸ ਨੂੰ ਹਰਾਇਆ ਜਾ ਸਕੇ। ਇਸ ਸਟਾਫ ਨੂੰ ਆਪਣੇ ਘਰਦਿਆਂ ਨਾਲ ਵਿਚਰਣ ਲਈ ਵੀ ਕਿਸ ਤਰ੍ਹਾਂ ਦੇ ਇਹਿਤਿਆਤ ਵਰਤਣੇ ਹਨ ਉਨ੍ਹਾਂ ਲਈ ਪੂਰੇ ਪ੍ਰਬੰਧ ਸਰਕਾਰੀ ਪੱਧਰ ਤੇ ਕੀਤੇ ਜਾਣ। ਜੇ ਇਸ ਸਟਾਫ ਨੂੰ ਉਨ੍ਹਾਂ ਦੇ ਪਰਿਵਾਰਾਂ ਤੋਂ ਦੂਰੀ ਬਣਾ ਕੇ ਰੱਖਣ ਦੀ ਲੋੜ ਹੈ ਤਾਂ ਇਨ੍ਹਾਂ ਲਈ ਆਰਜ਼ੀ ਰਿਹਾਇਸ ਵੱਡੇ ਹੋਟਲਾਂ ਆਦਿ 'ਚ ਹਰ ਤਰ੍ਹਾਂ ਦੀ ਸਹੂਲਤ ਦੇ ਕੇ ਕਰਵਾਈ ਜਾਵੇ ਤਾਂ ਜੋ ਇਨ੍ਹਾਂ ਦਾ ਮਨੋਬਲ ਹੋਰ ਉੱਚਾ ਹੋਵੇ।ਸਰਕਾਰ ਨੂੰ ਇਸ ਸਮੇਂ ਦੌਰਾਨ ਇਸ ਪੂਰੇ ਸਟਾਫ ਨੂੰ ਵਿਸ਼ੇਸ਼ ਪੈਕੇਜ਼ ਦੇਣਾ ਵੀ ਬਣਦਾ ਹੈ। ਇਸ ਔਖੀ ਘੜੀ ਕੰਮ ਕਰ ਰਹੇ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰ ਕੇ ਉਨ੍ਹਾਂ ਨੂੰ ਪੂਰੀ ਤਨਖਾਹ ਦੇਣੀ ਚਾਹੀਦੀ ਹੈ ।ਗੁਆਂਢੀ ਰਾਜ ਨੇ ਡਾਕਟਰਾਂ ਤੇ ਸਬੰਧਤ ਸਟਾਫ਼ ਦੀਆਂ ਤਨਖਾਹਾਂ ਕੋਰੋਨਾ ਪੀਅਰਡ ਦੋਰਾਨ ਦੁੱਗਣੀਆਂ ਦੇਣ ਦਾ ਐਲਾਨ ਕਰ ਕੇ ਸਹੀ ਕਦਮ ਚੁੱਕਿਆ ਹੈ।ਇਹ ਫੈਸਲਾ ਪੰਜਾਬ ਅੰਦਰ ਵੀ ਤੁਰੰਤ ਲਾਗੂ ਕਰਨਾ ਚਾਹੀਦਾ ਹੈ ਤਾਂ ਕਿ ਇਹ ਅਮਲਾ ਆਪਣੇ ਬਚਾਅ ਸਬੰਧੀ ਆਪਣੇ ਪੱਧਰ ਤੇ ਪ੍ਰਬੰਧ ਕਰਨ ਦੇ ਵੀ ਯੋਗ ਹੋ ਸਕੇ ਅਤੇ ਹੋਰ ਵੱਧ ਹੌਸ਼ਲੇ ਨਾ ਕੰਮ ਕਰਨ ਲਈ ਅੱਗੇ ਆਵੇ।

# ਕੁਦਰਤ ਨਾਲ ਇਕਸੁਰ ਆਰਥਿਕ ਵਿਕਾਸ ਹੀ ਕਰੋਨਾ ਵਾਇਰਸ ਦਾ ਇਲਾਜ

ਗੁਰਬਚਨ ਸਿੰਘ, 91-98156-98451

ਰੋਜਾਨਾ 'ਅਜੀਤ' ਵਿਚ ਛਪੀ ਆਪਣੀ ਲਿਖਤ 'ਕਰੋਨਾ ਮਹਾਂਮਾਰੀ ਨਾਲ ਹੋਰ ਵੀ ਮੁਸੀਬਤ ਵਿਚ ਫਸ ਗਏ ਹਨ ਗਰੀਬ ਲੋਕ' ਵਿਚ ਪ੍ਰੋ. ਪਿਆਰਾ ਸਿੰਘ ਭੋਗਲ ਨੇ ਲਿਖਿਆ ਹੈ, "ਆਪਣੀਆਂ ਸਭ ਖੋਜਾਂ ਤੇ ਕਾਢਾਂ ਨਾਲ ਮਨੁਖ ਨੂੰ ਗੁਮਾਨ ਹੋਣ ਲਗਾ ਕਿ ਮੈਂ ਕੁਦਰਤ ਉਤੇ ਜਿਤ ਪ੍ਰਾਪਤ ਕਰ ਲਈ ਹੈ। ਪਰ ਕੁਦਰਤ ਬੇਅੰਤ ਹੈ। ਬ੍ਰਹਿਮੰਡ ਬਹੁਤ ਵਡਾ ਹੈ। ਸ਼ਕਤੀਸ਼ਾਲੀ ਤੇ ਭੇਤ-ਭਰਿਆ ਹੈ। ਨਤੀਜਾ ਇਹ ਹੈ ਕਿ ਚੀਨ ਦੇ ਸ਼ਹਿਰ ਵੂਹਾਨ ਵਿਚ ਕੋਰੋਨਾ ਜਾਂ ਕੋਵਿਡ-19 ਫੁਟ ਪਈ।... ਚੀਨ ਦਾ ਦਾਅਵਾ ਹੈ ਕਿ ਅਸੀਂ ਇਸ ਬਿਮਾਰੀ ਉਤੇ 70 ਦਿਨਾਂ ਵਿਚ ਜਿਤ ਪ੍ਰਾਪਤ ਕਰ ਲਈ ਹੈ। ਹੁਣ ਇਹ ਬਿਮਾਰੀ ਚੀਨ ਵਿਚੋਂ ਨਿਕਲ ਕੇ ਭਾਰਤ ਸਮੇਤ ਸਾਰੇ ਸੰਸਾਰ ਵਿਚ ਫੈਲ ਗਈ ਹੈ। ਅਮਰੀਕਾ, ਇੰਗਲੈਂਡ ਤੇ ਯੂਰਪ ਸਾਰੇ ਸੰਸਾਰ ਵਿਚ ਸਭ ਤੋਂ ਵਧੇਰੇ ਉਨਤ ਅਤੇ ਸਭ ਤੋਂ ਵਧੇਰੇ ਖ਼ੁਸ਼ਹਾਲ ਹਿਸੇ ਮੰਨੇ ਜਾਂਦੇ ਸਨ। ਪਰ ਹੁਣ ਇਹੋ ਖਿਤੇ ਇਸ ਮਹਾਂਮਾਰੀ ਦੇ ਸਭ ਤੋਂ ਵਡੇ ਨਿਸ਼ਾਨਾ ਬਣੇ ਹਨ। ਯੂਰਪ ਦੇ ਦੋ ਦੇਸ ਇਟਲੀ ਤੇ ਸਪੇਨ ਵਿਚ ਹਜ਼ਾਰਾਂ ਮੌਤਾਂ ਹੋਈਆਂ ਹਨ। ਇਹੋ ਹਾਲ ਅਮਰੀਕਾ ਦਾ ਹੈ।

ਬੁਧੀਮਾਨ ਕਹਿੰਦੇ ਹਨ ਮਨੁਖ ਆਪਣੀ ਅਕਲ ਤੇ ਉਨਤੀ ਦੇ ਹੰਕਾਰ ਵਿਚ ਜੋ ਜੀਵਨ-ਢੰਗ ਅਪਣਾਅ ਰਿਹਾ ਸੀ, ਉਹ ਗ਼ਲਤ ਸੀ। ਖਾਂਦਾ ਖੂਬ ਸੀ। ਐਸ਼ ਕਰਦਾ ਸੀ। ਕਦੇ-ਕਦੇ ਖੇਡਦਾ ਵੀ ਸੀ। ਥੋੜ੍ਹੀ ਬਹੁਤ ਕਸਰਤ ਵੀ ਕਰਦਾ ਸੀ। ਪਰ ਸਮੁਚੇ ਤੌਰ ਉਤੇ ਉਹ ਤਰਕੀ ਦੀ ਦੌੜ ਵਿਚ ਲਗਾ ਹੋਇਆ ਸੀ। ਧਨ ਇਕਠਾ ਕਰਨਾ ਮੁਖ ਨਿਸ਼ਾਨਾ ਬਣ ਗਿਆ ਸੀ। ਹਰ ਮਨੁਖ ਦੂਜੇ ਨੂੰ ਪਛਾੜਨਾ ਚਾਹੁੰਦਾ ਸੀ। ਅੰਗਰੇਜ਼ੀ ਭਾਸ਼ਾ ਦੇ ਸ਼ਬਦ ਵਰਤ ਕੇ ਬੁਧੀਮਾਨ ਕਹਿੰਦੇ ਸਨ ਅੱਜ ਇਨਸਾਨ, ਇਨਸਾਨ ਨਹੀਂ ਰਿਹਾ ਬਲਕਿ ਚੂਹੇ ਦੌੜ (ਰੈਟ-ਰੇਸ) ਵਿਚ ਗਲਤਾਨ ਮਸ਼ੀਨ ਬਣ ਗਿਆ ਹੈ। ਉਸ ਨੂੰ ਤਾਂ ਸਿਰਫ਼ ਧਨ ਚੇਤੇ ਰਹਿੰਦਾ ਹੈ ਜਾਂ ਹੋਰ ਪਦਾਰਥ। ਜਿਉਣਾ ਤੇ ਸੁਆਦ ਨਾਲ ਜਿਉਣਾ ਭੁਲ ਚੁਕੀ ਗੱਲ ਬਣ ਗਈ ਹੈ। ਇਸੇ ਕਰ ਕੇ ਕੋਰੋਨਾ ਜਾਂ ਕੋਵਿਡ-19 ਨੇ ਭੁਚਾਲ ਵਾਂਗ ਸਾਰੀ ਧਰਤੀ ਹਿਲਾ ਦਿਤੀ ਹੈ। ਉਨਤ ਤੋਂ ਉਨਤ ਦੇਸ ਤੇ ਅਮੀਰ ਤੋਂ ਅਮੀਰ ਵਿਅਕਤੀ ਭੌਂਚਕੇ ਰਹਿ ਗਏ ਹਨ। ਭੈਅ-ਭੀਤ ਹਨ। ਪਰ ਕੀ ਭਟਕੀ ਹੋਈ ਇਨਸਾਨੀ ਭੀੜ ਹੁਣ ਰੁਕ ਕੇ ਸਿਆਣਪ ਵੱਲ ਮੋੜਾ ਕਟੇਗੀ? ਚੂਹਾ-ਦੌੜ ਛਡੇਗੀ?

ਸਾਰਾ ਭਾਰਤ ਬਾਹਰੋਂ ਨਿਕਲ ਕੇ ਘਰੀਂ ਮੁੜਿਆ ਹੈ। ਪਹਿਲਾਂ ਘਰ ਸਨ ਪਰ ਮਨੁਖ ਘਰ ਘਟ ਰਹਿੰਦਾ ਸੀ। ਸੜਕਾਂ ਉਤੇ ਅਤੇ ਪੈਸੇ ਕਮਾਉਣ ਦੀਆਂ ਥਾਵਾਂ ਉਤੇ ਵਧੇਰੇ ਰਹਿੰਦਾ ਸੀ। ਹੁਣ ਪਿਛਲੇ ਦੋ-ਤਿੰਨ ਹਫ਼ਤਿਆਂ ਤੋਂ ਘਟ ਤੋਂ ਘਟ ਸ਼ਹਿਰੀ ਲੋਕ ਘਰ ਆ ਕੇ ਬੈਠੇ ਹਨ। ਪਰਿਵਾਰ ਇਕਠੇ ਹੋ ਕੇ ਬੈਠੇ ਹਨ। ਸਾਲਾਂ ਬਾਅਦ ਘਰ ਬੈਠ ਕੇ ਸਾਹ ਸੌਖੇ ਲੈਣੇ ਸ਼ੁਰੂ ਕੀਤੇ ਹਨ। ਰੈਸਟੋਰੈਂਟਾਂ ਤੇ ਹੋਟਲਾਂ ਦਾ ਖਾਣਾ ਭੁਲ ਕੇ ਘਰ ਵਿਚ ਬਣਦੀ ਸਾਦਾ ਦਾਲ-ਰੋਟੀ ਖਾਣੀ ਸ਼ੁਰੂ ਕੀਤੀ ਹੈ। ਹੋਰ ਤਾਂ ਹੋਰ, ਪਹਿਲਾਂ ਪੜ੍ਹੇ-ਲਿਖੇ ਲੋਕ ਵੀ ਚੰਗੀ ਤਰ੍ਹਾਂ ਹਥ ਧੋਣੇ ਹੀ ਭੁੱਲ ਗਏ ਸਨ। ਹੁਣ ਘਰ ਵਿਚ ਬੈਠਿਆਂ ਵਾਰ-ਵਾਰ ਹੱਥ ਧੋਣ ਦੀ ਆਦਤ ਪੈ ਰਹੀ ਹੈ। ਇਹ ਜੀਵਨ-ਸ਼ੈਲੀ ਬਿਮਾਰੀਆਂ ਤੋਂ ਮੁਕਤੀ ਦੇਣ ਵਾਲੀ ਹੈ। ਪਰ ਅਜੇ ਮੋੜਾ ਮਾਮੂਲੀ ਹੈ। ਕੁਦਰਤ ਤਾਂ ਅਜੇ ਵੀ ਭੁਲੀ ਹੋਈ ਹੈ। ਚੜ੍ਹਦੇ ਤੇ ਛਿਪਦੇ ਸੂਰਜ ਦੀ ਝਾਕੀ ਵੱਲ ਅਜੇ ਵੀ ਧਿਆਨ ਨਹੀਂ। ਬਾਹਰ ਮੰਦ-ਮੰਦ ਵਗ ਰਹੀ ਹਵਾ ਵੱਲ ਵੀ ਧਿਆਨ ਨਹੀਂ। ਕੁਦਰਤ ਦੇ ਵਿਸ਼ਾਲ ਪਸਾਰੇ ਵੱਲ ਦੇਖੋ। ਨਦੀਆਂ ਕਲ-ਕਲ ਕਰ ਕੇ ਵਗਦੀਆਂ ਹਨ। ਹਵਾ ਮੰਦ-ਮੰਦ ਵਗਦੀ ਹੈ। ਹਵਾ ਵਗਦਿਆਂ ਬ੍ਰਿਛਾਂ ਦੇ ਪਤੇ ਇਉਂ ਇਕ-ਦੂਜੇ ਨਾਲ ਵਜਦੇ ਹਨ, ਜਿਵੇਂ ਗਿਧਾ ਪਾ ਰਹੇ ਹੋਣ। ਸੂਰਜ ਸਵੇਰ ਨੂੰ ਚੜ੍ਹਦਾ ਤੇ ਤਿਰਕਾਲਾਂ ਨੂੰ ਛਿਪਦਾ ਹੈ। ਸੂਰਜ ਨੂੰ ਕੋਈ ਕਾਹਲ ਨਹੀਂ। ਸ਼ਾਨ ਨਾਲ ਦਿਸਹਦੇ ਉਤੇ ਝਾਤੀ ਮਾਰਦਾ ਹੈ। ਹੌਲੀ-ਹੌਲੀ ਉਪਰ ਵਲ ਨੂੰ ਆਉਂਦਾ ਹੈ। ਪਰ ਅਕਲਾਂ ਵਾਲਾ ਇਨਸਾਨ ਇਨ੍ਹਾਂ ਬਹੁਤ ਮਨਮੋਹਣੀਆਂ ਤੇ ਰਹਸ ਭਰੀਆਂ ਝਾਕੀਆਂ ਵੱਲ ਵੇਖਣਾ ਹੀ ਭੁਲ ਚੁਕਾ ਹੈ।''

ਬਿਨਾ ਸ਼ਕ ਕੁਦਰਤ ਉਤੇ ਜਿਤ ਪ੍ਰਾਪਤ ਕਰਨ ਦੀ ਖੁਸ਼ਫਹਿਮੀ ਵਿਚ ਮਨੁਖ ਨੇ ਆਪਣੀ ਕੁਦਰਤੀ ਫਿਤਰਤ ਵੀ ਗੁਆ ਲਈ ਹੈ। ਬੁਧੀਮਾਨ ਕਹਿੰਦੇ ਹਨ ਮਨੁਖ ਇਕ ਨਾਸਵੰਤ ਕੁਦਰਤੀ ਜੀਵ ਹੈ। ਉਹ ਸਦੀਵੀ ਰਹਿਣ ਵਾਲੀ ਕੁਦਰਤ ਦਾ ਹੀ ਇਕ ਅਟੁੱਟ ਅੰਗ ਹੈ। ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ।। (ਗੁਰੂ ਗ੍ਰੰਥ ਸਾਹਿਬ ਪੰਨਾ 695) ਮਨੁਖ ਦੇ ਜਿਉਂਦੇ ਰਹਿਣ ਲਈ ਸਾਰੀਆਂ ਲੋੜੀਂਦੀਆਂ ਵਸਤੂਆਂ ਕੁਦਰਤ ਕੋਲੋਂ ਪ੍ਰਾਪਤ ਹੁੰਦੀਆਂ ਹਨ। ਜ਼ਿੰਦਗੀ ਭਰ ਆਪਣੇ ਜਿਉਂਦੇ ਰਹਿਣ ਲਈ ਮਨੁਖ ਇਸ ਕੁਦਰਤ ਨਾਲ ਨਿਰੰਤਰ ਲੈਣ-ਦੇਣ ਕਰਦਾ ਹੈ। ਇਨ੍ਹਾਂ ਕੁਦਰਤੀ ਭੰਡਾਰਾਂ ਦਾ ਮਾਲਕ ਕੋਈ ਇਕੱਲਾ ਕਹਿਰਾ ਵਿਅਕਤੀ ਜਾਂ ਵਿਅਕਤੀਆਂ ਦਾ ਸਮੂਹ ਨਹੀਂ ਬਲਕਿ ਸਮੁਚੀ ਮਨੁਖ ਜਾਤੀ ਹੈ। ਕੁਦਰਤ ਨਾਲ ਇਕਸੁਰ ਤੇ ਸਰਬਤ ਨਾਲ ਜੁੜ ਕੇ ਹਥੀ ਕਿਰਤ ਕਰਨੀ, ਇਸ ਕਿਰਤ ਦੀਆਂ ਸਾਮੂਹਿਕ ਪ੍ਰਾਪਤੀਆਂ ਨੂੰ ਸਾਰਿਆਂ ਨਾਲ ਵੰਡ ਕੇ ਛਕਣਾ ਤੇ ਚੇਤੰਨ ਅਨੁਭਵੀ ਮਨ ਦੀ ਅਵਸਥਾ ਵਿਚ ਵਿਚਰਦਿਆਂ ਹੋਇਆਂ ਆਪਣੇ ਮਨੁਖੀ ਜਜ਼ਬਿਆਂ ਨੂੰ ਸਵੈਜ਼ਬਤ ਵਿਚ ਰਖ ਕੇ ਆਪਣੀਆਂ ਮਨੁਖੀ ਲੋੜਾਂ ਦੀ ਪੂਰਤੀ ਕਰਨੀ ਅਤੇ ਆਪਣੇ ਮਨੁਖੀ ਜਜ਼ਬਿਆਂ ਦਾ ਭਰਪੂਰ ਅਨੰਦ ਮਾਣਨਾ ਹੀ ਅਸਲੀ ਮਨੁਖ ਦੀ ਨਿਸ਼ਾਨੀ ਹੈ। ਸਰਬਸਾਂਝੀਵਾਲਤਾ ਦੀ ਭਾਵਨਾ ਤੇ ਸਰਬਤ ਦੇ ਭਲੇ ਦੇ ਸਦਾਚਾਰ ਦੀ ਤਾਂਘ ਮਨ ਵਿਚ ਰਖ ਕੇ ਅਗੇ ਵਧਦਾ ਹੋਇਆ ਪਰਉਪਕਾਰੀ ਮਨੁਖ ਹੀ ਅਸਲੀ ਮਨੁਖ ਹੈ। ਸਰਬਸਾਂਝੀਵਾਲਤਾ ਦੀ ਸਮਾਜੀ ਚੇਤਨਾ ਤੇ ਸਰਬਤ ਦੇ ਭਲੇ ਦਾ ਸਦਾਚਾਰ ਹੀ ਇਸ ਮਨੁਖ ਦੀ ਜਿੰਦਗੀ ਹੈ। ਵਿਚਿ ਦੁਨੀਆ ਸੇਵ ਕਮਾਈਐ।। ਤਾ ਦਰਗਹ ਬੈਸਣੁ ਪਾਈਐ।। ਪਰ ਅਜੋਕਾ ਮਨੁਖ ਇਹ ਸਾਰਾ ਕੁਝ ਭੁੱਲ ਚੁਕਾ ਹੈ। ਅਜਿਹਾ ਕਿਉਂ ਵਾਪਰਿਆ?



ਡਾ. ਸਵਰਾਜ ਸਿੰਘ ਦੀ ਹੁਣੇ ਛਪੀ ਇਕ ਲਿਖਤ ਅਨੁਸਾਰ, ਮਨੁਖੀ ਹੋਂਦ ਦੇ ਪੰਜ ਵਖ-ਵਖ ਪਧਰ ਹਨ। ਸਭ ਤੋਂ ਮੁਢਲੇ ਪਧਰ ਉਤੇ ਮਨੁਖ ਦੀ ਨਿਜੀ ਹੋਂਦ ਹੈ। ਇਸ ਤੋਂ ਉਪਰਲਾ ਪਧਰ ਪਰਿਵਾਰਕ ਹੋਂਦ ਹੈ। ਇਸ ਤੋਂ ਉਪਰਲਾ ਪਧਰ ਸਮਾਜੀ ਹੋਂਦ ਹੈ ਅਤੇ ਇਸ ਤੋਂ ਉਪਰਲਾ ਪਧਰ ਸਭਿਆਚਾਰਕ ਹੋਂਦ ਹੈ। ਸਭ ਤੋਂ ਉਪਰਲਾ ਪਧਰ ਮਨੁਖ ਦੀ ਆਤਮਿਕ ਹੋਂਦ ਹੈ।

ਮਨੁਖ ਦੀ ਨਿਜੀ ਹੋਂਦ ਸਭ ਤੋਂ ਮੁਢਲੇ ਪਧਰ ਦੀ ਹੈ। ਜਿਸਦਾ ਮੁਖ ਮੰਤਵ ਆਪਣੀ ਜੈਵਿਕ ਹੋਂਦ ਨੂੰ ਕਾਇਮ ਰਖਣਾ ਹੈ। ਖਾਣ-ਪੀਣ-ਹਗਣ ਤੇ ਲਿੰਗ-ਤ੍ਰਿਪਤੀ ਤਕ ਸੀਮਤ ਇਹ ਹੋਂਦ ਸਾਡੀਆਂ ਮੂਲ ਬਿਰਤੀਆਂ ਉਤੇ ਨਿਰਭਰ ਕਰਦੀ ਹੈ। ਇਸ ਪਧਰ ਉਤੇ ਮਨੁਖ ਦੀ ਪਹਿਲ ਸਿਰਫ ਆਪੇ ਦੀ ਸੰਭਾਲ ਹੁੰਦੀ ਹੈ। ਮਨੁਖ ਦੀ ਸੋਚ ਮੁਖ ਤੌਰ ਉਤੇ ਨਿਜ ਦੁਆਲੇ ਕੇਂਦਰਿਤ ਰਹਿੰਦੀ ਹੈ। ਇਸ ਤੋਂ ਉਪਰਲਾ ਪਧਰ ਪਰਿਵਾਰਕ ਹੋਂਦ ਹੈ। ਜਿਸ ਵਿਚ ਮਨੁਖ ਆਪਣੇ ਜੈਵਿਕ ਰਿਸ਼ਤਿਆਂ ਨਾਲ ਸਾਂਝ ਦਾ ਅਹਿਸਾਸ ਕਰਦਾ ਹੈ। ਇਹ ਪਧਰ ਵੀ ਮਨੁਖ ਦੀ ਜੈਵਿਕ ਹੋਂਦ ਦਾ ਹੀ ਪਸਾਰ ਹੈ। ਇਸ ਪਧਰ ਉਤੇ ਮਨੁਖ ਆਪਣੇ ਪਰਿਵਾਰ ਨਾਲ ਆਪਣੇ ਹਿਤਾਂ ਦੀ ਸਾਂਝ ਵੇਖਦਾ ਹੈ। ਇਹ ਦੋਨੋਂ ਪਧਰ ਜੈਵਿਕ ਹਨ। ਇਸ ਵਾਸਤੇ ਕਿਸੇ ਵਿਸ਼ੇਸ਼ ਨੇਮ ਭਾਵ ਜਾਬਤਾ ਵਿਕਸਿਤ ਕਰਨ ਦੀ ਲੋੜ ਨਹੀਂ ਪੈਂਦੀ। ਇਨ੍ਹਾਂ ਪਧਰਾਂ ਉਤੇ ਮੁਖ ਰੂਪ ਵਿਚ ਕੁਦਰਤੀ ਬਿਰਤੀਆਂ ਹੀ ਪ੍ਰਭਾਵਿਤ ਕਰਦੀਆਂ ਹਨ।

ਮਨੁਖ ਦੀ ਸਮਾਜੀ ਹੋਂਦ ਉਸਦੀ ਜੈਵਿਕ ਹੋਂਦ ਤੋਂ ਉਪਰ ਹੈ। ਮਨੁਖ ਕਿਸੇ ਨਾ ਕਿਸੇ ਸਮਾਜੀ ਇਕਾਈ ਦਾ ਅੰਗ ਬਣ ਕੇ ਜਿਉਂਦਾ ਹੈ। ਕਿਸੇ ਵੀ ਸਮਾਜ ਦਾ ਅੰਗ ਬਣਨ ਲਈ ਮਨੁਖ ਨੂੰ ਉਸਦੇ ਨੇਮਾਂ ਤੇ ਜਾਬਤੇ ਦੇ ਘੇਰੇ ਵਿਚ ਰਹਿਣਾ ਪੈਂਦਾ ਹੈ। ਇਹ ਬਾਹਰੀ ਜਾਬਤਾ ਹੁੰਦਾ ਹੈ। ਭਾਵ ਇਸ ਜਾਬਤੇ ਦਾ ਫੈਸਲਾ ਬਾਹਰੋ ਸਮਾਜ ਕਰਦਾ ਹੈ। ਇਸਤੋਂ ਉਪਰਲਾ ਪਧਰ ਸਭਿਆਚਾਰਕ ਹੋਂਦ ਦਾ ਹੈ। ਸਭਿਆਚਾਰ ਦਾ ਸੰਬੰਧ ਸਾਡੇ ਜੀਵਨ ਢੰਗ ਤੇ ਸਾਡੀਆਂ ਕਦਰਾਂ ਕੀਮਤਾਂ ਨਾਲ ਹੁੰਦਾ ਹੈ। ਬੋਲੀ ਸਭਿਆਚਾਰ ਦਾ ਮੂਲ ਅਧਾਰ ਹੈ। ਬੋਲੀ ਦੇ ਅਧਾਰ ਉਤੇ ਹੀ ਸਾਮੂਹਿਕ ਸਭਿਆਚਾਰ ਵਿਕਸਿਤ ਹੁੰਦਾ ਹੈ ਅਤੇ ਮਨੁਖ ਆਪਣੀ ਸਭਿਆਚਾਰਕ ਪਛਾਣ ਬਣਾਉਂਦਾ❁। ਸਮਾਜੀ ਹੋਂਦ ਦਾ ਮੁਖ ਖੇਤਰ ਬਾਹਰਲਾ ਹੈ। ਅਰਥਾਤ ਸਮਾਜ ਨਾਲ ਅੰਤਰ ਕਿਰਿਆ ਹੈ। ਪਰ ਸਭਿਆਚਾਰ ਮੁਖ ਤੌਰ ਉਤੇ ਮਨੁਖ ਦੀਆਂ ਅੰਦਰੂਨੀ ਭਾਵਨਾਵਾਂ ਨਾਲ ਜੁੜਿਆ ਹੁੰਦਾ ਹੈ। ਇਸ ਲਈ ਕਿਸੇ ਸਭਿਆਚਾਰ ਦਾ ਅੰਗ ਬਣਨ ਲਈ ਮਨੁਖ ਨੂੰ ਬਾਹਰੀ ਨੇਮਾਂ ਜਾਂ ਬਾਹਰੀ ਜਾਬਤੇ ਦੀ ਲੋੜ ਨਹੀਂ ਹੁੰਦੀ ਬਲਕਿ ਅੰਦਰੂਨੀ ਸਵੈਜ਼ਾਬਤੇ ਦੀ ਲੋੜ ਹੁੰਦੀ ਹੈ। ਕਿਸੇ ਸਭਿਆਚਾਰ ਨਾਲ ਆਪਣਾ ਸੰਬੰਧ ਬਣਾਈ ਰਖਣ ਲਈ ਮਨੁਖ ਨੂੰ ਉਸ ਸਭਿਆਚਾਰ ਦੀਆਂ ਸਦਾਚਾਰੀ ਕੀਮਤਾਂ ਨਾਲ ਜਜਬਾਤੀ ਸਾਂਝ ਬਣਾਈ ਰਖਣੀ ਪੈਂਦੀ ਹੈ। ਇਹ ਸਾਂਝ ਕਿਸੇ ਬਾਹਰਲੇ ਜਬਤ ਨਾਲ ਨਹੀਂ ਸਗੋਂ ਅੰਦਰੂਨੀ ਜਬਤ ਨਾਲ ਬਣਦੀ ਹੈ। ਬਾਹਰਲੇ ਜਬਤ ਨਾਲੋਂ ਅੰਦਰੂਨੀ ਸਵੈਜਾਬਤਾ ਉਪਰਲੇ ਪਧਰ ਦਾ ਹੁੰਦਾ ਹੈ। ਇਸ ਲਈ ਮਨੁਖ ਦੀ ਸਭਿਆਚਾਰਕ ਹੋਂਦ ਸਮਾਜੀ ਹੋਂਦ ਨਾਲੋਂ ਉਪਰਲੇ ਪਧਰ ਦੀ ਹੁੰਦੀ ਹੈ। ਭਾਵੇਂ ਇਹ ਚਾਰੇ ਹੋਂਦ ਦੇ ਪਧਰ ਸਰੀਰਕ ਹੋਂਦ ਨਾਲ ਜੁੜੇ ਹੋਏ ਹਨ ਪਰ ਸਭਿਆਚਾਰਕ ਹੋਂਦ ਵਿਚ ਸਾਡੀਆਂ ਭਾਵਨਾਵਾਂ, ਕਦਰਾਂ ਕੀਮਤਾਂ, ਸਦਾਚਾਰ ਤੇ ਨੈਤਿਕਤਾ ਸ਼ਾਮਲ ਹੋਣ ਕਰਕੇ ਇਹ ਇਨ੍ਹਾਂ ਚਾਰਾਂ ਪਧਰਾਂ ਵਿਚੋਂ ਮਨੁਖ ਦਾ ਸਭ ਤੋਂ ਵਿਕਸਿਤ ਭਾਵ ਉਪਰਲਾ ਪਧਰ ਹੈ।

ਇਨ੍ਹਾਂ ਚਾਰਾਂ ਪਧਰਾਂ ਤੋਂ ਉਪਰ ਮਨੁਖ ਦੀ ਆਤਮਿਕ ਹੋਂਦ ਹੈ। ਇਸ ਪਧਰ ਉਤੇ ਮਨੁਖ ਆਪਣੀ ਸਰੀਰਕ ਹੋਂਦ ਨੂੰ ਪਾਰ ਕਰ ਜਾਂਦਾ ਹੈ। ਇਹ ਹੋਂਦ ਉਸਦੀ ਚੇਤਨਾ (ਆਤਮਾ) ਨਾਲ ਜੁੜੀ ਹੁੰਦੀ ਹੈ। ਮਨੁਖੀ ਚੇਤਨਾ (ਆਤਮਾ) ਕਿਸੇ ਵੀ ਘੇਰੇ ਵਿਚ ਸੀਮਤ ਨਹੀਂ ਹੁੰਦੀ ਬਲਕਿ ਅਸੀਮ ਹੁੰਦੀ ਹੈ। ਇਸ ਪਧਰ ਦੀ ਹੋਂਦ ਨੂੰ ਬ੍ਰਹਿਮੰਡੀ, ਯੂਨੀਵਰਸਲ ਜਾਂ ਕੌਸਮਿਕ ਹੋਂਦ ਵੀ ਕਿਹਾ ਜਾ ਸਕਦਾ ਹੈ। ਬਾਕੀ ਚਾਰੇ ਪਧਰਾਂ ਵਿਚ ਵਖਰੇਵੇਂ ਹੁੰਦੇ ਹਨ। ਮਨੁਖ ਕਿਸੇ ਸਮਾਜ ਜਾਂ ਸਭਿਆਚਾਰ ਦਾ ਅੰਗ ਹੋ ਸਕਦਾ ਹੈ। ਇਹ ਵਖਰੇਵੇਂ ਜਾਂ ਵਿਰੋਧਤਾਈਆਂ ਕੁਦਰਤੀ ਤੌਰ ਉਤੇ ਵਿਕਸਿਤ ਹੋਈਆਂ ਹੁੰਦੀਆ ਹਨ। ਇਸ ਲਈ ਇਨ੍ਹਾਂ ਨੂੰ ਕੁਦਰਤੀ ਵਿਰੋਧਤਾਈਆਂ ਜਾਂ ਲੋਕਾਂ ਵਿਚਲੀਆਂ ਵਿਰੋਧਤਾਈਆਂ ਜਾਂ ਦੋਸਤਾਨਾਂ ਵਿਰੋਧਤਾਈਆਂ ਕਿਹਾ ਜਾ ਸਕਦਾ ਹੈ। ਲੋਕ-ਦੋਖੀ ਰਾਜਨੀਤੀ ਲੋਕਾਂ ਵਿਚਲੀਆਂ ਭਾਵ ਦੋਸਤਾਨਾ ਵਿਰੋਧਤਾਈਆਂ ਨੂੰ ਦੁਸ਼ਮਣੀ ਵਾਲੀਆਂ ਵਿਰੋਧਤਾਈਆਂ ਵਿਚ ਬਦਲਣ ਦੇ ਯਤਨ ਕਰਦੀ ਹੈ। ਪਰ ਆਤਮਿਕ (ਚੇਤਨਾ ਦੇ) ਪਧਰ ਉਤੇ ਕੋਈ ਵਖਰੇਵਾਂ ਨਹੀਂ ਕੀਤਾ ਜਾ ਸਕਦਾ। ਇਸ ਲਈ ਇਸ ਅਵਸਥਾ ਵਿਚ ਕੋਈ ਵਿਰੋਧਤਾਈ ਨਹੀਂ ਹੁੰਦੀ। ਇਸ ਅਵਸਥਾ ਵਿਚ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ', 'ਜੋ ਹਮ ਸਹਿਰੀ ਸੋ ਮੀਤ ਹਮਾਰਾ' ਦਾ ਜਜਬਾ ਪੈਦਾ ਹੁੰਦਾ ਹੈ।

ਗੁਰਮਤਿ ਵਿਚ ਇਸਨੂੰ ਸਹਿਜ ਅਵਸਥਾ ਕਿਹਾ ਗਿਆ ਹੈ। ਜਿਥੇ ਕੋਈ ਵਖਰੇਵਾਂ, ਵਿਰੋਧਤਾਈ ਜਾਂ ਟਕਰਾਅ ਨਹੀਂ ਹੈ। ਸਹਿਜ ਵਿਚੋਂ ਅਨੰਦ ਉਪਜਦਾ ਹੈ। ਜਿਥੇ ਸੁਖ ਦਾ ਵਿਰੋਧੀ ਦੁਖ ਹੈ, ਉਥੇ ਆਨੰਦ ਦਾ ਕੋਈ ਵਿਰੋਧੀ ਨਹੀਂ ਹੈ। ਇਥੇ ਮਨੁਖ ਦੀ ਹੋਂਦ ਕੁਦਰਤ ਨਾਲ ਪੂਰਣ ਤੌਰ ਉਤੇ ਇਕਸੁਰਤਾ ਵਾਲੀ ਹੁੰਦੀ ਹੈ। ਮਨੁਖ ਆਪਣੀ ਹੋਂਦ ਨੂੰ ਕੁਦਰਤ ਨਾਲੋਂ ਨਿਖੇੜ ਕੇ ਨਹੀਂ ਸਗੋਂ ਕੁਦਰਤ ਦੇ ਅੰਗ ਵਜੋਂ ਵੇਖਦਾ ਹੈ। ਉਸ ਨੂੰ ਸਮਝ ਆਉਂਦੀ ਹੈ ਕਿ ਉਹ ਸਮੁਚੀ ਕੁਦਰਤ ਜਾਂ ਸਰਬਤ ਦਾ ਹੀ ਇਕ ਅੰਗ ਹੈ ਅਤੇ ਸਰਬਤ ਦੇ ਭਲੇ ਦੇ ਨਾਲ ਹੀ ਉਸਦਾ ਭਲਾ ਵੀ ਜੁੜਿਆ ਹੋਇਆ ਹੈ। ਇਸਨੂੰ ਮਨੁਖੀ ਵਿਕਾਸ ਦਾ ਸਭ ਤੋਂ ਉਪਰਲਾ ਪਧਰ ਕਿਹਾ ਜਾ ਸਕਦਾ ਹੈ।

ਪੂਰਨ ਤੌਰ ਉਤੇ ਜਾਗ੍ਰਿਤ ਮਨੁਖ ਨੂੰ ਗੁਰੂ ਨਾਨਕ ਸਾਹਿਬ ਗੁਰਮੁਖ ਅਤੇ ਗੁਰੂ ਗੋਬਿੰਦ ਸਿੰਘ ਜੀ ਖਾਲਸਾ ਕਹਿੰਦੇ ਹਨ। ਮਾਰਕਸ ਨੇ ਇਸੇ ਪਧਰ ਦੇ ਮਨੁਖ ਨੂੰ ਕਮਿਊਨਿਸਟ ਕਿਹਾ ਹੈ। ਇਸ ਪਧਰ ਉਤੇ ਪਹੁੰਚਣ ਲਈ ਆਤਮਿਕ ਇਨਕਲਾਬ ਦੀ ਲੋੜ ਹੈ। ਖਾਲਸੇ ਦੇ ਰੂਪ ਵਿਚ ਨਵੇਂ ਮਨੁਖ ਦੀ ਸਿਰਜਣਾ ਵਾਸਤੇ ਆਤਮਿਕ ਇਨਕਲਾਬ ਦਾ ਜ਼ਿਕਰ ਕੀਤਾ ਗਿਆ ਹੈ। ਮਾਰਕਸ ਨੇ ਵੀ ਆਪਣੀ ਫਿਲਾਸਫੀ ਵਿਚ ਆਤਮਿਕ ਇਨਕਲਾਬ ਦਾ ਜਿਕਰ ਕੀਤਾ ਗਿਆ ਹੈ ਪਰ ਇਹ ਸੰਕਲਪ ਮਾਰਕਸਵਾਦੀਆਂ ਵਲੋਂ ਅਮਲ ਵਿਚ ਨਹੀਂ ਲਿਆਂਦਾ ਜਾ ਸਕਿਆ। ਮਾਰਕਸ ਦਾ ਕਮਿਊਨਿਸਟ ਮਨੁਖ ਵੀ ਅਸਲ ਵਿਚ ਪੂਰਨ ਰੂਪ ਵਿਚ ਜਾਗ੍ਰਿਤ ਹੋਣ ਉਤੇ ਹੀ ਅਧਾਰਿਤ ਹੈ। ਮਾਰਕਸ ਦਾ ਕਥਨ ਹੈ, "ਨਿਜੀ ਜਾਇਦਾਦ ਤੇ ਪੈਸੇ ਦੇ ਗਲਬੇ ਅਧੀਨ ਕੁਦਰਤ ਬਾਰੇ ਬਣਿਆ ਦ੍ਰਿਸ਼ਟੀਕੋਣ ਅਸਲ ਵਿਚ ਕੁਦਰਤ ਪ੍ਰਤੀ ਨਫਰਤ ਅਤੇ ਅਮਲ ਵਿਚ ਕੁਦਰਤ ਪ੍ਰਤੀ ਜਹਾਲਤ ਪੈਦਾ ਕਰਦਾ ਹੈ।'' ਏਂਗਲਜ ਨੇ ਲਿਖਿਆ ਹੈ, "ਪਹਿਲੀ ਵਾਰ ਹੁਣ ਹੀ ਅਸਲੀ ਮਨੁਖੀ ਆਜ਼ਾਦੀ ਦੀ ਗੱਲ ਕੀਤੀ ਜਾ ਸਕਦੀ ਹੈ। ਕੁਦਰਤ ਦੇ ਜਾਣੇ ਹੋਏ ਨੇਮਾਂ ਨਾਲ ਇਕਸੁਰ ਹੋ ਕੇ ਜ਼ਿੰਦਗੀ ਜਿਉਣਾ ਹੀ ਅਸਲੀ ਮਨੁਖੀ ਆਜਾਦੀ ਹੈ।'' ਉਹ ਮਨੁਖ ਜਿਹੜੇ ਕੁਦਰਤ ਨਾਲ ਪੂਰੀ ਤਰ੍ਹਾਂ ਇਕਸੁਰਤਾ ਨਾਲ ਜੀਵਨ ਜੀਅ ਰਹੇ ਹਨ। ਉਹ ਸਾਰੇ ਆਪਣੀ ਸਮਰਥਾ ਅਨੁਸਾਰ ਕੰਮ ਕਰਦੇ ਹਨ ਅਤੇ ਆਪਣੀਆਂ ਲੋੜਾਂ ਅਨੁਸਾਰ ਉਜਰਤ ਲੈਂਦੇ ਹਨ। ਜਿਸਨੂੰ ਅੰਗਰੇਜ਼ੀ ਵਿਚ ਮਾਰਕਸ ਨੇ ਫਰੋਮ ਈਚ ਅਕੌਰਡਿੰਗ ਟੂ ਹਿਜ਼ ਏਬਲਿਟੀ ਐਂਡ ਈਚ ਅਕੌਰਡਿੰਗ ਟੂ ਹਿਜ਼ ਨੀਡਸ ਕਿਹਾ ਹੈ। ਪੂਰਣ ਤੌਰ ਉਤੇ ਜਾਗ੍ਰਿਤ ਮਨੁਖ ਹੀ ਆਪਣੀਆਂ ਤਰਕ ਸੰਗਤ ਲੋੜਾਂ ਦੀ ਪਛਾਣ ਕਰ ਸਕਦਾ ਹੈ।

ਰੂਸ ਦਾ ਇਨਕਲਾਬ ਰਾਜਨੀਤਕ ਇਨਕਲਾਬ ਸੀ। ਜਿਸਨੇ ਅਜੇ ਹੋਰ ਉਚੇ ਪਧਰ ਵੱਲ ਵਧਣਾ ਸੀ। ਪਰ ਸਾਮਰਾਜੀ ਦੇਸਾਂ ਨੇ ਰੂਸੀ ਇਨਕਲਾਬ ਨੂੰ ਖਤਮ ਕਰਨ ਲਈ ਪੂਰੀ ਤਰ੍ਹਾਂ ਰੂਸ ਨੂੰ ਘੇਰ ਲਿਆ। ਅਜਿਹੇ ਹਾਲਾਤ ਵਿਚ ਰੂਸੀ ਇਨਕਲਾਬ ਦੀਆਂ ਪ੍ਰਾਪਤੀਆਂ ਬਚਾਉਣ ਲਈ ਲੈਨਿਨ ਨੂੰ ਵਕਤੀ ਤੌਰ ਉਤੇ ਪਿਛੇ ਹਟਣਾ ਪਿਆ ਅਤੇ ਉਸ ਨੂੰ ਆਰਥਿਕਤਾ ਉਤੇ ਜ਼ੋਰ ਦੇਣਾ ਪਿਆ। ਪਰ ਸਟਾਲਿਨ ਨੇ ਲੈਨਿਨ ਦੀ ਵਕਤੀ ਨੀਤੀ ਨੂੰ ਇਕ ਤਰ੍ਹਾਂ ਨਾਲ ਸਥਾਈ ਨੀਤੀ ਬਣਾਉਣ ਦਾ ਯਤਨ ਕੀਤਾ। ਭਾਵੇਂ ਕਿ ਇਸ ਪਿਛੇ ਵੀ ਕਈ ਮਜ਼ਬੂਰੀਆਂ ਤੇ ਹਾਲਾਤ ਹੋ ਸਕਦੇ ਹਨ। ਜਿਵੇਂ ਕਿ ਸਾਮਰਾਜੀ ਦੇਸਾਂ ਦੇ ਰੂਸੀ ਇਨਕਲਾਬ ਨੂੰ ਪੁਠਾ ਗੇੜਾ ਦੇਣ ਦੇ ਯਤਨ ਤੇ ਸਟਾਲਿਨ ਦਾ ਗੈਰ ਰੂਸੀ (ਜਾਰਜੀਅਨ) ਹੋਣਾ। ਭਾਵ ਲੈਨਿਨ ਦੀ ਤਰ੍ਹਾਂ ਰੂਸੀ ਮਾਨਸਿਕਤਾ ਨੂੰ ਸਮਝਣ ਦੇ ਸਮਰਥ ਨਾ ਹੋਣਾ ਵੀ ਹੋ ਸਕਦਾ ਹੈ। ਅੰਤ ਵਿਚ ਸਾਮਰਾਜੀ ਦੇਸ ਰੂਸ ਵਿਚਲੇ ਇਨਕਲਾਬ ਨੂੰ ਪੁਠਾ ਗੇੜਾ ਦੇਣ ਵਿਚ ਸਫਲ ਹੋ ਗਏ। ਚੀਨ ਵਿਚ ਮਾਓ ਜੇ ਤੁੰਗ ਨੇ ਰੂਸ ਦੇ ਤਜ਼ਰਬੇ ਤੋਂ ਸਬਕ ਸਿਖ ਕੇ ਚੀਨ ਵਿਚ ਰਾਜਨੀਤਕ ਤੋਂ ਸਭਿਆਚਾਰਕ ਇਨਕਲਾਬ ਵੱਲ ਵਧਣ ਦਾ ਯਤਨ ਕੀਤਾ। ਪਰ ਪਛਮੀ ਸਰਮਾਏਦਾਰੀ ਨੇ ਚੀਨ ਵਿਚਲੇ ਇਨਕਲਾਬ ਨੂੰ ਵੀ ਅਗੇ ਲੈ ਕੇ ਜਾਣ ਵਿਚ ਰੁਕਾਵਟਾਂ ਪੈਦਾ ਕਰ ਦਿਤੀਆ। ਜਿਵੇਂ ਰੂਸ ਵਿਚ ਇਨਕਲਾਬ ਨੂੰ ਪੁਠਾ ਗੇੜਾ ਦਿਤਾ ਗਿਆ, ਉਸੇ ਤਰ੍ਹਾਂ ਸਾਮਰਾਜੀ ਦੇਸ ਚੀਨ ਨੂੰ ਘੇਰ ਕੇ ਉਸਦੇ ਇਨਕਲਾਬ ਨੂੰ ਵੀ ਪੁਠਾ ਗੇੜਾ ਦੇਣ ਵਾਸਤੇ ਨਿਰੰਤਰ ਯਤਨਸ਼ੀਲ ਹਨ।

ਪਛਮੀ ਸਰਮਾਏਦਾਰੀ ਨੇ ਨਾ ਸਿਰਫ ਰੂਸ, ਚੀਨ ਤੇ ਹੋਰਨਾਂ ਦੇਸਾਂ ਵਿਚਲੇ ਰਾਜਨੀਤਕ ਇਨਕਲਾਬਾਂ ਨੂੰ ਪੁਠਾ ਗੇੜਾ ਦੇਣ ਦਾ ਯਤਨ ਕੀਤਾ ਹੈ ਸਗੋਂ ਆਪਣੇ ਦੇਸਾਂ ਵਿਚ ਵੀ ਮਨੁਖੀ ਹੋਂਦ ਨੂੰ ਉਪਰਲੇ ਪਧਰ ਤਕ ਲੈ ਕੇ ਜਾਣ ਦੀ ਬਜਾਏ ਥਲੇ ਸੁਟਿਆ ਹੈ। ਮਨੁਖ ਦੀ ਹੋਂਦ ਵਿਚੋਂ ਆਤਮਿਕ (ਚੇਤਨਾ) ਤਤ ਨੂੰ ਪੂਰੀ ਤਰ੍ਹਾਂ ਖਤਮ ਕਰਕੇ ਉਸ ਨੂੰ ਸਿਰਫ ਪਦਾਰਥ (ਆਰਥਿਕਤਾ) ਤਕ ਸੀਮਤ ਕਰ ਦਿਤਾ ਹੈ। ਪਛਮੀ ਸਰਮਾਏਦਾਰੀ ਦੇ ਖਪਤਕਾਰੀ ਸਭਿਆਚਾਰ ਨੇ ਦੂਜੇ ਸਭ ਸਭਿਆਚਾਰਾਂ ਨੂੰ ਨਿਗਲਣਾ ਸ਼ੁਰੂ ਕੀਤਾ ਹੋਇਆ ਹੈ। ਪਛਮੀ ਸਰਮਾਏਦਾਰ ਦੇਸਾਂ ਵਿਚ ਮਨੁਖ ਦੀ ਸਭਿਆਚਾਰਕ ਹੋਂਦ ਪੂਰੀ ਤਰ੍ਹਾਂ ਖਤਮ ਹੋ ਚੁਕੀ ਹੈ। ਮਨੁਖ ਦੀ ਹੋਂਦ ਨੂੰ ਸਿਰਫ ਖਪਤਕਾਰੀ ਹੋਂਦ ਤਕ ਸੀਮਤ ਕਰ ਦਿਤਾ ਗਿਆ ਹੈ। ਸਾਮਰਾਜੀ ਖਪਤਕਾਰੀ ਸਭਿਆਚਾਰ ਨੇ ਦੂਜੇ ਦੇਸਾਂ ਉਤੇ ਵੀ ਹਮਲਾ ਕਰਕੇ ਉਨ੍ਹਾਂ ਦੀ ਵਿਲਖਣ ਸਭਿਆਚਾਰਕ ਹੋਂਦ ਨੂੰ ਖਤਮ ਕਰਨ ਦਾ ਯਤਨ ਸ਼ੁਰੂ ਕੀਤਾ ਹੋਇਆ ਹੈ।

ਪੱਛਮੀ ਸਰਮਾਏਦਾਰੀ ਨੇ ਉਦਾਰਵਾਦ ਦੇ ਰੂਪ ਵਿਚ ਅਤਿ ਦਰਜੇ ਦੇ ਨਿਜਵਾਦ ਨੂੰ ਉਕਸਾ ਕੇ ਮਨੁਖ ਨੂੰ ਅਮਲੀ ਤੌਰ ਉਤੇ ਸਮਾਜ ਤੇ ਪਰਿਵਾਰ ਨਾਲੋਂ ਤੋੜ ਦਿਤਾ ਹੈ। ਦੂਜੇ ਸ਼ਬਦਾਂ ਵਿਚ ਮਨੁਖ ਦੀ ਹੋਂਦ ਨੂੰ ਸਭ ਤੋਂ ਮੁਢਲੇ ਪਧਰ ਅਰਥਾਤ ਨਿਜੀ ਹੋਂਦ ਤਕ ਸੀਮਤ ਕਰ ਦਿਤਾ ਹੈ। ਇਹ ਮਨੁਖੀ ਵਿਕਾਸ ਨੂੰ ਦਿਤਾ ਗਿਆ ਪੁਠਾ ਗੇੜਾ ਹੈ। ਇਸੇ ਕਰਕੇ ਅਜੋਕਾ ਮਨੁਖ ਘੋਰ ਇਕਲਾਪੇ ਦਾ ਸ਼ਿਕਾਰ ਹੈ। ਇਕਲਾਪੇ ਤੇ ਨਿਜਵਾਦ ਦਾ ਸ਼ਿਕਾਰ ਮਨੁਖ ਭਲਾ ਕਰੋਨਾ ਵਾਇਰਸ ਵਰਗੀ ਭਿਆਨਕ ਤੇ ਰਹਸਮਈ ਬਿਮਾਰੀ ਨਾਲ ਲੜਨ ਦਾ ਹੌਂਸਲਾ ਕਿਵੇਂ ਕਰ ਸਕਦਾ ਹੈ? ਇਸੇ ਕਰਕੇ ਸੰਸਾਰ ਭਰ ਦਾ ਮਨੁਖ ਇਸ ਬਿਮਾਰੀ ਤੋਂ ਲੋੜੋ ਵਧੇਰੇ ਡਰਿਆ ਹੋਇਆ ਹੈ।

# ਸਜਿੰਦਿਆਂ ਸਮੇਤ, ਸਮੁੱਚੇ ਕਿਰਤੀ-ਵਰਗ ਲਈ ਸਰਕਾਰ ਠੋਸ ਨੀਤੀ ਅਪਣਾਵੇ : ਗਾਇਕਾ ਗਗਨਪ੍ਰੀਤ ਬਠਿੰਡਾ

"ਲਾਕ-ਡਾਊਨ ਕਾਰਨ ਦੇਸ਼ ਵਿਚ ਆਈ ਮੰਦਹਾਲੀ ਵਜੋਂ ਸਜਿੰਦਿਆਂ, ਖੇਤ-ਮਜਦੂਰਾਂ, ਰੇਹੜੀ-ਰਿਕਸ਼ਾ ਚਾਲਕਾਂ ਸਮੇਤ ਸਮੁੱਚੇ ਕਿਰਤੀ-ਕਾਮੇ ਵਰਗ ਦੇ ਪਰਿਵਾਰਾਂ ਦੀ ਪਟੜੀਓਂ ਉਤਰੀ ਜਿੰਦਗੀ ਰੂਪੀ ਰੇਲ ਨੂੰ ਮੁੜ ਪਟੜੀ 'ਤੇ ਲਿਆਉਣ ਲਈ ਸਰਕਾਰ ਠੋਸ ਨੀਤੀ ਅਪਣਾਵੇ।'' ਇਨਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਦੀ ਪ੍ਰਿੱਸਧ ਸੁਰੀਲੀ ਗਾਇਕਾ ਗਗਨਪ੍ਰੀਤ ਬਠਿੰਡਾ ਨੇ ਕੀਤਾ। ਉਨਾਂ ਕਿਹਾ, "ਕਰੋਨਾ ਵਾਇਰਸ ਵਰਗੀ ਭਿਆਨਕ ਬਿਮਾਰੀ ਦੌਰਾਨ ਰੇਹੜੀ-ਰਿਕਸ਼ਾ ਚਾਲਕਾਂ, ਕਿਰਤੀ-ਮਜਦੂਰਾਂ ਫੈਕਟਰੀ-ਕਾਮਿਆਂ ਅਤੇ ਸਾਜਿੰਦਿਆਂ ਆਦਿ ਨੂੰ ਘਰਾਂ ਦੇ ਅੰਦਰ ਰਾਸ਼ਨ-ਪਾਣੀ, ਦਵਾਈਆਂ ਵਗੈਰਾ ਮਹੁੱਈਆ ਕਰਵਾਉਣਾ ਸਰਕਾਰਾਂ ਲਈ ਇਕ ਬਹੁਤ ਹੀ ਵੱਡੀ ਚਣੌਤੀ ਹੈ। ਭਾਵੇ ਸਾਡੀ ਪੰਜਾਬ ਸਾਰਕਾਰ ਆਪਣੇ ਜਿਲਿਆ ਦੇ ਪ੍ਰਸ਼ਾਸ਼ਨ ਅਤੇ ਸਮਾਜ-ਸੇਵੀ ਜੱਥੇਬੰਦੀਆਂ ਦੇ ਸਹਿਯੋਗ ਨਾਲ ਇਸ ਚਣੌਤੀ ਨਾਲ ਨਿਪਟਣ ਦੇ ਦਾਅਵੇ ਕਰ ਰਹੀ ਹੈ ਅਤੇ ਹਰੇਕ ਪਰਿਵਾਰ ਨੂੰ ਆਪਣੇ ਘਰ ਅੰਦਰ ਬੈ-ਠਿਆਂ ਨੂੰ ਖਾਣਾ, ਦਵਾਈਆਂ ਪਹੁੰਚਾਉਣ ਦੇ ਵਾਅਦੇ ਕਰ ਰਹੀ ਹੈ, ਪਰ, ਵੱਖ-ਵੱਖ ਥਾਵਾਂ ਤੋਂ ਕਈ ਦਿਨਾਂ ਤੋ ਖਾਣਾ ਨਾ ਮਿਲਣ ਦੀ ਟੈਲੀਫੋਨਾਂ ਅਤੇ ਸੋਸ਼ਲ-ਮੀਡੀਏ ਦੁਆਰਾ ਪਾਈ ਜਾ ਰਹੀ ਹਾਲ-ਦੁਹਾਈ ਪੰਜਾਬ ਸਰਕਾਰ ਅਤੇ ਜਿਲਿਆ ਦੇ ਜਿਲਾ ਪ੍ਰਸ਼ਾਸ਼ਨ ਵੱਲੋ ਖਾਣੇ ਦੀ ਵੰਡ ਪ੍ਰਣਾਲੀ ਦੀ ਢਿੱਲੀ ਕੁਰਗੁਜਾਰੀ ਦੀ ਵੀ ਪੋਲ ਖੋਲ ਰਹੀ ਹੈ। ਫੈਕਟਰੀਆਂ, ਵਰਕਸ਼ਾਪਾਂ ਅਤੇ ਦੁਕਾਨਾ ਆਦਿ ਬੰਦ ਹੋਣ ਕਾਰਨ ਜਿੱਥੇ ਮਜਦੂਰ-ਵਰਗ ਬੇਰੁਜਗਾਰ ਹੋ ਗਿਆ ਹੈ, ਉਥੇ



ਸੱਭਿਆਚਾਰਕ ਮੇਲੇ, ਵਿਆਹ-ਸ਼ਾ-ਦੀਆਂ ਅਤੇ ਹੋਰ ਫੰਕਸ਼ਨਾਂ 'ਤੇ ਪਾਬੰਦੀ ਲੱਗਣ ਕਾਰਨ ਗਾਇਕ ਕਲਾਕਾਰਾਂ ਦੇ ਪ੍ਰੋਗਰਾਮ ਬੰਦ ਹੋਣ ਨਾਲ ਸਭ ਤੋ ਵੱਡੀ ਮਾਰ ਉਨਾਂ ਸਜਿੰਦਿਆਂ 'ਤੇ ਵੀ ਪਈ ਹੈ ਜੋ ਗਾਇਕਾ ਦੇ ਪ੍ਰੋਗਰਾਮਾਂ, ਅਖਾੜਿਆਂ ਅਤੇ ਮੇਲਿਆਂ ਦੇ ਸਿਰ ਤੋਂ ਆਪਣਾ ਪਰਿਵਾਰ ਪਾਲ ਰਹੇ ਸਨ। ਪੰਜਾਬ ਸਰਕਾਰ ਨੇ ਕਿਸਾਨਾ ਦੀਆਂ ਮੁਸ਼ਕਲਾਂ ਨੂੰ ਸਮਝਦਿਆਂ ਉਨਾਂ ਨੂੰ ਕੰਬਾਇਨਾਂ ਨਾਲ ਕਣਕ ਦੀ ਕਟਾਈ ਕਰਨ ਦੇ ਅਦੇਸ਼ ਕਰਦਿਆਂ ਉਨਾਂ ਦੀਆਂ ਫਸਲਾਂ ਨੂੰ ਨਾਲ-ਦੀ-ਨਾਲ ਖਰੀਦਣ ਦਾ ਭਰੋਸਾ ਵੀ ਦਿਵਾਇਆ ਹੈ ਜੋ ਕਿ ਸਰਕਾਰ ਦਾ ਬਹੁਤ ਚੰਗਾ ਫੈਸਲਾ ਹੈ। ਪਰ, ਜੋ ਪੇਂਡੂ ਮਜਦੂਰ ਆਪਣੇ ਪਰਿਵਾਰਾਂ ਨਾਲ ਹੱਥੀਂ ਕਣਕ ਵੱਢਕੇ ਸਾਲ ਭਰ ਦੇ ਦਾਣੇ ਇਕੱਠੇ ਕਰ ਲੈਂਦੇ ਸਨ। ਇਸ ਵਾਰ ਕਣਕ ਦੀ ਕਟਾਈ ਸਿਰਫ ਕੰਬ-ਾਇਨਾਂ ਨਾਲ ਹੀ ਕਰਨ ਕਾਰਨ ਐਸੇ ਮਜਦੂਰ-ਪਰਿਵਾਰ ਇਸ ਵਾਰ ਹੱਥੀਂ ਕਮਾਏ ਜਾਣ ਵਾਲੇ ਉਨਾਂ ਦਾਣਿਆਂ ਤੋਂ ਵਾਂਝੇ ਰਹਿ ਜਾਣਗੇ ਅਤੇ ਨਤੀਜਨ ਇਸ ਵਾਰ ਇਨਾਂ ਮਜਦੂਰਾਂ ਲਈ ਹੋਰ ਵੀ ਮੁਸ਼ਕਲਾ ਖੜੀਆਂ ਹੋਣਗੀਆਂ। ਇਨਾਂ ਪ੍ਰਸਥਿਤੀਆਂ ਦੇ ਕਾਰਨ ਜਿਨਾਂ ਦਾ ਜਿਊਣਾ ਦੁੱਭਰ ਹੋ ਗਿਆ ਹੈ, ਉਨਾਂ ਅਤੇ ਉਨਾਂ ਦੇ ਪਰਿਵਾਰਾਂ ਦੀ ਪਟੜੀਓਂ ਉਤਰੀ ਜਿੰਦਗੀ-ਰੂਪੀ ਰੇਲ ਨੂੰ ਮੁੜ ਪਟੜੀ 'ਤੇ ਲਿਆਉਣ ਲਈ ਪੰਜਾਬ ਸਰਕਾਰ ਨੂੰ ਠੋਸ ਨੀਤੀ ਅਪਣਾਉਣ ਦੀ ਸਖ਼ਤ ਜਰੂਰਤ ਹੈ। ਸਰਬੱਤ ਦਾ ਭਲਾ ਅਤੇ ਸੱਚੀ ਹਮਦਰਦੀ ਨਾਲ ਅਸੀਸਾਂ ਖੱਟਣੀਆਂ ਹੀ ਅੱਜ ਦੇ ਸਮੇਂ ਦੀ ਇਹ ਮੰਗ ਹੈ।''

**-ਪ੍ਰੀਤਮ ਲੁਧਿਆਣਵੀ, (91-98764-28641)**

ਕਹਾਣੀ

# ਮਾਸੀ ਪੂਰੋ



ਜਤਿੰਦਰ ਕੌਰ
randhawajatinder1@gmail.com

**ਅੱਜ** ਸਵੇਰ ਦੀ ਹੀ ਮੈਂ ਇਕ ਮਿੱਠੇ ਜਿਹੇ ਚਾਅ ਵਿਚ ਭੱਜੀ ਫਿਰ ਰਹੀ ਹਾਂ, ਮੈਨੂੰ ਚਾਅ ਹੀ ਨਹੀਂ ਪੂਰਾ ਮਾਹੌਲ ਹੀ ਜਿਵੇਂ ਖਿੜਿਆ ਜਿਹਾ ਮਹਿਸੂਸ ਹੋ ਰਿਹਾ ਹੈ। ਮੈਂ ਕੁਲਪ੍ਰੀਤ, ਸੁਮਨ, ਨੀਟੂ, ਪਰਵੇਜ਼ ਸਾਰੀਆਂ ਇਕ ਦੂਜੇ ਨੂੰ ਫੋਨ ਕਰ ਕਰ ਵਧ-ਾਈਆਂ ਵੰਡ ਰਹੀਆਂ ਹਾਂ। ਵੰਡੀਏ ਕਿਉਂ ਨਾ! "ਅੱਜ ਤਾਂ ਸਾਡਾ ਦਿਨ ਹੈ" ਇੰਟਰਨੈਸ਼ਨਲ ਵੋਮਨ ਡੇ", ਔਰਤਾਂ ਦੇ ਹੱਕਾਂ ਦੀ ਪੈਰਵੀ ਕਰਦਾ ਦਿਨ, ਉਹਨਾਂ ਦੀ ਆਜ਼ਾਦੀ ਦੀ ਹਾਮੀ ਭਰਦਾ, ਮਿੱਥਿਆ ਦਿਨ। ਵਧਾਈਆਂ ਦਾ ਸਿਲਸਿਲਾ ਇੰਝ ਜਿਵੇਂ ਕੋਈ ਹੋੜ ਲਗੀ ਹੋਵੇ ਕਿ ਕੌਣ ਕਿਨ੍ਹੇ ਸੁਨੇਹੇ ਘੱਲਦਾ ਤੇ ਲੈਂਦਾ ਹੈ।

ਇਹ ਤਾਂ ਸਾਡਾ ਸੁਭਾਅ ਹੀ ਹੈ, ਮੌਕਾ ਕੋਈ ਵੀ ਹੋਵੇ ਅਸੀਂ ਤਾਂ ਸੂਟਾਂ ਤੇ ਗਹਿਣਿਆਂ ਤੇ ਲੈ ਹੀ ਆਉਂਦੀ ਹੁੰਦੀ ਹੈ, ਕਈ ਵਾਰ ਤੇ ਇਹ ਪ੍ਰਦਰਸ਼ਨੀ ਜਿਹੀ ਹੀ ਬਣ ਜਾਂਦੀ ਹੈ। ਲਗਦਾ ਜਿਵੇਂ ਕੋਈ ਮੁਕਾਬਲਾ ਚਲ ਰਿਹਾ ਹੋਵੇ, ਪਰ ਪਤਾ ਨਹੀਂ ਕਿਹਦੇ ਨਾਲ ਜਾਂ ਆਪਣੇ ਆਪ ਨਾਲ ਹੀ, ਤੇ ਅਸੀ ਇੰਝ ਖਹਿ-ਖਹਿ ਅਸਲੀ ਮੰਤਵ ਵੱਲੋਂ ਹੀ ਬੇਧਿਆਨੀਆਂ ਹੋ ਜਾਣੀਆਂ, ਚਲੋ ਛਡੋ ਆਹ ਮੈਂ ਕੀ ਲੈ ਕੇ ਬੈਠੀ ਅਜੇ ਤੇ ਮੈਂ ਸ਼ਾਮੀ ਵੋਮਨ ਡੇ ਸੈਲੀਬਰੇਸ਼ਨ ਡਿਨਰ ਤੇ ਵੀ ਜਾਣਾ ਹੈ।

"ਭਈ ਦੁਨੀਆਂ ਦੇ ਸਭ ਤੋਂ ਆਜ਼ਾਦ ਮੁਲਖ ਦੀਆਂ ਆਜ਼ਾਦ ਔਰਤਾਂ ਹਾਂ ਅਸੀਂ। ਇਹੀ ਸੋਚ ਕੇ ਮੈਂ ਮਨ ਹੀ ਮਨ ਮਾਨ ਮਤੀ ਹੋ ਬੈਠੀ ਅਤੇ ਪੱਕਾ ਧਾਰ ਲਿਆ ਕੇ ਅੱਜ ਤੇ ਡਿਨਰ ਤੇ ਜਰੂਰ ਜਾਣਾ ਹੈ, ਜਾਣਾ ਵੀ ਖੂਬ ਬਣ ਠਣ ਕੇ ਫਿਰ ਇਕਦਮ ਖਿਆਲ ਆਇਆ, "ਓਹ ਅਜੇ ਤਕ ਤੇ ਮੈਂ ਕੰਮ ਤੇ 'ਸਿਕ ਕੱਾਲ' ਵੀ ਨਹੀਂ ਕੀਤੀ। ਫਰਾਈਡੇ ਸ਼ਾਮ ਹੋਣ ਕਾਰਣ ਹੋਰ ਵੀ ਕਾਲਸ ਆਈਆਂ ਹੋਣੀਆਂ ਤੇ ਮੈਨੇਜ਼ਰਾਂ ਦਾ ਮੂਡ ਵੀ ਪਤਾ ਨਹੀਂ ਕਿਹੋ ਜਿਹਾ ਹੋਣਾ। ਪੂਰੀ ਬਿਮਾਰਾਂ ਵਾਲੀ ਆਵਾਜ਼ ਕੱਢਣੀ ਪੈਣੀ ਚਲੋ ਦੇਖਦੇ ਹਾਂ ਮੈਂ ਫਿਰ ਸੋਚੀ ਪੈ ਗਈ।

ਚਲੋ ਕਾਲ ਤਾਂ ਕਰ ਦਵਾਂਗੀ ਪਰ ਡੇਢ ਸੌ ਡਾਲਰਾਂ ਦੀ ਦਿਹਾੜੀ, ਉਪਰੋ ਤੀਹ-ਚਾਲ੍ਹੀ ਡਾਲਰਾਂ ਦੀ ਟਿਕਟ। ਗੱਲ ਦੋ ਸੋ ਡਾਲਰਾਂ ਤੇ ਅਪੜਨੀ ਹੈ। ਮਨ ਕੁਝ ਢਿੱਲਾ ਜਿਹਾ ਪੈ ਗਿਆ। ਪਰ ਦੂਜੇ ਹੀ ਪਲ ਮਨ ਹੀ ਪਲ ਬਾਗ਼ੀ ਖਿਆਲ ਉਠਿਆ। ਸਾਰੀ ਉਮਰ ਕੰਮ ਹੀ ਕਰੀ ਜਾਣਾ, ਇਹ ਕਿਹੜਾ ਕਦੀ ਮੁਕਿਆ। ਮੋਢੇ ਜਿਹੇ ਛੰਡ ਕੇ ਮੈਂ ਆਪਣੇ ਆਪ ਨੂੰ ਸਮਝ-ਾਇਆ। ਨੀਟੂ ਨੂੰ ਫੋਨ ਕਰਨ ਲਈ ਫੋਨ ਚੁਕਿਆ ਹੀ ਸੀ ਕਿ ਫੋਨ ਪਹਿਲਾਂ ਹੀ ਖੜਕ ਪਿਆ। ਉਹ ਇਹ ਤਾਂ ਨੀਟੂ ਹੀ ਸੀ, ਬੜੀ ਚਹਿਕ ਚਹਿਕ ਕਹਿ ਰਹੀ ਸੀ। ਹਾਇ "ਮਿਸਜ਼ ਸੰਧੂ ਰੈਡੀ ਹੋ ਨਾ?"

ਮੈਂ ਵੀ ਆਪਣੇ ਚਾਅ ਨੂੰ ਦੂਣ ਸਵਾਇਆ ਕਰ ਆਖਿਆ ਹਾਂ-ਹਾਂ, ਬਸ ਹੋਣ ਹੀ ਲਗੀ ਹਾਂ, ਪਹਿਲਾਂ ਬੱਚਿਆਂ ਲਈ ਕੁਝ ਬਣਾ ਕੇ ਰੱਖ ਦਵਾਂ। "ਪਰ ਤੇਰੇ ਨਾਲ ਇਕ ਜਰੂਰੀ ਗਲ ਕਰਨੀ ਸੀ, ਮੈਂ ਹੌਲੀ ਜਿਹੀ ਆਖਿਆ। ਪਰ ਉਹ ਆਪਣੀ ਹੀ ਰੌਅ ਵਿਚ ਬੋਲੀ ਜਾ ਰਹੀ ਸੀ।" ਹਾਂ ਹਾਂ ਛੇਤੀ ਕਰੋ ਵੇਲੇ ਸਿਰ ਪਹੁੰਚ ਜਾਇਓ, ਖੂਬ ਇਨਜਵਾਇ ਕਰਾਂਗੇ ਡਾਂਸ-ਚਾਂਸ-ਪਾਰਟੀ ਸ਼ਾਰਟੀ ਕਹਿ ਕੇ ਉਹ ਹੱਸ ਪਈ। ਪਰ ਮੈਂ ਚੁੱਪ ਜਿਹੀ ਹੋ ਗਈ। ਹਾਂ ਮੈਂ ਲਮਕਾ ਕੇ ਕਿਹਾ ਤੇ ਫੋਨ ਕੱਟ ਗਿਆ।

ਘੜੀ ਵਲ ਵੇਖਿਆ ਚਾਰ ਵੱਜ ਚੁੱਕੇ ਸਨ ਤੇ ਅਜੇ ਪਰਿਵਾਰ ਲਈ ਰੋਟੀ ਵੀ ਬਣਾਉਣੀ ਸੀ ਸੋ ਕਿਚਨ ਵਲ ਤੁਰ ਪਈ। ਚੇਤਾ ਆਇਆ ਜਦੋਂ ਪਿਛਲੀ ਵਾਰ ਨੀਟੂ ਦੀ ਐਨ-ਵਰਸਰੀ ਪਾਰਟੀ ਤੇ ਗਈ ਸਾਂ ਤੇ ਭਾਬੀ ਨਾਲ ਗਲਾਂ ਕਰ ਰਹੀ ਸਾਂ, ਭਾਬੀ ਵਿਚੋਂ ਹੀ ਜਿਵੇਂ ਗੱਲਾਂ ਸੁਣਦੀ ਸੁਣਦੀ ਅੱਕ ਗਈ ਤੇ ਕਹਿਣ ਲਗੀ ਭੈਣ ਜੀ ਬੁਰਾ ਨਾ ਮਨਿਓ ਤੁਹਾਡੇ ਵੀਰ ਜੀ ਕਹਿ ਰਹੇ ਸੀ ਭੈਣ ਜੀ ਹੁਣ ਘਰੇ ਰਹਿਣ, ਆਵਦੇ ਜਵਾਕ ਪਾਲਣ ਐਵੇਂ ਕੀ ਕਰਨਾ ਪਾਰਟੀਆਂ ਸ਼ਾਰਟੀਆਂ ਵਿਚ। ਮੈਂ ਅੰਦਰੋਂ ਅੰਦਰੀ ਹੀ ਪੀ ਗਈ ਸਾਂ, ਦਿਲ ਬਹੁਤ ਦੁਖਿਆ ਤੇ ਸੋਚਿਆ ਵੀਰ ਤੇ ਭਰਜਾਈ ਵੀ ਤਾਂ ਹਰ ਪਾਰਟੀ ਵਿਚ ਜਾਂਦੇ ਹਨ, ਹਰ ਸਾਲ ਟੂਰ ਤੇ ਜਾਂਦੇ ਹਨ ਪਰ ਮੇਰੇ ਲਈ ਝੱਟ ਫੈਸਲਾ ਸੁਣਾ ਦਿਤਾ ਕੇ ਮੈਨੂੰ ਕੀ ਕਰਨਾ ਚਾਹੀਦਾ ਹੈ ਪਰ ਮੂੰਹੋਂ ਕੁਝ ਨਹੀਂ ਬੋਲੀ। ਚਲੋ ਮੈਂ ਐਵੇਂ ਕੀ ਸੋਚੀ ਜਾ ਰਹੀ ਹਾਂ, ਘਟੋ ਘਟ ਅੱਜ ਤੇ ਨਹੀਂ ਆਖ ਮੈਂ ਫਟਾਫਟ ਰੋਟੀ ਪਕਾਈ ਕਿਚਨ ਕਾਉਂਟਰ ਤੇ ਡੋਂਗੇ ਢੱਕ ਉਪਰ ਕਮਰੇ ਵਿਚ ਆ ਕੇ ਤਿਆਰ ਹੋਣ ਲਗ ਪਈ। ਅਸੀ ਪੰਜਾਂ ਸਹੇਲੀਆਂ ਨੇ ਇਕ ਟੇਬਲ ਮਲ ਲਿਆ ਸੀ। ਅਜੇ ਪਾਰਟੀ ਸ਼ੁਰੂਆਤੀ ਦੋਰ ਵਿਚ ਹੀ ਸੀ। ਨੀਟੂ ਤੇ ਪਰਵੇਜ਼ ਇਕ ਦੂਜੇ ਦੇ ਕੰਨ ਵਿਚ ਪਤਾ ਨਹੀਂ ਕਿਹੜੇ ਜੋਕ ਸ਼ੇਅਰ ਕਰ ਕਰ ਹੱਸ ਰਹੀਆਂ ਸਨ ਤੇ ਕੁਲਪ੍ਰੀਤ ਤੇ ਮੈਂ ਸਨੈਕਸ ਵਾਲੀ ਲਾਈਨ ਵਿਚ ਜਾ ਖਲੋਤੀਆਂ। ਹੌਲੀ ਹੌਲੀ ਵੱਜਦਾ ਸੰਗੀਤ ਪਾਰਟੀ ਨੂੰ ਹੋਰ ਵੀ ਰੰਗੀਨ ਕਰ ਰਿਹਾ ਸੀ। ਅਸੀਂ ਸਨੈਕਸ ਲੈ ਆਪਣੇ ਟੇਬਲ ਵਲ ਆ ਰਹੀਆਂ ਸਾਂ ਕੇ ਨਾਲ ਦੀ ਟੇਬਲ ਵਲ ਇਕ ਬਹੁਤ ਖੂਬਸੂਰਤ ਔਰਤ ਜਿਸਨੇ ਗੁਲਾਬੀ ਰੇਗ ਦਾ ਲੰਮਾ ਕੁਰਤਾ ਤੇ ਸ਼ਰਾਰਾ ਪਾਇਆ ਹੋਇਆ ਸੀ ਜੋ ਉਸ ਦੇ ਭਰੇ ਭਰੇ ਜੁੱਮੇ ਤੇ ਬਹੁਤ ਫੱਬ ਰਿਹਾ ਸੀ, ਤੁਰੀ ਜਾ ਰਹੀ ਸੀ। ਲੰਮੀ ਸਰੂ ਵਰਗੀ ਤੇ ਉੱਤੋਂ ਉੱਚੀ ਹੀਲ ਦੇ ਸੈਂਡਲ ਉਸਦੀ ਤੋਰ ਨੂੰ ਹੋਰ ਵੀ ਮਸਤਾਨੀ ਕਰ ਰਹੇ ਸਨ। ਸਾਰੀ ਦੁਨੀਆਂ ਤੋਂ ਬੇਖ਼ਬਰ ਉਹ ਆਪਣੇ ਆਪ ਵਿਚ ਮਸਤ ਸਾਡੇ ਨਾਲ ਦੇ ਟੇਬਲ ਤੇ ਜਾ ਸੁਭਾਇਮਾਨ ਹੋਈ। ਟੇਬਲ ਤੇ ਬੈਠੀਆਂ ਔਰਤਾਂ ਨਾਲ ਉਸ ਪੋਲੀ ਜਿਹੀ ਗਲਵਕੜੀ ਕੀਤੀ ਤੇ ਉਹਨਾਂ ਦੇ ਨਾਲ ਬੈਠੇ ਸੱਜਣਾਂ ਨੂੰ ਸਿਰ ਨਿਵਾ ਉਹ ਇਕ ਕੁਰਸੀ ਖਿੱਚ ਕੇ ਬਹਿ ਗਈ ਕਈ ਜੋੜੀ ਅੱਖਾਂ ਉਸਦੇ ਵਲ ਉਲ੍ਹਰੀਆਂ ਤੇ ਫਿਰ ਆਪੋ ਆਪਣੇ ਵਿਚ ਮਸਤ ਹੋ ਗਈਆਂ। ਮੇਰੀ ਨਿਗਾਹ ਮਲੋ ਮਲੀ ਉਸ ਵਲ ਹੀ ਖਿੱਚੀ ਗਈ। ਮੈਨੂੰ ਉਹ ਬਹੁਤ ਪਿਆਰੀ ਤੇ ਦਿਲ ਖਿੱਚਵੀਂ ਲਗੀ, ਉਸਦੀ ਖੂਬਸੂਰਤੀ ਅਤੇ ਨਫ਼ਾਸਤ ਨੇ ਮੈਨੂੰ ਉਸ ਵਲ ਖਿੱਚ ਲਿਆ। ਮੈਂ ਨਾਲ ਬੈਠੀ ਪਰਵੇਜ਼ ਨੂੰ ਕਹਿ ਬੈਠੀ ਹਾਇ ਕਿੰਨ੍ਹੀ ਪਿਆਰੀ ਔਰਤ ਹੈ ਕੋਈ ਨਵੀਂ ਆਈ ਲਗਦੀ ਹੈ ਸ਼ਹਿਰ ਵਿਚ, ਬਹੁਤ ਖੂਬਸੂਰਤ ਹੈ।

ਪਰਵੇਜ਼ ਵਿਚੋਂ ਹੀ ਨੱਕ ਚੜਾ ਕੇ ਬੋਲੀ ਕਿਹੜੀ ਖੂਬਸੂਰਤ ਹੈ, ਕੱਲੀਕਾਰੀ ਹੈ, ਜਿਥੇ ਮਰਜੀ ਆਵੇ ਜਾਵੇ, ਜੋ ਮਰਜੀ ਕਰੇ ਕੋਈ ਪੁੱਛਣ ਵਾਲਾ ਨਹੀਂ - ਕੋਈ ਦੱਸਣ ਵਾਲਾ ਨਹੀਂ। ਮੌਜਾਂ ਲੁੱਟਦੀ ਫਿਰਦੀ ਹੈ, ਸੋਹਣੀ ਤਾਂ ਆਪੇ ਹੀ ਆ।

ਮੈਂ ਹੈਰਾਨ ਸਾਂ, 'ਤੈਨੂੰ ਕੀ ਪਤਾ - ਕੀ ਤੂੰ ਉਹਨੂੰ ਜਾਣਦੀ ਹੈ?' ਮੈਂ ਉਸ ਨੂੰ ਪੁੱਛਿਆ।

ਆਹੋ, ਸਾਰਿਆਂ ਨੂੰ ਪਤਾ ਹੈ ਉਸਦਾ ਤਲਾਕ ਹੋਇਆ ਹੈ, ਛੁੱਟੜ ਹੈ - ਕਹਿ ਕੇ ਉਸ ਸਿਰ ਮਾਰਿਆ, ਕੱਲੀ ਰਹਿੰਦੀ ਹੈ, ਮੌਜਾਂ ਹੀ ਲੁੱਟਦੀ ਹੋਣੀ - ਹੋਰ ਉਸ ਟੇਢਾ ਜਿਹਾ ਮੂੰਹ ਬਣਾਇਆ। ਮੇਰੀ ਭੈਣ ਦੀ ਸਹੇਲੀ ਦਸਦੀ ਸੀ, ਉਹ ਜਾਣਦੀ ਹੈ ਇਸ ਨੂੰ, ਉਹੀਓ ਦਸਦੀ ਸੀ ਇਸ ਬਾਰੇ।
ਨੀਟੂ ਵੀ ਵਿਚੇ ਹੀ ਬੋਲ ਪਈ - ਆਹ ਗੁਲਾਬੀ ਜਿਹਾ ਕੁਰਤਾ ਪਾਇਆ ਨਾ ਇਹਨੇ ਕੱਲਾ ਕੁਰਤਾ ਹੀ ਸੱਤ ਹਜਾਰ ਦਾ ਹੈ, ਦੇਖਿਆ ਸੀ ਮੈਂ 'ਨਲਨਿਏ 'ਅਸਹੋਨਿ 'ਟਿਏ ਤੇ ਮੈਂ ਤਾਂ ਲਿਆ ਨਹੀਂ ਕਿਵੇਂ ਅਫੋਰਡ ਕਰਦੀ ਹੈ, ਰਬ ਜਾਣੇ - ਸਾਥੋਂ ਤਾਂ ਹੁੰਦਾ ਨਹੀਂ - ਦੋ ਦੋ ਜਾਣਿਆਂ ਦੀ ਕਮਾਈ ਆਉਂਦੀ ਹੈ ਘਰ ਵਿਚ - ਈਰਖਾ ਨਾਲ ਉਸ ਨੱਕ ਚਾੜਿਆ। ਮੈਂ ਟੇਡੀ ਅੱਖ ਨਾਲ ਹਾਲੇ ਵੀ ਉਸ ਖੂਬਸੂਰਤ ਔਰਤ ਵਲ ਦੇਖ ਰਹੀ ਸਾਂ। ਮੈਨੂੰ ਤਾਂ ਉਹ ਬਹੁਤ ਸਮਝਦਾਰ ਪੜੀ ਲਿਖੀ ਤੇ ਖਾਨਦਾਨੀ ਔਰਤ ਲਗਦੀ ਹੈ ਮੈਂ ਕੁਲਪ੍ਰੀਤ ਨੂੰ ਆਖਿਆ। ਹੋਵੇਗੀ ਕੁਲਪ੍ਰੀਤ ਨੇ ਕਿਹਾ, ਛਡ ਪਰਾਂ ਆ ਜਾ ਆਪਾਂ ਔਰਗਨਾਈਜ਼ਰਸ ਬੀਬੀਆਂ ਨੂੰ ਮਿਲ ਆਈਏ। ਥੋੜੀ ਦੇਰ ਬਾਦ ਹੀ ਪਾਰਟੀ ਦਾ ਦੋਰ ਸ਼ੁਰੂ ਹੋ ਗਿਆ ਸੀ ਸਟੇਜ ਤੇ ਰੋਣਕ ਸ਼ੁਰੂ ਹੋ ਗਈ ਸੀ। ਇਕ ਇਕ ਕਰਦੇ ਭਾਸ਼ਨ ਹੋ ਰਹੀ ਸਨ। ਸਾਰੇ ਬੁਲਾਰੇ ਹੀ ਔਰਤਾਂ ਦੇ ਹੱਕਾਂ, ਅਧਿਕਾਰਾਂ, ਉੱਚੇ ਦਰਜੇ ਦੀਆਂ ਗਲਾਂ ਕਰ ਰਹੇ ਸਨ। ਔਰਤਾਂ ਦੀ ਆਜ਼ਾਦੀ ਸਮਾਜ ਵਿਚ ਭਾਈਵਾਲਤਾ ਬਾਰੇ ਵੱਡੀਆਂ ਵੱਡੀਆਂ ਗਲਾਂ ਕੀਤੀਆਂ ਗਈਆਂ। ਨੀਟੂ ਤੇ ਪਰਵੇਜ਼ ਨੇ ਆਪਣੀ ਵਾਰੀ ਤੇ ਜਾ ਕੇ ਔਰਤਾਂ ਦੇ ਮਾਨ, ਸਨਮਾਨ, ਨਿੱਜਤਾ, ਪੂਰਣ ਆਜ਼ਾਦੀ ਤੇ ਔਰਤਾਂ ਨੂੰ ਆਪਣੀ ਮਰਜੀ ਨਾਲ ਸਵੈਮਾਨ ਨਾਲ ਜਿਉਣ ਦੀਆਂ ਦਲੀਲਾਂ ਦਿਤੀਆਂ ਤੇ ਪਿਛੇ ਰਹਿ ਗਈਆਂ ਔਰਤਾਂ ਨੂੰ ਮੁੱਖ ਧਾਰਾ ਵਿਚ ਲਿਆਉਣ ਲਈ ਹੰਭਲਾ ਮਾਰਨ ਨੂੰ ਪ੍ਰੇਰਿਆ ਅਤੇ ਕੁਝ ਸਿਰ ਕੱਢ ਬੀਬੀਆਂ ਨੂੰ ਸਨਮਾਨਿਤ ਕੀਤਾ ਗਿਆ। ਨਾਚ-ਗਾਣੇ ਨਾਲ ਮਨੋਰੰਜਨ ਕਰਕੇ ਬੀਬੀਆਂ ਨੇ ਆਏ ਮਹਿਮਾਨਾਂ ਨੂੰ ਨਿਵਾਜਿਆ। ਇਹਨਾਂ ਸਾਰੇ ਭਾਸ਼ਨਾਂ ਵਿਚ ਮੇਰੀ ਟੇਬਲ ਤੇ ਬੈਠੀਆਂ ਮੇਰੀਆਂ ਸਹੇਲੀਆਂ ਨੇ ਤਾੜੀਆਂ ਮਾਰ ਸਮਰਥਨ ਦਿੱਤਾ। ਮੇਰਾ ਮਨ ਮੁੜ ਮੁੜ ਨਾਲ ਦੇ ਟੇਬਲ ਤੇ ਬੈਠੀ ਉਸ ਸੁਆਣੀ ਵਲ ਜਾ ਰਿਹਾ ਸੀ। ਉਹ ਇਸ ਸਭ ਪਾਸੇ ਤੋਂ ਬੇਖ਼ਬਰ ਆਪਣੇ ਆਪ ਵਿਚ ਮਸਤ ਬੈਠੀ ਸੀ, ਜਿਵੇਂ ਉਸਨੂੰ ਸਭ ਪਤਾ ਹੋਵੇ ਕੇ ਨਾਲ ਦੇ ਟੇਬਲ ਤੇ ਜਾਂ ਹੋਰ ਆਲੇ ਦੁਆਲੇ ਕੁਝ ਲੋਕ ਉਸ ਬਾਰੇ ਗਲਾਂ ਕਰ ਰਹੇ ਹਨ। ਸ਼ਾਇਦ ਉਸਨੂੰ ਤਜਰਬਾ ਹੋ ਗਿਆ ਸੀ ਕੇ ਲੋਕਾਂ ਨੇ ਤਾਂ ਗਲਾਂ ਕਰਨੀਆਂ ਹੀ ਨੇ।

ਹੁਣ ਪਾਰਟੀ ਪੂਰੇ ਜੋਬਨ ਤੇ ਸੀ, ਕੁਝ ਲੋਕ ਬਾਰ ਕੋਲ ਖੜੋਤੇ ਸਨ, ਬੀਬੀਆਂ ਡਾਂਸ ਫਲੋਰ ਤੇ ਧਮਾਲਾਂ ਪਾ ਰਹੀਆਂ ਸਨ, ਅਸੀ ਵੀ ਇਕ ਗੇੜਾ ਡਾਂਸ ਫਲੋਰ ਤੇ ਮਾਰ ਆਈਆਂ ਸਾਂ ਕੁਝ ਹਾਲੇ ਵੀ ਨੱਚ ਰਹੀਆਂ ਸਨ। ਮੇਰਾ ਧਿਆਨ ਘਰ ਬੱਚਿਆਂ ਵਲ ਸੀ। ਮੈਂ ਡਿਨਰ ਕਰ ਘਰ ਜਾਣ ਦੀ ਕਾਹਲੀ ਵਿਚ ਸਾਂ।

ਬੰਦੇ ਵੀ ਦੋ ਚਾਰ ਪੈਗ ਲਾ ਕੇ ਸਰੂਰ ਵਿਚ ਆਏ ਹੋਏ ਸਨ, ਬਿਗਾਨੀਆਂ ਔਰਤਾਂ ਵਲ ਲਲਚਾਈਆਂ ਨਜਰਾਂ ਨਾਲ ਝਾਕ ਰਹੇ ਸਨ। ਨਾਲ ਦੀ ਟੇਬਲ ਉਤੇ ਬੈਠਿਆਂ ਜੋੜਿਆਂ ਵਿਚੋਂ ਇਕ ਅੱਧਖੜ ਜਿਹਾ ਬੰਦਾ ਉਸ ਖੂਬਸੂਰਤ ਔਰਤ ਵਲ ਡਾਂਸ ਫਲੋਰ ਤੇ ਆਉਣ ਲਈ ਹੱਥ ਵਧਾ ਰਿਹਾ ਸੀ। ਸ਼ਰਾਬ ਦੇ ਨਸ਼ੇ ਕਾਰਨ ਉਸਦੇ ਪੈਰ ਲੜਖੜਾ ਰਹੇ ਸਨ। ਬੈਠੀ ਔਰਤ ਨੇ ਦੂਰੋਂ ਹੀ ਹੱਥ ਜੋੜ ਕੇ ਮਾਫੀ ਮੰਗ ਲਈ ਪਰ ਉਹ ਕਿੱਥੇ ਰੁਕਣ ਵਾਲਾ ਸੀ। ਉਸ ਹੋਰ ਅਗਾਂਹ ਵੱਧ ਕੇ ਉਸ ਔਰਤ ਦਾ ਹੱਥ ਫੜਦਾ ਹੋਇਆ ਬੋਲਿਆ ਆਓ ਮਿਸ 'ਡਾਂਟ ਬੀ ਸਕੇਅਰ' ਕਮਉਨ, ਹੁਣ ਉਸ ਔਰਤ ਨੇ ਕੁਝ ਸਖ਼ਤੀ ਨਾਲ ਵਰਜਿਆ ਤੇ ਬਾਹਰ ਜਾਣ ਲਈ ਖੜੀ ਹੋ ਗਈ। ਬੰਦਾ ਉਥੇ ਖੜਾ ਹੀ ਸੀ ਕੇ ਉਸ ਦੀ ਵਾਈਫ ਨੇ ਉਸ ਨੂੰ ਖਿੱਚ ਕੇ ਕੁਰਸੀ ਤੇ ਬਿਠਾ ਦਿਤਾ ਤੇ ਅੱਬਾ ਤਬਾ ਬੋਲਣ ਲਗ ਪਈ।

ਮੈਂ ਵੀ ਆਪਣੀ ਟੇਬਲ ਛੱਡ ਸ ਖੂਬਸੂਰਤ ਚਿਹਰਾ ਜੋ ਹੁਣ ਗੁੱਸੇ ਨਾਲ ਦਹਿਲ ਰਿਹਾ ਸੀ ਕੋਲ ਖੜੀ ਹੋ ਗਈ ਉਸ ਦੇ ਮੋਢੇ ਤੇ ਹੱਥ ਰੱਖਿਆ। 'ਇਟਸ ਆਲਰਾਈਟ' ਆਖ ਉਸ ਮੇਰਾ ਹੱਥ ਮੋਢੇ ਤੋਂ ਲਾਹ ਦਿਤਾ ਤੇ ਹੌਲੀ ਹੌਲੀ ਬਾਹਰ ਵਲ ਨੂੰ ਤੁਰ ਪਈ। ਉਸ ਦੀ ਤੋਰ ਵਿਚ ਨਜ਼ਾਕਤ ਤੇ ਸਵੈਮਾਨ ਅਜੇ ਵੀ ਸੇ ਤਰਾਂ ਦੀ ਸੀ ਪਰ ਲੋਕਾਂ ਦੀਆਂ ਨਜ਼ਰਾਂ ਹੁਣ ਬਦਲ ਚੁੱਕੀਆਂ ਸਨ। ਉਹਨਾਂ ਦੇ ਸੋਚ ਵਿਚ ਸ਼ਕ ਅਤੇ ਹਿਕਾਰਤ ਵਾਲੇ ਭਾਵ ਰਲ ਮਿਲ ਜੁਲ ਗਏ ਸਨ। ਮੈਂ ਮਨ ਹੀ ਮਨ ਸੋਚ ਰਹੀ ਸਾਂ ਕਿ ਔਰਤ ਨੂੰ ਇਕੱਲਿਆਂ ਵਿਚਰਦੀ ਦੇਖ ਕੇ ਲੋਕਾਂ ਦੇ ਮਨ ਵਿਚ ਅਜੇ ਵੀ ਇਹੋ ਜਿਹੇ ਹੀ ਵਿਚਾਰ ਜਾਗਦੇ ਹਨ ਇਹ ਤਾਂ ਅਸੀ ਸਾਲਾਂ ਪਿਛੇ ਛੱਡ ਆਏ ਸਾਂ, ਇਹਨਾਂ ਮੁਲਖਾਂ ਵਿਚ ਵੀ ਸਾਡੀ ਸੋਚ ਅਜੇ ਅਪਾਹਿਜ ਹੀ ਹੈ। ਮਨ ਬਹੁਤ ਉਦਾਸ ਹੋ ਗਿਆ ਤੇ ਮੈਂ ਵੀ ਪਾਰਟੀ ਤੋਂ ਬਾਹਰ ਆ ਗਈ ਸਾਂ, ਸਾਰੇ ਰਾਹ ਮੈਂ ਪਾਰਟੀ ਬਾਰੇ ਤੇ ਉਸ ਦਿਲਕਸ਼ ਔਰਤ ਬਾਰੇ ਸੋਚਦੀ ਰਹੀ ਤੇ 'ਹੱਥ ਨਾ ਪਹੁੰਚੇ ਥੂਹ ਕੋੜੀ' ਵਾਲੇ ਉਹ ਭਾਵ ਉਸ ਅੱਧਖੜ ਉਮਰ ਦੇ ਬੰਦੇ ਤੇ ਉਸਦੀ ਘਰਵਾਲੀ ਦੀਆਂ ਹਿਕਾਰਤ ਭਰੀਆਂ ਨਜਰਾਂ ਜੋ ਉਸ ਔਰਤ ਵਲ ਸੁੱਟੀਆਂ ਮੈਨੂੰ ਅੰਦਰ ਤਕ ਸਾਕ ਗਈਆਂ ਸਨ। ਘੜ ਆਉਂਦਿਆਂ ਮੈਨੂੰ ਪੂਰੋ ਮਾਸੀ ਬਹੁਤ ਯਾਦ ਆਈ, ਕੋਈ ਤੀਹ ਪੈਂਤੀ ਵਰੇ ਪਹਿਲਾਂ ਦੀ ਗਲ ਹੋਵੇਗੀ, ਜਿਆਦਾ ਚੰਗੀ ਤਰਾਂ ਯਾਦ ਨਹੀਂ ਪਰ ਰਹਿ ਰਹਿ ਕੇ ਮੇਰੇ ਚੇਤੇ ਵਿਚ ਆ ਰਹੀ ਸੀ ਜਿਵੇਂ ਕਹਿ ਰਹੀ ਹੋਵੇ, ਪੂਰੋ ਅਜੇ ਮਰੀ ਨਹੀਂ, ਪੂਰੋ ਤਾਂ ਜਿਉਂਦੀ ਹੈ ਸ਼ਾਇਦ ਹਰ ਤੀਜੀ ਔਰਤ ਵਿਚ, ਇਹੋ ਜਿਹੀ ਹੀ ਇਕ ਸ਼ਾਮ ਸੀ ਮੈਂ ਛੱਤ ਤੇ ਆਪਣੀਆਂ ਸਹੇਲੀਆਂ ਨਾਲ ਖੜੀ ਸਾਂ, ਉਹਨਾਂ ਦਿਨਾਂ ਵਿਚ ਕੁੜੀਆਂ ਦੀ ਇਹੋ ਆਉਟਿੰਗ ਹੁੰਦੀ ਸੀ, ਇਕ ਸਹੇਲੀ ਦੇ ਘਰ ਜਾਣਾ, ਘੰਟਿਆਂ ਬੱਧੀ ਗਲਾਂ ਕਰਨਾ, ਕਦੇ ਛੱਤ ਤੇ ਜਾ ਖਲੋਣਾ ਜਾਂ ਗਲੀ ਦੀ ਨੁਕਰੇ ਖਲੋ ਕੇ ਘੰਟਿਆਂ ਗੱਲੀਂ ਪਏ ਰਹਿਣਾ, ਅਸੀਂ ਛੱਤ ਤੋਂ ਹੇਠਾਂ ਵੇਖਿਆ ਤੇ ਦੋ ਪੁਲਿਸ ਵਾਲੇ ਕਿਸੇ ਔਰਤ ਮਾਸੀ ਪੂਰੋ ਨੂੰ ਹਥਕੜੀ ਲਾਈ ਤੁਰੇ ਜਾ ਰਹੇ ਸਨ। ਹੱਥਕੜੀ ਨਾਲ ਬੱਝੀ ਇਕ ਲੰਮੀ ਸੰਗਲੀ ਦਾ ਇਸ ਸਿਰਾ ਸਿਪਾਹੀ ਦੇ ਲੱਕ ਨਾਲ ਬੱਝੀ ਬੈਲਟ ਨਾਲ ਟੰਗਿਆ ਹੋਇਆ ਸੀ। ਮਾਸੀ ਪੂਰੋ ਦਾ ਰੋ ਰੋ ਬੁਰਾ ਹਾਲ ਸੀ। ਮਾਸੀ ਪੂਰੋ ਦੀ ਚੁੰਨੀ ਸਿਰੋਂ ਲੱਥੀ ਹੋਈ ਸੀ, ਮਾਸੀ ਪੂਰੋ ਦੀ ਉਮਰ ਉਸ ਵੇਲੇ ਕੋਈ 50 ਕੁ ਵਰਿਆਂ ਦੀ ਹੋਵੇਗੀ। ਅਸੀਂ ਕਦੀ ਮਾਸੀ ਨੂੰ ਇਸ ਹਾਲਤ ਵਿਚ ਨਹੀਂ ਸੀ ਵੇਖਿਆ। ਸਾਰੇ ਮੁਹੱਲੇ ਦੇ ਛੋਟੇ ਛੋਟੇ ਨਿਆਣੇ, ਕੁਝ ਵਿਹਲੜ ਬੰਦੇ ਤੇ ਕੁਝ ਹਮਦਰਦ ਜਨਾਨੀਆਂ ਦੀ ਭੀੜ ਜਲੂਸ ਦੀ ਸ਼ਕਲ ਵਿਚ ਮਗਰ ਮਗਰ ਤੁਰ ਰਹੀ ਸੀ। ਮੈਂ ਭੱਜ ਕੇ ਥੱਲੇ ਆਈ, ਡਰ ਤੇ ਫਿਕਰ ਨਾਲ ਮੇਰਾ ਰੋਣ ਨਿਕਲ ਗਿਆ ਸੀ। ਤਾਈ ਤੇ ਬੀਜੀ ਮੈਨੂੰ ਹਲੂਣ ਹਲੂਣ ਕੇ ਪੁਛ ਰਹੀਆਂ ਸਨ ਕੀ ਹੋਇਆ, ਰੋ ਕਿਉਂ ਰਹੀ ਹੈਂ।

ਮਾਸੀ ਪੂਰੋ, ਮਾਸੀ ਪੂਰੋ ਮੇਰੇ ਮੂੰਹੋ ਇਹੀ ਨਿਕ-ਲਆ ਮਾਸੀ ਪੂਰੋ ਬੀਜੀ ਦੇ ਨਾਨਕੇ ਪਿੰਡ ਦੀ ਕੁੜੀ ਸੀ, ਇਸ ਕਰਕੇ ਅਸੀਂ ਉਹਨਾਂ ਨੂੰ ਹਮੇਸ਼ਾ ਮਾਸੀ ਪੂਰੋ ਹੀ ਸੱਦਦੇ ਸੀ। ਮੈਂ "ਉਹ ਮਾਸੀ ਪੂਰੋ ਨੂੰ ਲੈ ਗਏ" ਇੰਨਾ ਆਖ ਬਾਹਰ ਵਲ ਇਸ਼ਾਰਾ ਕਰ ਦਿੱਤਾ। ਤਾਈ ਜੀ ਹੋਰ ਕਾਹਲੀ ਨਾਲ ਬਾਹਰ ਨੂੰ ਨਿਕਲੀਆਂ ਤੇ ਪੂਰੋ ਦੀ ਹਾਲਤ ਵੇਖ ਅਵਾਕ ਰਹਿ ਗਈਆਂ। ਮਾਸੀ ਪੂਰੋ ਵੀ ਇਹਨਾਂ ਨੂੰ ਵੇਖ ਉੱਚੀ ਉੱਚੀ ਰੋਣ ਲਗ ਪਈ, ਹਾਇ ਓ ਰਬ ਦਾ ਵਾਸਤਾ ਜੇ, ਮੈਂ ਕੁਝ ਨਹੀਂ ਕੀਤਾ, ਮੈਨੂੰ ਬਚਾ ਲਿਓ ਭੈਣੋ ਆਖ ਪੂਰੋ ਮਾਸੀ ਹੋਰ ਉਚੀ ਰੋਣ ਲਗ ਪਈ ਸੀ। ਹਾਇ ਨੀ ਭੈਣ, ਆਖੀਂ ਸੂਬੇਦਾਰ ਨੂੰ, ਥਾਨੇਦਾਰ ਨਾਲ ਗਲ ਕਰੇ ਨੀ। ਹਨੇਰ ਸਾਈਂ ਦਾ - ਇਹ ਤਾਂ ਮੇਰੀ ਕੁਝ ਨਹੀਂ ਸੁਣਦੇ, ਬਸ ਹੱਥਕੜੀ ਪਾਈ ਖਿੱਚੀ ਜਾਂਦੇ ਨੇ। ਮਾਸੀ ਦੇ ਵੈਣਾਂ ਨਾਲ ਜਿਵੇਂ ਧਰਤੀ ਪਾਟ ਰਹੀ ਸੀ। ਬੀਜੀ ਤੇ ਤਾਈ ਜੀ ਵੀ ਰੋਣ ਲਗ ਪਈਆਂ। ਐਨੇ ਵਿਚ ਪੁਲਿਸ ਵਾਲੇ ਮਾਸੀ ਨੂੰ ਕਾਫੀ ਅਗਾਂਹ ਲੰਘ ਗਏ ਸਨ ਤੇ ਮਗਰ ਹੁੱਲੜ ਪਾਉਂਦੀ ਵਿਹਲੜਾ ਦੀ ਭੀੜ ਕਿਸੇ ਨੂੰ ਪੂਰੋ ਮਾਸੀ ਦੀ ਵੇਦਨਾ ਦੀ ਕੋਈ ਫਿਕਰ ਨਹੀਂ ਸੀ ਉਹਨਾਂ ਲਈ ਤੇ ਇਹ ਹਾਸਾ ਠੱਠਾ ਸੀ। ਤਾਈ ਜੀ ਨੇ ਘਰੇ ਆਉਂਦਿਆਂ ਹੀ ਤਾਇਆ ਜੀ ਦੇ ਹਾੜੇ ਕੱਢਨੇ ਸ਼ੁਰੂ ਕਰ ਦਿੱਤੇ ਜੀ ਜਾਓ - ਪੂਰੋ ਨੂੰ ਛੁੱਡਾ ਕੇ ਲਿਆਓ, ਪਤਾ ਨਹੀਂ ਪੂਰੋ ਨਾਲ ਕੀ ਕਰਨਗੇ। ਛੇਤੀ ਕਰੋ ਜੀ - ਆਖ ਤਾਈ ਜੀ ਵੀ ਰੋਣ ਲਗ ਪਏ। ਜਾਨਾ ਹਾਂ, ਚੁਪ ਕਰ ਜਾਹ ਤੇ ਅੰਦਰੋ ਮੇਰੇ ਕਪੜੇ ਅਤੇ ਬਟੂਆ ਕੱਢ। ਉਹਨਾਂ ਜਿਵੇਂ ਰੋਹਬ ਜਿਹੇ ਆਖਿਆ। ਮੈਂ ਤੇ ਗਿੰਦਰ ਭੈਣ ਨੇ ਫਟਾਫਰ ਤਾਇਆ ਜੀ ਦੇ ਬਾਹਰ ਜਾਣ ਵਾਲੇ ਬੂਟ-ਜੁਰਾਬਾਂ ਅੰਦਰ ਸੈਲਫ ਤੇ ਪਈ ਬੰਨੀ ਬਨ੍ਹਾਈ ਪੱਗ ਲਿਆ, ਸਾਹਮਣੇ ਮੇਜ ਤੇ ਲਿਆ ਧਰੀ ਜੋ ਥੋੜੀ ਦੇਰ ਪਹਿਲਾਂ ਹੀ ਤਾਇਆ ਜੀ ਅੰਦਰ ਲਾਹ ਕੇ ਆਏ ਸਨ। ਦਸ ਪੰਦਰਾਂ ਮਿੰਟਾਂ ਵਿਚ ਹੀ ਤਾਇਆ ਜੀ ਤਿਆਰ ਹੋ ਬੁਲੇਟ ਸਟਾਰਟ ਕੀਤਾ ਤੇ ਥਾਣੇ ਵਲ ਚਲ ਪਏ। ਮਾਸੀ ਨੂੰ ਸਿਪਾਹੀ ਪੈਦਲ ਲੈ ਕੇ ਜਾ ਰਹੇ ਸਨ ਤੇ ਸਾਰੇ ਸ਼ਹਿਰ ਵਿਚ ਲਾ-ਲਾਅ ਹੋ ਰਹੀ ਸੀ। ਕੁਝ ਲੋਕ ਟਿੱਚਰਾਂ ਕਰ ਕਰ ਹੱਸ ਰਹੇ ਸਨ ਤੇ ਕੁਝ ਫਿਕਰ ਤੇ ਹਮਦਰਦੀ ਨਾਲ ਵੇਖ ਪਿਛਾਂਹ ਹੱਟ ਜਾਂਦੇ ਸਨ, ਪਰ ਮਦਦ ਲਈ ਕੋਈ ਅੱਗੇ ਨਹੀਂ ਆਇਆ। ਤਾਇਆ ਜੀ ਤ੍ਰਿਕਾਲਾਂ ਦੇ ਗਏ ਸਨ ਤੇ ਹੁਣ ਹਨੇਰਾ ਹੋ ਗਿਆ ਸੀ। ਐਨੇ ਚਿਰ ਵਿਚ ਮੋਟਰਸਾਈਕਲ ਦੀ ਆਵਾਜ ਆਈ, ਤਾਇਆ ਜੀ ਵਾਪਿਸ ਆ ਗਏ ਸਨ। ਤਾਈ ਜੀ ਤੇ ਮੰਮੀ ਨੂੰ ਹੌਲੀ ਹੌਲੀ ਕੁਝ ਦਸ ਰਹੇ ਸਨ। ਸਾਨੂੰ ਦੂਰ ਭਜਾ ਦਿਤਾ ਸੀ। ਪਰ ਅਸੀਂ ਵੀ ਦੂਰੋਂ ਦੂਰੋਂ ਹੀ ਬਿੜਕਾਂ ਲੈ ਰਹੇ ਸਾਂ। ਤਾਇਆ ਜੀ ਗਲ ਮੁਕਾ ਕੇ ਬਸ ਠੰਡਾ ਜਿਹਾ ਸਾਹ ਲੈ ਕੇ ਬੋਲੇ,

"ਕੱਲੀ ਜਨਾਨੀ ਦਾ ਕੀ ਬਣਦਾ ਹੈ, ਇਸ ਜਮਾਨੇ ਵਿਚ ਕੱਲਾ ਤਾਂ ਰੁਖ਼ ਵੀ ਨਾ ਹੋਵੇ।" ਲੋਕ ਕਿਥੇ ਜੀਣ ਦਿੰਦੇ ਨੇ ਤਾਈ ਜੀ ਹਾਲੇ ਵੀ ਹਟਕੋਰੇ ਭਰ ਰਹੇ ਸਨ। ਬੀਜੀ ਨੇ ਥੋੜੇ ਹੌਸਲੇ ਨਾਲ ਪੁਛਿਆ ਹੁਣ ਕੀ ਬਣੇਗਾ ਫਿਰ? ਵਕੀਲ ਨਾਲ ਗਲ ਕਰ ਕੇ ਆਇਆ ਹਾਂ। ਅੱਜ ਸ਼ਨੀਚਰਵਾਰ ਹੈ ਤੇ ਸੋਮਵਾਰ ਨੂੰ ਹੀ ਜਮਾਨਤ ਹੋਵੇਗੀ। ਦਸ ਵਜੇ ਤਹਸੀਲਦਾਰ ਦੇ ਪੇਸ਼ ਕਰਨਗੇ। ਛੱਡ ਤਾਂ ਦੇਣਗੇ ਕੋਈ ਸਬੂਤ ਹੀ ਹੈ ਨੀ। ਝੂਠਾ ਕੇਸ ਪਾਇਆ ਹੈ, ਪਰ ਬਦਨਾਮੀ ਬਹੁਤ ਹੋ ਗਈ ਹੈ। ਕਿਸ ਕਿਸ ਨੂੰ ਸਮਝਾਏਗੀ ਵਿਚਾਰੀ। ਲੋਕ ਤਾਂ ਖੰਬਾਂ ਦੀਆਂ ਡਾਰਾਂ ਬਣਾਉਂਦੇ ਨੇ, ਜੀਣਾ ਔਖਾ ਕਰਤਾ ਵਿਚਾਰੀ ਵਿਧਵਾ ਜਨਾਨੀ ਦਾ। ਤਾਇਆ ਜੀ ਨੇ ਗਲ ਮੁਕਾਈ। ਤਾਈ ਜੀ ਡਾਢੇ ਹਰਖ ਨਾਲ ਬੋਲੇ ਹਹ ਹਾ, ਕੱਖ ਨਾ ਰਹੇ, ਤੇਰਾ ਉਨਤਰਿਆ, ਤੇਰਾ ਬੀਜ਼ ਨਾਸ ਹੋ ਜੇ, ਜਗੋਂ ਤੇਹਰਵੀਂ ਕੀਤੀਉ। ਆਖ ਵਾਹਿਗੁਰੂ ਵਾਹਿਗੁਰੂ ਕਰਨ ਲਗ ਪਏ। ਅਸੀਂ ਸਹਿਮ ਕੇ ਬੀਜੀ ਕੋਲ ਚੌਂਕੇ ਵਿਚ ਆ ਬੈਠੀਆਂ। ਬੀਜੀ ਸਾਗ ਵਿਚ ਕੜਛੀ ਮਾਰਦੇ ਮਾਰਦੇ ਸੋਚੀਂ ਪੈ ਗਏ। ਕਿਨ੍ਹੀ ਚੰਗੀ ਆ ਨਾ ਮਾਸੀ ਪੂਰੋ, ਮੈਂ ਹੌਲੀ ਜਿਹੀ ਮੰਮੀ ਵਲ ਸਵਾਲ ਸੁਟਿਆ? ਹੋਰ ਤੇ ਗਲ ਮੈਨੂੰ ਕੋਈ ਸੁਝੀ ਨਹੀਂ ਸੀ ਗਲ ਕਰਨ ਨੂੰ ਤੇ ਉਹਨਾਂ ਨੂੰ ਫਿਕਰ ਚੋਂ ਬਾਹਰ ਕਢਨ ਨੂੰ। ਧੀਏ, ਮਾਂ ਨੇ ਲੰਮਾ ਸਾਹ ਲਿਆ। ਫੌਜੀ ਜੇ ਚਾਰ ਵਰੇ ਹੋਰ ਜਿਉਂਦਾ ਰਹਿੰਦਾ ਤਾਂ ਆਹ ਦਿਨ ਨਹੀਂ ਸੀ ਆਉਣਾ।

ਗਿੰਦਰ ਉੱਚੀ ਸਾਰੀ ਬੋਲੀ - ਮਾਸੜ ਜੀ ਨੇ ਕੀ ਕਰ ਲੈਣਾ ਸੀ - ਉਸਦੀ ਕੀਹਨੇ ਸੁਣਨੀ ਸੀ, ਹਰ ਵੇਲੇ ਤੇ ਤਾਂ ਮੰਜੇ ਤੇ ਪਏ ਰਹਿੰਦੇ ਸੀ। ਮੈਂ ਵੀ ਭੈਣ ਦੀ ਹਾਂ ਵਿਚ ਹਾਂ ਮਿਲਾਈ। ਸਾਰਾ ਦਿਨ ਤਾਂ ਮਾਸੜ ਜੀ ਮੰਜੇ ਤੇ ਪਏ ਰਹਿੰਦੇ ਸਨ ਬਸ ਲੈਟਰੀਨ ਜਾਂ ਪਿਸ਼ਾਬ ਕਰਨ ਜਾਣ ਲਗਿਆ ਹੀ ਭੋੜੀਆਂ ਨਾਲ ਤੁਰਦੇ ਸਨ। ਮੈਂ ਭੋਲਪੁਣੇ ਵਿਚ ਆਖਿਆ। ਹਾਂ ਪੁੱਤ - ਆਦਮੀ ਤਾਂ ਸਿਰ ਤੇ ਬੈਠਾ ਸੀ ਨਾ - ਆਹ ਝੂਠੀਆਂ ਤੋਹਮਤਾਂ ਤਾਂ ਸਿਰ ਤੇ ਨਾ ਲਗਦੀਆਂ। ਭਾਵੇਂ ਬਿਸਤਰੇ ਤੇ ਹੀ ਪਿਆ ਰਹਿੰਦਾ ਹੋਰ ਚਾਰ ਸਾਲ। ਉਹਨਾ ਹਉਕਾ ਭਰਿਆ।

ਮੇਰੀ ਸੋਚਾਂ ਦੀ ਲੜੀ ਵੀ ਪੰਜ ਸੱਤ ਸਾਲ ਪਿਛੇ ਚਲੀ ਗਈ। ਮਾਸੀ ਪੂਰੋ ਹੰਸੂ ਹੰਸੂ ਕਰਦੇ ਚਿਹਰੇ ਵਾਲੀ ਇਕ ਭਰੀ ਪੁਰੀ ਔਰਤ ਸੀ। ਹਰ ਵੇਲੇ ਮੁਸਕਾਨ ਉਹਨਾਂ ਦੇ ਚਿਹਰੇ ਤੇ ਖੇਡਦੀ ਰਹਿੰਦੀ। ਮਾਸੜ ਜੀ ਦੀ ਲੱਤ 1971 ਦੀ ਲੜਾਈ ਵਿਚ ਜੰਗ ਵਿਚ ਲੜਦਿਆਂ ਜਖ਼ਮੀ ਹੋ ਗਈ ਸੀ ਤੇ ਪੱਟ ਕੋਲੋਂ ਕੱਟਣੀ ਪੈ ਗਈ ਸੀ। ਆਰਮੀ ਵਾਲਿਆਂ ਕੁਝ ਪੈਸੇ ਦੇ ਕੇ ਸਮੇਂ ਤੋਂ ਪਹਿਲਾਂ ਰਿਟਾਇਰ ਕਰ ਦਿੱਤਾ ਸੀ। ਕਿਉਂਕਿ ਉਹ ਹੁਣ ਫੌਜ ਦੇ ਕਾਬਿਲ ਨਹੀਂ ਸਨ ਰਹੇ। ਮਾਸੀ ਇਹ ਦੁਖ ਰਬ ਦਾ ਭਾਣਾ ਮੰਨ ਕੇ ਕੱਟ ਰਹੀ ਸੀ ਤੇ ਰਿਟਾਇਰਮੈਂਟ ਤੇ ਮਿਲੇ ਪੈਸਿਆਂ ਨਾਲ ਇਕ ਖੁਲ੍ਹਾ ਪਲਾਟ ਖਰੀਦ ਲਿਆ ਸੀ ਤੇ ਇਕੋ ਕਤਾਰ ਵਿਚ ਚਾਰ ਕਮਰੇ ਪਾ ਕੇ ਅੱਗੇ ਬਰਾਂਡਾ ਛੱਡ ਲਿਆ ਸੀ। ਬਸ ਇਕੋ ਇਕ ਇਹ ਉਹਨਾਂ ਦੀ ਮਲਕੀਅਤ ਸੀ।ਉਹਨਾਂ ਦੇ ਘਰ ਕੋਈ ਬੱਚਾ ਵੀ ਨਹੀਂ ਸੀ ਇਸ ਕਰਕੇ ਅਸੀਂ ਅਕਸਰ ਨਿਕੇ ਹੁੰਦਿਆਂ ਉਹਨਾਂ ਦੇ ਘਰ ਜਾਂਦੇ ਹੁੰਦੇ ਸੀ। ਇਕ ਕਮਰੇ ਵਿਚ ਸਾਫ ਸੁਥਰੇ ਬਿਸਤਰੇ ਤੇ ਮਾਸੜ ਜੀ ਪਏ ਹੁੰਦੇ। ਉਹਨਾਂ ਦੇ ਸਿਰਹਾਨੇ ਛੋਟਾ ਜਿਹਾ ਟੇਬਲ ਫੈਨ ਲਗਾ ਹੁੰਦਾ ਤੇ ਇਕ ਪਾਣੀ ਦਾ ਜਗ ਢਕਿਆ ਰਹਿੰਦਾ। ਕੰਧ ਨਾਲ ਲਗੀਆਂ ਦੋ ਲਕੜ ਦੀਆਂ ਫੌੜੀਆਂ। ਜਿਹਨਾਂ ਦੀ ਵਰਤੋਂ ਉਹ ਕਦੇ ਕਦੇ ਕਰਦੇ ਤੇ ਸਾਰਾ ਦਿਨ ਕੰਧ ਵਲ ਮੂੰਹ ਕਰ ਕੇ ਪਏ ਰਹਿੰਦੇ।

ਨਾਲ ਦੇ ਤਿੰਨ ਕਮਰੇ ਮਾਸੀ ਨੇ ਕਿਰਾਏ ਦੇ ਦਿੱਤੇ ਹੋਏ ਸਨ, ਮਾਸੜ ਜੀ ਦੀ ਪੈਨਸ਼ਨ ਤੇ ਕਿਰਾਏ ਨਾਲ ਗੁਜ਼ਾਰਾ ਸੋਹਣਾ ਚਲੀ ਜਾਂਦਾ ਸੀ। ਮਾਸੀ ਦੇ ਕਮਰੇ ਵਿਚ ਇਕ ਮਾਸੜ ਜੀ ਦਾ ਮੰਜਾ, ਇਕ ਨੁਕਰੇ ਪੇਟੀ - ਜਿਸ ਉਪਰ ਸੋਹਣਾ ਕਢਾਈ ਵਾਲਾ ਕਪੜਾ ਵਿਛਿਆ ਹੁੰਦਾ ਤੇ ਇਕ ਪਾਸੇ ਦੋ ਬੈਂਤ ਦੀਆਂ ਕੁਰਸੀਆਂ ਤੇ ਅੱਗੇ ਲਕੜ ਦਾ ਗੋਲ ਮੇਜ਼, ਜਿਸ ਉਪਰ ਵੀ ਕਰੋਸ਼ਿਆ ਦਾ ਬਨਿਆ ਹੋਇਆ ਮੇਜ਼ ਪੋਸ਼ ਵਿਛਿਆ ਹੁੰਦਾ। ਬਹੁਤ ਸਾਫ ਸੁਥਰਾ, ਸਾਦਾ ਖੁਲਾ ਕਮਰਾ ਤ ਲੋਰ ਪੈਣ ਤੇ ਕਮਰੇ ਦੇ ਵਿਚਕਾਰ ਦੋ ਮੰਜੇ ਡਾਹੇ ਜਾਂਦੇ। ਜਰੂਰਤ ਮੁਤਾਬਕ ਸਭ ਕੁਝ ਸੀ ਮਾਸੀ ਕੋਲ। ਕਮਰੇ ਦੇ ਬਾਹਰ ਬਰਾਂਡੇ ਵਿਚ ਰਸੋਈ ਤੇ ਘਰ ਦੀ ਨੁਕਰੇ ਬਣਿਆ ਇਕ ਵੱਡਾ ਗੁਸਲਖਾਨਾ ਤੇ ਇਕ ਪਾਸੇ ਖੂਹੀ ਵਾਲੀ ਲੈਟਰੀਨ। ਮਾਸੀ ਪੂਰੀ ਜੁਗਤ ਨਾਲ ਘਰ ਚਲਾ ਰਹੀ ਸੀ। ਲੋੜ ਪੈਣ ਤੇ ਮੁਹੱਲੇ ਵਾਲੇ ਵੀ ਥੋੜੇ ਬਹੁਤ ਪੈਸੇ ਉਧਾਰ ਮੰਗ ਲਈਂਦੇ ਤੇ ਥੋੜੇ ਚਿਰ ਬਾਅਦ ਮੋੜ ਦਿੰਦੇ। ਮਾਸੀ ਦਾ ਗਲੀ ਵਿਚ ਪੂਰਾ ਰੋਹਬ ਸੀ। ਮਾਸੀ ਘਰ ਆਏ ਗਏ ਨੂੰ ਚਾਹ-ਪਾਣੀ ਬਗੈਰ ਨਾ ਜਾਣ ਦਿੰਦੀ। ਥੋੜਾ ਚਿਰ ਹੋਇਆ ਮਾਸੜ ਜੀ ਪੂਰੇ ਹੋ ਗਏ ਸਨ ਤੇ ਨਾਲ ਹੀ ਮਿਲਨ ਵਾਲੀ ਪੈਨਸ਼ਨ ਵੀ ਘਟ ਕੇ ਤੀਜਾ ਹਿੱਸਾ ਰਹਿ ਗਈ ਸੀ। ਇਕ ਦਿਨ ਬੀਜੀ ਵੀ ਗਲ ਕਰ ਰਹੇ ਸਨ ਕੇ ਪੂਰੋ ਹਾਰੀ ਜਿਹੀ ਲਗਦੀ ਹੈ ਹੁਣ। ਇਕ ਕਿਰਾਏਦਾਰ ਰਹਿਮਾਨ ਜੋ ਯੂ.ਪੀ. ਤੋਂ ਸੀ ਸ਼ੁਰੂ ਤੋਂ ਹੀ ਮਾਸੀ ਦੇ ਬਹੁਤ ਨੇੜੇ ਸੀ। ਜਦੋਂ ਮਾਸੜ ਜਿਉਂਦੇ ਸਨ ਮਾਸੜ ਜੀ ਦਾ ਮੰਜਾ ਅੰਦਰ ਬਾਹਰ ਕਰਵਾਉਂਦਾ ਸੀ, ਘਰ ਦੇ ਕੰਮ ਵੀ ਭੱਜ ਨੱਸ ਕੇ ਕਰਵ-ਾਉਂਦਾ ਸੀ, ਵੇਖਣ ਵਾਲੇ ਨੂੰ ਉਹ ਘਰ ਦਾ ਜੀਅ ਹੀ ਜਾਪਦਾ ਸੀ। ਧੀ ਪੁੱਤ ਨਾ ਹੋਣ ਕਰਕੇ ਮਾਸੀ ਨੂੰ ਉਸ ਮੁੰਡੇ ਵਾਹਵਾ ਸੁੱਖ ਸੀ ਕੋਈ ਤੀਹ ਕੁ ਵਰਿਆਂ ਦਾ ਹੋਵੇਗਾ। ਘਰ ਦੇ ਨਿਕੇ ਮੋਟੇ ਕੰਮ ਕਾਰਨ ਘਰ ਦੇ ਸਾਰੇ ਭੇਦ ਜਾਣਦਾ ਸੀ।

ਉਸ ਸਾਰੀ ਰਾਤ ਮੈਂ ਮਾਸੀ ਬਾਰੇ ਹੀ ਸੋਚੀ ਗਈ ਤੇ ਸਵੇਰੇ ਉਠਦਿਆਂ ਹੀ ਪੁਛਿਆ ਕੇ ਮਾਸੀ ਦਾ ਕੋਈ ਰਿਸ਼ਤੇਦਾਰ ਨਹੀਂ ਹੈ। ਬੀਜੀ ਹਉਕਾ ਜਿਹਾ ਭਰ ਕੇ ਬੋਲੇ - ਕਿਹਰਾ ਰਿਸ਼ਤੇਦਾਰ ਇਕ ਭਰਾ ਸੀ ਉਸਦਾ, ਕਦੋਂ ਦਾ ਮੁੱਕ ਗਿਆ ਤੇ ਭਤੀਜਾ-ਭਤੀਜੀ ਨੇ ਆਪੋ ਆਪਣੀ ਕਬੀਲਦਾਰੀ ਚ ਰੁੱਝੇ। ਦੂਰ ਕਿਤੇ ਮੁਕਤਸਰ ਵਲ ਰਹਿੰਦੇ ਨੇ। ਤੇ ਮਾਸੜ ਦੇ? ਮੈਂ ਅਗਲਾ ਸਵਾਲ ਦਾਗਿਆ। ਜਦੋਂ ਫੌਜੀ ਜੀਂਦਾ ਸੀ ਕਦੇ ਕਦੇ ਆਉਂਦੇ ਸੀ ਜਦ ਫੌਜੀ ਪੂਰਾ ਹੋ ਗਿਆ, ਆਖਣ ਲਗੇ ਆਹ ਮਕਾਨ ਵੇਚ ਦੇ ਪਿੰਡ ਆ ਕੇ ਰਹੋ। ਇਥੇ "ਕੱਲੀ ਜਨਾਨੀ ਦਾ ਕੀ ਬਣਦਾ ਏ" ਪਰ ਤੇਰੀ ਮਾਸੀ ਨਹੀਂ ਮੰਨੀ। ਉਹ ਕਹਿੰਦੀ ਮੇਰੀ ਰਕਮ ਖੁਰਦ ਬੁਰਦ ਕਰ ਦੇਣਗੇ ਤੇ ਮੈਂ ਬੁਢੇ ਵਾਰੇ ਕਿਥੇ ਧੱਕੇ ਖਾਉਂਗੀ। ਅਜੇ ਤਾਂ ਮੇਰੇ ਨੈਣ ਪਰੈਣ ਚਲਦੇ ਹਨ ਤੇ ਕਲ ਨੂੰ ਕੀ ਬਣੇਗਾ ਸੋ ਥੋੜੇ ਪੈਸੇ ਜੋੜ ਲਵਾਂ। ਨਾਲੇ ਕਿੰਨਾ ਲੈਣਾ ਦੇਣਾ ਖਿਲਰਿਆ ਪਿਆ ਹੈ ਮੇਰਾ, ਉਹ ਵੀ ਸੰਭਾਲਨਾ ਹੈ। ਸੋ ਤੇਰੀ ਮਾਸੀ ਨੇ ਜਵਾਬ ਦੇ ਤਾ, ਫਿਰ ਕੋਈ ਨਹੀਂ ਬਹੁੜਿਆ।

ਮੈਨੂੰ ਜਿਵੇਂ ਚੇਤਾ ਆਇਆ ਰਹਿਮਾਨ ਵੀ ਤਾਂ ਹੈ, ਉਹ ਤਾਂ ਮਾਸੀ ਨੂੰ ਬੜਾ ਮੰਨਦਾ ਹੈ, ਨਾਲੇ ਉਸਦਾ ਤਾਂ ਮਾਸੀ ਨੇ ਪਿੱਛੇ ਜਿਹੇ ਵਿਆਹ ਵੀ ਕਰਾਤਾ ਸੀ, ਉਹ ਕਿਉਂ ਨਹੀਂ ਕਰਦਾ ਕੁਝ? ਮੈਨੂੰ ਜਿਵੇਂ ਮਸਲੇ ਦਾ ਹਲ ਲੱਭ ਪਿਆ ਹੋਵੇ।

ਉਸੇ ਦੇ ਤੇ ਪਵਾੜੇ ਨੇ, ਬੀਜੀ ਗੁੱਸੇ ਚ ਬੋਲੇ "ਬੇਗਾਨੇ ਪੁੱਤ ਵੀ ਕਦੇ ਮਿਤ ਹੋਏ ਨੇ" ਆਖ ਮਾਂ ਹੌਲੀ ਹੌਲੀ ਕੁਝ ਬੁੜ ਬੁੜਾਉਣ ਲਗ ਪਈ। ਕੰਜਰ ਨੇ ਘਰ ਹਥਿਆਉਣ ਲਈ ਕਿੰਨੇ ਪਾਪੜ ਵੇਲੇ, ਜਦੋਂ ਗਲ ਨਹੀਂ ਬਣੀ ਤੇ ਝੂਠ ਪੁਲਿਸ ਚੜਾ ਤੀ, ਅਖੇ ਧੰਧਾ ਕਰਦੀ ਹੈ, ਆਖ ਬੀਜੀ ਨੇ ਜੀਭ ਦਬ ਲਈ, ਜਿਵੇਂ ਕਿਸੇ ਨੂੰ ਸੁਣ ਨਾ ਜਾਵੇ।

ਮੈਨੂੰ ਉਦੋਂ ਕੋਈ ਬਹੁਤੀ ਸਮਝ ਤੇ ਨਹੀਂ ਆਈ ਪਰ ਇੰਨਾ ਪਤ ਲਗ ਗਿਆ ਕਿ ਕੋਈ ਮਾੜਾ ਇਲਜਾਮ ਲਗਾ ਹੈ ਮਾਸੀ ਤੇ ਜੋ ਪੁਲਿਸ ਫੜ ਕੇ ਲੈ ਗਈ ਹੈ ਤੇ ਇਹ ਸਭ ਕੁਝ ਰਹਿਮਾਨ ਦਾ ਕੀਤਾ ਕਰਾਇਆ ਹੈ ਜਾਣ ਕੇ ਹੋਰ ਵੀ ਹੈਰਾਨੀ ਹੋਈ ਕਿਉਂਕਿ ਉਹ ਤਾਂ ਮਾਸੀ ਦਾ ਪੁੱਤ ਬਣਿਆ ਹੋਇਆ ਸੀ।

ਮੈਂ ਕੁਝ ਹੋਰ ਪੁਛਣਾ ਚਾਹੁੰਦੀ ਸੀ ਪਰ ਬੀਜੀ ਨੇ ਪੋਲਾ ਜਿਹਾ ਦਬਕਾ ਮਾਰ ਉਠਾ ਦਿਤਾ ਕਿ ਜਾ ਪੜ ਬਹੁਤਾ ਨਹੀਂ ਬੋਲੀਦਾ। ਥੋੜੇ ਦਿਨ ਉਦਾਸ ਰਹਿਣ ਤੋਂ ਬਾਦ ਮੈਂ ਸਾਰੀ ਗਲ ਭੁਲ ਗਈ। ਪਤਾ ਨਹੀਂ ਪੂਰੋ ਮਾਸੀ ਦਾ ਕੀ ਬਣਿਆ? ਪਰ ਇਕ ਗਲ ਜੋ ਹਮੇਸ਼ਾ ਯਾਦ ਰਹੀ ਕੇ "ਕੱਲੀ ਜਨਾਨੀ ਦਾ ਕੀ ਬਣਦਾ ਹੈ।" ਅੱਜ ਦੀ ਘਟਨਾ ਨੇ ਫਿਰ ਤੋਂ ਜਖ਼ਮ ਖੁਰਚ ਦਿੱਤਾ ਸੀ। ਮੈਂ ਤਾਂ ਸੋਚਦੀ ਸਾਂ ਕਿ ਜਮਾਨਾ ਬਹੁਤ ਬਦਲ ਗਿਆ ਹੈ, ਕਿ ਔਰਤ ਅੱਜ ਆਜ਼ਾਦ ਹੈ, ਉਹ ਬਹੁਤ ਕੁਝ ਕਰ ਸਕਦੀ ਹੈ, ਚੰਦ ਤੇ ਜਾ ਆਈ ਹੈ, ਵੱਡੀਆਂ ਵੱਡੀਆਂ ਪੁਲਾਂਘਾ ਪੁੱਟ ਰਹੀ ਹੈ। ਇਸ ਸਮਾਜ ਵਿਚ ਔਰਤ ਪੂਰੇ ਮਾਨ ਸਨਮਾਨ ਨਾਲ ਜੀ ਰਹੀ ਹੈ, ਪਰ ਕੀ ਸੱਚੀਂ ਸਾਡੀ ਸੋਚ ਬਦਲ ਗਈ ਹੈ।

# ਕੋਰੋਨਾ ਮਗਰੋਂ, ਕਾਸ਼! ਅਜਿਹਾ ਹੋ ਜਾਵੇ



ਸੰਜੀਵਨ ਸਿੰਘ
91-94174-6065

ਵੈਸੇ ਤਾਂ ਸੁਪਨਿਆਂ ਦਾ ਮਰ ਜਾਣਾ ਵੀ ਖਤਰਨਾਕ ਹੁੰਦਾ ਹੈ ਪਰ ਵਿਸ਼ਵਾਸ਼ ਦਾ ਤਿੜਕ ਜਾਣਾ, ਭਰੋਸੇ ਦਾ ਟੁੱਟ ਜਾਣਾ ਵੀ ਘੱਟ ਖਤਰਨਾਕ ਨਹੀਂ ਹੁੰਦਾ।ਇਕ ਚੈਨਲ, ਮਨੁੱਖ ਵੱਲੋਂ ਆਪੇ ਸਹੇੜੀ ਕੋਰੋਨਾ ਵਰਗੀ ਸਭ ਤੋਂ ਭਿਅੰਕਰ ਤੇ ਖ਼ਤਰਨਾਕ ਬਿਪਤਾ ਦਾ ਮਨੁੱਖੀ ਪਲਾਜ਼ਮਾ ਰਾਹੀ ਇਲਾਜ਼ ਦਾ ਜ਼ਿਕਰ ਵਾਰ ਵਾਰ ਕਰ ਰਿਹਾ ਸੀ।ਉਸ ਚੈਨਲ ਦੇ ਅਨੁਸਾਰ ਅਮਰੀਕਾ, ਇੰਗਲੈਂਡ, ਕੇਨੈਡਾ ਅਤੇ ਯੂਰਪ ਦੇ ਹੋਰ ਮੁਲਕਾਂ ਤੋਂ ਇਲਾਵਾ ਭਾਰਤ ਵਿਚ ਕੇਰਲਾ ਤੇ ਪੰਜਾਬ ਵਿਚ ਪਲਾਜ਼ਮਾ ਰਾਹੀਂ ਕੋਰੋਨਾ ਦੇ ਇਲਾਜ਼ ਦੇ ਯਤਨ ਆਰੰਭੇ ਹੋ ਚੁੱਕੇ ਹਨ।ਇਹ ਪਲਾਜ਼ਮਾ ਕੋਰੋਨਾ ਦੀ ਬਿਮਾਰੀ ਤੋਂ ਉੱਭਰ ਚੁੱਕੇ ਮਰੀਜ਼ਾਂ ਦੇ ਖ਼ੂਨ ਵਿਚੋਂ ਲਿਆ ਜਾਂਦਾ ਹੈ ਤੇ ਅੱਗੋਂ ਚਾਰ ਮਰੀਜ਼ਾਂ ਨੂੰ ਉਹ ਪਲਾਜ਼ਮਾ ਚੜ੍ਹਾ ਦਿੱਤਾ ਜਾਂਦਾ ਹੈ।ਇਸ ਤਰਾਂ ਉਹ ਮਰੀਜ਼ ਬਹੱਤਰ ਘੰਟਿਆਂ ਵਿਚ ਕੋਰੋਨਾ ਦੀ ਬਿਮਾਰੀ ਉਪਰ ਜਿੱਤ ਪ੍ਰਾਪਤ ਕਰ ਲੈਂਦਾ ਹੈ।ਪਰ ਫੇਰ ਵੀ ਮੈਂ ਅਖ਼ਬਾਰ ਦਾ ਇੰਤਜ਼ਾਰ ਸਵੇਰ ਹੋਣ ਤੱਕ ਕੀਤਾ ਤਾਂ ਜੋ ਖਬਰ ਦੀ ਪੁਸ਼ਟੀ ਹੋ ਸਕੇ।ਇਹਨੂੰ ਕਹਿੰਦੇ ਨੇ ਵਿਸ਼ਵਾਸ਼ ਦਾ ਤਿੜਕ ਜਾਣਾ, ਭਰੋਸੇ ਦਾ ਟੁੱਟ ਜਾਣਾ।

ਵਿਸ਼ਵ ਦੇ ਇਤਿਹਾਸ ਵਿਚ ਕੋਰੋਨਾ ਪਹਿਲੀ ਮਹਾਂਮਾਰੀ ਹੈ ਜਿਸ ਨੇ ਪੂਰੀ ਦੁਨੀਆਂ ਨੂੰ ਆਪਣੀ ਜਕੜ ਤੇ ਪਕੜ ਵਿਚ ਲੈ ਲਿਆ ਹੈ।ਇਸ ਤੋਂ ਪਹਿਲਾਂ ਕਿਸੇ ਬਿਪਤਾ ਨੇ ਸਾਰੀ ਦੀ ਸਾਰੀ ਮਨੁੱਖਤਾ ਨੂੰ ਆਪਣੇ ਸ਼ਿਕੰਜੇ ਵਿਚ ਨਹੀਂ ਸੀ ਕੱਸਿਆ। ਕੁੱਝ ਕੁ ਮੁਲਕ ਹੀ ਅਸਰ ਅੰਦਾਜ਼ ਹੁੰਦੇ ਰਹੇ ਹਨ।ਸ਼ਾਇਦ ਇਸੇ ਲਈ ਕੁੱਝ ਕੁ ਦੇਸਾਂ ਤੋਂ ਇਲਾਵਾ ਹਰ ਇਨਸਾਨ ਇਕੋ ਜਿਹੀ ਮਨੋ-ਅਵਸਥਾ, ਡਰ, ਭੈਅ ਤੇ ਸਹਿਮ ਦੇ ਮਾਹੌਲ ਵਿਚ ਵਿਚਰ ਰਿਹਾ ਹੈ।ਹਰ ਕਿਸੇ ਨੂੰ ਮੌਤ ਖਹਿ-ਖਹਿ ਕੇ ਜਾਂਦੀ ਮਹਿਸੂਸ ਹੋ ਰਹੀ ਹੈ।ਹਰ ਕੋਈ ਹਰ ਕਿਸੇ ਤੋਂ ਬਚਣ ਦਾ ਯਤਨ ਕਰਦਾ ਲੱਗ ਰਿਹਾ ਹੈ।ਹਰ ਕੋਈ ਹਰ ਕਿਸੇ ਤੋਂ ਭੈਅ-ਭੀਤ ਨਜ਼ਰ ਆ ਰਿਹਾ ਹੈ।

ਸੰਕਟ ਚਾਹੇ ਕਿੰਨਾ ਵੀ ਗੰਭੀਰ ਕਿਉਂ ਨਾ ਹੋਵੇ, ਬਿਪਤਾ ਚਾਹੇ ਕਿੰਨੀ ਖਤਰਨਾਕ ਕਿਉਂ ਨਾ ਹੋਵੇ, ਹਨੇਰਾ ਭਾਂਵੇਂ ਕਿੰਨਾ ਵੀ ਗਹਿਰਾ ਕਿਉਂ ਨਾ ਹੋਵੇ, ਆਪਣੀ ਹਿੰਮਤ, ਸੰਜਮ, ਹੌਸਲੇ ਤੇ ਅਕਲ ਦੀ ਬਦੌਲਤ ਮਨੁੱਖਤਾ ਨੇ ਇਸ ਵਿਚੋਂ ਉਭਰਨਾ ਹੀ ਉਭਰਨਾ ਹੈ।ਫੇਰ ਲਾਜ਼ਮੀ ਹੋਵੇਗਾ ਕੋਰੋਨਾ ਤੋਂ ਪਹਿਲਾਂ ਤੇ ਬਾਅਦ ਦੀ ਸਥਿਤੀਆਂ, ਪ੍ਰਸਿਥਤੀਆਂ, ਇਨਸਾਨੀ ਸੁਭਾਓ, ਵਤੀਰੇ ਤੇ ਕਾਰ-ਵਿਵਹਾਰ ਦਾ ਮੁਲੰਅਕਣ।

ਕੋਰੋਨਾ ਵਰਗੇ ਅੱਖ ਦੇ ਫੋਰ ਵਿਚ ਫੈਲਣ ਵਾਲੇ ਵਾਇਰਸ ਤੋਂ ਹਿਫ਼ਾਜ਼ਤ ਲਈ ਜਿਸਮਾਨੀ ਫ਼ਾਸਲੇ ਤੇ ਪ੍ਰਹੇਜ਼ ਦੀ ਜ਼ਰੂਰਤ ਵੀ ਹੈ ਤੇ ਲਾਜ਼ਮੀ ਵੀ ਪਰ ਸਮਾਜਿਕ ਦੂਰੀ ਤੇ ਜਿਸਮਾਨੀ ਫਾਸਲੇ ਨੂੰ ਰੱਲ-ਗੱਡ ਕਰ ਕੇ ਪ੍ਰਚਾਰਿਆ ਤੇ ਪ੍ਰਸਾਰਿਆ ਜਾ ਰਿਹਾ ਹੈ।ਸਮਾਜਿਕ ਦੂਰੀ ਤਾਂ ਸਮਾਜ ਅਤੇ ਮਨੁੱਖ ਰੂਪੀ ਸਮਾਜਿਕ ਪ੍ਰਾਣੀ ਦੇ ਸੁਭਾਅ ਵਿਚ ਮੁੱਢੋਂ ਹੀ ਹੈ।ਜਾਤ-ਪਾਤ ਦੇ ਰੂਪ ਵਿਚ, ਧਾਰਿਮਕ ਕਟੜਤਾ ਤੇ ਫਿਰਕਾ ਪ੍ਰਸਤੀ ਦੀ ਸ਼ਕਲ ਵਿਚ, ਮਹਿਲਾਂ ਤੇ ਝੁੱਗੀਆਂ ਦੇ ਰੂਪ ਵਿਚ, ਨਸਲੀ ਵਿਤਕਰੇ ਦੀ ਸ਼ਕਲ ਵਿਚ ਤੇ ਔਰਤ ਨੂੰ ਪੈਰ ਦੀ ਜੁੱਤੀ ਸਮਝਣ ਦੇ ਰੂਪ ਵਿਚ।ਤਕਰੀਬਨ ਤਕਰੀਬਨ ਪੂਰੇ ਦੇ ਪੂਰੇ ਸੰਸਾਰ ਵਿਚ ਅਜਿਹਾ ਵਰਤਾਰਾ ਵਾਪਰ ਰਿਹਾ ਹੈ।

ਕੁੱਝ ਮਹੀਨੇ ਪਹਿਲਾਂ ਉਚ-ਨੀਚ, ਜਾਤ-ਪਾਤ, ਧਾਰਮਿਕ ਕਟੜਤਾ, ਨਸਲ ਤੇ ਰੰਗ ਦੇ ਵਿਤਕਰੇ ਦੀਆਂ ਵੱਲਗਣਾਂ ਬਹੁਤ ਹੀ ਮਜ਼ਬੂਤ ਤੇ ਗਹਿਰੀਆਂ ਸਨ।ਮਹਿਲ, ਝੁੱਗੀਆਂ ਵਿਚ ਦੀਵਾਂ ਬੱਲਦਾ ਵੀ ਬਰਦਾਸ਼ਤ ਨਹੀਂ ਸਨ ਕਰਦੇ, ਸਵਰਣ ਜਾਤਾਂ ਆਪਣੇ ਤੋਂ ਨੀਵੀਆਂ ਜਾਤਾਂ ਨਾਲ ਗੁਲਾਮਾਂ ਵਾਲਾ ਵਤੀਰਾ ਤੇ ਨਫ਼ਰਤ ਕਰਦੀਆਂ, ਇਕ ਧਰਮ ਨੂੰ ਮੰਨਣ ਵਾਲੇ ਆਪਣੇ ਧਰਮ ਨੂੰ ਸਰਵਉੱਚ ਤੇ ਦੂਸਰੇ ਧਰਮ ਨੂੰ ਧਰਮ ਹੀ ਨਾ ਸਮਝਦੇ, ਗੋਰਾ ਭੂਰੇ ਨੂੰ ਤੇ ਭੂਰਾ ਕਾਲੇ ਨੂੰ ਅੰਤਾਂ ਦੀ ਨਫ਼ਰਤ ਕਰਦਾ।ਕੀ ਕੋਰੋਨਾ ਤੋਂ ਬਾਅਦ ਇਨਸਾਨ ਨੂੰ ਕੋਈ ਸੋਝੀ ਆਵੇਗੀ? ਕੀ ਔਰਤ ਨੂੰ ਉਸ ਦਾ ਬਣਦਾ ਹੱਕ ਦੇਣ ਬਾਰੇ ਅਸੀਂ ਕਦੇ ਸੋਚਾਂਗੇ? ਕੀ ਸ਼ੇਰ ਬੱਕਰੀ ਦਾ ਇਕ ਘਾਟ 'ਤੇ ਪਾਣੀ ਪੀਣਾ ਸੰਭਵ ਹੋ ਸਕੇਗਾ? ਕਾਸ਼! ਅਜਿਹਾ ਹੋ ਜਾਵੇ।

ਕੁੱਝ ਮਹੀਨੇ ਪਹਿਲਾਂ ਆਪੋ-ਧਾਪੀ, ਭੱਜ-ਨੱਠ, ਇਕ ਦੂਜੇ ਦੇ ਪੈਰ ਮਿੱਧ ਕੇ ਅਗਾਂਹ ਵੱਧਣ, ਆਪਸੀ ਨਫ਼ਰਤ, ਸਾੜਾ, ਈਰਖ਼ਾ, ਰਿਸ਼ਤੇ-ਨਾਤੇ ਤੇ ਸਾਕ-ਸਕੀਰੀਆਂ ਦਾ ਮਤਲਬ ਤੇ ਸਵਾਰਥ ਦੇ ਆਲੇ ਦੁਆਲੇ ਘੁੰਮਣ ਦਾ ਸਿਲਸਲਾ ਕੀ ਇਸ ਸੰਕਟ ਤੋਂ ਬਾਅਦ ਖਤਮ ਹੋ ਜਾਵੇਗਾ? ਠਰੰਮਾ, ਠਹਿਰਾਂ, ਹਮਦਰਦੀ, ਪਿਆਰ, ਸਤਿਕਾਰ, ਨਿਮਰਤਾ, ਨਿੱਘ-ਨੇੜਤਾ ਕੀ ਮਨੁੱਖੀ ਫਿਤਰ ਦਾ ਹਿੱਸਾ ਬਣ ਜਾਣਗੇ? ਕਾਸ਼! ਅਜਿਹਾ ਹੋ ਜਾਵੇ।

ਸੂਬੇ ਜਾਂ ਮੁਲਕ ਵਿਚ ਹੀ ਨਹੀਂ ਬਲਿਕ ਸਾਰੇ ਸੰਸਾਰ ਵਿਚ ਰਾਜਨੀਤਿਕ ਤੇ ਵਪਾਰਕ ਹਿੱਤ ਭਾਰੂ ਹਨ।ਤਕੜਾ ਮਾੜੇ ਨੂੰ ਦੱਬਣ ਨੂੰ ਫਿਰਦਾ ਹੈ, ਦਾਬੇ ਮਾਰਦਾ ਹੈ, ਹੜੱਪਣ ਨੂੰ ਤਕਾਉਂਦਾ ਹੈ। ਮਨੁੱਖ ਸਿਹਤ ਲਈ ਖਤਰਨਾਕ ਉਦਯੋਗ ਆਪਣੇ ਵਾਲੇ ਪਾਸਿਓਂ ਪੁੱਟ ਕੇ, ਮਾੜਿਆਂ ਵਾਲੇ ਪਾਸੇ ਲਿਜਾ ਰਿਹਾ ਹੈ।ਕੋਰੋਨਾ ਨੇ ਕੀ ਤਕੜੇ, ਕੀ ਮਾੜੇ ਸਭ ਰਗੜ ਕੇ ਰੱਖ ਦਿੱਤੇ।ਸਭ ਨੂੰ ਯਮ ਦਿਸ ਰਹੇ ਹਨ।ਸਭ ਆਪਣੇ ਆਪਣੇ ਰੱਬ ਨੂੰ ਧਿਆ ਰਹੇ ਹਨ।

ਕੀ ਇਸ ਸੰਕਟ ਤੋਂ ਬਾਅਦ ਇਨਸਾਨੀ ਸੁਭਾਅKਫਿਤਰਤ ਵਿਚ ਕੋਈ ਤਬਦੀਲੀ ਆਵੇਗੀ? ਕਾਸ਼! ਕੁਦਰਤ ਦਾ ਕ੍ਰਿਸ਼ਮਾ ਹੋ ਹੀ ਜਾਵੇ।

ਕੋਰੋਨਾ ਸੰਕਟ ਤੋਂ ਨਿਜ਼ਾਤ ਪਾਉਣ ਤੋਂ ਬਾਅਦ ਸੰਸਾਰ ਵਿਚ ਬਿਨਾਂ ਸ਼ੱਕ ਸਾਹਿਤ, ਨਾਟਕਾਂ, ਫਿਲਮਾਂ, ਕੀ ਅਜੋਕੀ ਪ੍ਰਚਲਿਤ ਗਾਇਕੀ ਦੇ ਵਿਸ਼ਿਆਂ ਅਤੇ ਸੁਭਾਅ ਵਿਚ ਕੀ ਸਾਕਾਰਆਤਮਕ ਤੇ ਹਾਂ-ਪੱਖੀ ਤਬਦੀਲੀਆਂ ਆਉਂਣਗੀਆਂ? ਕੀ ਕਲਮਾਂ ਦੇ ਜਜ਼ਬੀਆਂ ਤੇ ਭਾਵਨਾਵਾਂ ਵਿਚ ਬਦਲਾਅ ਆਵੇਗਾ? ਕਾਸ਼! ਅਜਿਹਾ ਹੋ ਜਾਵੇ।

ਮਨੁੱਖ ਵਿਕਾਸ ਦੀ ਅੰਨੀ ਦੌੜ ਵਿਚ ਅੱਗਾ ਦੋੜ, ਪਿੱਛਾ ਚੌੜ ਵਾਲੇ ਰਾਹ ਪਿਆ ਹੋਇਆ ਹੈ। ਪੈਦਾਵਾਰ ਵਧਾਉਣ ਦੇ ਚੱਕਰ ਵਿਚ ਮਨੁੱਖ ਰੂਪੀ ਪ੍ਰਾਣੀ ਵਾਤਾਵਰਣ ਦੀ ਸ਼ਰੇਆਮ ਧੱਜੀਆਂ ਉਡਾ ਰਹੇ ਹਾਂ।ਪੈਦਾਵਾਰ ਚਾਹੇ ਉਦਯੋਗਿਕ ਹੋਵੇ ਜਾਂ ਫ਼ਸਲੀ, ਪਾਣੀ ਦੀ ਬੇਕਿਰਕ ਵਰਤੋਂ, ਜੰਗਲਾਂ-ਦਰਖਤਾਂ ਦਾ ਬੇਰਹਿਮੀ ਨਾਲ ਵਢਾਂਗਾ, ਨਦੀਆ-ਨਾਲਿਆਂ ਵਿਚ ਜ਼ਹਿਰੀ ਤੇਜ਼ਾਬ ਤੇ ਹੋਰ ਜ਼ਹਿਰੀਲੇ ਪਦਾਰਥਾਂ ਦੀ ਮਿਲਾਵਟ।ਮਲਤਬ ਕਿ ਮਨੁੱਖ ਜਿਸ ਟਾਹਣੀ ਉਪਰ ਬੈਠਾ ਹੈ, ਉਸੇ ਉਪਰ ਆਰੀ ਚਲਾ ਰਿਹਾ ਹੈ।ਆਪਣੇ ਮਿੱਤਰ ਜੀਵ-ਜੰਤੂਆਂ ਮਗਰ ਵੀ ਇਨਸਾਨ ਹੱਥ ਧੋ ਕੇ ਪਿਆ ਹੋਇਆ ਹੈ।

ਜਿਸ ਦੇ ਨਤੀਜੇ ਇਨਸਾਨ ਕੋਰੋਨਾ ਵਰਗੀਆਂ ਮਹਾਂਮਾਰੀ ਤੇ ਹੋਰ ਆਪੇ ਸਹੇੜੇ ਸਿਆਪਿਆਂ ਦੇ ਰੂਪ ਵਿਚ ਭੁਗਤ ਰਿਹਾ ਹੈ।ਕੋਰੋਨਾ ਕਰਕੇ ਠਹਿਰੇ ਜੀਵਨ ਦੀ ਬਦੌਲਤ ਸ਼ੁੱਧ ਵਾਤਾਵਰਣ, ਕੁਦਰਤੀ ਸਰੋਤਾਂ ਦਾ ਨਿਰਮਲ ਜੱਲ, ਚਿੜੀਆਂ, ਘੁੱਗੀਆਂ-ਗਟਾਂਰਾਂ ਤੇ ਕੋਇਲਾਂ ਦੀਆਂ ਵੰਨਸੁਵੰਨੀਆਂ ਤੇ ਮਨਮੋਹਣੀਆਂ ਅਵਾਜ਼ਾਂ ਇਨਸਾਨੀ ਜ਼ਿੰਦਗੀ ਨੂੰ ਅੱਜ ਦੇ ਸਮੇਂ ਬੋਝਲ ਤੇ ਨੀਰਸ ਹੋਣ ਤੋਂ ਬਚਾਉਣ ਵਿਚ ਆਪਣਾ ਵਿਸ਼ੇਸ਼ ਯੋਗਦਾਨ ਪਾ ਰਹੀਆਂ ਹਨ।ਕੀ ਕੋਰੋਨਾ ਤੋਂ ਬਾਅਦ ਦਾ ਮਨੁੱਖ ਇਸ ਸ਼ੁੱਧ ਵਾਤਾਵਣ ਤੇ ਨਿਰਮਲ ਮਾਹੌਲ ਨੂੰ ਬਰਕਰਾਰ ਰੱਖਣ ਵਿਚ ਆਪਣਾ ਵੀ ਤਿੱਲ-ਫੁੱਲ ਪਾਵੇਗਾ? ਕਾਸ਼! ਅਜਿਹਾ ਹੋ ਜਾਵੇ।

# ਘਰ ਰਹਿ ਕਿ ਇੰਜ ਬੀਤਦੈ ਸਮਾਂ ਸਿਤਾਰਿਆਂ ਦਾ

-ਅੰਿਮ੍ਰਤ ਪਵਾਰ








**ਜਪਜੀ ਖਹਿਰਾ**

ਵਾਹਿਗੁਰੂ ਦੀ ਕਿਰਪਾ ਨਾਲ ਘਰੇ ਕਿਸੇ ਸ਼ੈਅ ਦੀ ਘਾਟ ਨਹੀਂ, ਮੈਂ ਤਾਂ ਪੰਜਾਬੀ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਰਹੀ ਹਾਂ। ਯਕੀਨ ਮੰਨਣਾ ਪੁਰਾਣੇ ਫੈਸ਼ਨ ਦੇ ਪਹਿਰਾਵੇ ਪਹਿਨਣ ਲਈ ਘਰੇ ਹੀ ਇਹਨਾਂ ਦੀ ਸਿਲਾਈ ਦਾ ਪ੍ਰਬੰਧ ਕਰ ਰਹੀ ਹਾਂ। ਪਾਠ ਕਰਿ ਕਿ ਸਰਬੱਤ ਦੇ ਭਲੇ ਲਈ ਦੁਆ ਵੀ ਮੰਗ ਰਹੀ ਹਾਂ।

**ਗੁਰਦੀਪ ਸੰਧੂ**

ਕਲਾਕਾਰੀ ਉਹ ਜੋ ਸਮਾਜ ਦੇ ਔਖੇ ਸਮੇਂ ਦਿਸ਼ਾਂ ਦਿਖਾਵੇ। ਦੋਸਤਾਂ ਨਾਲ ਸਮਾਜਿਕ ਦੂਰੀ ਰੱਖ ਘਰ ਦੇ ਵਿਹੜੇ 'ਚ ਕਰੋਨਾ ਨਾਲ ਸਬੰਧਿਤ ਹਾਸਰਸ ਸਕਿੱਟਾਂ ਬਣਾ ਕਿ ਲੋਕਾਂ ਨੂੰ ਇਸ ਮਹਾਂ ਬਿਮਾਰੀ ਤੋਂ ਸਾਵਧਾਨ ਕਰ ਰਿਹਾ ਹਾਂ।

**ਜਸਪਿੰਦਰ ਚੀਮਾ**

ਸ਼ੁਕਰ ਮੇਰਾ ਪੇਕਾ ਜਿਲ੍ਹਾ ਗੁਰਦਾਸਪੁਰ ਕਰੋਨਾ ਮੁਕਤ ਹੈ। ਰੋਜ ਕੰਮ-ਕਾਰ ਨੇ ਤਾਂ ਨਵੇਂ ਵਿਆਹ ਦੇ ਚਾਅ ਵੀ ਰੁਝੇਵੇਂ 'ਚ ਹੀ ਦੱਬ ਦਿੱਤੇ ਸਨ। ਪਤੀ ਦੇਵ ਨਾਲ ਘਰੇ ਰਹਿ ਕਿ ਇਕੱਠੇ ਰਸੋਈ ਤੋਂ ਹੋਰ ਨਿੱਕੇ ਸਿੱਟੇਕੇ ਮੋਟੇ ਕੰਮ ਕਾਰ ਆਪਸੀ ਪਿਆਰ ਹੋਰ ਵਧਾਇਆ ਹੈ।

**ਸੁਰਜੀਤ ਭੁੱਲਰ**

ਬੇਟਾ ਯੂ.ਐਸ.ਏ. ਤੋਂ ਇੱਥੇ ਆਇਆ। ਸਭ ਡਾਕ-ਟਰੀ ਚੈਕ ਅੱਪ ਕਰਵਾ ਕਿ ਤੰਦਰੁਸਤ ਹੋ, ਬਾਪ-ਬੇਟਾ ਘਰੇ ਬੈਠ ਉਸਦੇ ਭਵਿੱਖ ਤੇ ਚਰਚਾ ਕਰਦੇ ਹਾਂ। ਘਰਵਾਲੀ ਨੂੰ ਕਦੇ ਚਾਹ-ਰੋਟੀ ਕਹਿ ਕਿ ਸਾਰਾ ਦਿਨ ਰੁਝੇਵੇਂ 'ਚ ਰੱਖ ਸਾਇਦ ਉਸ ਨਾਲ ਜਿਆਦਤੀ ਹੈ ਪਰ ਅਪਦੱਤ ਵਧ ਰਹੀ ਹੈ।

**ਗੋਪੀ ਢਿਲੋਂ-ਟਵਿੰਕਲ**

ਲਾਕਡਾਊਨ ਦੌਰਾਨ ਆਪਣੇ ਵੀਡਿਉ ਦੇਖ ਇਹਨਾਂ 'ਚ ਗਲਤੀਆਂ ਲੱਭਦੇ ਹਾਂ ਕਿ ਫਿਰ ਨਾ ਹੋਣ । ਰੋਟੀ ਪਕਾਉਣੀ ਸਿੱਖ ਲਈ ਹੈ। ਸੰਗੀਤ ਦਾ ਸੌਂਕ ਵਧਿਆ ਹੈ। ਸਮਾਂ ਹੱਸ-ਖੇਡ ਬਤੀਤ ਹੋ ਰਿਹਾ ਹੈ। ਪੂਜਾ-ਪਾਠ ਨਿਰੰਤਰ ਕਰੀਦਾ ਹੈ।

**ਪ੍ਰੀਤ ਮੁਹੱਦੀਪੁਰ**

ਕਸਰਤ ਅਰੰਭੀ ਹੈ। ਬੱਚਿਆਂ ਲਈ ਤੇ ਪਤਨੀ ਲਈ ਸਮਾਂ ਨਿਕਲਿਆ ਹੈ। ਮੋਬਾਇਲ ਤੇ ਹੀ ਫਿਲਮੀ ਕੰਮ ਹੋ ਰਿਹਾ ਹੈ। ਔਖ ਬਹੁਤ ਹੈ। ਕਿਉਂਕਿ ਵਿਹਲੇ ਘਰੇ ਟਿਕਣਾ ਸਿੱਖਿਆ ਨਹੀਂ ਸੀ। ਪਰ ਸਮਾਂ ਸਭ ਸਿਖਾ ਦਿੰਦਾ ਹੈ।

# ਚਾਰ ਹਜ਼ਾਰ ਮਾਸਕ ਬਣਾ ਕੇ ਫ੍ਰੀ ਵੰਡ ਚੁੱਕੀ, ਸਮਾਜ-ਸੇਵੀ ਮੁਟਿਆਰ : ਰਾਜਪਾਲ ਕੌਰ

ਵਿਖਾਵਾ-ਪਨ ਸਾਡੇ ਸਮਾਜ ਵਿਚ ਐਨਾ ਵਧ ਗਿਆ ਹੈ ਕਿ ਦੁਆਨੀ ਦਾ ਦਾਨ ਨਹੀ ਕਰਨਾ ਹੁੰਦਾ ਤੇ ਪੰਜਾਹ ਰੁਪਏ ਦੀਆਂ ਫੋਟੋਆਂ ਖਿਚਵਾ ਕੇ ਪਾ ਦਿੰਦੇ ਹਨ ਸੋਸ਼ਲ ਮੀਡੀਏ ਉਤੇ।ਇਨਾਂ ਹਜ਼ਾਰਾਂ ਵਿਚੋਂ ਗਿਣਤੀ ਦੀਆਂ ਕੁਝ ਐਸੀਆਂ ਵੀ ਰੂਹਾਂ ਵੀ ਹਨ, ਜੋ ਕਿਸੇ ਵਿਖਾਵੇ ਤੋਂ ਦੂਰ ਰਹਿਕੇ ਸਮਾਜ-ਸੇਵਾ ਕਰ ਰਹੀਆਂ ਹਨ। ਉਨਾਂ 'ਚੋਂ ਉਭਰਕੇ ਸਾਹਮਣੇ ਆਇਆ ਇਕ ਨਾਂਓਂ ਹੈ-ਬੀਬੀ ਰਾਜ ਪਾਲ ਕੌਰ। ਜਿਵੇਂ ਕਿ ਅੱਜ ਸਾਡੇ ਸਮਾਜ 'ਤੇ ਕੋਰੋਨਾ ਜਿਹੀ ਨਾਮੁਰਾਦ ਬਿਮਾਰੀ ਦਾ ਕਹਿਰ ਚੱਲ ਰਿਹਾ ਹੈ, ਹਰ ਇਕ ਪ੍ਰਾਣੀ ਨੂੰ ਮਾਸਕ ਪਹਿਨਣ ਦਾ ਸਰਕਾਰੀ ਹੁਕਮ ਹੈ। ਮਾਰਕੀਟ ਵਿਚ ਮਾਸਕ ਦੀ ਕੀਮਤ ਦੋ-ਦੋ ਸੌ ਤੱਕ ਵੀ ਜਾ ਪੁੱਜੀ ਹੈ। ਜਿਸ ਗ਼ਰੀਬ ਨੂੰ ਦੋ ਵਕਤ ਦੀ ਰੋਟੀ ਦੇ ਹੀ ਫ਼ਿਕਰ ਲੱਗੇ ਹੋਏ ਹਨ ਉਹ ਐਨਾ ਕੀਮਤੀ ਮਾਸਕ ਕਿੱਥੋ ਖ਼ਰੀਦੇਗਾ। ਐਸੀ ਘੜੀ ਵਿਚ ਬੀਬੀ ਰਾਜਪਾਲ ਕੌਰ ਅਤੇ ਉਸ ਦੇ ਪਰਿਵਾਰ ਦੇ ਹਿੱਸੇ ਮਾਸਕ ਬਣਾ ਕੇ ਫ੍ਰੀ ਦੇਣ ਦੀ ਸੇਵਾ ਆਉਣੀ ਨੂੰ ਉਹ ਆਪਣੀ ਖ਼ੁਸ਼ਕਿਸਮਤੀ ਮੰਨਦੇ ਹਨ।



''ਮਾਸਕ ਬਣਾ ਕੇ ਫ੍ਰੀ ਵੰਡਣ ਦਾ ਤੁਹਾਨੂੰ ਇਹ ਵਿਚਾਰ ਕਿੱਥੋਂ ਸੁੱਝਿਆ '' ਦਾ ਜੁਵਾਬ ਦਿੰਦਿਆਂ ਰਾਜਪਾਲ ਨੇ ਕਿਹਾ,'' ਮੇਰੇ ਮੰਮੀ-ਪਾਪਾ ਭਾਂਵੇ ਕਿ ਪੜੇ-ਲਿਖੇ ਨਹੀ ਹਨ ਪਰ, ਉਹਨਾਂ ਦੇ ਵਿਚਾਰ ਬਹੁਤ ਉਚੇ ਹਨ। ਜੋ ਅੱਜ ਮੈਨੂੰ ਇਹ ਸਮਾਜ-ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ ਇਹ ਸਭ ਮੇਰੇ ਮਾਤਾ-ਪਿਤਾ ਦੇ ਦਿੱਤੇ ਸੰਸਕਾਰ ਹੀ ਹਨ। ਤੇ ਦੂਜਾ ਫਿਰ, ਅੱਗਂ ਮੇਰੀ ਖੁਸ਼ਕਿਸਮਤੀ ਕਿ ਮੈਨੂੰ ਦਰਸ਼ਨ ਸਿੰਘ ਦੇ ਰੂਪ ਵਿੱਚ ਇੱਕ ਨੇਕ, ਉੱਚੇ-ਸੁੱਚੇ ਵਿਚਾਰਾਂ ਵਾਲਾ ਜੀਵਨ-ਸਾਥੀ ਮਿਲਿਆ। ਪਤੀ ਨੇ ਮੈਨੂੰ ਗ੍ਰੈਜੂਏਸ਼ਨ ਅਤੇ ਐਮ. ਐਸ. ਸੀ. (ਫੈਸ਼ਨ ਡਿਜਾਇਨਿੰਗ) ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਕਰਵਾਈ। ਮੇਰਾ ਪੂਰਾ ਪਰਿਵਾਰ, ਦੋਨੋਂ ਬੱਚੇ ਅਨਮੋਲਦੀਪ ਸਿੰਘ ਤੇ ਹਰਮਨਦੀਪ ਕੌਰ



ਭਾਂਵੇ ਇਹ ਛੋਟੇ ਹਨ, ਪਰ ਇਹਨਾਂ ਦੀ ਸੋਚ ਵੀ ਬਹੁਤ ਉੱਚੀ ਹੈ। ਇਹ ਵੀ ਇਸ ਕਾਰਜ ਵਿਚ ਸਾਡਾ ਦੋਨਾਂ ਦਾ ਪੂਰਨ ਹੱਥ ਵੰਡਾਉਂਦੇ ਹਨ।''

''ਤੁਸੀਂ ਹੁਣ ਤੱਕ ਕਿੰਨੇ ਮਾਸਕ ਬਣਾ ਕੇ ਫ੍ਰੀ ਸਪਲਾਈ ਕਰ ਚੁੱਕੇ ਹੋ ?''

''ਹੁਣ ਤੱਕ ਚਾਰ ਹਜਾਰ ਮਾਸਕ ਬਣਾ ਕੇ ਪੰਜਾਬ ਪੁਲਿਸ, ਸਹਿਕਾਰੀ ਮਹਿਕਮੇ, ਵੱਖ-ਵੱਖ ਕਲੱਬਾਂ, ਨੇੜਲੇ ਪਿੰਡਾਂ ਵਿਚ ਰਾਹੀਆਂ ਅਤੇ ਕਿਸਾਨਾਂ ਆਦਿ ਲੋੜਵੰਦਾਂ ਤੱਕ ਪਹੁੰਚਦੇ ਕਰ ਚੁੱਕੇ ਹਾਂ ਅਤੇ ਲੌਕ-ਡਾਊਨ ਦੌਰਾਨ ਕਰਦੇ ਹੀ ਰਹਾਂਗੇ।''

''ਤੁਸੀਂ ਕੱਪੜਾ ਕਿੱਥੋਂ ਲੈਂਦੇ ਹੋ'' ਦਾ ਜੁਵਾਬ ਦਿੰਦਿਆਂ ਉਸ ਕਿਹਾ, '' ਮੈ ਸਿਲਾਈ-ਕਢਾਈ ਦੇ ਕੰਮ ਨੂੰ ਕਿੱਤੇ ਵੱਜੋ ਅਪਣਾ ਕੇ ਆਪਣਾ ਬੁਟੀਕ ਚਲਾ ਰਹੀ ਹਾਂ। ਮੇਰੇ ਕੋਲ ਬੁਟੀਕ 'ਤੇ ਕੌਟਨ ਦਾ ਕੱਪੜਾ ਪਿਆ ਸੀ। ਜਦੋਂ ਉਹ ਖਤਮ ਹੋ ਗਿਆ ਤਾਂ ਮੈਂ ਫਿਰ ਦੋਬਾਰਾ ਹੋਰ ਖਰੀਦ ਲਿਆ।''

"ਕੀ ਤੁਹਾਨੂੰ ਪਿੰਡ ਦੇ ਕਿਸੇ ਸਿਲਾਈ-ਕਢਾਈ ਨਾਲ ਸਬੰਧਤ ਲੜਕੀ ਵਲੋਂ ਜਾਂ ਪੰਚਾਇਤ ਵਲੋਂ ਕਿਸੇ ਤਰਾਂ ਦੀ ਮਦਦ ਵੀ ਮਿਲੀ'' ਦਾ ਜੁਵਾਬ ਦਿੰਦਿਆਂ ਉਸ ਕਿਹਾ,'' ਨਹੀ ਜੀ।''

ਧੰਨ ਹੈ ਬੀਬੀ ਰਾਜਪਾਲ ਕੌਰ! ਧੰਨ ਹੈ ਉਸਦਾ ਜੀਵਨ-ਸਾਥੀ ਅਤੇ ਧੰਨ ਹਨ, ਉਨਾਂ ਦੇ ਬੱਚੇ! ਘਰ- ਘਰ ਪੈਦਾ ਹੋਣ ਬੀਬੀ ਰਾਜਪਾਲ ਕੌ ਜਿਹੀਆਂ ਸਮਾਜ-ਸੇਵੀ ਰੂਹਾਂ! ਸਲਾਮ ਹੈ ਉਨਾਂ ਦੇ ਸਿਦਕ, ਸਿਰੜ ਅਤੇ ਉਚੀ-ਸੁੱਚੀ ਨਿੱਗਰ ਸੋਚ ਨੂੰ!

**– ਪ੍ਰੀਤਮ ਲੁਧਿਆਣਵੀ, 9876428641**

# ਪੰਜਾਬ ਦੇ ਕਿਰਤੀਆਂ ਦੀ ਘਰ ਵਾਪਸੀ ਬੇਹੱਦ ਜ਼ਰੂਰੀ



ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

ਕਰੋਨਾਵਾਇਰਸ ਦੀ ਮਹਾਂਮਾਰੀ ਮਨੁੱਖੀ ਇਤਿਹਾਸ ਦਾ ਸਭ ਤੋਂ ਵੱਡਾ ਸੰਕਟ ਹੈ ਜਿਸ ਨੇ ਆਪਣੀ ਲਪੇਟ ਵਿਚ ਦੁਨੀਆਂ ਦੇ ਲਗਭਗ ਸਾਰੇ ਮੁਲਕਾਂ ਨੂੰ ਲਿਆ ਹੋਇਆ ਹੈ। ਦੁਨੀਆਂ ਵਿਚ ਵੱਖ ਵੱਖ ਸਮਿਆਂ ਉੱਪਰ ਹੋਰ ਮਹਾਂਮਾਰੀਆਂ ਆਈਆਂ, ਪਰ ਉਨ੍ਹਾਂ ਦਾ ਮਾਰੂ ਅਸਰ ਕੁਝ ਕੁ ਮੁਲਕਾਂ ਤੱਕ ਹੀ ਸੀਮਿਤ ਰਿਹਾ। ਕਰੋਨਾਵਾਇਰਸ ਦੀ ਮਹਾਂਮਾਰੀ ਕਾਰਨ ਵੱਖ ਵੱਖ ਮੁਲਕਾਂ ਵਿਚ ਖੇਤੀਬਾੜੀ, ਉਦਯੋਗਿਕ ਅਤੇ ਸੇਵਾਵਾਂ ਦੇ ਖੇਤਰ ਅਨੇਕਾਂ ਸਮੱਸਿਆਵਾਂ ਹੰਢਾ ਰਹੇ ਹਨ। ਇਸ ਮਹਾਂਮਾਰੀ ਨਾਲ ਨਜਿਠਣ ਲਈ ਕੇਂਦਰ ਅਤੇ ਸੂਬਾ ਸਰਕਾਰਾਂ ਨੇ ਲੌਕਡਾਊਨ ਸ਼ੁਰੂ ਕੀਤਾ ਹੋਇਆ ਹੈ ਜਿਸ ਦੇ ਆਉਣ ਵਾਲੇ ਕੁਝ ਸਮੇਂ ਤੱਕ ਚੱਲਣ ਦੀਆਂ ਸੰਭਾਵਨਾ ਹਨ। ਇਸ ਲੌਕਡਾਊਨ ਨਾਲ ਭਾਰਤੀ ਸਮਾਜ ਦੇ ਵੱਖ ਵੱਖ ਵਰਗ ਅਨੇਕਾਂ ਸਮੱਸਿਆਵਾਂ ਝੱਲ ਰਹੇ ਹਨ, ਪਰ ਇਨ੍ਹਾਂ ਵਰਗਾਂ ਵਿਚੋਂ ਗ਼ੈਰਜੱਥੇਬੰਦ ਮਜ਼ਦੂਰ ਇਕ ਅਜਿਹਾ ਵਰਗ ਹਨ ਜੋ ਬਾਕੀ ਦੇ ਵਰਗਾਂ ਦੇ ਮੁਕਾਬਲੇ ਅਣਗਿਣਤ ਅਸਹਿ ਦੁੱਖਾਂKਤਕਲੀਫ਼ਾਂ ਵਿਚ ਬਹੁਤ ਔਖੀ ਦਿਨਕਟੀ ਕਰ ਰਹੇ ਹਨ। ਮੁਲਕ ਦੇ ਵੱਖ ਵੱਖ ਸੂਬਿਆਂ ਦੀਆਂ ਸਰਕਾਰਾਂ ਸਮਾਜ ਦੇ ਵੱਖ ਵੱਖ ਵਰਗਾਂ ਦੀਆਂ ਸਮੱਸਿਆਵਾਂ ਨੂੰ ਘਟਾਉਣ ਵੱਲ ਕੁਝ ਧਿਆਲ ਦੇ ਰਹੀਆਂ ਹਨ। ਮੁਲਕ ਦੇ ਜਿਹੜੇ ਨਾਗਰਿਕ ਬਾਹਰਲੇ ਮੁਲਕਾਂ ਵਿਚ ਫਸ ਗਏ ਸਨ ਉਨ੍ਹਾਂ ਦੀ ਘਰਵਾਪਸੀ ਵੱਲ ਕੇਂਦਰ ਸਰਕਾਰ ਨੇ ਵਿਸ਼ੇਸ਼ ਧਿਆਨ ਦਿੱਤਾ ਜਿਸ ਦੀ ਉਨ੍ਹਾਂ ਨਾਗਰਿਕਾਂ ਅਤੇ ਉਨ੍ਹਾਂ ਪਰਿਵਾਰਾਂKਰਿਸ਼ਤੇਦਾਰਾਂ ਨੇ ਖ਼ੂਬ ਪ੍ਰਸੰਸਾ ਕੀਤੀ। ਮੁਲਕ ਵਿਚ ਉੱਚਵਿੱਦਿਆ, ਖਾਸ ਕਰਕੇ ਮੈਡੀਕਲ ਅਤੇ ਇੰਜਨੀਅਰਿੰਗ, ਵਾਸਤਾ ਦਾਖ਼ਲਾ ਲੈਣ ਲਈ ਮੁਨਾਬਲਤਨ ਅਮੀਰ ਘਰਾਂ, ਰਸੂਖਵਾਨ ਅਤੇ ਰਾਜਸੀ ਲੋਕਾਂ ਦੇ ਬੱਚੇ ਰਾਜਸਥਾਨ ਵਿਚ ਕੋਟਾ ਅਤੇ ਕੁਝ ਹੋਰ ਸ਼ਹਿਰਾਂ ਵਿਚ ਕੋਚਿੰਗ ਲੈਣ ਲਈ ਹਰੇਕ ਸਾਲ ਜਾਂਦੇ ਹਨ। ਇਸ ਸਾਲ ਵੀ ਵੱਡੀ ਗਿਣਤੀ ਵਿਚ ਇਹ ਬੱਚੇ ਆਪਣੇ ਸੂਬਿਆਂ ਤੋਂ ਬਾਹਰਲੇ ਸੂਬਿਆਂ ਵਿਚ ਕੋਚਿੰਗ ਲੈਣ ਗਏ ਹੋਏ ਸਨ ਅਤੇ ਲੌਕਡਾਊਨ ਕਾਰਨ ਉੱਥੇ ਫਸ ਗਏ। ਇਨ੍ਹਾਂ ਬੱਚਿਆਂ ਦੀ ਪਰਿਵਾਰਾਂ ਦੀ ਸੂਬਾ ਸਰਕਾਰਾਂ ਵਿਚ/ ਤੱਕ ਪਹੁੰਚ ਕਾਰਨ ਇਨ੍ਹਾਂ ਵਿਚੋਂ ਬਹੁਤਿਆਂ ਨੂੰ ਵਾਪਿਸ ਲਿਆਂਦਾ ਗਿਆ ਹੈ ਜਿਸ ਦੀ ਇਨ੍ਹਾਂ ਬੱਚਿਆਂ ਅਤੇ ਉਨ੍ਹਾਂ ਪਰਿਵਾਰਾਂ/ਰਿਸ਼ਤੇਦਾਰਾਂ ਵੱਲੋਂ ਭਰਪੂਰ ਪ੍ਰਸ਼ੰਸ਼ਾ ਕੀਤੀ ਗਈ ਹੈ। ਮੁਲਕ ਦੇ ਵੱਖਵੱਖ ਸੂਬਿਆਂ ਵਿਚ ਉੱਥੇ ਰਹਿਣ ਵਾਲੇ ਮਜ਼ਦੂਰਾਂ ਲਈ ਰੁਜ਼ਗਾਰ ਦੇ ਮੌਕੇ ਘੱਟ ਹੋਣ ਕਾਰਨ ਇਨ੍ਹਾਂ ਮਜ਼ਦੂਰਾਂ ਨੂੰ ਜਦੋਂ ਵੀ ਦੂਜਿਆਂ ਸੂਬਿਆਂ ਵਿਚ ਰੁਜ਼ਗਾਰ ਮਿਲਦਾ ਹੈ ਤਾਂ ਉੱਥੇ ਪਰਵਾਸ ਕਰ ਜਾਂਦੇ ਹਨ। ਇਸ ਵਾਰ ਲੌਕਡਾਊਨ ਹੋਣ ਕਾਰਨ ਬਹੁਤ ਕਿਰਤੀ/ਮਜ਼ਦੂਰ ਬਾਹਰਲੇ ਸੂਬਿਆਂ ਵਿਚ ਫਸ ਗਏ ਹਨ ਅਤੇ ਅਨੇਕਾਂ ਅਸਿਹ ਸਮੱਸਿਆਵਾਂ ਹੰਢਾਉਣ ਲਈ ਮਜ਼ਬੂਰ ਹਨ। ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਦੀਆਂ ਸਰਕਾਰਾਂ ਨੇ ਆਪਣੇ ਪਰਵਾਸੀ ਮਜ਼ਦੂਰਾਂ ਦੀ ਘਰ ਵਾਪਸੀ ਲਈ ਯਤਨ ਸ਼ੁਰੂ ਕਰ ਦਿੱਤੇ ਹਨ। ਇਨ੍ਹਾਂ ਸਰਕਾਰਾਂ ਨੇ ਉਨ੍ਹਾਂ ਸੂਬਿਆਂ ਦੀਆਂ ਸਰਕਾਰਾਂ ਜਿੱਥੇ ਇਨ੍ਹਾਂ ਦੇ ਮਜ਼ਦੂਰ ਗਏ ਹੋਏ ਸਨ ਉਨ੍ਹਾਂ ਦੀ ਘਰਵਾਪਸੀ ਲਈ ਸਹਿਮਤੀ ਲੈਂਦੇ ਹੋਏ ਕੇਂਦਰ ਸਰਕਾਰ ਦੀ ਹੋਮ ਮਨਿਸਟਰੀ ਤੋਂ ਵੀ ਪ੍ਰਵਾਨਗੀ ਲੈ ਲਈ ਹੈ। ਉਮੀਦ ਹੈ ਕਿ ਇਹ ਮਜ਼ਦੂਰ ਜਲਦੀ ਹੀ ਆਪਣੇ ਪਰਿਵਾਰਾਂ ਕੋਲ ਵਾਪਿਸ ਆ ਸਕਣਗੇ।

ਪੰਜਾਬ ਵਿਚ ਖੇਤੀਬਾੜੀ ਖੇਤਰ ਵਿਚ ਮਸ਼ੀਨਾਂ ਅਤੇ ਨਦੀਨਾਸ਼ਕਾਂ ਦੀ ਲਗਾਤਾਰ ਵਧਦੀ ਵਰਤੋਂ ਅਤੇ ਉਦਯੋਗਿਕ ਅਤੇ ਸੇਵਾਵਾਂ ਖੇਤਰਾਂ ਦੇ ਘੱਟ ਹੋਣ ਕਾਰਨ ਮਜ਼ਦੂਰ ਵਰਗ ਵਿਚ ਬੇਰੁਜ਼ਗਾਰੀ ਦੀ ਸਮੱਸਿਆ ਵਿਕਰਾਲ ਰੂਪ ਧਾਰਨ ਕਰ ਗਈ ਹੈ। ਪੇਂਡੂ ਪੰਜਾਬ ਵਿਚ ਬੇਰੁਜ਼ਗਾਰੀ ਇਸ ਹੱਦ ਤੱਕ ਵਧ ਗਈ ਹੈ ਕਿ ਇੱਥੋਂ ਦੇ ਮਜ਼ਦੂਰ ਆਪਣੀ ਦੋ ਡੰਗ ਦੀ ਰੋਟੀ ਲਈ ਚੁੱਲ੍ਹਾ ਬਲਦਾ ਰੱਖਣ ਲਈ ਸ਼ਹਿਰਾਂ ਦੇ ਲੇਬਰ ਚੌਕਾਂ ਉੱਪਰ ਰੁਜ਼ਗਾਰ ਦੀ ਭਾਲ ਵਿਚ ਬੈਠੇ ਅਕਸਰ ਮਿਲ ਜਾਂਦੇ ਹਨ। ਇਨ੍ਹਾਂ ਮਜ਼ਦੂਰਾਂ ਨੂੰ ਹਫ਼ਤੇ ਦੇ 4-5 ਦਿਨਾਂ ਲਈ ਕੋਈ ਮਾੜਾਮੋਟਾ ਰੁਜ਼ਗਾਰ ਮਿਲ ਜਾਂਦਾ ਹੈ ਅਤੇ ਬਾਕੀ ਦੇ 2-3 ਦਿਨ ਘਰੋਂ ਲਿਆਂਦੀ ਹੋਈ ਰੁੱਖੀ-ਸੁੱਕੀ ਰੋਟੀ ਅਤੇ ਮੁੱਲ ਦੀ ਚਾਹ ਖਾਣਪੀਣ ਤੋਂ ਬਾਅਦ ਇਹ ਖਾ.ਲੀ ਹੱਥ ਆਪਣੇ ਘਰਾਂ ਨੂੰ ਵਾਪਿਸ ਮੁੜ ਜਾਂਦੇ ਹਨ। ਇਸ ਸਮੱਸਿਆ ਤੋਂ ਕੁਝ ਰਾਹਤ ਲੈਣ ਵਾਸਤੇ ਪੰਜਾਬ ਦੇ ਕੁਝ ਕਿਰਤੀ ਵੱਖਵੱਖ ਸਮਿਆਂ ਉੱਤੇ ਬਾਹਰਲੇ ਸੂਬਿਆਂ ਵਿਚ ਚਲੇ ਜਾਂਦੇ ਹਨ। ਮੱਧ ਪ੍ਰਦੇਸ਼ ਸਰਕਾਰ ਨੇ ਉੱਥੋਂ ਬਾਹਰਲੇ ਸੂਬਿਆਂ ਵਿਚ ਗਏ ਮਜ਼ਦੂਰਾਂ ਦੀ ਗਿਣਤੀ ਇਕ ਲੱਖ ਦੱਸੀ ਹੈ। ਅਫ਼ਸੋਸ! ਪੰਜਾਬ ਸਰਕਾਰ ਵੱਲੋਂ ਹਰੇਕ ਸਾਲ ਜਾਰੀ ਕੀਤੇ ਜਾਂਦੇ ਅੰਕੜਾਸਾਰ ਵਿਚ ਜਿੱਥੇ ਸੂਬੇ ਅਤੇ ਮੁਲਕ ਦੇ ਖੇਤੀਬਾੜੀ, ਉਦਯੋਗਿਕ ਅਤੇ ਸੇਵਾਵਾਂ ਦੇ ਖੇਤਰਾਂ ਨਾਲ ਸੰਬੰਧਿਤ ਵੱਖ ਵੱਖ ਤੱਥਾਂKਪੱਖਾਂ ਨੂੰ ਉਜਗਾਰ ਕਰਦੇ ਅੰਕੜਿਆਂ ਦੀ ਭਰਮਾਰ ਹੁੰਦੀ ਹੈ, ਉੱਥੇ ਆਪਣੇ ਸੂਬੇ ਵਿਚ ਰੁਜ਼ਗਾਰ ਦੇ ਮੌਕੇ ਘੱਟ ਹੋਣ ਅਤੇ ਪ੍ਰਾਪਤ ਰੁਜ਼ਗਾਰ ਦੇ ਮਿਆਰ ਦੇ ਨੀਵਾਂ ਹੋਣ ਕਾਰਨ ਇੱਥੋਂ ਦੇ ਜਿਹੜੇ ਮਜ਼ਦੂਰਾਂ ਨੇ ਬਾਹਰਲੇ ਸੂਬਿਆਂ ਵਿਚ ਰੁਜ਼ਗਾਰ ਪ੍ਰਾਪਤ ਕਰਨ ਲਈ ਪਰਵਾਸ ਕੀਤਾ ਹੁੰਦਾ ਹੈ ਉਨ੍ਹਾਂ ਦੇ ਅੰਕੜੇ ਕਿਤੇ ਵੀ ਦਰਜ ਨਹੀਂ ਹੁੰਦੇ। ਇਕ ਗੱਲ ਪੱਕੀ ਹੈ ਕਿ ਜਦੋਂ ਤੱਕ ਕਿਸੇ ਸਮੱਸਿਆ ਦੀ ਠੀਕ ਗਿਣਤੀਮਿਣਤੀ ਨਹੀਂ ਹੁੰਦੀ ਉਦੋਂ ਤੱਕ ਉਸ ਸਮੱਸਿਆ ਦਾ ਠੀਕ ਹੱਲ ਨਹੀਂ ਹੋ ਸਕਦਾ। ਸਮੱਸਿਆਵਾਂ ਦੀ ਠੀਕ ਗਿਣਤੀਮਿਣਤੀ ਕਰਨ ਤੋਂ ਬਾਅਦ ਉਨ੍ਹਾਂ ਦੇ ਕਾਰਨਾਂ ਨੂੰ ਜਾਣਕੇ ਉਨ੍ਹਾਂ ਦਾ ਹੱਲ ਕੀਤਾ ਜਾ ਸਕਦਾ ਹੈ। ਅਕਸਰ ਸਰਕਾਰੀ ਅਰਥ ਵਿਗਿਆਨੀ, ਕਾਰਪੋਰੇਟ ਖੇਤਰ ਦੇ ਝਾੜੂਬਰਦਾਰ ਅਤੇ ਦਰਬਾਰੀ ਅਤੇ ਜੁਗਾੜੀ ਲੋਕ ਆਪਣੇ ਨਿੱਕੇ ਨਿੱਕੇ ਵਿਅਰਥ ਨਿੱਜੀ ਹਿੱਤਾਂ ਦੀ ਪੂਰਤੀ ਦੀ ਆਸ ਵਿਚ ਆਪਣੇ ਕੋਲੋਂ ਅੰਕੜੇ ਬਣਾ ਕੇ ਨਤੀਜਾਪ੍ਰਮੁੱਖ ਅਧਿਐਨ ਕਰਨ ਅਤੇ ਉਨ੍ਹਾਂ ਨੂੰ ਪ੍ਰਚਾਰਨ ਵਿਚ ਆਪਣਾ ਪੂਰਾ ਜ਼ੋਰ ਲਗਾ ਦਿੰਦੇ ਹਨ। ਇਹ ਅੰਕੜੇ ਅਤੇ ਨਤੀਜਾਪ੍ਰਮੁੱਖ ਅਧਿਐਨ ਕਿਰਤੀ ਵਰਗਾਂ ਦੇ ਹਿੱਤਾਂ ਸੰਬੰਧੀ ਠੀਕ ਉਸ ਤਰ੍ਹਾਂ ਦਾ ਹੀ ਅਸਰ ਕਰਦੇ ਹਨ ਜਿਸ ਤਰ੍ਹਾਂ ਕਿਸੇ ਸਰਜਨ ਦੇ ਅਪ੍ਰੇਸ਼ਨ ਟੇਬਲ ਉੱਪਰ ਮਰੀਜ਼ ਦੀਆਂ ਰੱਖੀਆਂ ਹੋਈਆਂ ਗਲਤ ਟੈਸਟ ਰਿਪੋਰਟਾਂ ਕਰਦੀਆਂ ਹਨ। ਪੰਜਾਬ ਸਰਕਾਰ ਨੂੰ ਜਿੱਥੋਂ ਅਜਿਹੇ ਲੋਕਾਂ ਤੋਂ ਦੂਰ ਰਹਿੰਦੇ ਹੋਏ ਸੂਬੇ ਦੇ ਪਰਵਾਸੀ ਮਜ਼ਦੂਰਾਂ ਸੰਬੰਧੀ ਅੰਕੜਾਬੈਂਕ ਤਿਆਰ ਕਰਨਾ ਅਤੇ ਆਏ ਸਾਲ ਉਸ ਵਿਚ ਤਬਦੀਲੀਆਂ ਦਰਜ ਕਰਨੀਆਂ ਯਕੀਨੀ ਬਣਾਉਣੀਆਂ ਬਣਦੀਆਂ ਹਨ, ਉੱਥੇ ਹੁਣ ਦੀ ਘੜੀ ਸੂਬੇ ਦੇ ਜਿਹੜੇ ਵੀ ਕਿਰਤੀ ਬਾਹਰਲੇ ਸੂਬਿਆਂ ਵਿਚ ਮਜ਼ਦੂਰੀ ਕਰਨ ਗਏ ਹੋਏ ਸੀ ਅਤੇ ਲੌਕਡਾਊਨ ਹੋਣ ਕਾਰਨ ਉੱਥੇ ਅਸਿਹ ਮੁਸੀਬਤਾਂ ਝੱਲ ਰਹੇ ਹਨ ਉਨ੍ਹਾਂ ਦੀ ਘਰਵਾਪਸੀ ਨੂੰ ਯਕੀਨੀ ਬਣਾਏ।

ਹਰੇਕ ਸਾਲ ਪੰਜਾਬ ਵਿਚੋਂ ਧਾਨ ਦੀ ਕਟਾਈ ਮੌਕੇ ਹਾਰਵੈਸਟਰ ਕੰਬਾਇਨਾਂ, ਉਨ੍ਹਾਂ ਦੇ ਕੁਝ ਮਾਲਕ, ਫੋਰਮੈਨ, ਡਰਾਇਵਰ ਅਤੇ ਮਜ਼ਦੂਰ ਮੁਲਕ ਦੇ ਦੂਜਿਆਂ ਸੂਬਿਆਂ ਵਿਚ ਜਾਂਦੇ ਹਨ। ਵੱਖਵੱਖ ਹਾਰਵੈਸਟਰ ਕੰਬਾਇਨ ਮਾਲਕਾਂ ਨਾਲ ਗੱਲਬਾਤ ਕਰਨ ਤੋਂ ਪਤਾ ਲੱਗਿਆ ਕਿ ਇਹ ਕਿਰਤੀ ਮਹਾਂਰਾਸ਼ਟਰ, ਰਾਜਸਥਾਨ, ਹਰਿਆਣਾ, ਮੱਧ ਪ੍ਰਦੇਸ਼, ਗੁਜਰਾਤ, ਬਿਹਾਰ, ਉੱਤਰ ਪ੍ਰਦੇਸ਼, ਆਂਧਰਾਂ ਪ੍ਰਦੇਸ਼ ਅਤੇ ਕੁਝ ਹੋਰ ਪ੍ਰਦੇਸ਼ਾਂ ਵਿਚ ਹਰੇਕ ਸਾਲ ਜਾਂਦੇ ਹਨ।

ਇਸ ਵਾਰ ਵੀ ਜਿੱਥੇ ਇਨ੍ਹਾਂ ਵਿਚੋਂ ਕਾਫ਼ੀ ਕਿਰਤੀ ਲੌਕਡਾਊਨ ਕਰਕੇ ਬਾਹਰਲੇ ਸੂਬਿਆਂ ਵਿਚ ਫਸ ਗਏ ਹਨ ਜਿਸ ਕਾਰਨ ਉਹ ਨੇਕਾਂ ਅਸਿਹ ਸਮੱਸਿਆ ਹੰਢਾ ਰਹੇ ਹਨ, ਉੱਥੇ ਪਿੱਛੋਂ ਉਨ੍ਹਾਂ ਦੇ ਪਰਿਵਾਰ ਵੱਖ ਵੱਖ ਪੱਖਾਂ ਤੋਂ ਖੱਜਲ-ਖੁਆਰ ਹੋ ਰਹੇ ਹਨ। ਇਨ੍ਹਾਂ ਕਿਰਤੀਆਂ ਤੋਂ ਬਿਨਾਂ ਹੋਰ ਵੱਖ ਵੱਖ ਖੇਤਰਾਂ ਨਾਲ ਸੰਬੰਧਿਤ ਕਿਰਤੀ ਬਾਹਰਲੇ ਸੂਬਿਆਂ ਵਿਚ ਪਰਵਾਸ ਕਰਦੇ ਹਨ ਅਤੇ ਇਸ ਵਾਰ ਵੀ ਉਨ੍ਹਾਂ ਵਿਚੋਂ ਜਿਹੜੇ ਕਿਰਤੀ ਲੌਕਡਾਊਨ ਕਾਰਨ ਬਾਹਰਲੇ ਸੂਬਿਆਂ ਵਿਚ ਫਸੇ ਹੋਏ ਹਨ ਜਿੱਥੇ ਉਹ ਵੱਖ ਵੱਖ ਸਮੱਸਿਆਵਾਂ ਹੰਢਾ ਰਹੇ ਹਨ, ਉੱਥੇ ਉਨ੍ਹਾਂ ਨੂੰ ਕੁਝ ਥਾਵਾਂ ਉੱਪਰ ਜਲੀਲ ਕਰਨ ਦੀਆਂ ਖ਼ਬਰਾਂ ਵੀ ਆ ਰਹੀਆਂ ਹਨ।

ਮੁਲਕ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੌਮ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ ਹੈ ਕਿ ਕਰੋਨਾਵਾਇਰਸ ਦੀ ਮਹਾਂਮਾਰੀ ਕਾਰਨ ਲਗਾਏ ਗਏ ਲੌਕਡਾਊਨ ਕਾਰਨ ਮੁਲਕ ਦੇ ਮਜ਼ਦੂਰਾਂ ਨੇ ਘਰਾਂ ਤੋਂ ਦੂਰ ਰਹਿੰਦੇ ਹੋਏ ਅਤੇ ਸੁਵਿਧਾਵਾਂ ਦੀ ਘਾਟ ਵਿਚ ਰਾਸ਼ਟਰ ਲਈ ਕੁਰਬਾਨੀ ਕੀਤੀ ਹੈ। ਸੂਬਾ ਸਰਕਾਰਾਂ ਨੂੰ ਮੁਲਕ ਦੇ ਪ੍ਰਧਾਨ ਮੰਤਰੀ ਦੇ ਅਹਿਸਾਸ ਦਾ ਸਨਮਾਨ ਕਰਦੇ ਹੋਏ ਆਪਣੇ ਮਜ਼ਦੂਰਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਤੇਜ਼ੀ ਨਾਲ ਅੱਗੇ ਆਉਣਾ ਚਾਹੀਦਾ ਹੈ। ਇਸ ਸੰਬੰਧ ਵਿਚ ਇਹ ਜਾਣ ਲੈਣਾ ਬਹੁਤ ਹੀ ਜ਼ਰੂਰੀ ਹੈ ਕਿ ਫਰਾਂਸ ਦੇ ਇਕ ਵਾਸ਼ਿੰਦੇ ਸਿਸਮੌਂਡੀ, ਜਿਸ ਦੇ ਕੰਮਾਂ ਅਤੇ ਕਿਰਦਾਰ ਕਰਕੇ ਉਸ ਦਾ ਨਾਮ ਕਿਰਤੀ ਵਰਗ ਵੱਲੋਂ ਬਹੁਤ ਹੀ ਸਤਿਕਾਰ ਨਾਲ ਲਿਆ ਜਾਂਦਾ ਹੈ, ਅਨੁਸਾਰ ਜੇਕਰ ਮੁਲਕ ਦਾ ਇਕ ਵੀ ਕਿਰਤੀ ਮਰ ਜਾਵੇ ਤਾਂ ਮੁਲਕ ਨੂੰ ਉਹ ਨੁਕਸਾਨ ਹੁੰਦਾ ਹੈ ਜਿਹੜਾ ਕਦੇ ਵੀ ਪੂਰਾ ਨਹੀਂ ਕੀਤਾ ਜਾ ਸਕਦਾ।

ਮੁਲਕ ਦੇ ਪ੍ਰਧਾਨ ਮੰਤਰੀ ਅਤੇ ਸਿਸਮੌਂਡੀ ਦੇ ਵਿਚਾਰਾਂ ਨੂੰ ਸਮਝਦੇ ਅਤੇ ਉਨ੍ਹਾਂ ਦਾ ਸਤਿਕਾਰ ਕਰਦੇ ਹੋਏ ਪੰਜਾਬ ਸਰਕਾਰ ਦਾ ਫਰਜ਼ ਬਣਦਾ ਹੈ ਕਿ ਤੁਰੰਤ ਦੂਜਿਆਂ ਸੂਬਿਆਂ, ਜਿੱਥੇ ਸਾਡੇ ਕਿਰਤੀ ਪਰਵਾਸ ਕਰਕੇ ਗਏ ਹੋਏ ਹਨ, ਅਤੇ ਕੇਂਦਰ ਸਰਕਾਰ ਦੀ ਹੋਮ ਮਨਿਸਟਰੀ ਦੀ ਪ੍ਰਵਾਨਗੀ ਲੈਕੇ ਸੂਬੇ ਦੇ ਪਰਵਾਸੀ ਮਜ਼ਦੂਰਾਂ ਦੀ ਘਰਵਾਪਸੀ ਨੂੰ ਯਕੀਨੀ ਬਣਾਵੇ, ਕਿਉਂਕਿ ਜਿਹੜੇ ਪਰਵਾਸੀ ਮਜ਼ਦੂਰ ਆਪਣੇ ਆਪ ਆਉਣ ਦੀ ਕੋਸ਼ਿਸ਼ ਕਰ ਰਹੇ ਹਨ ਉਨ੍ਹਾਂ ਤੋਂ ਬਹੁਤ ਜ਼ਿਆਦਾ ਕਰਾਇਆ ਵੀ ਲਿਆ ਜਾ ਰਿਹਾ ਹੈ ਅਤੇ ਬਠਿੰਡਾ ਤੋਂ ਖ਼ਬਰ ਹੈ ਕਿ ਉਸ ਤਰ੍ਹਾਂ ਦੇ ਪਰਵਾ-ਸੀਆਂ ਨਾਲ ਮਾੜਾ ਸਲੂਕ ਵੀ ਕੀਤਾ ਜਾ ਰਿਹਾ ਹੈ। ਪੰਜਾਬ ਵਿਚ ਕਣਕ ਦੀ ਕਟਾਈ ਮੌਕੇ ਪਰਵਾਸੀ ਮਜ਼ਦੂਰਾਂ ਦੀ ਕਮੀ ਕਾਰਨ ਕਿਸਾਨਾਂ ਨੂੰ ਅਨੇਕਾਂ ਸਮੱਸਿਆਵਾਂ ਆਈਆਂ ਹਨ। ਇਸੇ ਤਰ੍ਹਾਂ ਪਰਵਾਸੀ ਮਜ਼ਦੂਰਾਂ ਦੀ ਕਮੀ ਕਾਰਨ ਅਨਾਜ ਮੰਡੀਆਂ ਵਿਚ ਵੀ ਔਕੜਾਂ ਆ ਰਹੀਆਂ ਹਨ।

ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀ ਨੀਤੀ ਦੁਆਰਾ ਕੇਂਦਰੀ ਅਨਾਜ ਭੰਡਾਰ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਪੰਜਾਬ ਦੇ ਸਿਰ 1973 ਤੋਂ ਹੁਣ ਤੱਕ ਮੜੀ ਗਈ ਫਸਲ ਝੋਨੇ ਦੀ ਲਵਾਈ ਮੌਕੇ ਬਿਹਾਰ ਅਤੇ ਉੱਤਰ ਪ੍ਰਦੇਸ਼ ਤੋਂ ਪਰਵਾਸੀ ਮਜ਼ਦੂਰਾਂ ਦੇ ਨਾ ਆਉਣ ਕਰਕੇ ਅਨੇਕਾਂ ਸਮੱਸਿਆਵਾਂ ਆਉਣਗੀਆਂ। ਇਨ੍ਹਾਂ ਸਮੱਸਿਆਵਾਂ ਨੂੰ ਘਟਾਉਣ ਲਈ ਜ਼ਰੂਰੀ ਹੋ ਜਾਂਦਾ ਹੈ ਸੂਬੇ ਵਿਚ ਲੌਕਡਾਊਨ ਹੰਢਾ ਰਹੇ ਮਜ਼ਦੂਰ ਵਰਗ ਅਤੇ ਸੀਮਾਂਤ ਅਤੇ ਛੋਟੇ ਕਿਸਾਨਾਂ ਨੂੰ ਮਨਰੇਗਾ ਅਧੀਨ ਕੰਮ ਦਿੱਤਾ ਜਾਵੇ ਅਤੇ ਇਸ ਤੋਂ ਬਾਅਦ ਪੰਜਾਬ ਵਿਚ ਹੜ੍ਹਾਂ ਦੀ ਮਾਰ ਤੋਂ ਬਚਣ ਲਈ ਡਰੇਨਾਂ ਦੀ ਸਫ਼ਾਈ ਵੀ ਮਨਰੇਗਾ ਅਧੀਨ ਹੀ ਕਰਵਾਈ ਜਾਵੇ। ਇਸ ਸੰਬੰਧ ਵਿਚ ਸਰਮਾਏਦਾਰ/ਕਾਰਪੋਰੇਟ ਜਗਤ ਦੇ ਗੜਬਈ ਮਸ਼ੀਨਰੀ ਦੀ ਵਰਤੋਂ ਦਾ ਪ੍ਰਚਾਰ ਕਰ ਰਹੇ ਹਨ।

ਮਸ਼ੀਨਰੀ ਦੀ ਵਰਤੋਂ ਸੰਬੰਧੀ ਸਾਨੂੰ ਬਹੁਤ ਸੁਚੇਤ ਹੋਣ ਦੀ ਲੋੜ ਹੈ। ਮਸ਼ੀਨਾਂ ਦੀ ਵਰਤੋਂ ਉਦੋਂ ਹੀ ਕਰਨੀ ਬਣਦੀ ਹੈ ਜਦੋਂ ਕਿਰਤੀਆਂ ਲਈ ਰੁਜ਼ਗਾਰ ਦੇ ਠੀਕ ਮੌਕੇ ਉਪਲਬਧ ਹੋਣ ਕਿਉਂਕਿ ਜਿੱਥੋਂ ਮਸ਼ੀਨਾਂ ਕੰਮ ਨੂੰ ਜਲਦੀ ਕਰਨ ਵਿਚ ਸਹਾਈ ਹੁੰਦੀਆਂ ਹਨ, ਉੱਥੇ ਕਰੋੜਾਂ ਕਿਰਤੀਆਂ ਦਾ ਰੁਜ਼ਗਾਰ ਵੀ ਖੋਹ ਲੈਂਦੀਆਂ ਹਨ।

ਸਾਰੀ ਦੁਨੀਆਂ ਵਿਚ ਮਜ਼ਦੂਰ ਦਿਵਸ ਮਨਾਇਆ ਜਾਂਦਾ ਹੈ ਜੋ 1 ਮਈ ਨੂੰ ਆ ਰਿਹਾ ਹੈ। ਇਸ ਦਿਵਸ ਦੀ ਮਹੱਤਤਾ ਨੂੰ ਸਮਝਦੇ ਹੋਏ ਸਰਕਾਰਾਂ ਅਤੇ ਸਮਾਜਾਂ ਦੇ ਜਾਗਣ ਦਾ ਵੇਲਾ ਆ ਗਿਆ ਹੈ, ਕਿ ਉਹ ਕਰੋਨਾਵਾਇਰਸ ਦੀ ਮਹਾਂਮਾਰੀ ਤੋਂ ਨਿਜਾਤ ਮਿਲਣ ਤੋਂ ਬਾਅਦ ਆਪਣੇ ਆਪਣੇ ਕਿਰਤੀ ਵਰਗਾਂ ਦੇ ਹਿੱਤਾਂ ਦੀ ਰਾਖੀ ਕਰਨੀ ਯਕੀਨੀ ਬਣਾਉਣ ਤਾਂ ਕਿ ਇਨ੍ਹਾਂ ਵਰਗਾਂ ਦੀਆਂ ਜ਼ਿੰਦਗੀ ਦੀਆਂ ਮੁਢਲੀਆਂ ਲੋੜਾਂ ਰੋਟੀ, ਕੱਪੜਾ, ਮਕਾਨ, ਸਿੱਖਿਆ, ਸਿਹਤ ਸੰਭਾਲ, ਸਾਫ਼ ਵਾਤਾਵਰਨ ਅਤੇ ਸਮਾਜਿਕ ਸੁਰੱਖਿਆ ਸਤਿਕਾਰਤ ਢੰਗਾਂ ਨਾਲ ਪੂਰੀਆਂ ਹੋ ਸਕਣ।

# ਮਈ ਦਿਵਸ ਦੀ ਵਿਰਾਸਤ ਤੇ ਪਹਿਰਾ ਦਿੰਦੇ ਹੋਏ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਭੇਟ ਕਰੋ



ਮੋਰਿੰਡਾ ਦੀਆਂ ਵੱਖ ਵੱਖ ਮਜ਼ਦੂਰ ,ਮੁਲਾਜ਼ਮ ਜੱਥੇਬੰਦੀਆਂ ਦੇ ਆਧਾਰਿਤ , ਮਜ਼ਦੂਰ ਮੁਲਾਜ਼ਮ ਤਾਲਮੇਲ ਕੇਂਦਰ ਬਲਾਕ ਮੋਰਿੰਡਾ ਦੇ ਕਨਵੀਨਰ ਜਗਦੀਸ਼ ਕੁਮਾਰ ਕੋ ਕਨਵੀਨਰ ਮਲਾਗਰ ਸਿੰਘ ਖਮਾਣੋਂ ਨੇ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਕਿਹਾ ਕਿ ਪਹਿਲੀ ਮਈ 1886 ਨੂੰ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਦੀ ਮਜ਼ਦੂਰ ਜਮਾਤ ਵੱਲੋਂ ਅੱਠ ਘੰਟੇ ਦੀ ਕੰਮ ਦੀ ਦਿ-ਹਾੜੀ ਦੀ ਮੰਗ ਨੂੰ ਲੈ ਕੇ ਬੇਮਿਸਾਲ ਹੜਤਾਲ ਕੀਤੀ। ਮਜ਼ਦੂਰਾਂ ਦੇ ਸੰਘਰਸ਼ ਨੂੰ ਦਬਾਉਣ ਲਈ ਸਰਮਾਏਦਾਰਾਂ ਨੇ ਮਜ਼ਦੂਰਾਂ ਦੇ ਖੂਨ ਦੀ ਹੋਲੀ ਖੇਡੀ ਗਈ। ਸੱਤ ਮਜ਼ਦੂਰ ਸ਼ਹੀਦ ਕੀਤੇ ਚਾਰ ਮਜ਼ਦੂਰ ਆਗੂਆਂ ਨੂੰ ਫਾਂਸੀ ਦੇ ਦਿੱਤੀ ਗਈ। ਅਮਰੀਕੀ ਫੈਡਰੇਸ਼ਨ ਆਫ ਲੇਬਰ ਵੱਲੋਂ ਇੱਕ ਮਈ 1890 ਨੂੰ ਕੌਮਾਂਤਰੀ ਮਜ਼ਦੂਰ ਦਿਹਾੜੇ ਵਜੋਂ ਦੁਨੀਆਂ ਭਰ ਦੀ ਮਜ਼ਦੂਰ ਜਮਾਤ ਤੇ ਦੱਬੇ ਕੁਚਲੇ ਲੋਕਾਂ ਦਾ ਕੌਮਾਂਤਰੀ ਤਿਉਹਾਰ ਦਾ ਰੂਪ ਧਾਰਨ ਕਰ ਗਿਆ। ਪ੍ਰੰਤੂ ਸਰਮਾਏਦਾਰੀ ਮਜ਼ਦੂਰ ਦਿਹਾੜੇ ਦੀ ਰੂਹ ਨੂੰ ਕਤਲ ਕਰਨ ਲਈ ਅਤੇ ਇਨਕਲਾਬੀ ਵਿਰਾਸਤ ਨੂੰ ਧੁੰਦਲਾ ਕਰਨ ਲਈ, ਇੱਕ ਦਿਨ ਦੀ ਛੁੱਟੀ ,ਤੁੱਛ ਤੋਹਫੇ ਆਦਿ ਭੇਟ ਕਰਕੇ ਜਾਂ ਜੁਮਲੇਦਾਰ ਭਾਸ਼ਣ ਦੇ ਕੇ ਕਈ ਪ੍ਰਕਾਰ ਦੇ ਖੇਖਣ ਕਰਕੇ ਮਜ਼ਦੂਰ ਜਮਾਤ ਨੂੰ ਭਰਮਾਉਣ ਤੇ ਕੁਚਲਣ ਦਾ ਯਤਨ ਕਰਦੀ ।ਇਨ੍ਹਾਂ ਕਿਹਾ ਕਿ ਭਾਰਤੀ ਕੇਂਦਰੀ ਤੇ ਸੂਬਾਈ ਸਰਕਾਰਾਂ ਵੱਲੋਂ ਪਹਿਲਾਂ ਹੀ ਲਾਗੂ ਕੀਤੇ ਜਾ ਰਹੇ ਕਾਰਪੋਰੇਟ ਪੱਖੀ ਨਵ ਉਦਾਰਵਾਦੀ ਏਜੰਡੇ ਨੂੰ ਚੱਲ ਰਹੇ ਕਰੋਨਾ ਮਹਾਮਾਰੀ ਸੰਕਟ ਦੀ ਆੜ ਚ ਹੋਰ ਅੱਗੇ ਵਧਾਇਆ ਜਾ ਰਿਹਾ ਹੈ। ਪਹਿਲਾਂ ਹੀ ਤਨਖ਼ਾਹ, ਭੱਤਿਆਂ, ਪੈਨਸ਼ਨ ਕਟੌਤੀ ਦੀ ਮਾਰ ਝੱਲ ਰਹੇ ਤੇ ਠੇਕਾ ਭਰਤੀ ਦਾ ਸ਼ਿਕਾਰ ਮੁਲਾਜ਼ਮਾਂ, ਮਜ਼ਦੂਰਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ।ਮੁਲਾਜ਼ਮਾਂ ਦੀ 10-40 ਫਸੀਦੀ ਤਨਖਾਹ ਕਟੌਤੀ ਮੁਲਾਜ਼ਮਾਂ ਦਾ ਡੀ ਏ ਜਾਮ, ਕੰਮ ਦੀ ਦਿਹਾੜੀ 8 ਘੰਟੇ ਤੋਂ 12 ਘੰਟੇ ਕਰਨ, ਯੂਨੀਅਨ ਬਣਾਉਣ ਦੇ ਕਾਨੂੰਨੀ ਹੱਕ ਖੋਹਣ, ਹੜਤਾਲਾਂ ਤੇ ਸੰਘਰਸ਼ਾਂ ਤੇ ਪਾਬੰਦੀ ਦੇ ਨਾਲ ਨਾਲ ਫਿਰਕੂ ਪਾਲਾਬੰਦੀ ਕਰਕੇ ਲੋਕਾਂ ਦੀ ਭਾਈਚਾਰਕ ਏਕਤਾ ਤੋੜਨ ਦੇ ਹਮਲੇ ਵਿੱਢੇ ਜਾ ਰਹੇ ਹਨ ।ਅੱਜ ਭਾਰਤੀ ਹਾਕਮ ਮਜ਼ਦੂਰ ਜਮਾਤ ਵੱਲੋਂ ਅਥਾਹ ਕੁਰਬਾਨੀਆਂ ਕਰਕੇ ਪ੍ਰਾਪਤ ਕੀਤੇ ਬੁਨਿਆਦੀ ਹੱਕਾਂ ਤੇ ਸਿੱਧੇ ਤੌਰ ਤੇ ਹਮਲੇ ਕਰਕੇ ਖਤਮ ਕਰਨ ਵੱਲ ਵਧ ਰਹੇ ਹਨ। ਇਨ੍ਹਾਂ ਕਿਹਾ ਕਿ ਅੱਜ ਭਾਵੇਂ ਕਰੋਨਾ ਮਹਾਮਾਰੀ ਦੌਰਾਨ ਭਾਰਤ ਸਰਕਾਰ ਵੱਲੋਂ ਕੀਤੇ ਲਾਕਡਾਓਨ ਕਾਰਨ ਸਾਂਝੇ ਇਕੱਠ ਕਰਕੇ ਮਈ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸਮਾਗਮ ਕਰਨੇ ਮੁਸ਼ਕਲ ਹਨ। ਇਨ੍ਹਾਂ ਸੱਦਾ ਦਿੱਤਾ ਕਿ ਲਾਕ ਡਾਉਨ ਨੂੰ ਧਿਆਨ ਚ ਰੱਖਦਿਆਂ ਮਜ਼ਦੂਰ ਮੁਲਾਜ਼ਮ ਤਾਲਮੇਲ ਕੇਂਦਰ ਚ ਸ਼ਾਮਲ ਮਜ਼ਦੂਰ, ਮੁਲਾਜ਼ਮ ਠੇਕਾ ਆਧਾਰਤ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਜੋ ਕਾਮੇ ਜ਼ਰੂਰੀ ਸੇਵਾਵਾਂ ਕਾਰਨ ਡਿਊਟੀ ਨਿਭਾ ਰਹੇ ਹਨ। ਉਹ ਸਰੀਰਕ ਦੂਰੀ ਨੂੰ ਧਿਆਨ ਚ ਰੱਖ ਕੇ ਦਫਤਰਾਂ ਵਿਚ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ, ਜੋ ਕਾਮੇ ਘਰਾਂ ਵਿੱਚ ਬੰਦ ਹਨ ਉਹ ਆਪਣੇ ਪਰਿਵਾਰਾਂ ਸਮੇਤ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਅਤੇ ਆਉਣ ਵਾਲੇ ਸਮੇਂ ਚ ਰੁਜ਼ਗਾਰ ਤੇ ਉਜਰਤਾਂ ਦੀ ਗਾਰੰਟੀ ,ਕਿਰਤ ਕਾਨੂੰਨਾਂ ਸਮੇਤ ਜਥੇਬੰਦੀ ਬਣਾਉਣ, ਸੰਘਰਸ਼ ਕਰਨ ਦੇ ਹੱਕਾਂ ਦੀ ਰਾਖੀ ਕਰਨ, ਮਜ਼ਦੂਰ ਜਮਾਤ ਦੀ ਏਕਤਾ ਮਈ ਦੇ ਸ਼ਹੀਦਾਂ ਦੀ ਵਿਰਾਸਤ ਦੀ ਰਾਖੀ ਲਈ ਅਹਿਦ ਕਰਨਗੇ।

# ਪਿੰਡ ਨਾਰੀਕੇ ਕਲਾਂ ਦੇ ਦਲਿਤ ਲੋਕੀ ਸਾਂਝੀ ਖੇਤੀ ਕਰਕੇ ਦੂਜੇ ਪਿੰਡਾਂ ਲਈ ਬਣ ਰਹੇ ਹਨ ਪ੍ਰੇਰਨਾ ਸਰੋਤ

**ਅਮਰਗੜ੍ਹ-** ਪਿੰਡ ਨਾਰੀਕੇ ਦੇ ਦਲਿਤ ਭਾਈਚਾਰੇ ਨਾਲ ਸਬੰਧਤ ਲੋਕ ਸਾਂਝੀ ਖੇਤੀ ਕਰਕੇ ਦੂਸਰੇ ਪਿੰਡਾਂ ਲਈ ਪ੍ਰੇਰਨਾ ਸਰੋਤ ਬਣ ਰਹੇ ਹਨ। ਦਲਿਤ ਭਾਈਚਾਰੇ ਨਾਲ ਸਬੰਧਤ ਪਿੰਡ ਦੀ ਤਕਰੀਬਨ 200 ਬਿੱਘੇ 'ਤੇ ਖੇਤੀ ਕਰਕੇ ਖੁਸ਼ਹਾਲ ਜੀਵਨ ਬਤੀਤ ਕਰ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੂਬੇਦਾਰ ਜਰਨੈਲ ਸਿੰਘ, ਸੁਖਵਿੰਦਰ ਸਿੰਘ, ਕੁਲਜੀਤ ਸਿੰਘ, ਕੁਲਵੰਤ ਸਿੰਘ, ਰਵਿੰਦਰ ਸਿੰਘ ਆਦਿ ਨੇ ਦੱਸਿਆ ਕਿ 2017 ਵਿਚ ਦਲਿਤ ਭਾਈਚਾਰੇ ਦੇ ਲੋਕਾਂ ਨੇ 11 ਮੈਂਬਰੀ ਕਮੇਟੀ ਬਣਾ ਕੇ ਪਿੰਡ ਦੀ ਰਾਖਵੀਂ ਜ਼ਮੀਨ ਦੀ ਬੋਲੀ ਦਿੱਤੀ ਸੀ। ਹਰ ਘਰ ਤੋਂ ਇਕ ਹਜ਼ਾਰ ਰੁਪਏ ਇਕੱਠੇ ਕੀਤੇ ਗਏ ਸਨ। ਪਹਿਲੇ ਸਾਲ ਤਕਰੀਬਨ 70 ਲੋਕਾਂ ਨੇ ਪੈਸੇ ਦਿੱਤੇ ਅਤੇ ਕੁਝ ਹੋਰ ਪੈਸੇ ਦਾ ਇੰਤਜ਼ਾਮ ਕਰਕੇ ਜ਼ਮੀਨ ਦੀ ਬੋਲੀ ਦੇ ਪੈਸੇ ਭਰ ਦਿੱਤੇ ਗਏ। ਹੁਣ ਹਾਲਾਤ ਇਹ ਹਨ ਕਿ ਕਮੇਟੀ ਵੱਲੋਂ ਜਿੱਥੇ ਹਰ ਪਰਿਵਾਰ ਨੂੰ ਹਰ ਸਾਲ 2 ਕੁਇੰਟਲ ਕਣਕ ਮੁਫਤ ਦਿੱਤੀ ਜਾ ਰਹੀ ਹੈ ਅਤੇ ਵਾਧੂ ਕਣਕ ਖਰੀਦਣ ਲਈ ਵੀ ਮਾਰਕੀਟ ਰੇਟ ਤੋਂ 150 ਰੁਪਏ ਤੇ ਕਣਕ ਖਰੀਦਣ ਦੀ ਖੁੱਲ੍ਹ ਦਿੱਤੀ ਗਈ ਹੈ। ਕਣਕ ਘੱਟ ਰੇਟ ਤੇ ਖਰੀਦਣ ਦੀ ਖੁੱਲ੍ਹ ਪਿੰਡ ਦੇ ਹਰ ਘਰ ਲਈ ਹੈ।



ਇਸੇ ਤਰ੍ਹਾਂ ਤੂੜੀ ਵੀ ਲੋੜਵੰਦ ਪਰਿਵਾਰਾਂ ਨੂੰ ਮਾਰਕੀਟ ਰੇਟ ਨਾਲੋਂ ਘੱਟ ਰੇਟ ਤੇ ਵੇਚੀ ਜਾ ਰਹੀ ਹੈ। ਸਾਂਝੀ ਖੇਤੀ ਬਾਰੇ ਜਾਣਕਾਰੀ ਦਿੰਦੇ ਉਹਨਾਂ ਦੱਸਿਆ ਕਿ ਜੇਕਰ ਕਿਸੇ ਪਰਿਵਾਰ ਨੇ ਆਪਣੇ ਲਈ ਹਰਾ ਚਾਰਾ ਬੀਜਣਾ ਚਾਹੁੰਦਾ ਹੈ ਤਾਂ ਉਸਨੂੰ ਬੋਲੀ ਦੇ ਰੇਟ 'ਤੇ ਹੀ ਜ਼ਮੀਨ ਦਿੱਤੀ ਜਾਂਦੀ ਹੈ। ਜਦ ਜੀਰੀ ਲਗਾਉਣ ਦਾ ਸਮਾਂ ਆਉਂਦਾ ਹੈ ਤਾਂ ਸਾਰੇ ਪਰਿਵਾਰ ਮਿਲ ਕੇ ਜੀਰੀ ਲਗਾਉਂਦੇ ਹਨ। ਜੇਕਰ ਕੋਈ ਪਰਿਵਾਰ ਜੀਰੀ ਲਗਾਉਣ ਨਹੀਂ ਜਾਂਦਾ ਤਾਂ ਉਹ ਦਿਹਾੜੀ ਦੇ ਹਿਸਾਬ ਨਾਲ ਪੈਸੇ ਦੇ ਦਿੰਦਾ ਹੈ। ਕਮੇਟੀ ਨੇ ਪਹਿਲੀ ਵਾਰ ਹੀ ਲੋਕਾਂ ਤੋਂ ਪੈਸੇ ਇਕੱਠੇ ਕੀਤੇ ਸਨ ਤੇ ਹੁਣ ਕਿਸੇ ਤੋਂ ਕੋਈ ਪੈਸਾ ਨਹੀਂ ਲਿਆ ਜਾਂਦਾ ਸਗੋਂ ਹਰ ਸਾਲ ਉਸਨੂੰ 2 ਕੁਇੰਟਲ ਕਣਕ ਮੁਫਤ ਦਿੱਤੀ ਜਾਂਦੀ ਹੈ। ਕਮੇਟੀ ਨੇ ਆਪਣੇ ਲਾਭ ਵਿਚ ਟਰੈਕਟਰ ਤੇ ਹੋਰ ਖੇਤੀਬਾੜੀ ਦੇ ਸੰਦ ਵੀ ਬਣਾ ਲਏ ਹਨ। ਉਹਨਾਂ ਐਲਾਨ ਕੀਤਾ ਕਿ ਹੁਣ ਉਹ ਪਿੰਡ ਦੇ ਗਰੀਬ ਵਰਗ ਦੇ ਵਿਦਿਆਰਥੀ ਨੂੰ ਪੜ੍ਹਾਉਣ ਲਈ ਇਕ ਅਧਿਆਪਕ ਦਾ ਪ੍ਰਬੰਧ ਵੀ ਆਪਦੇ ਖਰਚੇ ਤੇ ਕਰਨਗੇ, ਜਿਸ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਤੋਂ ਕੋਈ ਫੀਸ ਵੀ ਨਹੀਂ ਲਈ ਜਾਵੇਗੀ।

# "ਮਾਂ ਬੋਲੀ ਨੂੰ ਮਾਂ ਤੋਂ ਖ਼ਤਰਾ"



ਪੰਜਾਬੀ ਹਾਂ, ਪੰਜਾਬੀ ਹੋਣ ਤੇ ਮਾਣ ਕਰਦਾ ਹਾਂ, ਮੇਰੀ ਮਾਂ ਬੋਲੀ ਪੰਜਾਬੀ ਹੈ, ਜਿਸ ਨੂੰ ਲਿਖ ਬੋਲ ਕੇ ਰੱਜ ਮਹਿਸੂਸ ਕਰਦਾ ਹਾਂ। ਆਪਣੇ ਗੁਰੂਆਂ ਦੀ ਸਿੱਖਿਆ ਮੁਤਾਬਿਕ ਮਾਂ ਬੋਲੀ ਦੇ ਪ੍ਰਸਾਰ ਅਤੇ ਪ੍ਰਚਾਰ ਲਈ ਥੋੜ੍ਹਾ ਮਾਇਆ ਰੂਪੀ ਅਤੇ ਬਹੁਤਾ ਸਮੇਂ ਦਾ ਦਸਵੰਧ ਕੱਢਦਾ ਹਾਂ।

ਇਹ ਉਪਰੋਕਤ ਗੱਲਾਂ ਦੱਸਣਾ ਜਾਂ ਇਹ ਲੇਖ ਲਿਖਣ ਦਾ ਮਤਲਬ ਕੋਈ ਵਡਿਆਈ ਲੈਣਾ ਨਹੀਂ ਹੈ। ਬੱਸ ਮਾਂ ਬੋਲੀ ਪ੍ਰਤੀ ਆਪਣੀ ਪੀੜ ਅਤੇ ਨਿਸ਼ਠਾ ਆਪ ਜੀ ਨਾਲ ਸਾਂਝੀ ਕਰਨੀ ਚਾਹੁੰਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਜੇਕਰ ਇਸ ਲੇਖ ਦੇ ਕਿਸੇ ਇਕ ਪਾਠਕ ਨੂੰ ਵੀ ਮੈਂ ਹਲੂਣਾ ਦੇਣ 'ਚ ਕਾਮਯਾਬ ਹੋ ਗਿਆ ਤਾਂ ਆਪਣੇ ਆਪ ਨੂੰ ਵਡਭਾਗਾ ਸਮਝਾਂਗਾ।

ਮੈਂ ਸ਼ੁਰੂ 'ਚ ਲਿਖਿਆ 'ਪੰਜਾਬੀ ਹਾਂ।' ਬਿਲਕੁਲ ਪੰਜਾਬੀ ਹਾਂ ਪਰ ਉਹ ਪੰਜਾਬੀ ਹਾਂ ਜਿਸ ਨੇ ਦੋ ਬਾਰ ਵੰਡ ਹੰਢਾਈ। ਜਿਨ੍ਹਾਂ ਨੇ ਇਕ ਬਾਰ ਵੰਡ ਹੰਢਾਈ, ਪੀੜ ਉਨ੍ਹਾਂ ਕੋਲ ਵੀ ਬਹੁਤ ਹੈ ਪਰ ਜਿਨ੍ਹਾਂ ਮੇਰੇ ਵਰਗਿਆਂ ਨੇ ਦੋ ਬਾਰ ਵੰਡ ਹੰਢਾਈ ਉਨ੍ਹਾਂ ਦੀ ਪੀੜ ਦੀ ਗੱਲ ਇਸ ਲੇਖ 'ਚ ਕਰਾਂਗਾ। ਪਹਿਲੀ ਵੰਡ 1947 ਦੀ ਜਿਸ 'ਚ ਪੰਜਾਬ ਜੋ ਕਿ ਮਹਾਂ ਪੰਜਾਬ ਸੀ ਉਹ 'ਚੜ੍ਹਦਾ' ਤੇ 'ਲਹਿੰਦਾ' ਬਣ ਕੇ ਰਹਿ ਗਿਆ। ਉਸ ਵਕਤ ਸਰਮਾਏ ਦੇ ਨਾਲ ਖ਼ੂਨ ਵੀ ਵੰਡਿਆ ਗਿਆ ਪਰ ਇਕ ਸਕੂਨ ਦੀ ਗੱਲ ਇਹ ਕਿ ਉਨ੍ਹਾਂ ਕੋਲੋਂ ਉਨ੍ਹਾਂ ਦੀ ਮਾਂ ਬੋਲੀ ਨਹੀਂ ਖੁੱਸੀ ਜਾ ਖੋਹੀ ਗਈ ਸੀ। ਪਰ ਦੂਜੀ ਵੰਡ 1966 ਦੀ ਹੈ ਜਿਸ ਨੇ ਸਾਥੋਂ ਸਾਡਾ ਪੰਜਾਬ ਵੀ ਖੋਹ ਲਿਆ ਤੇ ਪੰਜਾਬ ਦਾ ਪੁੱਤ ਕਹਾਉਣ ਦਾ ਹੱਕ ਵੀ।



ਮਿੰਟੂ ਬਰਾੜ
+61 434 289 905

ਪੰਜਾਬੀ ਸੂਬੇ ਦੀ ਮੰਗ ਹੋ ਸਕਦਾ ਸਮੇਂ ਦੇ ਨੇਤਾਵਾਂ ਨੇ ਖੌਰੇ ਮਾਂ ਬੋਲੀ ਦੇ ਭਲੇ ਲਈ ਹੀ ਮੰਗੀ ਹੋਵੇਗੀ। ਪਰ ਮੇਰੇ ਜਿਹੇ ਪਤਾ ਨਹੀਂ ਕਿੰਨਿਆਂ ਕੁ ਨੂੰ ਨਾਸੂਰ ਦੇ ਗਈ।

ਭਾਵੇਂ ਮੇਰਾ ਜਨਮ ਦੂਜੀ ਵੰਡ ਤੋਂ ਤਿੰਨ ਸਾਲ ਬਾਅਦ ਦਾ ਹੈ। ਪਰ ਜਦੋਂ ਮੈਂ ਅੱਖ ਖੋਲ੍ਹੀ ਤਾਂ ਮਾਂ ਨੇ 'ਪੰਜਾਬੀ' ਬੋਲੀ ਦੀ ਗੁੜ੍ਹਤੀ ਦਿੱਤੀ। ਦਾਦੀ ਨੇ ਮਾਂ ਬੋਲੀ 'ਚ ਲੋਰੀਆਂ ਸੁਣਾਈਆਂ, ਭੈਣਾਂ ਅਤੇ ਭਰਾਵਾਂ ਨਾਲ ਨਿੱਕੀਆਂ ਨਿੱਕੀਆਂ ਲੜਾਈਆਂ ਮਾਂ ਬੋਲੀ 'ਚ ਲੜੀਆਂ। ਬਾਪ ਨੇ ਸ਼ੁੱਧ ਮਾਂ ਬੋਲੀ ਦੀਆਂ ਗਾਲ੍ਹਾਂ ਨਾਲ ਛਿੱਤਰ ਫੇਰਿਆ। ਦਾਦੇ ਨੇ ਮਾਂ ਬੋਲੀ 'ਚ ਨਸੀਹਤਾਂ ਦਿੱਤੀਆਂ ਅਤੇ ਹਾਣੀਆ ਨਾਲ ਰਲ ਕੇ ਮਾਂ ਬੋਲੀ 'ਚ ਹੀ ਗਲੀਆਂ 'ਚ ਖੇਡਾਂ ਖੇਡੀਆਂ ਅਤੇ ਬੁੱਲ੍ਹੇ ਲੁੱਟੇ।

ਮੇਰਾ ਪਿੰਡ 'ਦੇਸੂ ਮਲਕਾਨਾ', ਜਿਸ ਨੂੰ ਜਦੋਂ ਵੀ ਮੈਂ ਨਕਸ਼ੇ ਤੇ ਦੇਖਦਾ ਹਾਂ ਤਾਂ ਮੈਨੂੰ ਉਸ ਦੀ ਹਾਲਤ ਉਸ ਬੱਲੇਬਾਜ਼ ਵਰਗੀ ਲੱਗਦੀ ਹੈ ਜੋ ਕਿ ਨੜ੍ਹਿਨਵੇਂ ਤੇ ਰਨ ਆਊਟ ਹੋ ਗਿਆ ਹੋਵੇ। ਕਿਉਂਕਿ ਮੇਰੇ ਪਿੰਡ ਦੀ ਇਕ ਵੱਟ ਪੰਜਾਬ ਨਾਲ ਲਗਦੀ ਹੈ ਤੇ ਮੇਰੇ ਪਿੰਡ 'ਚ ਇਕ ਵੀ ਘਰ ਇਹੋ ਜਿਹਾ ਨਹੀਂ ਸੀ ਜੋ ਪੰਜਾਬੀ ਤੋਂ ਛੁੱਟ ਹੋਰ ਭਾਸ਼ਾ ਬੋਲਦਾ ਹੋਵੇ। ਫੇਰ ਵੀ ਪਤਾ ਨਹੀਂ ਕਿਉਂ ਸਮੇਂ ਦੇ ਹਾਕਮਾਂ ਨੂੰ ਤਰਸ ਨਹੀਂ ਆਇਆ ਉਸ ਪਿੰਡ ਨਾਲ ਮਤਰੇਆ ਸਲੂਕ ਕਰਨ ਲੱਗਿਆ?

ਪੰਜਾਬੀ ਮਾਂ ਬੋਲੀ ਦੇ ਚੁਗਿਰਦੇ 'ਚ ਪਲਿਆ ਇਕ ਜੁਆਕ ਜਦੋਂ ਸਕੂਲ ਦੇ ਦਰਵਾਜ਼ੇ ਮੂਹਰੇ ਅੱਖਰ ਗਿਆਨ ਤੋਂ ਕੋਰਾ ਉਹ ਤਸਵੀਰਾਂ ਦੇਖਦਾ ਹੈ ਤੇ ਆਪਣੇ ਬਾਪ ਤੋਂ ਪੁੱਛਦਾ ਹੈ ਕਿ ਇਹ ਕੀ ਲਿਖਿਆ ਹੈ। ਤਾਂ ਉਹ ਕਹਿੰਦੇ ਲਿਖਿਆ ਹੈ ਕਿ "ਸ਼ਿਖਸ਼ਾ ਕੇ ਲੀਏ ਆਏਂ ਔਰ ਸੇਵਾ ਕੇ ਲੀਏ ਜਾਏਂ।" ਭਾਸ਼ਾ ਗਿਆਨ ਤੋਂ ਕੋਰੇ ਅਤੇ ਅਣਭੋਲ ਦਿਮਾਗ਼ ਦੇ ਖ਼ਾਨੇ ਨਹੀਂ ਵੜੀ ਇਹ ਗੱਲ। ਮਾਂ ਨੇ ਤਾਂ ਇਹੋ ਜਿਹੀਆਂ ਗੱਲਾਂ ਕਦੇ ਦੱਸੀਆਂ ਨਹੀਂ ਸਨ! ਚਲੋ! ਪੜ੍ਹਾਈ ਸ਼ੁਰੂ ਹੋ ਗਈ ਤੇ ਇਹ ਸਿੱਖ ਗਏ ਕੇ "ਦੇਸਾਂ ਮੈਂ ਦੇਸ਼ ਹਰਿਆਣਾ ਜਿਤ ਦੂਧ ਦਹੀਂ ਕਾ ਖਾਣਾ।" ਗੱਲ ਅੱਗੇ ਤੋਰਨ ਤੋਂ ਪਹਿਲਾਂ ਇੱਥੇ ਇਹ ਗੱਲ ਸਾਫ਼ ਕਰ ਦੇਵਾਂ ਕਿ ਮੈਨੂੰ ਨਾ ਹਰਿਆਣੇ ਨਾਲ ਅਤੇ ਨਾ ਕਿਸੇ ਭਾਸ਼ਾ ਨਾਲ ਕੋਈ ਵੀ ਸ਼ਿਕਵਾ ਹੈ। ਬੱਸ ਸ਼ਿਕਵਾ ਹੈ ਤਾਂ ਇਹ ਹੈ ਕਿ ਜਿਨ੍ਹਾਂ ਸੰਘਰਸ਼ ਮੇਰੇ ਜਿਹੇ ਅਣਗਿਣਤ ਲੋਕਾਂ ਨੂੰ ਆਪਣੀ ਮਾਂ ਬੋਲੀ ਨੂੰ ਆਪਣੇ ਕੋਲ ਰੱਖਣ ਲਈ ਕਰਨਾ ਪਿਆ ਉਨੇ 'ਚ ਤਾਂ ਜ਼ਿੰਦਗੀ ਰਾਹ ਪੈ ਸਕਦੀ ਸੀ। ਭਾਵੇਂ ਘਰਦਿਆਂ ਨੇ ਊੜੇ ਅਤੇ ਜੂੜੇ ਨਾਲ ਜੋੜਨ ਦਾ ਆਪਣੇ ਵੱਲੋਂ ਸਿਰ ਤੋੜ ਯਤਨ ਕੀਤਾ ਪਰ ਅਧਿਕਾਰਤ ਸਿੱਖਿਆ ਸੰਸਥਾਨ ਨੇ ਕਿਤੇ ਜਾ ਕੇ ਸੱਤਵੀਂ ਜਮਾਤ 'ਚ ਊੜੇ ਦੇ ਦਰਸ਼ਨ ਕਰਵਾਏ। ਦਸਵੀਂ ਤੱਕ ਜਾਂਦੇ-ਜਾਂਦੇ ਚਾਰ ਸਾਲਾਂ 'ਚ ਚੌਥੀ ਜਮਾਤ ਦੇ ਨਿਆਣੇ ਜਿੰਨੀ ਗੁਰਮੁਖੀ ਦਾ ਗਿਆਨ ਹਾਸਿਲ ਹੋਇਆ। ਦਸਵੀਂ ਤੱਕ ਛੇ ਕੁ ਜਮਾਤਾਂ ਅੰਗਰੇਜ਼ੀ ਮਾਧਿਅਮ ਰਾਹੀ ਪੜ੍ਹੀਆਂ ਤੇ ਬਾਕੀ ਚਾਰ ਹਿੰਦੀ ਮਾਧਿਅਮ 'ਚ ਪੜ੍ਹ ਕੇ ਉੱਚ ਸਿੱਖਿਆ ਪੰਜਾਬ 'ਚ ਲੈਣ ਦੀ ਜ਼ਿੱਦ ਕੀਤੀ। ਮੇਰੇ ਪਿੰਡ ਤੋਂ ਉਨੀ ਕੁ ਦੂਰ ਮੇਰਾ ਜ਼ਿਲ੍ਹਾ ਸਿਰਸਾ ਅਤੇ ਉਨੀ ਕੁ ਦੂਰ ਬਠਿੰਡਾ ਸੀ। ਉਸ ਵਕਤ ਗਿਆਰ੍ਹਵੀਂ ਨੂੰ ਪਰੈਪ ਕਿਹਾ ਜਾਂਦਾ ਸੀ ਤੇ ਪੰਜਾਬੀ ਮਾਧਿਅਮ ਚੁਣ ਕੇ ਮੈਂ ਆਪਣੇ ਆਪ ਨੂੰ ਮਜ਼ਾਕ ਦਾ ਪਾਤਰ ਬਣਾ ਲਿਆ। ਪੜ੍ਹਾਈ ਕਾਲਜ ਦੀ ਤੇ ਗਿਆਨ ਚਾਰ ਜਮਾਤਾਂ ਦਾ। ਸਭ ਕੁਝ ਆਉਂਦੇ ਹੋਏ ਵੀ ਇਮਤਿਹਾਨ 'ਚ ਕੁਝ ਲਿਖ ਨਾ ਪਾਉਂਦਾ। ਜਦੋਂ ਕੁਝ ਲਿਖਦਾ ਤਾਂ ਵਿਚ ਧੱਕੇ ਨਾਲ ਹੀ ਹਮ ਕੋ ਤੁਮ ਕੋ ਲਿਖਿਆ ਜਾਂਦਾ। ਬਹੁਤ ਪੀੜਾ ਸਹੀ। ਪਰ ਪੰਜਾਬੀ ਮੇਰੀ ਮਾਂ ਦੀ ਬੋਲੀ ਸੀ ਉਸ ਨੇ ਤਰਸ ਦੇ ਆਧਾਰ ਤੇ ਛੇਤੀ ਉਂਗਲ ਫੜ ਲਈ।

ਗੱਲ ਇੱਥੇ ਖ਼ਤਮ ਹੋਣ ਵਾਲੀ ਨਹੀਂ ਸੀ। ਲੋਕ ਜ਼ਿੰਦਗੀ ਦੇ ਇੱਕੋ ਮੈਦਾਨ 'ਚ ਵੱਖੋ-ਵੱਖਰੀਆਂ ਲੜਾਈਆਂ ਲੜਦੇ ਹਨ। ਪਰ ਮੇਰੀ ਤ੍ਰਾਸਦੀ ਇਹ ਰਹੀ ਕਿ ਜਦੋਂ ਵੀ ਜ਼ਿੰਦਗੀ ਨੇ ਜੰਗ ਦੇ ਮੈਦਾਨ 'ਚ ਭੇਜਿਆ। ਉੱਥੇ ਮੁੱਦਾ ਨਹੀਂ ਬਦਲਿਆ ਬੱਸ ਮੈਦਾਨ ਬਦਲ ਦਿੱਤਾ।

ਭਾਸ਼ਾ ਦੀ ਪਹਿਲੀ ਲੜਾਈ ਹਰਿਆਣੇ 'ਚ ਲੜੀ, ਦੂਜੀ ਪੰਜਾਬ 'ਚ ਤੇ ਤੀਜੀ ਲਈ ਮੈਦਾਨ-ਏ-ਜੰਗ ਵਿਦੇਸ਼ ਦੀ ਧਰਤੀ ਯਾਨੀ ਆਸਟ੍ਰੇਲੀਆ ਬਣ ਗਿਆ। ਤਕਰੀਬਨ ਪਿਛਲੇ ਚੌਦਾਂ ਵਰ੍ਹਿਆਂ ਤੋਂ ਇੱਥੇ ਆਪਣੀ ਮਤਰੇਈ ਮਾਂ ਯਾਨੀ ਕਿ ਅੰਗਰੇਜ਼ੀ ਨਾਲ ਦੋ ਦੋ ਹੱਥ ਕਰ ਰਿਹਾ ਹਾਂ।

ਸ਼ੁਰੂ 'ਚ ਆਪਣੀ ਮਾੜੀ ਅੰਗਰੇਜ਼ੀ ਤੇ ਸ਼ਰਮ ਆਉਂਦੀ ਸੀ ਪਰ ਫੇਰ ਇੱਕ ਫ਼ਿਕਰਾ ਰਟ ਲਿਆ। ਜਿੱਥੇ ਵੀ ਕਿਤੇ ਅੰਗਰੇਜ਼ੀ ਨਾਲ ਪੰਗਾ ਲੈਣਾ ਹੁੰਦਾ ਤਾਂ ਗੱਲ ਇੱਥੋਂ ਸ਼ੁਰੂ ਕਰ ਲੈਣੀ ਕਿ "ਮਾਫ਼ੀ ਚਾਹੁੰਦਾ ਹਾਂ ਮੇਰੀ ਅੰਗਰੇਜ਼ੀ ਏਨੀ ਚੰਗੀ ਨਹੀਂ ਹੈ ਕਿਉਂਕਿ ਇਹ ਮੇਰੀ ਮਾਤਰ ਭਾਸ਼ਾ ਨਹੀਂ ਹੈ ਪਰ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਮੇਰੀ ਅੰਗਰੇਜ਼ੀ ਏਨੀ ਵੀ ਮਾੜੀ ਨਹੀਂ ਹੈ ਜਿੰਨੀ ਤੁਹਾਡੀ ਪੰਜਾਬੀ ਮਾੜੀ ਹੈ। ਮੈਂ ਹਾਲੇ ਵੀ ਤੁਹਾਨੂੰ ਟੁੱਟੀ-ਭੱਜੀ ਤੁਹਾਡੀ ਮਾਂ ਬੋਲੀ ਅੰਗਰੇਜ਼ੀ 'ਚ ਕੁਝ ਨਾ ਕੁਝ ਸਮਝਾ ਲਾਵਾਂਗਾ ਪਰ ਤੁਹਾਡੇ ਤੋਂ ਇਹ ਵੀ ਨਹੀਂ ਹੋਣਾ।"

ਉਪਰੋਕਤ ਵਰਤਾਰੇ ਨਾਲ ਬੇਗਾਨਿਆਂ ਨਾਲ ਅਤੇ ਬੇਗਾਨੀ ਭਾਸ਼ਾ ਦੀ ਇਹ ਚਿੰਤਾ ਤਾਂ ਸੌਖੀ ਹੱਲ ਹੋ ਗਈ ਪਰ ਛੇਤੀ ਹੀ ਇਕ ਹੋਰ ਚਿੰਤਾ ਨੇ ਆ ਘੇਰਿਆ। ਉਹ ਚਿੰਤਾ ਮੈਨੂੰ ਉਦੋਂ ਬਹੁਤ ਤੰਗ ਕਰਦੀ ਹੈ ਜਦੋਂ ਮੈਂ ਕਿਸੇ ਪੰਜਾਬੀ ਮਾਂ ਨੂੰ ਆਪਣੇ ਬੱਚਿਆਂ ਨਾਲ ਅੰਗਰੇਜ਼ੀ 'ਚ ਗੱਲ ਕਰਦਾ ਦੇਖਦਾ ਹਾਂ। ਮੈਨੂੰ ਉਨ੍ਹਾਂ ਬੱਚਿਆਂ 'ਚੋਂ ਆਪਾ ਝਲਕਦਾ ਹੈ ਅਤੇ ਪਰਵਾਸ ਅਤੇ ਵੰਡ ਦਾ ਮਾਰਿਆ ਇਕ ਹੋਰ 'ਮਿੰਟੂ ਬਰਾੜ' ਪਨਪਦਾ ਦਿਸਦਾ। ਇਹ ਵਰਤਾਰਾ ਦੇਖ ਕੇ ਕਈ ਬਾਰ ਆਪਾ ਖੋਹ ਜਾਂਦਾ ਹਾਂ ਤੇ ਇਹ ਵੀ ਭੁੱਲ ਜਾਂਦਾ ਹਾਂ ਕਿ ਤੇਰਾ ਕੀ ਹੱਕ ਹੈ ਕਿਸੇ ਨੂੰ ਇੰਝ ਟੋਕਨ ਦਾ ਜਾਂ ਕਿਸੇ ਦੀ ਜ਼ਿੰਦਗੀ 'ਚ ਦਖ਼ਲ ਦੇਣ ਦਾ।

ਅੱਜ ਤੱਕ ਜੇ ਵਿਦੇਸ਼ 'ਚ ਮੇਰੇ ਨਾਲ ਨਰਾਜ਼ ਹੋਣ ਵਾਲਿਆਂ ਦੀ ਗਿਣਤੀ ਕਰਾ ਤਾਂ ਜ਼ਿਆਦਾ ਉਹੀ ਨਿਕਲਣਗੇ ਜਿਨ੍ਹਾਂ ਨੂੰ ਮੈਂ ਕਦੇ ਇਸ ਗੱਲ ਤੋਂ ਟੋਕਿਆ ਹੋਣਾ ਕਿ ਬੱਚਿਆਂ ਨਾਲ ਆਪਣੀ ਮਾਂ ਬੋਲੀ 'ਚ ਕਿਉਂ ਨਹੀਂ ਗੱਲ ਕਰਦੇ। ਮੇਰਾ ਇਹ ਵਰਤਾਰਾ ਉਨ੍ਹਾਂ ਲੋਕਾਂ ਨੂੰ ਸੜੀਅਲ ਅਤੇ ਪੇਂਡੂ ਲੱਗਦਾ। ਉਨ੍ਹਾਂ ਨੂੰ ਲਗਦਾ ਕਿ ਮੈਂ ਅਗਾਂਹ ਵਧੂ ਨਹੀਂ ਹਾਂ। ਪਰ ਆਪਾਂ ਵੀ ਮੋਟੀ ਪੂਛ ਵਾਲੇ ਹਾਂ ਹੋਈ ਜਾਵੇ ਕੋਈ ਨਰਾਜ਼ ਆਪਾਂ ਆਪਣੀ ਵਿਦਵਤਾ ਝਾੜ ਹੀ ਦਿੰਦੇ ਹਾਂ।

'ਮਾਂ' ਇਕੱਲੇ ਮੇਰੇ ਲਈ ਹੀ ਨਹੀਂ ਸਗੋਂ ਸਾਰੀ ਕਾਇਨਾਤ ਲਈ ਸਤਿਕਾਰਤ ਹੈ। ਪਰ ਮੈਨੂੰ ਉਹ ਮਾਂ ਵਿਓਹ ਵਰਗੀ ਲੱਗਦੀ ਹੈ ਜੋ ਆਪਣੇ ਬੱਚੇ ਨਾਲ ਬੇਗਾਨੀ ਭਾਸ਼ਾ 'ਚ ਗੱਲ ਕਰਦੀ ਹੈ।

ਬੀਤੇ ਦਿਨੀ ਮੈਂ ਇਕ ਇਹੋ ਜਿਹੀ ਨੱਬੇ ਸਾਲਾ ਮਾਂ ਨੂੰ ਇਕ ਸਰਕਾਰੀ ਬੁਢਾਪਾ ਘਰ 'ਚ ਮਿਲਿਆ ਸੀ ਜੋ ਬਾਰ-ਬਾਰ ਕਹਿ ਰਹੀ ਸੀ ਮੇਰਾ ਮੁੰਡਾ ਆਊਗਾ, ਮੇਰਾ ਮੁੰਡਾ ਆਊਗਾ। ਉੱਥੇ ਦੀ ਇਕ ਨਰਸ ਨੇ ਦੱਸਿਆ ਕਿ ਇਹ ਪਿਛਲੇ ਤਕਰੀਬਨ ਇਕ ਦਹਾਕੇ ਤੋਂ ਇੱਥੇ ਹੈ ਤੇ ਪਹਿਲਾਂ ਤਾਂ ਕਦੇ ਕਦੇ ਇਸ ਦੇ ਘਰਦਾ ਕੋਈ ਆ ਜਾਂਦਾ ਸੀ ਹੁਣ ਨਹੀਂ ਆਉਂਦੇ। ਨਰਸ ਕਹਿੰਦੀ ਇਹ 'ਮੁੰਡਾ' ਕੀ ਹੁੰਦਾ? ਜਦੋਂ ਮੈਂ ਦੱਸਿਆ ਤਾਂ ਉਸ ਨੇ ਕਿਹਾ ਅੱਛਾ! ਇਸ ਦੇ ਮੁੰਡੇ ਨੂੰ ਪੰਜਾਬੀ ਬੋਲਣੀ ਨਹੀਂ ਆਉਂਦੀ, ਥੋੜ੍ਹੀ ਬਹੁਤ ਸਮਝ ਲੈਂਦਾ ਹੈ। ਹੁਣ ਜਦੋਂ ਮਾਤਾ ਨੂੰ ਜ਼ਿਆਦਾ ਸੁਰਤ ਨਹੀਂ ਸ਼ਾਇਦ ਇਸ ਲਈ ਨਹੀਂ ਆਉਂਦਾ। ਮੈਂ ਸੋਚ ਰਿਹਾ ਸੀ ਇਹ ਉਹੀ ਨਾਸਮਝ ਮਾਂ ਹੈ ਜਿਸ ਨੇ ਆਪਣੀ ਬੋਲੀ ਆਪਣੀ ਔਲਾਦ ਨੂੰ ਨਹੀਂ ਦਿੱਤੀ।

ਕਰਮ ਭੂਮੀ ਤੇ ਤਾਂ ਹਾਲੇ ਇਹੋ ਜਿਹੇ ਵਰਤਾਰੇ ਸੀਮਤ ਹਨ ਪਰ ਜਦੋਂ ਜਨਮ ਭੋਏਂ ਦੀ ਗੱਲ ਕਰਦੇ ਹਾਂ ਤਾਂ ਹੋਰ ਵੀ ਦੁੱਖ ਹੁੰਦਾ ਕਿ ਜਿੱਥੇ ਵਿਦੇਸ਼ ਵੱਸਦੀਆਂ ਜ਼ਿਆਦਾਤਰ ਮਾਵਾਂ ਮਾਂ ਬੋਲੀ ਨੂੰ ਤਰਜੀਹ ਦਿੰਦਿਆਂ ਹਨ ਉੱਥੇ ਸਾਡੇ ਦੇਸ਼ 'ਚ ਤਾਂ ਹੋੜ ਜਿਹੀ ਲੱਗੀ ਪਈ ਹੈ ਅੰਗਰੇਜ਼ੀ ਨੂੰ ਅਪਣਾਉਣ ਦੀ। ਇੱਥੇ ਮੈਂ ਇਹ ਨਹੀਂ ਕਹਿੰਦਾ ਕਿ ਦੂਜੀਆਂ ਭਾਸ਼ਾਵਾਂ ਸਿੱਖਣਾ ਕੋਈ ਜੁਰਮ ਹੈ। ਮੇਰਾ ਤਾਂ ਸਿਰਫ਼ ਇਹ ਕਹਿਣਾ ਹੈ ਕਿ ਆਪਣਿਆਂ ਨੂੰ ਮਾਰ ਕੇ ਦੂਜਿਆਂ ਨੂੰ ਪਾਲਣਾ ਕੋਈ ਸਿਆਣਪ ਨਹੀਂ ਹੁੰਦਾ।

ਬੀਤੇ ਦਿਨੀਂ ਕਿਸੇ ਨੇ ਮੈਨੂੰ ਇਕ ਟੀ.ਵੀ. ਤੇ ਸਵਾਲ ਕੀਤਾ ਕਿ ਵਿਦੇਸ਼ 'ਚ ਲੋਕ ਆਪਣੇ ਬੱਚਿਆਂ ਨੂੰ ਮਾਂ ਬੋਲੀ ਵੱਲ ਅਤੇ ਦੇਸ਼ 'ਚ ਅੰਗਰੇਜ਼ੀ ਵੱਲ ਕਿਉਂ ਧੱਕੇ ਮਾਰਦੇ ਹਨ? ਮੇਰਾ ਮੰਨਣਾ ਹੈ ਕਿ ਇਸ ਪਿੱਛੇ ਇਕ ਡਰ ਲੁਕਿਆ ਹੋਇਆ। ਸਾਨੂੰ ਵਿਦੇਸ਼ੀਆਂ ਨੂੰ ਡਰ ਹੈ ਕਿ ਕਿਤੇ ਸਾਡੇ ਜੁਆਕ ਮਾਂ ਬੋਲੀ ਨਾ ਭੁੱਲ ਜਾਣ। ਜੇ ਭੁੱਲ ਗਏ ਤਾਂ ਦਾਦੇ-ਦਾਦੀ ਜਾਂ ਫੇਰ ਨਾਨਾ-ਨਾਨੀ ਨਾਲ ਕਿਵੇਂ ਜੁੜਨਗੇ? ਤੇ ਦੇਸ਼ 'ਚ ਇਹ ਡਰ ਸਤਾਈ ਜਾਂਦਾ ਹੈ ਕਿ ਜੇ ਸਾਡੇ ਜੁਆਕ ਨੂੰ ਅੰਗਰੇਜ਼ੀ ਨਾ ਆਈ ਤਾਂ ਉਹ ਤਰੱਕੀ ਦੀ ਦੌੜ 'ਚ ਪਛੜ ਜਾਵੇਗਾ? ਬੱਸ ਇਸੇ ਕਾਰਨ ਅਸੀਂ ਜੁਆਕਾਂ ਨੂੰ ਪੰਜਾਬੀ ਸਿਖਾਈ ਜਾਂਦੇ ਹਾਂ ਤੇ ਤੁਸੀਂ ਅੰਗਰੇਜ਼ੀ।

ਅਸਲ ਜ਼ਰੂਰਤ ਤਾਂ ਮੁੱਦਾ ਸਮਝਣ ਦੀ ਹੈ। ਜੇ ਅਸੀਂ ਸਹੀ ਮੁੱਦਾ ਸਮਝ ਗਏ ਤਾਂ ਅਸੀਂ ਇਕ ਨਹੀਂ ਕਈ-ਕਈ ਭਾਸ਼ਾਵਾਂ 'ਚ ਗਿਆਨ ਹਾਸਿਲ ਵੀ ਕਰ ਸਕਦੇ ਹਾਂ ਤੇ ਇਕਸਾਰਤਾ ਵੀ ਕਾਇਮ ਰੱਖ ਸਕਦੇ ਹਾਂ।

ਬਹੁਤ ਸਾਰੇ ਉਪਰਾਲੇ ਅਸੀਂ ਵਿਦੇਸ਼ਾਂ 'ਚ ਕਰ ਰਹੇ ਹਾਂ ਅਤੇ ਬਹੁਤ ਸਾਰੇ ਹੋਰ ਕੀਤੇ ਜਾ ਸਕਦੇ ਹਨ। ਆਸਟ੍ਰੇਲੀਆ ਦੀ ਸਰਕਾਰ ਨੇ ਸਾਡੇ ਨਾਲ ਇਸ ਕੰਮ 'ਚ ਕਦੇ ਵਿਤਕਰਾ ਨਹੀਂ ਕੀਤਾ। ਉਹ ਗੁਰ ਘਰਾਂ ਨੂੰ ਜ਼ਿਆਦਾ ਮਾਲੀ ਮਦਦ ਉਦੋਂ ਹੀ ਕਰਦੀ ਹੈ ਜਦੋਂ ਉਹ ਗੁਰੂ ਘਰ ਦੇ ਨਾਲ ਸਕੂਲ ਵੀ ਚਲਾਉਂਦੇ ਹਨ ਤੇ ਉਹ ਸਕੂਲ ਵੀ ਸਾਡੀ ਮਾਤ ਭਾਸ਼ਾ ਦਾ। ਅੱਜ ਕੱਲ੍ਹ ਤਾਂ ਸਰਕਾਰੀ ਕਾਗ਼ਜ਼ ਵੀ ਗੁਰਮੁਖੀ 'ਚ ਮੁਹੱਈਆ ਹਨ। ਦੋ ਭਾਸ਼ੀਆ ਤੇ ਵੀ ਸਰਕਾਰ ਬਹੁਤ ਪੈਸਾ ਖ਼ਰਚਦੀ ਹੈ। ਬਹੁਤ ਸਾਰੇ ਅਖ਼ਬਾਰ ਅਤੇ ਰਸਾਲੇ, ਰੇਡੀਓ ਅਤੇ ਟੀ.ਵੀ. ਸ਼ੋਅ ਮੁਫ਼ਤ 'ਚ ਲੋਕਾਂ ਤੱਕ ਪੁੱਜਦੇ ਹਨ। ਬਹੁਤ ਸਾਰੇ ਅਦਾਰੇ ਬਣ ਚੁੱਕੇ ਹਨ ਜੋ ਪੰਜਾਬੀ ਦੇ ਸਮਾਗਮ ਅਤੇ ਤਿਉਹਾਰ ਆਦਿ ਕਰਵਾਉਂਦੇ ਰਹਿੰਦੇ ਹਨ। ਪਿਛਲੇ ਚੌਦਾਂ ਵਰ੍ਹਿਆਂ 'ਚ ਜੇ ਕਿਸੇ ਚੀਜ਼ ਨੇ ਮੈਨੂੰ ਸਭ ਤੋਂ ਵੱਧ ਸਕੂਨ ਦਿੱਤਾ ਹੈ ਤਾਂ ਉਹ ਹੈ ਆਸਟ੍ਰੇਲੀਆ 'ਚ ਪੰਜਾਬੀ ਮਾਂ ਬੋਲੀ ਦਾ ਪ੍ਰਸਾਰ ਹੁੰਦਾ ਦੇਖਣਾ। ਪਰ ਜਦੋਂ ਇਸੇ ਸਮੇਂ ਕਾਲ 'ਚ ਆਪਣੇ ਦੇਸ਼ ਤੋਂ ਮਾਂ ਬੋਲੀ ਦੇ ਹੋ ਰਹੇ ਘਾਣ ਦੀਆਂ ਖ਼ਬਰਾਂ ਸੁਣਦੇ ਹਾਂ ਤਾਂ ਉਹੀ ਸਕੂਨ ਖੁੱਸ ਜਾਂਦਾ ਹੈ।

ਅੱਜ ਆਧੁਨਿਕਤਾ ਦੇ ਇਸ ਦੌਰ 'ਚ ਜੋ ਤਾਕਤ ਸਾਨੂੰ ਆਪਣੀ ਭਾਸ਼ਾ ਦੇ ਪ੍ਰਸਾਰ ਕਰਨ ਲਈ ਮੁਫ਼ਤ 'ਚ ਮਿਲੀ ਹੋਈ ਹੈ(ਸੋਸ਼ਲ ਮੀਡੀਆ) ਉਹ ਵੀ ਸਾਡੇ ਤਾਂ ਹੱਡੀ ਬੈਠਦੀ ਜਾ ਰਹੀ ਹੈ। ਪਹਿਲਾਂ ਇੰਗਲਿਸ਼ ਤਾਂ ਸੁਣੀ ਸੀ ਹੁਣ ਤਕਰੀਬਨ ਦਹਾਕੇ ਤੋਂ ਇਕ 'ਪਿਨਗਲਿਸ਼' ਦਾ ਜਨਮ ਹੋ ਗਿਆ। ਜਿਹੜੀ ਕਿ ਮਾਂ ਬੋਲੀ ਲਈ ਇਸ ਵਕਤ ਸਭ ਤੋਂ ਵੱਧ ਖ਼ਤਰਨਾਕ ਹੈ।

ਬਹੁਤ ਦੁੱਖ ਲੱਗਦਾ ਹੈ ਜਦੋਂ ਕਈ ਬੁੱਧੀਜੀਵੀ ਜਾਂ ਤਾਂ ਖੁੱਲ੍ਹ ਕੇ ਇਸ ਦਾ ਸਮਰਥਨ ਕਰਦੇ ਹਨ ਜਾਂ ਫੇਰ ਜਾਣੇ-ਅਨਜਾਣੇ 'ਚ ਇਸ ਨੂੰ ਰੋਜ਼ਮਰ੍ਹਾ ਦੀ ਜ਼ਿੰਦਗੀ 'ਚ ਵਰਤ ਕੇ ਇਸ ਦਾ ਫੈਲਾਓ ਕਰਦੇ ਹਨ। ਸੋਚਣ ਵਾਲੀ ਗੱਲ ਹੈ ਕਿ ਅੱਜ ਦੇ ਯੁੱਗ 'ਚ ਹਰ ਕੋਈ ਦਿਨ 'ਚ ਘੱਟੋ ਘੱਟ ਦਸ ਬਾਰ ਵੱਖੋ-ਵੱਖ ਮਾਧਿਅਮਾਂ ਰਾਹੀਂ ਇਕ ਦੂਜੇ ਨੂੰ ਸੁਨੇਹੇ ਭੇਜਦਾ ਹੈ। ਜੇਕਰ ਅਸੀਂ ਆਪਣੇ ਆਪ ਨਾਲ ਇਹ ਬਚਨ ਕਰ ਲੈਂਦੇ ਹਾਂ ਕਿ ਅੱਜ ਤੋਂ ਮੈਂ ਰੋਮਨ 'ਚ ਨਹੀਂ ਸਿਰਫ਼ ਗੁਰਮੁਖੀ 'ਚ ਪੰਜਾਬੀ ਲਿਖਾਂਗਾ ਤਾਂ ਬਹੁਤ ਵੱਡੀ ਕ੍ਰਾਂਤੀ ਆ ਸਕਦੀ ਹੈ।

ਅੱਜ ਤਾਂ ਸਾਡੇ ਕੋਲ ਗੁਰਮੁਖੀ ਨੂੰ ਇਕੱਲੇ ਟਾਈਪ ਕਰਨ ਦੇ ਹੀ ਨਹੀਂ ਬੋਲ ਕੇ ਲਿਖਣ ਦੇ ਵੀ ਸਾਧਨ ਹਾਸਿਲ ਹਨ। ਜਿਹੜੇ ਕਿ ਸੌ ਫ਼ੀਸਦੀ ਸਹੀ ਕੰਮ ਕਰਦੇ ਹਨ ਕਿਉਂਕਿ ਭਾਸ਼ਾ ਮਾਹਿਰਾਂ ਦਾ ਮੰਨਣਾ ਹੈ ਕਿ ਗੁਰਮੁਖੀ ਦੁਨੀਆ ਦੀ ਇੱਕੋ-ਇਕ ਭਾਸ਼ਾ ਹੈ ਜਿਸ ਕੋਲ ਬਵੰਜਾ ਅੱਖਰ ਅਤੇ ਸਹਾਇਕ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਇਕ ਸਰੀਰ ਕੋਲ ਬਵੰਜਾ ਧੁਨੀਆਂ ਕੱਢਣ ਦੀ ਹੀ ਤਾਕਤ ਹੁੰਦੀ ਹੈ ਤੇ ਗੁਰਮੁਖੀ ਉਸ ਨੂੰ ਪੂਰਨ ਵਰਤ ਸਕਦੀ ਹੈ। (ਜਿਸ ਦਾ ਵਿਸਥਾਰ ਤੁਸੀਂ ਅਮਨਦੀਪ ਸਿੰਘ ਦੀ ਕਿਤਾਬ 'ਮੁੰਦਾਵਣੀ' ਦੇ ਇਕ ਲੇਖ ਵਿਚੋਂ ਲੈ ਸਕਦੇ ਹੋ)

ਪੰਜਾਬੀ ਵਿਸ਼ਵ ਵਿਦਿਆਲਿਆ ਪਟਿਆਲਾ ਭਾਵੇਂ ਭਾਸ਼ਾ ਦੇ ਆਧਾਰ ਤੇ ਬਣਿਆ ਇਕਲੌਤਾ ਅਦਾਰਾ ਹੈ ਜਿਸ ਨੂੰ ਕਿ ਅਕਸਰ ਭੰਡਿਆ ਜਾਂਦਾ ਹੈ ਪਰ ਮੇਰਾ ਮੰਨਣਾ ਹੈ ਕਿ ਉਹ ਆਪਣੇ ਸੀਮਤ ਸਾਧਨਾਂ ਨਾਲ ਕਾਫ਼ੀ ਕੁਝ ਸਾਨੂੰ ਦੇ ਰਿਹਾ ਹੈ। ਨਿੱਜੀ ਤੌਰ ਤੇ ਜੇ ਮੈਂ ਅੱਜ ਪੰਜਾਬੀ ਲਿਖਣ ਦੇ ਕਾਬਿਲ ਹੋਇਆ ਹਾਂ ਤਾਂ ਇਸ 'ਚ ਵਿਸ਼ਵ ਵਿਦਿਆਲਿਆ ਵੱਲੋਂ ਬਣਾਏ 'ਅੱਖਰ' ਸਾਫ਼ਟਵੇਅਰ ਦਾ ਬਹੁਤ ਵੱਡਾ ਯੋਗਦਾਨ ਹੈ।

ਅਖੀਰ 'ਚ ਮੈ ਇਹ ਗੱਲ ਮਾਣ ਨਾਲ ਲਿਖ ਸਕਦਾ ਹਾਂ ਕਿ ਅੱਜ ਜੇ ਪਾਠਕਾਂ 'ਚ ਮੈਂ ਥੋੜ੍ਹੀ ਬਹੁਤ ਪਛਾਣ ਬਣਾਈ ਹੈ ਤਾਂ ਉਹ ਮੇਰੀ ਮਾਂ ਬੋਲੀ ਦੀ ਬਦੌਲਤ ਹੀ ਹੈ। ਮਾਂ ਬੋਲੀ ਜਿਸ ਤੇ ਰਹਿਮਤਾਂ ਕਰ ਦੇਵੇ ਉਸ ਦੀਆਂ ਝੋਲੀਆਂ ਭਰ ਦਿੰਦੀ ਹੈ ਪਰ ਅਫ਼ਸੋਸ ਝੋਲੀਆਂ ਭਰ ਕੇ ਇਸ ਦੇ ਉਹੀ ਪੁੱਤ ਅਕਸਰ ਕਪੁੱਤ ਬਣ ਕੇ ਕੈਮਰਿਆਂ ਮੂਹਰੇ ਚੌੜੇ ਹੋ-ਹੋ ਕਹਿੰਦੇ ਹਨ ਕਿ ਅਸੀਂ ਤਾਂ ਮਾਂ ਬੋਲੀ ਦੀ ਸੇਵਾ ਕਰ ਰਹੇ ਹਾਂ।

# (ਵਿਅੰਗ) ਤੇ ਮਹਿੰਗੀ ਪਈ ਸਾਨੂੰ ਲਾਕਡਾਊਨ ਵਿਚ ਹੋਈ ਹੋਮ ਡਲਿਵਰੀ

ਰਮੇਸ਼ ਬੱਗਾ ਚੋਹਲਾ 91-94631-32719

ਸਿਆਣੇ ਕਹਿੰਦੇ ਹਨ ਕਿ ਇਲਾਜ਼ ਨਾਲੋਂ ਪ੍ਰਹੇਜ਼ ਚੰਗਾ ਹੁੰਦਾ। ਕੋਰੋਨਾ ਜਿਹੀ ਭਿਆਨਕ ਬਿਮਾਰੀ ਤੋਂ ਦੇਸ਼ਵਾਸੀਆਂ ਨੂੰ ਬਚਾਉਣ ਲਈ ਸਭ ਤੋਂ ਕਾਰਗਰ ਅਤੇ ਸੌਖਾ ਤਰੀਕਾ ਉਨ੍ਹਾਂ ਨੂੰ ਘਰਾਂ ਵਿਚ ਠਹਿਰਾਉਣਾ ਅਤੇ ਆਪਸੀ ਮੇਲ-ਮਿਲਾਪ ਨੂੰ ਘਟਾਉਣਾ ਮੰਨਿਆ ਗਿਆ। ਆਪੋ ਆਪਣੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਲੀ ਅਤੇ ਉਪਰਲੀ ਸਰਕਾਰ ਨੇ ਐਲਾਨ ਕਰ ਦਿੱਤਾ ਕਿ ਪੂਰੇ ਦੇਸ਼ ਵਿਚ ਲਾਕਡਾਊਨ ਰਹੇਗਾ ਅਤੇ ਕੋਈ ਵੀ ਨਾਗਰਿਕ ਜਾਂ ਨਾਗਰਿਕਣੀ ਬਿੰਨਾ ਕਿਸੇ ਠੋਸ ਕਾਰਣ ਦੇ ਬੂਹੇ ਤੋਂ ਬਾਹਰ ਪੈਰ ਨਹੀਂ ਧਰੇਗਾ। ਜੇਕਰ ਕੋਈ ਅਜਿਹਾ ਕਰਦਾ ਮਿਲ ਗਿਆ ਜਾਂ ਮਿਲ ਗਈ ਮੌਕੇ ਅਨੁਸਾਰ ਉਸ ਨੂੰ ਖਰਚਾ-ਪਾਣੀ (ਦੱਬਕਿਆਂ ਤੇ ਡੰਡਿਆਂ ਨਾਲ) ਜ਼ਰੂਰ ਦਿੱਤਾ ਜਾਵੇਗਾ। ਸਰਕਾਰ ਦੇ ਇਸ ਸਖ਼ਤ ਫ਼ੈਸਲੇ ਦੇ ਖ਼ਿਲਾਫ਼ ਜਾਣ ਦੀ ਅਸੀਂ ਭੋਰਾ ਹਿੰਮਤ ਨਹੀਂ ਕੀਤੀ ਅਤੇ ਘਰ ਵਿਚ ਰਹਿਣ ਨੂੰ ਹੀ ਆਪਣਾ ਧੰਨ ਭਾਗ ਸਮਝਿਆ। ਜਿਥੋਂ ਤੱਕ ਪ੍ਰਸ਼ਾਦੇ ਜਾਂ ਚਾਹ-ਪਾਣੀ ਦੇ ਸਮਾਨ ਦਾ ਸਵਾਲ ਸੀ ਇਸ ਦੇ ਹੱਲ ਲਈ ਕਿਹਾ ਗਿਆ ਕਿ ਇਹ 'ਸਭੀ ਜਨ' ਕੋ ਘਰ ਬੈਠਿਆਂ (ਹੋਮ ਡਲਿਵਰੀ ਦੇ ਰੂਪ ਵਿਚ) ਹੀ ਮਿਲਦਾ ਰਹੇਗਾ। ਉਨ੍ਹਾਂ ਸਭੀ ਜਨਾ ਵਿਚ ਅਸੀਂ ਵੀ ਆਪਣੇ ਆਪ ਨੂੰ ਸ਼ਾਮਿਲ ਕਰ ਲਿਆ ਅਤੇ ਸਰਕਾਰ ਅਤੇ ਪ੍ਰਸ਼ਾਸਨ ਦਾ ਅਗਾਂਹੂ ਧੰਨਵਾਦ ਕਰਦੇ ਹੋਏ 'ਦੱੜ ਵੱਟ ਜ਼ਮਾਨਾ ਘੱਟ ਭਲੇ ਦਿਨ ਆਵਣਗੇ' ਦੀ ਆਸ ਨਾਲ ਆਪਣੀ ਤਸ਼ਰੀਫ਼ ਆਪਣੇ ਘਰ ਦੇ ਵਿਚ ਹੀ ਰੱਖਣ ਲੱਗ ਪਏ। ਸਮਾਂ ਆਪਣੀ ਚਾਲੇ ਚੱਲਣ ਲੱਗ ਪਿਆ।ਇਸ ਸਮੇਂ ਦੌਰਾਨ ਭਾਵੇਂ ਪੜ੍ਹਣ-ਲਿਖਣ ਦੀਆਂ ਗਤੀਵਿਧੀਆਂ ਜਾਰੀ ਸਨ ਪਰ ਬਾਹਰੀ ਤੋਰਾ-ਫੇਰਾ ਸੁੰਘੜ ਗਿਆ ਸੀ।ਦਿਨ ਤੇ ਰਾਤ ਘਰ ਵਿਚ ਰਹਿਣ ਨਾਲ ਛਕਣ-ਛਕਾਉਣ ਦਾ ਸਿਲਸਲਾ ਵੱਧਣ ਲੱਗਾ।ਪਰਿਵਾਰ ਦਾ ਹਰੇਕ ਜੀਅ ਆਪਣੇ-ਆਪਣੇ ਸੁਆਦ ਅਨੁਸਾਰ ਫ਼ਰਮਾਇਸ਼ਾਂ ਕਰਨ ਲੱਗ ਪਿਆ।ਇੰਝ ਲੱਗ ਰਿਹਾ ਸੀ ਜਿਵੇਂ ਸਾਰਿਆਂ (ਮੇਰੇ ਸਮੇਤ) ਨੇ ਆਪਣੇ ਜੀਵਨ ਦਾ ਉਦੇਸ਼ 'ਖਾਣ ਲਈ ਜੀਣਾ ਹੀ ਬਣਾ ਲਿਆ ਹੋਵੇ।'ਇਸ ਉਦੇਸ਼ ਦੀ ਪੂਰਤੀ ਲਈ ਸ਼੍ਰੀਮਤੀ ਨੂੰ ਆਪਣਾ ਵਧੇਰਾ ਸਮਾਂ ਕਿਚਨ ਵਿਚ ਹੀ ਕੁਰਬਾਨ ਕਰਨਾ ਪੈਂਦਾ ਸੀ।ਉਸ ਦੀ ਇਹ ਕੁਰਬਾਨੀ ਵੀ ਸਾਡੇ ਘਰੇਲੂ ਇਤਹਾਸ ਦੇ ਸੁਨਹਿਰੀ ਪੰਨਿਆਂ 'ਤੇ ਲਿਖੀ ਜਾਵੇਗੀ। ਆਮ ਕਹਾਵਤ ਹੈ ਕਿ 'ਖਾਧਿਆਂ ਤਾਂ ਖੂਹ ਵੀ ਖਾਲੀ ਹੋ ਜਾਂਦੇ ਹਨ।' ਇਹ ਕਹਾਵਤ ਸਾਡੇ ਰਸੋਈ-ਭੰਡਾਰ 'ਤੇ ਵੀ ਪੂਰਨ ਰੂਪ ਵਿਚ ਲਾਗੂ ਹੋਣ ਲੱਗ ਪਈ।ਡੱਬਿਆਂ/ਪੀਪਿਆਂ ਵਿਚ ਪਈ ਰਸਦ ਤੇਜੀ ਨਾਲ ਆਪਣੇ ਧਰਾਤਲ ਵੱਲ ਵੱਧਣ ਲੱਗੀ।ਇਸ ਤੋਂ ਪਹਿਲਾਂ ਕਿ ਇਹ ਆਪਣਾ ਆਧਾਰ ਹੀ ਗਵਾ ਲਏ ਅਤੇ ਲੰਗਰ ਮਸਤਾਨਾ ਹੋ ਜਾਵੇ ਅਸੀਂ ਆਪਣੇ ਫ਼ਰਜ਼ ਨੂੰ ਪਹਿਚਾਣਨਾ ਸ਼ੁਰੂ ਕਰ ਦਿੱਤਾ। ਇਸ ਪਹਿਚਾਣ ਦੇ ਤਹਿਤ ਅਸੀਂ ਮਹਾਂਨਗਰ ਦੇ ਇੱਕ ਦੋ ਨਾਮੀ ਦੁਕਾਨਦਾਰਾਂ ਨੂੰ ਰਾਸ਼ਨ ਦੀ ਖ੍ਰੀਦ ਲਈ ਫ਼ੋਨ ਘੁਮਾਅ ਦਿੱਤਾ।ਉਨ੍ਹਾਂ ਦੁਕਾਨਦਾਰਾਂ ਦਾ ਸਿੱਕੇਬੰਦ ਜਵਾਬ ਸੀ ਕਿ ਲਾਕਡਾਊਨ ਦੇ ਕਾਰਣ ਤੁਸੀਂ ਦੁਕਾਨ 'ਤੇ ਹਾਜ਼ਰੀ ਤਾਂ ਨਹੀਂ ਲਵਾ ਸਕਦੇ ਹਾਂ ਜੋ ਕੁੱਝ ਚਾਹੀਦਾ ਉਸ ਦੀ ਹੋਮ ਡਲਿਵਰੀ ਜ਼ਰੂਰ ਕਰ ਦਿੱਤੀ ਜਾਵੇਗੀ।' 'ਹੋਮ ਦੀ ਇਸ ਡਲਿਵਰੀ ਨਾਲ ਕੋਈ ਬਿੱਲ ਵਿਚ ਫਰਕ (ਵਾਧੇ ਦਾ) ਤਾਂ ਨਹੀਂ ਜੀ ਪੈਂਦਾ।' ਅਸੀਂ ਆਪਣੀ ਸ਼ੰਕਾ ਦੀ ਨਵਿਰਤੀ ਕਰਨੀ ਚਾਹੀ। 'ਸਾਡੇ ਬਿੱਲ 'ਚ ਤਾਂ ਕੋਈ ਫਰਕ ਨਹੀਂ ਪੈਣਾ ਜੀ, ਜਿਹੜਾ ਲੈ ਕੇ ਆਵੇਗਾ (ਹੋਮ ਡਲਿਵਰੀ ਵਾਲਾ) ਉਹ ਜ਼ਰੂਰ ਥੋੜ੍ਹਾ-ਬਹੁਤਾ ਉਪਰ ਲਵੇਗਾ' ਤੇ ਜਦੋਂ ਥੋੜ੍ਹੇ-ਬਹੁਤੇ ਦਾ ਵਿਸਥਾਰ ਲਿਆ ਤਾਂ ਉਹ ਬਹੁਤਾ ਹੀ ਨਿਕਲਿਆ। ਇਸ ਤਰ੍ਹਾਂ ਇਹ ਹੋਮ ਡਲਿਵਰੀ ਸਾਨੂੰ ਰਗੜਾ ਲਗਾਉਣ ਵਾਲੀ ਲੱਗੀ ਅਤੇ ਇਸ ਦੇ ਵੱਲੋਂ ਅਸੀਂ ਮੂੰਹ ਮੋੜ ਲਿਆ।

ਹੋਮ ਡਲਿਵਰੀ ਤੋਂ ਭਾਵੇਂ ਅਸੀਂ ਮੂੰਹ ਮੋੜ ਲਿਆ ਸੀ ਪਰ ਆਪਣੇ ਫ਼ਰਜ਼ ਤੋਂ ਮੂੰਹ ਨਾ ਮੋੜ ਸਕੇ।ਇਸ ਫ਼ਰਜ਼ ਨੂੰ ਨਿਭਾਉਂਦੇ ਹੋਏ ਅਸੀਂ ਇੱਕ ਹੋਰ ਜਾਣੇ-ਪਹਿਚਾਣੇ ਕਰਿਆਨਾ ਕਾਰੋਬਾਰੀ ਦਾ ਮੋਬਾਇਲ ਫ਼ੋਨ ਖੜਕਾ ਦਿੱਤਾ ਜਿਹੜਾ ਉਸ ਦੇ ਫ਼ਰਜੰਦ ਨੇ ਉਠਾ ਲਿਆ।ਜਦੋਂ ਉਸ ਨਾਲ ਰਾਸ਼ਨ ਦੀ ਬਾਤ ਪਾਈ ਤਾਂ ਉਸ ਨੇ ਹੁੰਗਾਰਾ ਵੀ 'ਹੋਮ ਡਲਿਵਰੀ' ਵਿਚ ਹੀ ਭਰਿਆ ਪਰ ਉਸ ਦਾ ਹੋਮ ਡਲਿਵਰੀ ਦਾ ਖ਼ਰਚਾ ਪਹਿਲੇ ਦੀ ਨਿਸਬਤ ਕੁੱਝ ਘੱਟ ਸੀ। ਉਸ ਨੂੰ ਸਹਿਮਤੀ ਦਿੰਦਿਆਂ ਰਾਸ਼ਨ ਦੀ ਸੂਚੀ ਉਸ ਦੇ ਮੋਬਾਇਲ 'ਤੇ ਪਾ ਦਿੱਤੀ। ਕੁੱਝ ਕੁ ਘੰਟਿਆਂ ਵਿਚ ਇਹ ਡਲਿਵਰੀ ਇੱਕ ਗੱਤੇ ਦੇ ਬੰਦ ਡੱਬੇ ਵਿਚ ਸਾਡੇ ਘਰ ਪਹੁੰਚ ਗਈ। ਡਲਿਵਰੀ ਮੈਨ ਨੂੰ ਬਿੱਲ ਦੀ ਮਾਇਆ ਪਲੱਸ ਆਵਾਜਾਈ ਭੱਤਾ ਦੇ ਕੇ ਵਾਪਸ ਤੋਰ ਦਿੱਤਾ। ਉਹ ਖ਼ੁਸ਼ ਸੀ ਕਿ ਉਸ ਦੇ ਗੇੜੇ ਦਾ ਮੁੱਲ ਪੈ ਗਿਆ।ਅਸੀਂ ਖ਼ੁਸ਼ ਸੀ ਕਿ ਲਾਕਡਾਊਨ/ਕਰਫ਼ਿਊ ਦੇ ਬਾਕੀ ਦਿਨ ਸਾਡਾ ਲੋਹ-ਲੰਗਰ ਤੱਪਦਾ ਰਹੇਗਾ ਅਤੇ ਟੱਬਰ ਦਾ ਹਰੇਕ ਮੈਂਬਰ ਆਪਣੀ ਇੱਛਾ ਅਤੇ ਸੁਆਦ ਅਨੁਸਾਰ ਛੱਕਦਾ ਰਹੇਗਾ। ਕੁੱਝ ਕੁ ਸਮੇਂ ਬਾਅਦ ਜਦੋਂ ਅਸੀਂ ਹੋਮ ਡਲਿਵਰੀ ਵਾਲੇ ਡੱਬੇ ਨੂੰ ਖੋਲ੍ਹ ਕੇ ਬਿੱਲ ਨਾਲ ਸਮਾਨ ਦਾ ਮਿਲਾਨ ਕਰਨ ਲੱਗੇ ਤਾਂ ਸਾਨੂੰ 'ਇੱਕ ਜੋਰ ਦਾ ਝੱਟਕਾ ਧੀਰੇ ਨਾਲ ਲੱਗਣ ਲੱਗਾ।' ਇਸ ਝਟਕੇ ਦੀ ਵਜ੍ਹਾ ਇਹ ਸੀ ਕਿ ਬਿੱਲ ਵਿਚ ਹਰੇਕ ਚੀਜ ਦੇ ਠੋਕਵੇਂ (ਪ੍ਰਿੰਟ ਅਨੁਸਾਰੀ) ਰੇਟ ਲੱਗੇ ਹੋਏ ਸਨ।ਹੋਰ ਤਾਂ ਹੋਰ ਕੁੱਝ ਚੀਜਾਂ ਸਿਰਫ਼ ਬਿੱਲ ਵਿਚ ਹੀ ਬੋਲਦੀਆਂ ਸਨ ਪਰ ਡੱਬੇ ਵਿਚ ਉਨ੍ਹਾਂ ਦੀ ਹਾਜ਼ਰੀ ਜਾਂ ਤਾਂ ਬਿਲਕੁੱਲ ਨਹੀਂ ਸੀ ਜਾਂ ਫਿਰ ਨਾਮਾਤਰ ਹੀ ਸੀ। ਦੁਖ਼ੀ ਮਨ ਨਾਲ ਜਦੋਂ ਅਸੀਂ ਉਸ ਦੁਕਾਨਦਾਰ ਦੇ ਮੋਬ-ਾਇਲ 'ਤੇ ਮਹਿੰਗੀ ਅਤੇ ਅਧੂਰੀ ਹੋਮ ਡਲਿਵਰੀ ਦਾ ਰੋਣਾ ਰੋਇਆ ਤਾਂ ਉਸ ਨੇ ਕਿਹਾ ਕਿ-'ਰਹਿ ਗਈਆਂ ਚੀਜਾਂ ਤਾਂ ਭਾਵੇਂ ਜਦੋਂ ਮਰਜੀ ਆ ਕੇ ਲੈ ਜਾਓ ਪਰ ਰੇਟਾਂ ਦਾ ਕੁੱਝ ਨਹੀਂ ਹੋ ਸਕਦਾ ਕਿਉਂਕਿ ਅੱਜ ਕੱਲ੍ਹ ਲਾਕਡਾਊਨ ਚੱਲ ਰਿਹਾ ਹੈ।' ਤੇ ਆਓ! ਅਖੀਰ ਵਿਚ ਇਸ ਵਰਤਾਰੇ ਨੂੰ ਕੁੱਝ ਇਸ ਤਰ੍ਹਾਂ ਸਮਝਣ ਦਾ ਜਤਨ ਕਰੀਏ

ਜਦ ਤੱਕ ਲਾਕਡਾਊਨ ਰਹੇਗਾ, ਭਾਅ ਵਸਤਾਂ ਦਾ ਅੱਪ ਰਹੇਗਾ।
ਮ੍ਰਾਤੜਾਂ ਦੀ ਹਿੱਕ ਉਪਰ ਲੜਦਾ, ਇੰਜ ਮਹਿੰਗਾਈ ਦਾ ਸੱਪ ਰਹੇਗਾ।

## ਤੁਹਾਨੂੰ ਦਿਲੋਂ ਸਲਾਮ

ਪੁਲਿਸ ਪ੍ਰਸ਼ਾਸ਼ਨ ਮੈਡੀਕਲ ਸਟਾਫ ਕਿਸਾਨੋ ਤੁਸੀਂ ਹੋ ਰੱਬ ਬਰਾਬਰ
ਮਜ਼ਦੂਰੋ ਸਫਾਈ ਕਰਮਚਾਰੀਓ ਤੁਹਾਡਾ ਤਹਿ ਦਿਲੋਂ ਸਤਿਕਾਰ
ਦੇਸ਼ ਦੁਨੀਆਂ ਦੀ ਖਾਤਰ ਤੁਸੀਂ ਅੱਜ ਰਹੇ ਹੋ ਸਾਡੇ ਤੇ ਜਾਨਾਂ ਵਾਰ
ਰਹਿੰਦੀ ਦੁਨੀਆਂ ਤੱਕ ਯਾਦ ਰੱਖਿਆ ਜਾਵੇਗਾ ਕਰ ਰਹੇ ਹੋ ਜੋ ਉਪਕਾਰ
ਪਾਖੰਡੀ ਅੱਜ ਕਿਤੇ ਲੁਕੇ ਬੈਠੇ ਨੇ ਨਾ ਨਜ਼ਰ ਆਉਂਦੇ ਜੋਤਸ਼ੀ ਮੱਕਾਰ
ਮਤਲਬੀ ਲੋਕ ਵੀ ਪਿੱਛੇ ਹੋ ਗਏ ਸਮਝੇ ਜਾਣਗੇ ਇਹ ਵੀ ਗੱਦਾਰ
ਦਿਲੋਂ ਸਲਾਮ ਅਤੇ ਅਸੀਸਾਂ ਵਸਦਾ ਰਹੇ ਤੁਹਾਡਾ ਆਰ ਪਰਿਵਾਰ
ਛੱਡ ਕੇ ਤੁਸੀਂ ਆਪਣਾ ਪਰਿਵਾਰ ਸਾਂਭ ਰਹੇ ਹੋ ਸਾਰਾ ਸੰਸਾਰ
ਕੀ ਕਹੀਏ ਤੁਹਾਨੂੰ ਤੁਸੀਂ ਬਹਾਦਰ ਸਾਹਸੀ ਸਿੰਘ ਸੂਰਮੇ ਸਰਦਾਰ
ਸੇਵਾ ਦੇਖ ਕੇ ਸਿਰ ਝੁਕਦਾ ਫਿਰ ਉਠਦਾ ਨਹੀਂ ਦੇਖ ਇਹ ਉਪਕਾਰ
ਸੰਜੇ ਘਰ ਬੈਠੇ ਨੂੰ ਕਹਿੰਦੇ ਸੀ ਪਹਿਲਾਂ ਨਿਕੰਮਾ ਹੁਣ ਕਹਿੰਦੇ ਨੇ ਸਮਝਦਾਰ
ਇਹਨਾਂ ਦਾ ਧੰਨਵਾਦ ਕਰੀਏ ਇਹੀ ਨੇ ਨਵੀਂ ਦੁਨੀਆਂ ਦੇ ਸਿਰਜਣਹਾਰ।



- ਸੰਜੇ ਕੁਮਾਰ, ਨਾਭਾ
91-95010-21184

# ਇਤਿਹਾਸਕ ਗੁਰਦੁਆਰਾ ਗੁਰੂਸਰ ਮੰਜੀ ਸਾਹਿਬ ਗੁੱਜਰਵਾਲ (ਲੁਧਿਆਣਾ)

ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਪਾਵਨ ਅਸਥਾਨ ਗੁਰਦੁਆਰਾ ਸ੍ਰੀ ਗੁਰੂਸਰ ਮੰਜੀ ਸਾਹਿਬ, ਗੁੱਜਰਵਾਲ,ਸਨਅਤੀ ਸਹਿਰ ਲੁਧਿਆਣਾ ਤੋ 20 ਕਿਲੋਮੀਟਰ ਦੀ ਦੂਰੀ ’ਤੇ ਸਥਿਤ ਹੈ। ਇਤਿਹਾਸ ਮੁਤਾਬਿਕ ਮੀਰੀ -ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ 1688 ਬਿਕਰਮੀ ਨੂੰ ਪਿੰਡ ਗੁੱਜਰਵਾਲ (ਲੁਧਿ) ਤੋਂ ਬਾਹਰਵਾਰ ਚੜ੍ਹਦੇ ਪਾਸੇ ਪੁਰਾਣੀ ਢਾਬ ਤੇ ਆਪਣੇ 2200 ਤੋਂ ਵੱਧ ਘੋੜ ਸਵਾਰ ਫੌਜੀ ਸਿਪਾਹੀਆਂ ਸਮੇਤ ਡੇਰਾ ਲਾਇਆ ਤਾਂ ਸਭ ਪਾਸੇ ਰੌਣਕਾਂ ਲੱਗ ਗਈਆਂ। ਗੁਰੂ ਸਾਹਿਬ ਦੇ ਪਿੰਡ ਗੁੱਜਰਵਾਲ ਆਉਣ ਦੀ ਖਬਰ ਸੁਣ ਕੇ ਸੰਗਤਾਂ ਗੁਰੂ ਦੇ ਦਰਸ਼ਨਾਂ ਲਈ ਆਉਣ ਲੱਗੀਆਂ। ਜਿਸ ਵਕਤ ਇਲਾਕੇ (ਪਿੰਡ) ਦੇ ਚੋਧਰੀ ਫਤੂਹੀ ਨੂੰ ਗੁਰੂ ਸਾਹਿਬ ਦੇ ਆਉਣ ਦਾ ਪਤਾ ਲੱਗਿਆ ਤਾਂ ਉਹ ਝਟਪਟ ਨੋਕਰਾਂ ਸਮੇਤ ਘੋੜੇ ਤੇ ਸਵਾਰ ਹੋ ਕੇ ਗੁਰੂ ਜੀ ਦੇ ਚਰਨਾਂ ਵਿਚ ਆ ਹਾਜਰ ਹੋਇਆ। ਨਮਸਕਾਰ ਕੀਤੀ ਤੇ ਹੱਥ ਜੋੜ ਕੇ ਬੇਨਤੀ ਕਰਨ ਲੱਗਾ,'ਦੀਨਾ ਬੰਧੁ ਦਾਤਾਰ ਮੈਨੂੰ ਕੋਈ ਸੇਵਾ ਬਖਸੋ।’ ਗੁਰੂ ਜੀ ਕਹਿਣ ਲੱਗੇ,'ਸਾਨੂੰ ਕਿਸੇ ਚੀਜ਼ ਦੀ ਲੋੜ ਨਹੀ।'ਚੋਧਰੀ ਦੇ ਵਾਰ-ਵਾਰ ਬੇਨਤੀ ਕਰਨ ’ਤੇ ਗੁਰੂ ਜੀ ਨੇ ਕਿਹਾ,'ਸਾਨੂੰ ਆਪਣੇ ਹੱਥ ਵਾਲਾ ਬਾਜ ਦੇ ਦੇ।’ਚੌਧਰੀ ਨੇ ਬਾਜ ਦੇਣ ਤੋ ਅਸਮਰੱਥਾ ਜਾਹਿਰ ਕੀਤੀ ਤੇ ਨਿਮੋਝੂਣਾ ਹੋ ਕੇ ਆਪਣੇ ਕਿਲ੍ਹੇ ਨੂੰ ਵਾਪਸ ਚਲਿਆ ਗਿਆ। ਕੁਦਰਤੀ ਹੀ ਕਿਲ੍ਹੇ ਵਿਚ ਜਾ ਕੇ ਬਾਜ਼ ਨੇ ਗਲੇ ਵਾਲਾ ਡੋਰਾ ਨਿਗਲ ਲਿਆ ਅਤੇ ਬਾਜ਼ ਦਰਦ ਨਾਲ ਤੜਪਣ ਲੱਗਾ। ਚੌਧਰੀ ਝੱਟ ਘੋੜੇ ’ਤੇ ਸਵਾਰ ਹੋ ਕੇ ਤੜਪਦੇ ਬਾਜ਼ ਨੂੰ ਚੁੱਕ ਕੇ ਗੁਰੂ ਜੀ ਦੇ ਚਰਨਾ ਵਿਚ ਹਾਜਰ ਹੋਇਆਂ ਤੇ ਗਲਤੀ ਦਾ ਅਹਿਸਾਸ ਕਰਾਇਆ ਬਾਜ਼ ਦੀ ਜਾਨ ਬਖਸੀ ਲਈ ਅਰਦਾਸ ਕੀਤੀ। ਜਿਉਂ ਹੀ ਗੁਰੂ ਜੀ ਨੇ ਆਪਣੇ ਪਵਿੱਤਰ ਹੱਥ ਬਾਜ਼ ਦੇ ਸਿਰ ਉੱਪਰ ਹੱਥ ਫੇਰਨੇ ਸੁਰੂ ਕੀਤੇ ਤਾਂ ਬਾਜ਼ ਨੇ ਉਸੇ ਵਕਤ ਡੋਰਾ ਉਗਲ ਦਿੱਤਾ ਅਤੇ ਬਾਜ਼ ਰਾਜੀ ਹੋ ਗਿਆ। ਰੱਬੀ ਰੰਗ ਵਿੱਚ ਰੰਗੇ ਗੁਰੂ ਸਾਹਿਬ ਦੇ ਇਸ ਹੈਰਾਨੀ ਜਨਕ ਕੋਤਕ ਨੇ ਚੋਧਰੀ ਦੇ ਮਨ ਅੰਦਰਲਾ ਹਨੇਰਾ ਦੂਰ ਕਰ ਦਿੱਤਾ। ਉਪਰੰਤ ਚੋਧਰੀ ਨੇ ਬਾਜ਼ ਗੁਰੂ ਜੀ ਨੂੰ ਭੇਂਟ ਕਰਨਾ ਚਾਹਿਆ ਪ੍ਰੰਤੂ ਗੁਰੂ ਜੀ ਨੇ ਬਾਜ਼ ਲੈਣ ਤੋਂ ਇਨਕਾਰ ਕਰ ਦਿੱਤਾ। ਗੁਰੂ ਜੀ ਆਪ ਜਿਸ ਥਾਂ ਸੁਸੋਭਿਤ ਹੋਇਆ ਕਰਦੇ ਸਨ, ਉਸ ਅਸਥਾਨ ’ਤੇ ਅੱਜ ਗੁਰਦੁਆਰਾ ਮੰਜੀ ਸਾਹਿਬ ਸੁਸੋਭਿਤ ਹੈ। ਜਿਸ ਪੁਰਾਣੀ ਢਾਬ ਦੇ ਕੱਢੇ ਗੁਰੂ ਸਾਹਿਬ ਠਹਿਰੇ ਸਨ, ਉਸ ਥਾਂ ਪਵਿੱਤਰ ਸਰੋਵਰ ਵੀ ਬਣਿਆ ਹੋਇਆ ਹੈ, ਜਿਸ ਵਿਚ ਇਸ਼ਨਾਨ ਕਰਨ ਨਾਲ ਦੁੱਖ ਦੂਰ ਹੁੰਦੇ ਹਨ। ਇਸ ਪਾਵਨ ਪਵਿੱਤਰ ਅਸਥਾਨ ’ਤੇ ਹਰ ਸਾਲ ਚੇਤਰ ਚੌਦੇ ਦੀ ਮੱਸਿਆ ਨੂੰ ਭਾਰੀ ਜੋੜ ਮੇਲਾ ਸ੍ਰੋਮਣੀ ਕਮੇਟੀ ਤੇ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾਂਦਾ ਹੈ, ਜਿਸ ਵਿਚ ਦੇਸ਼-ਵਿਦੇਸ਼ ਤੋਂ ਸੰਗਤਾਂ ਬਹੁਤ ਹੀ ਸਰਧਾ ਨਾਲ ਪਹੁੰਚ ਕੇ ਨਤਮਸਤਕ ਹੁੰਦੀਆਂ ਹਨ। ਤਿੰਨ ਦਿਨ ਭਾਰੀ ਇਕੱਠ ਦੋਰਾਨ ਗੁਰਮਿਤ ਦੀਵਾਨ ਸਜਦੇ ਹਨ, ਜਿਥੇ ਉੱਘੇ ਰਾਗੀ ਢਾਡੀ, ਕੀਰਤਨੀਏ, ਕਥਾਵਾਚਕ ਪਹੁੰਚਦੇ ਹਨ। ਹਰ ਮੱਸਿਆ ਅਤੇ ਸੰਗਰਾਂਦ ਦਾ ਦਿਹਾੜਾ ਵੀ ਬੜੀ ਸਰਧਾ ਨਾਲ ਮਨਾਇਆ ਜਾਂਦਾ ਹੈ।





ਤਸਵਿੰਦਰ ਸਿੰਘ ਬੜੈਚ
91-75279-31887

## (ਵਿਅੰਗ) ਤੇ ਕੱਢ ਕੇ ਹੀ ਛੱਡੀ ਉਨ੍ਹਾਂ ਨੇ ਮੇਰੇ ਸਾਇਕਲ ਦੇ ਟਾਇਰਾਂ ਦੀ ਫ਼ੂਕ

ਰੋਜ਼ ਸਵੇਰੇ ਚਾਹ ਪੀਤੇ ਤੋਂ ਬਗ਼ੈਰ ਸਾਡੀ ਮੈਡਮ ਦੀ ਅੱਖ ਨਹੀਂ ਖੁੱਲਦੀ ਤੇ ਅੱਖ ਖੁੱਲਣ ਤੋਂ ਬਗ਼ੈਰ ਉਸ ਦਾ ਮੂਡ ਨਹੀਂ ਬਣਦਾ। ਸੋ ਉਸ ਦੇ ਮੂਡ ਨੂੰ ਬਣਾਉਣ ਲਈ ਮੈਨੂੰ ਨਿੱਤਨੇਮ ਨਾਲ ਅੰਮ੍ਰਿਤ ਵੇਲੇ ਉੱਠਣਾ ਪੈਂਦਾ ਹੈ ਅਤੇ ਸੰਧੂ ਦੀ ਡੇਅਰੀ ਤੋਂ ਦੁੱਧ ਲਿਆ ਕੇ ਚਾਹ ਦਾ ਜੁਗਾੜ ਕਰਨਾ ਪੈਂਦਾ ਹੈ। ਕਰਫ਼ਿਊ/ਲਾਕਡੌਨ ਕਾਰਨ ਹਲਾਤ ਭਾਵੇਂ ਕੁੱਝ ਅਣਸੁਖਾਵੇਂ ਹੋ ਗਏ ਸਨ ਪਰ ਮੇਰੇ ਵੱਲੋਂ ਇਹ (ਦੁੱਧ ਲਿਆਉਣ ਦੀ ਅਤੇ ਚਾਹ ਬਣਾਉਣ ਦੀ) ਸੇਵਾ ਨਿਰਵਿਘਨ ਜਾਰੀ ਸੀ।ਇਹ ਸੇਵਾ-ਭਾਵਨਾ ਮੈਨੂੰ ਆਪਣੀ ਮੈਡਮ ਦੀ ਖ਼ੁਸ਼ੀ ਦਾ ਪਾਤਰ ਬਣਾ ਰਹੀ ਸੀ, ਉਹ ਵੀ ਉਸ ਵੇਲੇ ਜਦੋਂ ਬੂਹੇ ਤੋਂ ਬਾਹਰ ਨਿਕਲਣਾ (ਕੋਰੋਨਾ ਕਰਕੇ) ਖ਼ਤਰੇ ਤੋਂ ਖ਼ਾਲੀ ਨਹੀਂ ਸੀ ਸਮਝਿਆ ਜਾਂਦਾ। ਚੰਗੇ-ਭਲੇ ਦਿਨ ਲੰਘ ਰਹੇ ਸਨ ਪਰ ਇੱਕ ਦਿਨ ਖ਼ਾਕੀ ਵਰਦੀ ਵਾਲਿਆਂ ਨੇ ਚੰਮ ਦੀ ਚਲਾ ਕੇ ਸਾਡੀ ਇਸ ਸੇਵਾ ਵਿਚ ਵਿਘਨ ਪਾਉਣ ਦਾ ਭਰਪੂਰ ਜਤਨ ਕੀਤਾ। ਉਨ੍ਹਾਂ ਵੱਲੋਂ ਕੀਤਾ ਇਹ ਕੋਝਾ ਜਤਨ ਮੈਨੂੰ ਆਰਥਿਕ ਢਾਹ ਤਾਂ ਲਗਾ ਗਿਆ ਪਰ ਮੇਰੀ ਸੇਵਾ-ਭਾਵਨਾ ਨੂੰ ਢਾਹ ਨਾ ਲਗਾ ਸਕਿਆ।

ਗੱਲ ਕਰਫ਼ਿਊ/ਲਾਕਡੌਨ ਦੇ ਦੂਸਰੇ ਸਪਤਾਹ ਦੀ ਹੈ ਜਦੋਂ ਕਰਫ਼ਿਊ ਵਿਚ ਕੁੱਝ ਕੁ ਸਮੇਂ ਦੀ ਢਿੱਲ ਮਿਲੀ ਹੋਈ ਸੀ।ਇਸ ਢਿੱਲ ਦਾ ਲਾਭ ਉਠਾਉਂਦੇ ਹੋਏ ਮੈਂ ਆਪਣੇ ਦੋ-ਚੱਕਰੇ ਉਰਫ਼ ਸਾਇਕਲ ਉਪਰ ਰੋਜ਼ਾਨਾ ਦੀ ਤਰ੍ਹਾਂ ਸੰਧੂ ਮਝੈਲ ਦੀ ਡੇਅਰੀ ਤੋਂ ਲਿਫ਼ਾਫੇ ਵਿਚ ਦੁੱਧ ਲੈ ਕੇ ਆ ਰਿਹਾ ਸੀ। ਰਸਤੇ ਵਿਚ ਮੈਂ ਕੁੱਝ ਲੋਕਾਂ ਨੂੰ ਇੱਕ ਹਰੀ-ਭਰੀ ਪਾਰਕ ਵਿਚ ਸੈਰ ਕਰਦੇ ਦੇਖਿਆ।ਮਨ ਵਿਚ ਆਇਆ ਕਿ ਪਾਰਕ ਵਿਚ ਦੋ ਕੁ ਭਲਵਾਨੀ ਗੇੜੇ ਦੇ ਕੇ ਤਾਜ਼ਾਤਰੀਨ ਆਕਸੀਜਨ ਦੇ ਕੁੱਝ ਘੁੱਟ ਭਰ ਲਏ ਜਾਣ ਤਾਂ ਜੋ ਬਾਕੀ ਦਾ ਸਾਰਾ ਦਿਨ ਚੁਸਤੀ-ਫ਼ੁਰਤੀ ਬਣੀ ਰਹੇ ਅਤੇ ਸਰੀਰ ਵਿਚਲੀ ਸ਼ੂਗਰ ਦਾ ਪੱਧਰ ਵੀ ਕਾਬੂ ਵਿਚ ਰਹੇ।

ਆਪਣੀ ਸਿਹਤਮੰਦ ਸੋਚ ਨੂੰ ਅਮਲ ਵਿਚ ਲਿਆਉਣ ਲਈ ਮੈਂ (ਸਮੇਤ ਸਾਇਕਲ) ਉਸ ਪਾਰਕ ਵਿਚ ਪ੍ਰਵੇਸ਼ ਕਰ ਗਿਆ। ਸਾਇਕਲ ਦਾ ਸਟੈਂਡ ਪਾਰਕ ਦੀ ਉਸ ਜਗ੍ਹਾ 'ਤੇ ਲਗਾ ਦਿੱਤਾ ਜਿਥੋਂ ਹੈਂਡਲ ਨਾਲ ਟੰਗੇ ਹੋਏ ਲਿਫ਼ਾਫ਼ੇ 'ਤੇ ਦੂਰ ਤੱਕ ਨਜ਼ਰ ਬਣੀ ਰਹੇ। ਇਸ ਸਮੇਂ ਦੌਰਾਨ ਦੋ ਕੁ ਲਫ਼ੰਡਰ ਕਿਸਮ ਦੇ ਕੁੱਤੇ ਵੀ ਲਾਡੀਆਂ-ਪਾਡੀਆਂ ਕਰਦੇ ਹੋਏ ਪਾਰਕ ਵਿਚ ਘੁਸਪੈਂਠ ਕਰ ਗਏ।ਉਨ੍ਹਾਂ ਦੀ ਇਸ ਆਮਦ ਨਾਲ ਦੁੱਧ ਵਾਲੇ ਲਿਫ਼ਾਫ਼ੇ ਨੂੰ ਕੁੱਝ ਖ਼ਤਰਾ ਭਾਸਣ ਲੱਗ ਪਿਆ। ਇਸ ਖ਼ਤਰੇ ਤੋਂ ਬਚਣ ਲਈ ਮੈਂ ਆਪਣੇ ਮੂੰਹ ਵਾਲਾ ਰੁਮਾਲ ਲਿਫ਼ਾਫ਼ੇ ਦੇ ਇਰਦ-ਗ਼ਿਰਦ ਵਲੇਟ ਦਿੱਤਾ। ਇਕੱਲਾ ਰੁਮਾਲ ਦੇ ਭਰੋਸੇ 'ਤੇ ਨਾ ਰਹਿੰਦੇ ਹੋਏ ਆਪਣੀ ਪੈਨੀ ਨਜ਼ਰ ਵੀ ਉਨ੍ਹਾਂ ਦੀਆਂ ਹਰਕਤਾਂ ਵੱਲ ਘੁਮਾਅ ਛੱਡੀ।ਪਰ ਉਸ ਸਮੇਂ ਉਨ੍ਹਾਂ ਦਾ ਧਿਆਨ ਪੀਣ-ਖਾਣ ਵੱਲ ਨਾ ਹੋ ਸਿਰਫ਼ ਲਾਡ-ਲਡਾਣ ਵੱਲ ਹੀ ਸੀ ਅਤੇ ਉਹ ਇਸ ਸਮੇਂ ਦਾ ਪੂਰਨ ਆਨੰਦ ਲੈ ਰਹੇ ਸਨ।ਉਨ੍ਹਾਂ ਵੱਲੋਂ ਨਜ਼ਰ ਹਟਾ ਕੇ ਮੈਂ ਸੈਰ ਦਾ ਲੁਤਫ਼ ਉਠਾਉਣ ਲੱਗਾ।ਅਜੇ ਦੂਜਾ ਗੇੜਾ ਪੂਰਾ ਵੀ ਨਹੀਂ ਸੀ ਹੋਇਆ ਕਿ ਲਾਊਡ-ਸਪਕੀਰ ਵਿਚੋਂ ਇੱਕ ਆਵਾਜ਼ ਸੁਣਾਈ ਦਿੱਤੀ-
'ਉਸ ਸਾਇਕਲ ਦੀ ਹਵਾ ਕੱਢ! ਹਵਾ ਕੱਢ!!’

ਕੰਨਾਂ ਦੇ ਨਾਲ-ਨਾਲ ਜਦੋਂ ਮੈਂ ਇਸ ਆਵਾਜ਼ ਵੱਲ ਅੱਖਾਂ ਘੁਮਾਈਆਂ ਤਾਂ ਇਹ ਆਵਾਜ਼ ਕਿਤੋਂ ਦੂਰ ਤੋਂ ਨਹੀਂ ਸਗੋਂ ਖ਼ਾਕੀ ਵਰਦੀ ਵਾਲਿਆਂ ਦੀ ਗੱਡੀ ਉਪਰ ਲੱਗੇ ਹੋਏ ਸਪੀਕਰ ਵਿਚੋਂ ਆ ਰਹੀ ਸੀ। ਗੱਡੀ ਰੁੱਕਣ 'ਤੇ ਇੱਕ ਸਪਾਹਟਾ ਉਤਰ ਕੇ ਮੇਰੇ ਦੋਚੱਕਰੇ ਦੇ ਟਾਇਰਾਂ ਵਿਚੋਂ ਹਵਾ ਕੱਢਣ ਲਈ ਤੇਜ ਗਤੀ ਨਾਲ ਪਾਰਕ ਵੱਲ ਆ ਰਿਹਾ ਸੀ।ਉਸ ਦੇ ਪਹੁੰਚਣ ਤੋਂ ਪਹਿਲਾਂ ਹੀ ਮੈਂ ਵੀ ਆਪਣੇ ਸਾਇਕਲ ਕੋਲ ਪਹੁੰਚ ਗਿਆ। ਇਸ ਸਮੇਂ ਦੌਰਾਨ ਪਾਰਕ ਵਿਚ ਸੈਰ ਕਰ ਰਹੇ ਬਾਕੀ ਲੋਕ ਪਤਰਾ ਵਾਚ ਗਏ। ਜਦੋਂ ਮੈਂ ਸਾਈਕਲ ਨੂੰ ਲੈ ਕੇ ਬਾਹਰ ਨਿਕਲਣ ਲੱਗਾ ਤਾਂ ਉਸ ਨੌਜਵਾਨ ਸਪਾਹਟੇ ਨੇ ਹੈਂਡਲ ਨੂੰ ਹੱਥ ਪਾ ਲਿਆ। 'ਸਾਇਕਲ ਦੇ ਟਾਇਰਾਂ ਵਿਚੋਂ ਹਵਾ ਕੱਢ।’ ਉਸ ਨੇ ਪੂਰੇ ਪੁਲਿਸੀਏ ਰੋਅਬ ਨਾਲ ਕਿਹਾ।

ਮੈਂ ਉਸ ਨੂੰ ਕਿਹਾ ਕਿ ਮੈਂ ਤਾਂ ਦੁੱਧ ਲੈ ਕੇ ਲੰਘ ਰਿਹਾ ਸੀ.ਮਿੱਠੇ ਦਾ ਮਰੀਜ਼ ਹੋਣ ਕਰਕੇ ਡਾਕਟਰ ਨੇ ਸੈਰ ਲਾਜ਼ਮੀ ਕੀਤੀ ਹੋਈ ਹੈ,ਇਸ ਲਈ ਇੱਕ ਦੋ ਰਾਊਂਡ ਮਾਰਨ ਲਈ ਪਾਰਕ ਵਿਚ ਆ ਗਿਆ।ਪਰ ਉਸ ਨੇ ਮੇਰੀ ਇਸ ਗੱਲ ਵੱਲ ਕੋਈ ਧਿਆਨ ਨਾ ਦਿੱਤਾ। ਕਾਨੂੰਨ ਦਾ ਉਹ ਰਾਖਾ ਵਾਰ-ਵਾਰ ਹਵਾ ਕੱਢਣ ਲਈ ਕਹਿ ਰਿਹਾ ਸੀ। ਇਸ ਤਰ੍ਹਾਂ ਕਰਕੇ ਸ਼ਾਇਦ ਉਹ ਆਪਣੇ ਬੌਸ (ਗੱਡੀ ਵਿਚ ਬੈਠੇ ਠਾਣੇਦਾਰ) ਸ਼ਾਬਾਸ ਲੈਣੀ ਚਾਹੁੰਦਾ ਸੀ।ਮੈਂ ਆਪਣੇ ਸਾਇਕਲ ਵਿਚੋਂ ਹਵਾ ਕੱਢਣ ਲਈ ਰਾਜ਼ੀ ਨਹੀਂ ਸੀ ਹੋ ਰਿਹਾ ਕਿਉਂਕਿ ਇਹ ਹਵਾ ਮੈਂ ਅਜੇ ਇੱਕ ਦਿਨ ਪਹਿਲਾਂ ਹੀ ਭਰੀ ਸੀ ਤੇ ਉਹ ਵੀ (ਬਾਜ਼ਾਰ ਬੰਦ ਹੋਣ ਕਰਕੇ) ਚਾਰ ਮੀਲ ਦੀ ਦੂਰੀ 'ਤੇ ਜਾ ਕੇ।

ਗੱਲ ਕਿਸੇ ਸਿਰੇ ਨਾ ਲੱਗਦੀ ਦੇਖ ਕੇ ਮੈਂ ਉਸ ਸਪਾਹਟੇ ਨੂੰ ਕਿਹਾ ਕਿ ਚੱਲ ਮੈਂ ਤੇਰੇ ਸਾਹਬ ਨਾਲ ਹੀ ਗੱਲ ਕਰ ਲੈਂਦਾ ਹਾਂ।ਇਸ ਸੋਚ ਨਾਲ ਕਿ ਸ਼ਾਇਦ ਅਫ਼ਸਰ ਮੇਰੀ ਗੱਲ ਨੂੰ ਸਮਝ ਕਿ ਮੇਰੀ ਬੇਨਤੀ ਨੂੰ ਪ੍ਰਵਾਨ ਕਰ ਲਵੇਗਾ। ਮੈਂ ਦੁੱਧ ਸਮੇਤ ਆਪਣਾ ਸਾਇਕਲ ਗੱਡੀ ਦੇ ਕੋਲ ਹੀ ਲੈ ਗਿਆ।

ਮੇਰੀ ਉਮੀਦ ਦੇ ਉਲਟ ਉਸ ਦਾ ਸਾਹਿਬ ਉਸ ਤੋਂ ਵੀ ਦੋ ਕਦਮ ਅੱਗੇ ਨਿਕਲ ਗਿਆ।ਮੇਰੀ ਉਮਰ ਦਾ ਲਿਹਾਜ਼ ਨਾ ਕਰਦਿਆਂ ਹੋਇਆਂ ਉਸ ਨੇ ਮੈਨੂੰ ਕਈ ਤੱਤੀਆਂ-ਠੰਢੀਆਂ ਸੁਣਾਈਆਂ ਅਤੇ ਟਾਇਰਾਂ ਵਿਚੋਂ ਫ਼ੂਕ ਕੱਢਣ ਲਈ ਆਪਣੇ ਉਸ ਮੁਲਾਜ਼ਮ ਨੂੰ ਫ਼ੂਕ ਮਾਰ ਦਿੱਤੀ।

ਆਪਣੇ ਸਾਹਬ ਤੋਂ ਫ਼ੂਕ ਛੱਕ ਕੇ ਉਸ ਸਿਪਾਹੀ ਨੇ ਮੇਰੇ ਸਾਇਕਲ ਦੀਆਂ ਦੋਵਾਂ ਟਿਊਬਾਂ ਵਿਚੋਂ ਝੱਟ ਫ਼ੂਕ ਕੱਢ ਦਿੱਤੀ।ਫ਼ੂਕ ਨਿਕਲਦੇ ਸਾਰ ਹੀ ਦੋਵੇਂ ਚੱਕੇ ਹੈਂਡੀਕੈਪਡ ਹੋ ਗਏ ਅਤੇ ਰੇਂਜਰ ਸਾਇਕਲ ਹੇਠਾਂ ਡਿੱਗ ਪਿਆ। ਸਾਇਕਲ ਦੇ ਡਿੱਗਣ ਨਾਲ ਹੈਂਡਲ ਨਾਲ ਟੰਗਿਆਂ ਦੁੱਧ ਦਾ ਲਿਫ਼ਾਫਾ ਵੀ ਆਪਣੇ ਸਵਾਸ ਛੱਡ (ਫੱਟ) ਗਿਆ ਅਤੇ ਦੁੱਧ ਮਿੱਟੀ ਵਿਚ ਮਿਲ ਗਿਆ।

ਖ਼ਾਕੀ ਵਾਲਿਆਂ ਦੀ ਇਹ ਧੱਕੇਸ਼ਾਹੀ ਬੇਸ਼ੱਕ ਮੇਰਾ ਦੂਹਰਾ ਨੁਕਸਾਨ ਕਰ ਗਈ ਪਰ ਮੇਰੇ ਪਤਨੀ-ਪ੍ਰੇਮ ਨੂੰ ਨਾ ਘਟਾ ਸਕੀ।ਪੰਜਾਬ ਪੁਲਿਸ ਦੇ ਇਸ ਕੌੜੇ ਭਾਣੇ ਨੂੰ ਮੰਨ ਕੇ ਮੈਂ ਮੁੜ ਦੁਕਾਨ 'ਤੇ ਗਿਆ ਅਤੇ ਨਵਾਂ ਦੁੱਧ ਦਾ ਪੈਕਟ ਖ਼੍ਰੀਦ ਲਿਆ। ਇਸ ਪੈਕਟ ਵਾਲੇ ਦੁੱਧ ਨਾਲ ਚਾਹ ਬਣਾ ਕੇ ਮੈਂ ਆਪਣੀ ਸ਼੍ਰੀਮਤੀ ਦਾ ਮੂਡ ਬਣਾਉਣ ਵਿਚ ਕਾਮਯਾਬ ਰਿਹਾ।

ਰਮੇਸ਼ ਬੱਗਾ ਚੋਹਲਾ
9463132719

### ਮਿੰਨੀ ਕਹਾਣੀ — ਅੱਕ

ਸੁਰਜੀਤ ਸਿਹਾਂ, ਮੈਂ ਸੁਣਿਆ ਹੈ ਕਿ ਤੈਂ ਆਪਣੀ ਵੱਡੀ ਕੁੜੀ ਦਾ ਰਿਸ਼ਤਾ ਕਿਸੇ ਐੱਨ.ਆਰ.ਆਈ. ਸੱਤਰਾਂ ਸਾਲਾਂ ਦੇ ਬੁੱਢੇ ਨਾਲ ਕਰਤਾ’, ਸੜਕ ਦੇ ਨਾਲ ਲੱਗਦੇ ਆਪਣੇ ਖੇਤ ’ਚ ਕੰਮ ਕਰ ਰਹੇ ਸੁਰਜੀਤ ਸਿੰਘ ਨੂੰ ਭਜਨ ਨੇ ਕਿਹਾ।

'ਹਾਂ ਭਜਨ ਸਿਹਾਂ, ਤੈਂ ਠੀਕ ਹੀ ਸੁਣਿਆ ਏ।’ ਇਹ ਤਾਂ ਤੈਂ ਫਿਰ ਬਹੁਤ ਮਾੜਾ ਕੰਮ ਕੀਤਾ, ਨਾ ਐਂਏ ਦੱਸ ਤੈਨੂੰ ਕੋਈ ਚੱਜ ਦਾ ਮੁੰਡਾ ਹੀ ਨੀ ਲੱਭਿਆ ,ਜੋ ਫੁੱਲਾਂ ਵਰਗੀ ਸੋਹਲ ਜਿਹੀ ਮਲੂਕ ਜਿੰਦੜੀ, ਦਹਾਜੂ ਲੜ ਲਾ ਕੇ ਤੋਰਤੀ’, ਭਜਨ ਥੋੜ੍ਹਾ ਜਿਹਾ ਗੁੱਸੇ ’ਚ ਬੋਲਿਆ। 'ਮੁੰਡੇ ਤਾਂ ਬਥੇਰੇ ਮਿਲਦੇ ਸੀ, ਪਰ ਓਹ ਮੂੰਹ ਹੀ ਬਹੁਤ ਅੱਡਦੇ ਸੀ, ਫਿਰ ਮੈਂ ਸੋਚਿਆ ਨਾਲੇ ਤਾਂ ਕੁੜੀ ਬਿਨਾਂ ਪੈਸੇ ਲਗਾਇਆ ਬਾਹਰਲੇ ਮੁਲਕ ’ਚ ਜਾ ਕੇ ਸੈੱਟ ਹੋਜੂ ਤੇ ਨਾਲੇ ਦਹੇਜ ਨੀ ਦੇਣਾ ਪਊ, ਏਸੇ ਕਰਕੇ ਮੈਨੂੰ ਇਹ ਅੱਕ ਚੱਬਣਾ ਪਿਆ ਭਜਨ ਸਿਆਂ।’

ਇਹ ਕਹਿ ਕੇ ਸੁਰਜੀਤ ਵੱਟ ’ਤੇ ਖੜ੍ਹੇ ਅੱਕ ਦੇ ਬੂਟੇ ਨੂੰ ਕਹੀ ਨਾਲ ਵੱਢਣ ਲੱਗ ਪਿਆ।



-ਤਸਵਿੰਦਰ ਸਿੰਘ ਬੜੈਚ
91-75279-31887

## ਗ਼ਜ਼ਲ

ਮੰਦਿਰ ਬੰਦ-ਮੈਅ-ਖਾਨੇ ਬੰਦ
ਬਣਨੇ ਰੋਜ਼ ਬਹਾਨੇ ਬੰਦ!

ਯਾਰੋ ਮੈਨੂੰ ਮੁਆਫ ਕਰੋ
ਅੱਜਕਲ੍ਹ ਨੇ ਯਾਰਾਨੇ ਬੰਦ।

ਆਪਣੇ-ਆਪਣੇ ਘਰ ਅੰਦਰ,
ਹੋਏ ਨੇ ਦੀਵਾਨੇ ਬੰਦ।

ਬੰਦ ਹੋਈ ਹੈ ਮੈਅ ਬਣਨੀ,
ਹੁਣ ਬਣਨੇ ਪੈਮਾਨੇ ਬੰਦ।

ਔਰੰਗਜ਼ੇਬ ਨਾ ਕਰ ਸਕਿਆ
ਵੱਜਣੇ ਸਾਜ਼ ਤਰਾਨੇ ਬੰਦ।

ਪੁੱਛ ਕਿਸੇ ਤੋਂ ’ਇਕਵਿੰਦਰ’
ਖੁੱਲ੍ਹਣੇ ਕਦ ਮੈਅ-ਖਾਨੇ ਬੰਦ?

ਸਾਡੇ ਪਿਆਰ ਦੇ ’ਇਕਵਿੰਦਰ’
ਹੋਣੇ ਨਾ ਅਫਸਾਨੇ ਬੰਦ।



– ਇਕਵਿੰਦਰ ਸਿੰਘ

## ਖ਼ਤਰਾ

ਪਹਿਚਾਣ ਕੀਤੀ ਨਹੀਂ ਚੰਗੇ ਮਾੜੇ ਦੀ,
ਜਿੰਦ ਬਣਾ ਦਿੱਤੀ ਇਹਨਾਂ ਪੁਆੜੇ ਦੀ ।

ਨਿਖੇੜਾ ਕੀਤਾ ਨਾ ਕੂੜ ਤੇ ਪਾਪਾਂ ਦਾ,
ਜੀਵਨ ਭਰ ਦਿਤਾ ਏ ਵਿਰਲਾਪਾਂ ਦਾ।

ਨਾ ਹੀ ਦੀਨ ਦੁੱਖੀ ਵਲ ਧਿਆਨ ਗਿਆ ,
ਨਾ ਹੀ ਦਯਾ ਧਰਮ ਦਾ ਗਿਆਨ ਰਿਹਾ ।

ਲੱਦ ਤੁਰਿਓ ਨੇ ਪਾਪ,ਕੁਫ਼ਰ ਨੂੰ ਬੇੜੀ ਤੇ,
ਫ਼ਸਿਓ ਨੇ ਲੁੱਟ ਖਸੁੱਟ ਤੇ ਤੇਰੀ ਮੇਰੀ ’ਚ’ ।

ਹੋਉਮੇ ਦੀ ਗੁੱਡੀ ਚੜ੍ਹਾ ਲਈ ਅੰਬਰਾਂ ’ਚ’,
ਲੋਕੀ ਫ਼ਸੇ ਫ਼ਿਰਦੇ ਨੇ ਕਈ ਅਡੰਬਰਾਂ ’ਚ’।

ਜਲ, ਜੰਗ਼ਲ,ਜਾਨਵਰ ਸਭ ਉਜਾੜ ਦਿੱਤੇ,
ਲੋਕ ਵੰਡ ਜਾਤ ਧਰਮਾਂ ਵਿਚ ਪਾੜ ਦੱਤੇ।

ਗਿਆਨ,ਵਿਗਿਆਨ ਨੂੰ ਪਈਆਂ ਸੋਚਾਂ ਨੇ,
ਨਵੇਂ ੨ ਖ਼ਤਰਿਆਂ ਉਡਾ ਦਿੱਤੀਆਂ ਹੋਸ਼ਾਂ ਨੇ ।

ਬਰੂਦੀ ਢੇਰ ਜੋ ਦੁਸ਼ਮਣ ਲਈ ਬਣਾ ਰੱਖੇ,
ਕਰੋਪੀ ਵਿੱਚ ਇਹ ਪਏ ਰਹੇ ਢੱਕੇ ਦੇ ਢੱਕੇ ।

ਮਾਨਵ ਦੇ ਕੰਮ ਇਹ ਕੁਝ ਨਾ ਆਇਆ ਏ,
ਅੰਦਰ ਲੁਕ ੨ ਬੰਦੇ ਆਪਾ ਬਚਾਇਆ ਏ ।

ਹੋਇਆ ਧਰਤੀ, ਅੰਬਰ ਵੀ ਵੀਰਾਨ ਜਹਾ,
ਕਾਇਨਾਤ ’ਚ’ ਉਠ ਰਿਹਾ ਏ ਤੁਫ਼ਾਨ ਜਿਹਾ।

ਘਿਰੇ ਹੋਏ ਲੱਗਦੇ ਹਾਂ ਗੁੰਝਲਾਂ ਦੇ ਨੇਰ੍ ਵਿਚ,
ਹੁਣ ਤਾਂ ਦਿਸਦਾ ਖ਼ਤਰਾ ਸੱਜਰੀ ਸਵੇਰ ਵਿੱਚ ।



– ਰਬਿੰਦਰ ਸ਼ਰਮਾ

## ਵਿਸ਼ਵਾਸ

ਇਹ ਕੈਸਾ ਸਮਾਂ
ਆਇਆ ਹੈ
ਹਰ ਕੋਈ
ਡਰਿਆ ਹੋਇਆ ਹੈ
ਆਪਣੇ ਹੀ ਘਰ ਅੰਦਰ
ਵੜਿਆ ਹੋਇਆ ਹੈ
ਉਸਦੇ ਸਭ ਵਿਸ਼ਵਾਸ
ਖਿੜਕ ਗਏ ਨੇ
ਉਸਦੇ ਸਭ ਰਿਸ਼ਤੇ
ਤਿੜਕ ਗਏ ਨੇ

ਅੱਜ ਤੱਕ
ਸੁਣਦੇ ਆਏ ਹਾਂ
"ਉਹ" ਸ਼ਕਤੀਆਂ ਵਾਲਾ ਹੈ
"ਉਹ" ਮਿਹਰਾਂ ਵਾਲਾ ਹੈ
ਪਰ ਅੱਜ ਜਦ
"ਉਸਦੀ" ਲੋੜ ਪਈ
ਤਾਂ "ਉਸਦੇ" ਘਰ
ਬੰਦ ਪਏ ਨੇ
ਇੰਜ ਲਗਦਾ ਹੈ
ਸਾਡੇ ਵਾਂਗੂੰ
"ਉਹ" ਵੀ ਅੰਦਰ
ਵੜਿਆ ਹੋਇਆ ਹੈ

ਇਹ ਵੀ ਤਾਂ
ਸੁਣਦੇ ਆਏ ਹਾਂ
ਬੰਦਾ ਹੀ ਬੰਦੇ ਦਾ ਦਾਰੂ ਹੈ
ਅੱਜ ਜਦ
ਸਹਿਮ ਦੀਆਂ ਘੜੀਆਂ ਵਿਚ
ਇਸਦਾ ਚੇਤਾ ਆਇਆ
ਤਾਂ ਪ੍ਰਤੱਖ ਵੇਖ ਲਿਆ
ਉਹ ਜਾਨ ਦੀ ਬਾਜ਼ੀ ਲਾਉਂਦਾ ਹੈ
ਤੇ ਖ਼ਲਕਤ ਤਾਂਈ
ਬਚਾਉਂਦਾ ਹੈ

ਮੈਂ ਉਸ ਅੱਗੇ
ਸੀਸ ਝੁਕਾਉਂਦਾ ਹਾਂ
ਆਪਣਾ ਵਿਸ਼ਵਾਸ
ਪ੍ਰਗਟਾਉਂਦਾ ਹਾਂ

– ਪਰਬਿੰਦਰ ਸਿੰਘ

# ਰੋਜ਼ੇ ਅਤੇ ਵਰਤਾਂ ਬਾਰੇ ਸੰਖੇਪ ਵਿਚਾਰ



ਅਵਤਾਰ ਸਿੰਘ ਮਿਸ਼ਨਰੀ
510-432-5827

ਧਰਮ ਦੇ ਨਾਂ ਤੇ ਮੁਸਲਮਾਨ ਰੋਜ਼ੇ ਅਤੇ ਹਿੰਦੂ ਵਰਤ ਰੱਖਦੇ ਹਨ। ਆਓ ਇਸ ਬਾਰੇ ਖੁੱਲ੍ਹੇ ਮਨ ਨਾਲ ਇਨਸਾਨੀਅਤ ਤੌਰ ਤੇ ਵਿਚਾਰ ਕਰੀਏ। ਮਹਾਂਨ ਕੋਸ਼ ਅਨੁਸਾਰ ਬਰਤ, ਰੋਜ਼ੇ ਅਤੇ ਵਰਤ ਰਲਦੇ ਮਿਲਦੇ ਅਰਥਾਂ ਵਾਲੇ ਸ਼ਬਦ ਹਨ। ਪ੍ਰਕਰਣ ਅਨੁਸਾਰ ਬਰਤ ਦੇ ਅਰਥ ਵੱਖਰੇ ਵੱਖਰੇ ਇਹ ਹਨ- ਬਰਤ-ਬਲਤ, ਬਲਦਾ, ਮਰਦਾ, ਵਿਆਹ, ਉਪਵਾਸ, ਬਿਨਾ ਅਹਾਰ ਰਹਿਣਾ, ਰੱਸਾ, ਲੱਜ। ਵਰਤ-ਨੇਮ, ਨਿਯਮ, ਪ੍ਰਤੱਗਯਾ, ਪ੍ਰਣ, ਆਗਯਾ, ਹੁਕਮ, ਧਰਮ ਦੀ ਰੀਤ ਅਤੇ ਫਾਕਾ ਆਦਿ। ਰੋਜ਼ਾ-ਵਰਤ, ਅੰਨ ਦਾ ਤਿਆਗ, ਪਵਿੱਤਰ ਦਿਨ ਆਦਿ। ਭਾ. ਕਾਨ੍ਹ ਸਿੰਘ ਨ੍ਹਾਭਾ ਲਿਖਦੇ ਹਨ ਕਿ ਹਿੰਦੂ ਮੱਤ (ਨੋਟ ਹਿੰਦੂ ਕੋਈ ਮੱਤ ਨਹੀਂ ਸਗੋਂ ਸਮਦਾਇ ਹੈ) ਦੇ ਵਰਤਾਂ ਦੀ ਗਿਣਤੀ ਕੋਈ ਨਹੀਂ ਕਰ ਸਕਦਾ, ਕੋਈ ਥਿੱਤ ਅਰ ਮਹੀਨਾ ਐਸਾ ਨਹੀਂ ਜਿਸ ਵਿੱਚ ਕਿਸੇ ਨਾਂ ਕਿਸੇ ਪ੍ਰਕਾਰ ਦਾ ਵਰਤ ਵਿਧਾਨ ਨਾਂ ਹੋਵੇ। ਬਹੁਤ ਪ੍ਰਸਿੱਧ ਏਕਾਦਸ਼ੀ ਅਤੇ ਕਰਵਾ ਚੌਥ ਆਦਿਕ ਵਰਤ ਹਨ ਅਤੇ ਹੋਰ ਮੱਤਾਂ ਵਿੱਚ ਵੀ ਵਰਤ ਦੀ ਮਹਿਮਾਂ ਪਾਈ ਜਾਂਦੀ ਹੈ ਜਿਵੇਂ ਬਾਈਬਲ ਅਤੇ ਕੁਰਾਨ ਵਿੱਚ ਵੀ ਅਨੇਕ ਪ੍ਰਕਾਰ ਦੇ ਵਰਤ ਲਿਖੇ ਹਨ। ਯਹੂਦੀਆਂ ਦੇ 40 ਅਤੇ ਮੁਸਲਮਾਨਾਂ ਦੇ 30 ਰੋਜ਼ੇ ਹੀ ਪ੍ਰਧਾਨ ਵਰਤ ਹਨ। ਇਨ੍ਹਾਂ ਵਰਤਾਂ ਰੋਜਿਆਂ ਵਿੱਚ ਦਿਨ ਭਰ ਅੰਨ ਜਲ ਦਾ ਤਿਆਗ ਹੁੰਦਾ ਹੈ ਅਰ ਰਾਤ੍ਰੀ ਨੂੰ ਭੋਜਨ ਕੀਤਾ ਜਾਂਦਾ ਹੈ।

ਰੋਜ਼ੇ-ਰੋਜਾ ਫਾਰਸੀ ਦਾ ਲਫਜ ਹੈ ਜਿਸ ਦਾ ਅਰਥ ਵੀ ਵਰਤ ਅਤੇ ਫਾਕਾ ਹੈ। ਇਸਲਾਮ ਵਿਖੇ ਵਰਤ-ਰੋਜੇ ਪਾਪਨਾਸ਼ਕ ਕਰਮ ਹੈ ਅਰ ਇਤਨੇ ਵਰਤ-ਰੋਜੇ ਰੱਖਣੇ ਵਿਧਾਨ ਹਨ-(ੳ) ਰਮਜ਼ਾਨ ਦਾ ਸਾਰਾ ਮਹੀਨਾ (ਅ) ਮੁਹਰਮ ਦਾ ਦਸਵਾਂ ਦਿਨ ਜਿਸ ਦਾ ਨਾਮ "ਆਸ਼ੂਰਾ" ਹੈ ਮਿਸ਼ਕਾਤ ਵਿੱਚ ਲਿਖਿਆ ਹੈ ਕਿ ਇਸ ਦਿਨ ਦਾ ਵਰਤ ਅਉਣ ਵਾਲੇ ਵਰ੍ਹੇ ਦੇ ਸਭ ਪਾਪ ਦੂਰ ਕਰਦਾ ਹੈ (ੲ) ਈਦੁਲਫਿਤਰ ਪਿੱਛੋਂ ਛੇ ਦਿਨ ਵਰਤ ਕਰਨਾ (ਰੋਜਾ ਰੱਖਣਾ) ਪੁੰਨ ਕਰਮ ਹੈ (ਸ) ਸੋਮ ਅਤੇ ਵੀਰਵਾਰ ਹਰੇਕ ਹਫਤੇ ਦੇ (ਹ) ਸ਼ਅਬਾਨ ਦਾ ਸਾਰਾ ਮਹੀਨਾ, ਕਦੇ ਇਸ ਮਹੀਨੇ ਦਾ ਕੁਝ ਹਿੱਸਾ ਹਜ਼ਰਤ ਮੁਹੰਮਦ ਵਰਤ (ਰੋਜੇ) ਰੱਖਦੇ ਸਨ (ਕ) ਹਰੇਕ ਮਹੀਨੇ ਦੀ 13, 14 ਅਤੇ 15 ਤਾਰੀਖ ਇਨ੍ਹਾਂ ਦਾ ਨਾਮ "ਅੱਯਾਮੁਲਬੀਜ਼" ਅਰਥਾਤ ਰੌਸ਼ਨ ਦਿਨ ਹੈ (ਖ) ਇੱਕ ਦਿਨ ਖਾਣਾ ਦੂਜੇ ਦਿਨ ਵਰਤ ਰੱਖਣਾ ਇਸ ਦਾ ਨਾਮ ਨਿਤਵਰਤ ਹੈ। ਮਿਸ਼ਕਾਤ ਵਿੱਚ ਲਿਖਿਆ ਹੈ ਕਿ "ਦਾਊਦ" ਇਹ ਵਰਤ (ਰੋਜਾ) ਰੱਖਦਾ ਹੁੰਦਾ ਸੀ। ਵਰਤ ਰੋਜ਼ੇ ਸਮੇਂ ਝਗੜਨਾ, ਲੜਨਾ ਅਤੇ ਨਿੰਦਾ ਆਦਿਕ ਬੁਰੇ ਕਰਮ ਵਿਵਰਜਿਤ ਹਨ।

ਮੁਸਲਮਾਨ ਭਰਾਵਾਂ ਨੂੰ ਕੁਝ ਸਵਾਲ-ਕੀ ਇੱਕ ਮਹੀਨਾਂ ਰੋਜੇ ਰੱਖ ਕੇ ਹੀ ਰੱਬ ਮਿਲਦਾ ਹੈ? ਕੀ ਚੰਗੇ ਕਰਮ (ਅਮਲ) ਰਮਜ਼ਾਨ ਦੇ ਮਹੀਨੇ ਵਿੱਚ ਹੀ ਕਰਨੇ ਚਾਹੀਦੇ ਹਨ? ਕੀ ਸਰੀਰ ਦੀ ਸ਼ੁੱਧੀ ਵਾਸਤੇ ਇੱਕ ਮਹੀਨਾਂ ਹੀ ਕਾਫੀ ਹੈ? ਕੀ ਰਮਜਾਨ ਦੇ ਮਹੀਨੇ ਹੀ ਸੱਚ ਬੋਲਣਾਂ ਚਾਹੀਦਾ ਹੈ? ਕੀ ਭੁੱਖੇ ਰਹਿਣ ਨਾਲ ਜਾਂ ਫਾਕਾ ਕੱਟਣ ਨਾਲ ਖੁਦਾ ਖੁਸ਼ ਹੁੰਦਾ ਹੈ? ਕੀ ਆਪਣੇ ਸੁਆਦ ਖਾਤਰ ਧਰਮ ਦੇ ਨਾਂ ਤੇ ਜਾਨਵਰਾਂ ਦੀ ਬਲੀ ਦੇਣਾਂ ਇਨਸਾਨੀਅਤ ਹੈ? ਕੀ ਬਲੀ ਦੇਣਾਂ ਹਿੰਦੂ ਕਰਮਕਾਂਡ ਦੀ ਨਕਲ ਨਹੀਂ? ਕੀ ਅਜਿਹੀਆਂ ਬਲੀਆਂ (ਕੁਰਬਾਨੀਆਂ) ਨਾਲ ਖੁਦਾ ਜਿਆਦਾ ਮਿਹਰਬਾਨ ਹੁੰਦਾ ਹੈ?

ਗੁਰਮਤਿ ਵਿਖੇ ਅਜਿਹੇ ਰੋਜੇ ਪ੍ਰਵਾਨ ਨਹੀਂ- ਗੁਰਮਤਿ ਰੋਜ਼ਿਆਂ ਬਾਰੇ ਬਿਆਂਨ ਕਰਦੀ ਹੈ ਕਿ-ਰੋਜਾ ਧਰੈ ਮਨਾਵੈ ਅਲਾਹੁ ਸੁਆਦਤਿ ਜੀਅ ਸੰਘਾਰੈ॥ ਆਪਾ ਦੇਖਿ ਅਵਰ ਨਹੀਂ ਦੇਖੈ, ਕਾਹੇ ਕਉ ਝਖ ਮਾਰੈ॥1॥ (483) ਭਾਵ ਮੁਸਲਮਾਨ ਵੀਰ ਰੋਜ਼ਾ ਰੱਖਦਾ, ਰੋਜ਼ਿਆਂ ਦੇ ਅਖੀਰ ਤੇ ਈਦ ਵਾਲੇ ਦਿਨ ਅੱਲ੍ਹਾ ਦੇ ਨਾਮ ਤੇ ਜਨਵਰਾਂ ਦੀ ਕੁਰਬਾਨੀ ਦਿੰਦਾ ਹੈ ਪਰ ਆਪਣੇ ਸੁਆਦ ਦੀ ਖਾਤਰ ਇਹ ਜੀਵ ਮਾਰਦਾ ਹੈ। ਆਪਣੇ ਹੀ ਸੁਆਰਥ ਨੂੰ ਅੱਖਾਂ ਅੱਗੇ ਰੱਖ ਕੇ ਹੋਰਨਾਂ ਦੀ ਪ੍ਰਵਾਹ ਨਹੀਂ ਕਰਦਾ, ਤਾਂ ਤੇ ਇਹ ਧਰਮ ਦੇ ਨਾਂ ਤੇ ਕੀਤਾ ਕਰਮ ਵਿਅਰਥ ਝੱਖਾਂ ਮਾਰਨ ਵਾਲੀ ਗੱਲ ਹੀ ਹੈ ਜਿਸ ਦੀਆਂ ਝਖਾਂ ਤੂੰ ਕਿਉਂ ਕਰਦਾ ਹੈਂ? ਰੋਜਾ ਧਰੈ ਨਿਵਾਜ ਗੁਜਾਰੈ ਕਲਮਾਂ ਭਿਸਤਿ ਨ ਹੋਈ॥....॥2॥ (480) ਭਾਵ ਨਿਰਾ ਰੋਜਾ ਰੱਖਿਆਂ ਨਿਮਾਜ਼ ਪੜ੍ਹਿਆਂ ਅਤੇ ਕਲਮਾਂ ਆਖਿਆਂ ਭਿਸ਼ਤ (ਕਥਿਤ ਸਵਰਗ) ਨਹੀਂ ਮਿਲਦਾ। ਬਾਬਾ ਨਾਨਕ ਮੁਸਲਮਾਨ ਭਰਾਵਾਂ ਨੂੰ ਅਸਲੀ ਮੁਸਲਮਾਨ ਬਣਨ ਦਾ ਗੁਰ ਦਸਦੇ ਹਨ ਕਿ-ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥ ਸਰਮ ਸੁਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥ ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥ ਤਸਬੀ ਸਾ ਤਿਸੁ ਭਾਵਸੀ ਨਾਨਕ ਰੱਖੈ ਲਾਜੁ॥1॥ (140) ਇਵੇਂ ਦਾ ਮੁਸਲਮਾਨ ਬਣ ਭਾਵ ਲੋਕਾਈ ਤੇ ਤਰਸ ਦੀ ਮਸੀਤ, ਨਿਸਚੇ ਸਿਦਕ ਨੂੰ ਮੁਸੱਲਾ (ਜਿਸ ਕਪੜੇ ਨੂੰ ਵਛਾ ਕੇ ਨਿਮਾਜ਼ ਪੜ੍ਹੀਦੀ ਹੈ)ਤੇ ਹੱਕ ਦੀ ਕਮਾਈ ਨੂੰ ਕੁਰਾਨ ਬਣਾ। ਵਿਕਾਰ ਕਰਨ ਵੱਲੋਂ ਸ਼ਰਮ ਕਰਨਾ ਭਾਵ ਸੰਗਣਾਂ ਇਹ ਤੇਰੀ ਸੁਣਤ ਹੋਵੇ, ਚੰਗਾ ਸੁਭਾਓ ਰੋਜਾ ਬਣੇ, ਉਚਾ ਆਚਣ ਕਾਹਬਾ ਹੋਵੇ, ਅੰਦਰੋਂ ਬਾਹਰੋਂ ਏਕੋ ਹੋਣਾ ਪੀਰ ਹੋਵੇ, ਨੇਕ ਅਮਲ ਹੀ ਨਿਮਾਜ਼ ਤੇ ਕਲਮਾ ਹੋਣ, ਰੱਬੀ ਰਜ਼ਾ ਤਸਬੀ ਹੋਵੇ ਅਜਿਹੇ ਮਸਲਮਾਨ ਦੀ ਰੱਬ ਲਾਜ ਰੱਖਦਾ ਹੈ।

ਅੰਨ ਪਾਣੀ ਦਾ ਤਿਆਗ ਕਰਨ ਵਾਲੇ ਨੂੰ ਗੁਰਮਤਿ ਸਮਝਾਉਂਦੀ ਹੈ ਕਿ-ਛੋਡਹਿ ਅੰਨ ਕਰਹਿ ਪਾਖੰਡ ....॥ (873) ਧਰਮ ਦੇ ਨਾਂ ਤੇ ਅੰਨ ਦਾ ਤਿਆਗ ਕਰਨਾਂ ਨਿਰਾ ਪਾਖੰਡ ਅਤੇ ਨਾਂ ਸੁਹਾਗਣ ਅਤੇ ਨਾਂ ਰੰਡੀ ਹੋਣ ਵਾਲੀ ਗੱਲ ਹੈ। ਅੰਨ ਨਾ ਖਾਹਿ ਦੇਹੀ ਦੁੱਖ ਦੀਜੈ॥ ਬਿਨੁ ਗੁਰ ਗਿਆਨ ਤ੍ਰਿਪਤਿ ਨਹੀਂ ਥੀਜੈ॥ (905) ਅੰਨ ਨਾਂ ਖਾਂਣ ਵਾਲੇ ਤਾਂ ਸਰੀਰ ਦੇਹੀ ਨੂੰ ਦੁੱਖ ਹੀ ਦਿੰਦੇ ਹਨ ਅਤੇ ਗੁਰੂ ਗਿਆਨ ਤੋਂ ਬਿਨਾਂ ਮਨ ਦੀ ਤ੍ਰਿਪਤੀ ਨਹੀਂ ਹੁੰਦੀ। ਗੁਰਮਤਿ ਵਿੱਚ ਤਾਂ ਇਹ ਰੋਜਾ (ਵਰਤ) ਪ੍ਰਵਾਨ ਹੈ-ਸਚੁ ਵਰਤੁ ਸੰਤੋਖੁ ਤੀਰਥੁ, ਗਿਆਨੁ ਧਿਆਨੁ ਇਸਨਾਨੁ॥ ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪ੍ਰਧਾਨ॥ (1245) ਭਾਵ ਜੇ ਸੱਚ ਵਰਤ (ਰੋਜਾ), ਸੰਤੋਖ ਤੀਰਥ, ਰੱਬੀ ਜਾਣ ਪਛਾਣ ਤੇ ਇਕਸਾਰਤਾ ਇਸ਼ਨਾਨ ਹੋਵੇ। ਦਇਆ ਰੂਪ ਦੇਵਤਾ, ਖਿਮਾਂ ਜਪਨੀ ਬਣਾ ਲਵੇ ਤਾਂ ਉਹ ਮਨੁੱਖ ਹੀ ਪ੍ਰਧਾਨ ਭਾਵ ਸ੍ਰੇਸ਼ਟ ਹੈ। ਭਾਈ ਕਾਹਨ ਸਿੰਘ ਨ੍ਹਾਭਾ ਅੱਗੇ ਹੋਰ ਲਿਖਦੇ ਹਨ ਕਿ ਮਿਹਦੇ ਦੇ ਦੋਸ਼ ਦੂਰ ਕਰਨ ਲਈ ਰੱਖਿਆ ਵਰਤ (ਰੋਜਾ) ਜਾਂ ਉਪਵਾਸ ਵਰਜਿਤ ਨਹੀਂ ਅਰ ਅਲਪ ਅਹਾਰ ਰੂਪ ਵਰਤ (ਰੋਜਾ) ਨਿੱਤ ਹੀ ਵਿਧਾਨ ਹੈ-ਓਨ੍ਹੀ ਦੁਨੀਆਂ ਤੋੜੇ ਬੰਧਨਾ ਅੰਨ ਪਾਣੀ ਥੋੜਾ ਖਾਇਆ॥(467) ਭਾਈ ਗੁਰਦਾਸ ਅਤੇ ਕਵੀ ਸੰਤੋਖ ਸਿੰਘ ਜੀ ਵੀ ਵਰਤ ਰੋਜਿਆਂ ਬਾਰੇ ਲਿਖਦੇ ਹਨ-ਹਉਂ ਤਿਸੁ ਘੋਲ ਘੁਮਾਇਆ, ਥੋੜਾ ਸਵੇਂ ਥੋੜਾ ਹੀ ਖਾਵੈ। (ਭਾ.ਗੁ.) ਹਮਰੇ ਗੁਰ ਕੇ ਸਿੱਖ ਹੈਂ ਜੋਈ। ਅਲਪ ਅਹਾਰ ਵਰਤੀ ਨਿਤ ਸੋਈ। ਕਾਂਮ ਕ੍ਰੋਧ ਕੋ ਸੰਯਮ ਸਦਾ। ਪ੍ਰਭਿ ਸਿਮਰਨ ਤੇ ਲਾਗਯੋ ਰਿਦਾ। (ਸੂਰਜ ਪ੍ਰਕਾਸ਼)

ਧਰਮ ਦੇ ਨਾਂ ਤੇ ਰੋਜੇ ਜਾਂ ਵਰਤ ਰੱਖਣਾ ਰੱਬੀ ਪ੍ਰਾਪਤੀ ਦਾ ਸਾਧਨ ਨਹੀਂ ਸਗੋਂ ਲੋਗਾਂ ਦੀ ਨਿਗ੍ਹਾਂ ਵਿੱਚ ਧਰਮੀ ਹੋਣ ਦਾ ਢੌਂਗ, ਚੰਗਾ ਚੋਸਾ ਖਾਣ ਪੀਣ ਅਤੇ ਵਿਹਲੇ ਰਹਿਣ ਦਾ ਬਹਾਨਾ ਹੈ। ਗੁਰਮਤਿ ਅਨੁਸਾਰ ਤਾਂ ਕਿਰਤ-ਵਿਰਤ ਕਰਦੇ ਹੋਏ ਸੰਜਮੀ ਜੀਵਨ ਜੀਣਾ ਹੀ ਅਸਲੀ ਵਰਤ ਜਾਂ ਰੋਜੇ ਹਨ। "ਥੋੜਾ ਸਵੇਂ ਥੋੜਾ ਹੀ ਖਾਵੇ" ਗੁਰਬਾਣੀ ਅਤੇ ਭਾਈ ਗੁਰਦਾਸ ਦੇ ਕਥਨ ਅਨੁਸਾਰ ਔਰਤ ਜਾਂ ਮਰਦ ਜੇ ਉਹ ਥੋੜਾ, ਖਾਂਦੇ, ਥੋੜਾ ਪੀਂਦੇ, ਥੋੜਾ ਬੋਲਦੇ, ਥੋੜਾ ਸੌਂਦੇ ਹਨ ਤਾਂ ਉਹ ਸੰਜਮੀ ਹਨ। ਉਹ ਰੱਬੀ ਦਾਤ ਦੇਹ ਦੀ ਪਾਲਣਾ ਕਰਦੇ ਹਨ- ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ॥ 2॥(554) ਸੋ ਬੁਰੇ ਕਰਮਾਂ ਦਾ ਤਿਆਗ ਕਰਕੇ ਸੰਜਮੀ ਜੀਵਨ ਜੀਣਾ ਹੀ ਅਸਲੀ ਰੋਜੇ ਤੇ ਵਰਤ ਹਨ।

ਸੰਜਮ ਵਿੱਚ ਥੋੜਾ ਖਾਣ, ਪੀਣ ਅਤੇ ਸੌਣ ਵਾਲੇ ਇਨਸਾਨ ਤੰਦਰੁਸਤ ਰਹਿੰਦੇ ਹਨ। ਜੰਮ ਜੰਮ ਕੇ ਇਹ ਰੋਜੇ ਰੱਖੋ ਝੂਠ ਨਾ ਬੋਲੋ, ਘੱਟ ਨਾਂ ਤੋਲੋ, ਦੇਖ ਪਰਾਈਆਂ ਚੰਗੀਆਂ ਮਾਵਾਂ ਧੀਆਂ ਭੈਣਾਂ ਜਾਣੋ, ਕਿਸੇ ਨੂੰ ਕਾਫਰ ਜਾਂ ਮਲੇਸ਼ ਨਾ ਕਹੋ, ਅਲ੍ਹਾ ਤਾਲਾ, ਪ੍ਰਮਾਤਮਾਂ ਅਕਾਲ ਪੁਰਖ, ਰਾਮ ਰਹੀਮ ਨੂੰ ਮਜਹਬਾਂ ਦੀਆਂ ਦਿਵਾਰਾਂ ਵਿੱਚ ਕੈਦ ਨਾਂ ਕਰੋ, ਇਨਸਾਨੀਅਤ ਦੇ ਕਤਲ ਕਰਨੇ ਬੰਦ ਕਰੋ ਅਤੇ ਗਲਤ ਆਦਤਾਂ ਜਾਂ ਬੁਰੇ ਕਰਮਾਂ ਦਾ ਹਰ ਰੋਜ ਵਰਤ ਜਾਂ ਰੋਜਾ ਰੱਖੋ ਇਹ ਅਵੱਸਥਾ ਹੀ ਬਹਿਸ਼ਤ, ਸਵਰਗ ਅਤੇ ਸੱਚਖੰਡ ਹੈ। ਮਨੁੱਖਾਂ ਜਿੰਦਗੀ ਨੂੰ ਨਿਯਮਤ ਰੂਪ ਵਿੱਚ ਢਾਲ ਕੇ ਵਿਚਰਣਾਂ ਜਾਂ ਜੀਣਾਂ ਹੀ ਸਹੀ ਮਹਣਿਆਂ ਵਿੱਚ ਅਸਲ ਵਰਤ ਜਾਂ ਰੋਜੇ ਹਨ।

# ਸਿੱਖਿਆ ਵਿਭਾਗ ਦੀ ਰੇਡਿਓ ਰਾਹੀਂ ਪੜ੍ਹਾਈ, ਬੱਚਿਆਂ ਦੇ ਲਈ ਹੋ ਰਹੀ ਸਹਾਈ



ਚਮਨਦੀਪ ਸ਼ਰਮਾ
91-95010-33005

ਦੁਨਿਆਵੀ ਕੰਮਾਂ ਵਿੱਚ ਰੁੱਝਿਆ ਰਹਿਣ ਵਾਲਾ ਮਨੁੱਖ ਹੁਣ ਇਕਾਂਤਵਾਸ ਵਿੱਚ ਰਹਿਣ ਲਈ ਲਾਚਾਰ ਹੈ।ਸਮਾਜਿਕ ਜੀਵਨ ਦਾ ਤਾਣਾ ਬਾਣਾ ਪੂਰੀ ਤਰ੍ਹਾਂ ਹਿੱਲ ਚੁੱਕਾ ਹੈ। ਕਰੋਨਾਵਾਇਰਸ ਦੀ ਮਹਾਂਮਾਰੀ ਕਰਕੇ ਮਨੁੱਖੀ ਜਿੰਦਗੀ ਨੂੰ ਮੁੜ ਸੁਰਜੀਤ ਹੋਣ ਵਿੱਚ ਸਮਾਂ ਲੱਗਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ।ਇੱਥੇ ਇਸ ਆਫ਼ਤ ਦੇ ਅੱਗੇ ਗੋਡੇ ਟੇਕ ਕੇ ਬੈਠ ਜਾਣਾ ਵੀ ਬੁੱਧੀਮਾਨੀ ਨਹੀਂ ਹੋਵੇਗੀ।ਸਾਨੂੰ ਜਿੰਦਗੀ ਨੂੰ ਚਲਦੇ ਰੱਖਣ ਦੇ ਲਈ ਯਤਨਸ਼ੀਲ ਹੋਣਾ ਹੀ ਪਵੇਗਾ ਤਾਂ ਜੋ ਰਹੇ ਨੁਕਸਾਨ ਨੂੰ ਕੁੱਝ ਹੱਦ ਤੱਕ ਘਟਾਇਆ ਜਾ ਸਕੇ। ਪੰਜਾਬ ਦਾ ਸਿੱਖਿਆ ਵਿਭਾਗ ਸੂਚਨਾ ਤਕਨੀਕ ਦੀ ਵਰਤੋਂ ਕਰਦਾ ਹੋਇਆ ਇਸਦੀ ਤਾਜ਼ਾ ਮਿਸਾਲ ਪੇਸ਼ ਕਰ ਰਿਹਾ ਹੈ।ਉਹ ਵੱਡੀਆਂ ਪੁਲਾਂਘਾਂ ਪੁੱਟਣ ਲਈ ਤਿਆਰ ਬਰ ਤਿਆਰ ਹੈ ਅਤੇ ਹਾਰ ਮੰਨਣ ਨੂੰ ਤਿਆਰ ਨਹੀਂ ਹੈ।ਵਿਭਾਗ ਨੇ ਸਕੂਲਾਂ ਵਿੱਚ ਛੁੱਟੀਆਂ ਹੋਣ ਦੇ ਬਾਵਜੂਦ ਬੱਚਿਆਂ ਨੂੰ ਆਨ ਲਾਈਨ ਪੜ੍ਹਾਈ ਕਰਵਾਉਂਣ ਦੇ ਲਈ ਵਟਸ ਐਪ, ਯੂ ਟਿਊਬ ਲਿੰਕ, ਟੀਵੀ, ਆਡਿਓ ਲੈਕਚਰ, ਈ ਬੁੱਕਸ, ਫੇਸ ਬੁੱਕ ਆਦਿ ਦਾ ਪ੍ਰਯੋਗ ਕੀਤਾ ਜਿਸਦੇ ਸਿੱਟੇ ਵਧੀਆ ਆਏ।ਪਰ ਹੁਣ ਵਿਭਾਗ ਨੇ ਮਹਿਸੂਸ ਕੀਤਾ ਹੈ ਕਿ ਬੱਚਿਆਂ ਦੇ ਆਰਥਿਕ ਹਾਲਾਤਾਂ ਵਿੱਚ ਵਖਰੇਵਾਂ ਹੋਣ ਕਰਕੇ ਕਿਸੇ ਇੱਕ ਸਾਧਨ ਉੱਪਰ ਨਿਰਭਰ ਰਹਿਣਾ ਠੀਕ ਨਹੀਂ ਹੋਵੇਗਾ। ਸੋ ਮਹਿਕਮੇ ਨੇ ਰੇਡਿਓ ਦੇ ਰਾਹੀਂ ਪੜ੍ਹਾਈ ਦਾ ਆਗਾਜ਼ ਕਰਕੇ ਨਵਾਂ ਕੀਰਤੀਮਾਨ ਸਥਾਪਿਤ ਕੀਤਾ ਹੈ ਜਿਸਦੇ ਹੋਰ ਚੰਗੇ ਨਤੀਜਿਆਂ ਦੀ ਕਲਪਣਾ ਕੀਤੀ ਜਾ ਸਕਦੀ ਹੈ।

ਵਿਦਿਅਕ ਪ੍ਰੋਗਰਾਮਾਂ ਦਾ ਪ੍ਰਸਾਰਨ ਫਿਲਹਾਲ ਚੰਨ




ਪ੍ਰਦੇਸੀ, ਦੋਆਬਾ ਰੇਡਿਓ ਤੇ ਹੋ ਰਿਹਾ ਹੈ। ਜਿਸ ਵਿੱਚ ਪਹਿਲੀ ਤੋਂ ਲੈ ਕੇ ਦਸਵੀਂ ਸ੍ਰੇਣੀ ਤੱਕ ਦੇ ਬੱਚਿਆਂ ਦੇ ਲਈ ਪ੍ਰੋਗਰਾਮਾਂ ਦੀ ਵਿਵਸਥਾ ਹੈ। ਅਧਿਆਪਕ ਬੱਚਿਆਂ ਨੂੰ ਪ੍ਰੇਰਿਤ ਕਰਕੇ ਇਹਨਾਂ ਪ੍ਰੋਗਰਾਮਾਂ ਨਾਲ ਜੋੜਨ ਵਿੱਚ ਸਫਲ ਹੋਏ ਹਨ।ਉਹ ਖੁਦ ਵੀ ਸਰਕਾਰ ਦੇ ਇਸ ਨਿਵੇਕਲੇ ਕਦਮ ਦੀ ਸਫਲਤਾ ਵਿੱਚ ਉਤਸ਼ਾਹ ਨਾਲ ਹਿੱਸਾ ਲੈ ਰਹੇ ਹਨ। ਰੇਡਿਓ ਪ੍ਰਸਾਰਨ ਦੀ ਖਾਸ ਗੱਲ ਇਹ ਹੈ ਕਿ ਇਸ ਨਾਲ ਬੱਚਿਆਂ ਦੀ ਅੱਖਾਂ ਤੇ ਬੁਰਾ ਪ੍ਰਭਾਵ ਨਹੀਂ ਪੈਂਦਾ ਹੈ ਅਤੇ ਦੂਸਰਾ ਉਹਨਾਂ ਦੀ ਸੁਣਨ ਸ਼ਕਤੀ ਜੋ ਕਿ ਸਿੱਖਣ ਪ੍ਰਕਿਰਿਆ ਲਈ ਲਾਹੇਵੰਦ ਹੁੰਦੀ ਹੈ ਦਾ ਵਿਕਾਸ ਹੋ ਰਿਹਾ ਹੈ।ਭਾਸ਼ਾ ਦੀ ਨਿਪੁੰਨਤਾ ਦੇ ਲਈ ਪਹਿਲਾ ਪੜਾਅ ਸੁਣਨਾ ਹੀ ਹੁੰਦਾ ਹੈ। ਇਹ ਪ੍ਰੋਗਰਾਮ ਜਿਆਦਾ ਸਮੇਂ ਦੇ ਨਾ ਹੋਣ ਕਰਕੇ ਵਿਸ਼ੇ ਵਿੱਚ ਰੁਚੀ ਬਣੀ ਰਹਿੰਦੀ ਹੈ।ਲੈਕਚਰ ਦੇ ਦੌਰਾਨ ਬੱਚਿਆਂ ਨੂੰ ਕਲਾਸ ਰੂਮ ਵਰਗਾ ਮਾਹੌਲ ਹੀ ਜਾਪਦਾ ਹੈ। ਸਿੱਖਿਆ ਵਿਭਾਗ ਛੁੱਟੀਆਂ ਵਿੱਚ ਆਨ ਲਾਈਨ ਪੜ੍ਹਾਈ ਕਰਾਉਣ ਵਾਲੇ ਆਪਣੇ ਅਧਿਆਪਕਾਂ ਦੀ ਹੌਸਲਾ ਅਫ਼ਜਾਈ ਜਿਲ੍ਹਾ ਵਿਭਾਗੀ ਫੇਸ ਬੁੱਕ ਪੇਜ਼, ਪੋਸਟਰ ਬਣਾਕੇ ਫੀਲਡ ਵਿੱਚ ਸ਼ੇਅਰ ਕਰਕੇ ਲਗਾਤਾਰ ਕਰ ਰਿਹਾ ਹੈ ਜੋ ਕਿ ਬੜਾ ਹੀ ਜਰੂਰੀ ਸੀ।

ਸਿੱਖਿਆ ਵਿਭਾਗ ਦੇ ਸੂਚਨਾ ਤਕਨੀਕ ਦੇ ਨਾਲ ਜੁੜਨ ਸਦਕਾ ਸਮਾਜ ਵਿੱਚ ਇੱਕ ਚੰਗਾ ਸੰਦੇਸ ਸਰਕਾਰੀ ਸਕੂਲਾਂ ਦੇ ਸਬੰਧ ਵਿੱਚ ਜਾ ਰਿਹਾ ਹੈ ਜਿਸ ਨਾਲ ਇਹਨਾਂ ਸਕੂਲਾਂ ਵਿੱਚ ਦਾਖ਼ਲਿਆਂ ਦੇ ਵਾਧਾ ਹੋਣ ਦੇ ਆਸਾਰ ਬਣੇ ਹਨ। ਸਿੱਖਿਆ ਦੀ ਬਿਹਤਰੀ ਲਈ ਲਏ ਜਾ ਰਹੇ ਸਾਕਾਰਤਮਕ ਫੈਸਲਿਆਂ ਨਾਲ ਕਾਫੀ ਪ੍ਰਾਈਵੇਟ ਸਕੂਲ ਚਿੰਤਾ ਵਿੱਚ ਪੈ ਗਏ ਹਨ। ਅਖ਼ੀਰ ਸਿੱਖਿਆ ਵਿਭਾਗ ਦਾ ਬੱਚਿਆਂ ਨੂੰ ਆਨ ਲਾਈਨ ਸਿੱਖਿਆ ਦੇਣ ਲਈ ਅਪਣਾਏ ਜਾ ਰਹੇ ਵੱਖ ਵੱਖ ਸਾਧਨਾਂ ਦੀ ਵਰਤੋਂ ਕਰਨਾ ਸਲਾਘਾਯੋਗ ਕਦਮ ਹੈ।ਉਮੀਦ ਹੈ ਕਿ ਬੱਚੇ ਰੇਡਿਓ ਰਾਹੀਂ ਪੜ੍ਹਾਈ ਕਰਕੇ ਵਿਭਾਗ ਦੇ ਫੈਸਲੇ ਨੂੰ ਸਹੀ ਸਿੱਧ ਕਰਨ ਵਿੱਚ ਅਹਿਮ ਭੂਮਿਕਾ ਅਦਾ ਕਰਨਗੇ।

# ਲੋਕ ਪ੍ਰਸ਼ਾਸਨ ਨੂੰ ਸੁਧਾਰਨ ਦਾ ਮੌਕਾ

ਪ੍ਰਾਚੀਨ ਕਾਲ ਤੋਂ ਹੀ ਮਾਨਤਾ ਰਹੀ ਹੈ ਕਿ ਹਰੇਕ ਬੁਰਾਈ ਦੇ ਪਿੱਛੇ ਕੋਈ ਚੰਗਿਆਈ ਵੀ ਹੁੰਦੀ ਹੈ ਅਤੇ ਹਰੇਕ ਸੰਕਟ ਵਿਚੋਂ ਸਮਾਜ ਹੋਰ ਮਜ਼ਬੂਤ ਹੋ ਕੇ ਨਿਕਲਦਾ ਹੈ। ਕੋਰੋਨਾ ਸੰਕਟ ਨੇ ਦੁਨੀਆ ਵਿਚ ਤ੍ਰਾਹੀ-ਤ੍ਰਾਹੀ ਮਚਾ ਰੱਖੀ ਹੈ। ਸਾਰੇ ਮੁਲਕਾਂ ਦੀਆਂ ਸਰਕਾਰਾਂ ਉਸ ਨਾਲ ਲੜਨ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਲਾਕਡਾਊਨ ਅਤੇ ਸਰੀਰਕ ਦੂਰੀ ਦੇ ਸੁਝਾਵਾਂ ਨੂੰ ਲੋਕਾਂ ਨੇ ਜਿਸ ਤਰ੍ਹਾਂ ਸਵੈ-ਇੱਛਾ ਨਾਲ ਸਵੀਕਾਰ ਕੀਤਾ ਹੈ, ਉਹ ਨਾ ਸਿਰਫ਼ ਪ੍ਰਧਾਨ ਮੰਤਰੀ ਦੀ ਸਵੀਕਾਰਤਾ ਅਤੇ ਭਰੋਸੇਯੋਗਤਾ ਨੂੰ ਦਰਸਾਉਂਦਾ ਹੈ, ਸਗੋਂ ਜਨਤਾ ਦੀ ਵਿਵੇਕਸ਼ੀਲਤਾ ਵੱਲ ਵੀ ਇਸ਼ਾਰਾ ਕਰਦਾ ਹੈ। ਕੋਰੋਨਾ ਆਫ਼ਤ ਨਾਲ ਲੜਨ ਵਿਚ ਪ੍ਰਧਾਨ ਮੰਤਰੀ ਮੋਦੀ ਦੀ ਪ੍ਰੋ-ਐਕਟਿਵ ਰਣਨੀਤੀ ਦੀ ਸ਼ਲਾਘਾ ਵੀ ਹੋ ਰਹੀ ਹੈ ਪਰ ਇਸ ਰਣਨੀਤੀ ਦੀ ਸਫ਼ਲਤਾ ਵਿਚ ਉਨ੍ਹਾਂ ਜਨਤਕ ਉੱਦਮਾਂ ਅਤੇ ਸਰਕਾਰੀ ਸੰਸਥਾਵਾਂ ਨੇ ਮੋਹਰੀ ਭੂਮਿਕਾ ਨਿਭਾਈ ਜਿਨ੍ਹਾਂ ਦਾ ਅਕਸ ਜਨ-ਮਾਨਸ ਵਿਚ ਬਹੁਤਾ ਚੰਗਾ ਨਹੀਂ ਸੀ। ਪੁਲਿਸ ਵਾਲੇ, ਪ੍ਰਸ਼ਾਸਕੀ ਤਬਕਾ, ਸਫ਼ਾਈ ਕਰਮਚਾਰੀਆਂ, ਸਿਹਤ ਕਰਮਚਾਰੀਆਂ ਦੇ ਵਿਵਹਾਰ ਤੇ ਕੰਮ ਕਰਨ 'ਤੇ ਬਹੁਤ ਸਵਾਲੀਆ ਨਿਸ਼ਾਨ ਸਨ ਜੋ ਆਜ਼ਾਦੀ ਦੇ ਬਾਅਦ ਤੋਂ ਹੀ ਲੱਗੇ ਹੋਏ ਸਨ। ਸੰਨ 1990 ਦੇ ਦਹਾਕੇ ਵਿਚ ਜਦ ਪ੍ਰਧਾਨ ਮੰਤਰੀ ਨਰਸਿਮ੍ਹਾ ਰਾਓ ਅਤੇ ਵਿੱਤ ਮੰਤਰੀ ਡਾ. ਮਨਮੋਹਨ ਸਿੰਘ ਨੇ ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਦਾ ਰਾਗ ਛੇੜ ਕੇ ਦੇਸ਼ ਨੂੰ ਲਾਇਸੈਂਸ, ਪਰਮਿਟ, ਕੋਟਾ ਰਾਸ਼ਟਰ ਤੋਂ ਬਾਹਰ ਕੱਢਣ ਦੀ ਪਹਿਲ ਕੀਤੀ ਅਤੇ ਭਾਰਤ ਨੂੰ ਵਿਸ਼ਵ ਦੇ ਬਾਜ਼ਾਰ ਦੇ ਰੂਪ ਵਿਚ ਖੋਲ੍ਹ ਦਿੱਤਾ ਤਾਂ ਦੇਸ਼ ਵਿਚ ਪਬਲਿਕ ਅੰਡਰਟੇਕਿੰਗਜ਼ (ਜਨਤਕ ਉੱਦਮਾਂ) ਅਤੇ ਸਰਕਾਰੀ ਸੰਸਥਾਵਾਂ ਦੇ ਪਤਨ ਦਾ ਯੁੱਗ ਵੀ ਤੇਜ਼ੀ ਨਾਲ ਸ਼ੁਰੂ ਹੋਇਆ। ਇਹ ਪਤਨ ਸਭ ਤੋਂ ਪਹਿਲਾਂ ਸਰਕਾਰੀ ਸਕੂਲਾਂ ਅਤੇ ਸਰਕਾਰੀ ਹਸਪਤਾਲਾਂ ਵਿਚ ਦਿਖਾਈ ਦਿੱਤਾ। ਕਿਉਂਕਿ ਉਸੇ ਸਮੇਂ ਹੋਰ ਪੱਛੜੇ ਵਰਗ ਦਾ ਰਾਖਵਾਂਕਰਨ ਵੀ ਲਾਗੂ ਕੀਤਾ ਗਿਆ, ਇਸ ਲਈ ਅਨੇਕ ਲੋਕਾਂ ਵਿਚ ਇਹ ਭਾਵ ਵੀ ਆਇਆ ਕਿ ਰਾਖਵਾਂਕਰਨ ਦੀ ਸ਼ਹਿ ਹੇਠ ਸਰਕਾਰੀ ਸੰਸਥਾਵਾਂ ਵਿਚ ਸਰਕਾਰ ਅਯੋਗਤਾ ਨੂੰ ਹੱਲਾਸ਼ੇਰੀ ਦੇ ਰਹੀ ਹੈ। ਇਸ ਦਾ ਸਬੂਤ ਵੀ ਦੇਖਣ ਨੂੰ ਮਿਲਿਆ ਜਦ ਜ਼ਿਲ੍ਹਿਆਂ ਦੇ ਸਰਕਾਰੀ ਹਸਪਤਾਲ ਅਤੇ ਸਰਕਾਰੀ ਕਾਲਜ ਜਨਤਾ ਦੀ ਅੰਤਿਮ ਪਸੰਦ ਹੋਣ ਲੱਗੇ। ਇਸ ਦਾ ਕਾਰਨ ਇਹ ਵੀ ਸੀ ਕਿ ਨਿੱਜੀ ਖੇਤਰ ਵਿਚ ਸੁਵਿਧਾ ਵਾਲੇ ਮਹਿੰਗੇ ਸਕੂਲ ਅਤੇ ਹਸਪਤਾਲ ਖੁੱਲ੍ਹ ਗਏ ਅਤੇ ਆਪਣੀ ਆਰਥਿਕ ਸਥਿਤੀ ਵਿਚ ਆਈ ਬਿਹਤਰੀ ਕਾਰਨ ਮੱਧ ਵਰਗ ਉਨ੍ਹਾਂ ਵੱਲ ਖਿੱਚਿਆ ਚਲਾ ਗਿਆ ਪਰ ਜਨਤਕ ਉੱਦਮਾਂ ਅਤੇ ਸਰਕਾਰੀ ਸੰਸਥਾਵਾਂ ਵਿਚ ਭ੍ਰਿਸ਼ਟਾਚਾਰ, ਭਾਈ-ਭਤੀਜਵਾਦ ਅਤੇ ਪ੍ਰਦੂਸ਼ਿਤ ਕਾਰਜ-ਸੰ-ਸਕ੍ਰਿਤੀ ਕਾਰਨ ਜਨਤਾ ਵਿਚ ਉਨ੍ਹਾਂ ਦਾ ਅਕਸ ਡਿੱਗਦਾ ਗਿਆ।

ਇਸੇ ਸਬੰਧ ਵਿਚ ਨਿੱਜੀਕਰਨ ਕਾਰਨ ਅਨੇਕ ਮਹੱਤਵਪੂਰਨ ਜਨਤਕ ਉੱਦਮਾਂ ਵਿਚ ਵਿਨਿਵੇਸ਼ ਦੀ ਪ੍ਰਕਿਰਿਆ ਸ਼ੁਰੂ ਹੋ ਗਈ। ਜੁਲਾਈ 1969 ਵਿਚ 14 ਬੈਂਕਾਂ ਦਾ ਰਾਸ਼ਟਰੀਕਰਨ ਕਰ ਕੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਜਿਸ ਆਪਸੀ ਮੇਲ-ਜੋਲ ਵਾਲੇ ਸਮਾਜ ਦੀ ਸਥਾਪਨਾ ਦਾ ਸੁਪਨਾ ਦੇਖਿਆ ਸੀ ਉਸ ਨੂੰ ਕਾਂਗਰਸ ਦੀ ਹੀ ਸਰਕਾਰ ਨੇ 1990 ਦੇ ਦਹਾਕੇ ਵਿਚ ਸਮਾਪਤ ਕਰ ਦਿੱਤਾ। ਸੰਨ 1991-92 ਵਿਚ ਲਗਪਗ 32 ਜਨਤਕ ਉੱਦਮਾਂ ਵਿਚ ਵਿਨਿਵੇਸ਼ ਕਾਰਨ ਸਰਕਾਰ ਨੇ 3032 ਕਰੋੜ ਰੁਪਏ ਕਮਾ ਲਏ ਅਤੇ ਬੈਂਕਾਂ ਨੂੰ ਹੁਕਮ ਦਿੱਤਾ ਕਿ ਗ਼ਰੀਬਾਂ ਨੂੰ ਸਸਤੇ ਕਰਜ਼ੇ ਮੁਹੱਈਆ ਕਰਵਾਉਣ। ਰਸੂਖ਼ ਵਾਲਿਆਂ ਨੇ ਬੈਂਕਾਂ ਤੋਂ ਖ਼ੂਬ ਕਰਜ਼ੇ ਲਏ ਅਤੇ ਉਨ੍ਹਾਂ ਨੂੰ ਨਾ ਮੋੜ ਕੇ ਬੈਂਕਾਂ ਦਾ ਐੱਨਪੀਏ ਵਧਾਇਆ। ਅੱਜ ਇਹ ਬਿਰਤੀ ਛੂਤ ਦੇ ਰੋਗ ਵਾਂਗ ਫੈਲ ਚੁੱਕੀ ਹੈ। ਕਿਉਂਕਿ ਸਿਆਸੀ ਪਾਰਟੀਆਂ ਵਿਚ ਮੁਕਾ-ਬਲੇਬਾਜ਼ੀ ਰਹਿੰਦੀ ਹੈ ਕਿ ਕੌਣ ਕਿੰਨਾ ਕਰਜ਼ਾ ਮਾਫ਼ ਕਰਵਾਉਂਦੀ ਹੈ, ਇਸ ਲਈ ਲਾਭਪਾਤਰੀਆਂ ਵਿਚ ਇਹ ਗ਼ਲਤ ਸੁਨੇਹਾ ਜਾਂਦਾ ਹੈ ਕਿ ਕਰਜ਼ਾ ਲੈ ਲਓ ਅਤੇ ਉਸ ਦੀ ਅਦਾਇਗੀ ਨਾ ਕਰੋ ਕਿਉਂਕਿ ਬਾਅਦ ਵਿਚ ਸਰਕਾਰਾਂ ਉਸ ਨੂੰ ਮਾਫ਼ ਕਰਵਾ ਹੀ ਦੇਣਗੀਆਂ। ਕੇਂਦਰ ਤੇ ਸੂਬਾ ਸਰਕਾਰਾਂ ਦੁਆਰਾ ਘਾਟੇ ਵਾਲਾ ਬਜਟ ਇਕ ਫੈਸ਼ਨ ਜਿਹਾ ਬਣ ਗਿਆ ਹੈ ਜਿਸ ਕਾਰਨ ਮਹਿ-ਗਾਈ ਵਧੀ ਹੈ ਅਤੇ ਮੁੱਠੀ ਕੁ ਟੈਕਸਦਾਤਿਆਂ 'ਤੇ ਟੈਕਸਾਂ ਦਾ ਪਹਾੜ ਟੁੱਟ ਗਿਆ। ਜ਼ਾਹਰ ਹੈ ਕਿ ਟੈਕਸ ਚੋਰੀ ਦੀ ਬਿਰਤੀ ਵਧੀ। ਆਰਥਿਕ ਸੰਕਟ ਕਾਰਨ ਵਿਸ਼ਵ ਬੈਂਕ ਅਤੇ ਇੰਟਰਨੈਸ਼ਨਲ ਮੋਨੀਟਰਿੰਗ ਫੰਡ (ਆਈਐੱਮਐੱਫ) ਨੇ ਵੀ ਉਦਾਰੀਕਰਨ ਅਤੇ ਨਿੱਜੀਕਰਨ ਦਾ ਦਬਾਅ ਪਾਇਆ। ਨਤੀਜਾ ਸਾਹਮਣੇ ਹੈ। ਸੰਨ 1990 ਤੋਂ ਬਾਅਦ ਹਰੇਕ ਸਰਕਾਰ ਨੇ ਸਰਕਾਰੀ ਤੰਤਰ ਨੂੰ ਛੋਟਾ ਕਰਨ, ਜਨਤਕ ਉੱਦਮਾਂ ਦਾ ਵਿਨਿ-ਵੇਸ਼ ਕਰਨ ਅਤੇ 'ਘੱਟ ਤੋਂ ਘੱਟ ਸਰਕਾਰ-ਵੱਧ ਤੋਂ ਵੱਧ ਸ਼ਾਸਨ' ਦੇ ਫਾਰਮੂਲੇ 'ਤੇ ਚੱਲਣਾ ਸ਼ੁਰੂ ਕੀਤਾ। ਉਨ੍ਹਾਂ ਦਾ ਮੰਨਣਾ ਸੀ ਕਿ ਇਸ ਨਾਲ ਸਰਕਾਰੀ ਤੰਤਰ ਛੋਟਾ ਹੋਵੇਗਾ, ਪੁਰਾਣੇ ਕਾਨੂੰਨ ਖ਼ਤਮ ਹੋਣਗੇ, ਤਕਨੀਕ ਦੀ ਵਰਤੋਂ ਨਾਲ ਘੱਟ ਲੋਕਾਂ ਤੋਂ ਵੱਧ ਕੰਮ ਲਿਆ ਜਾਵੇਗਾ, ਕੰਮ ਤੇਜ਼ ਗਤੀ ਨਾਲ, ਪਾਰਦਰਸ਼ਿਤਾ ਨਾਲ ਹੋਵੇਗਾ ਅਤੇ ਉਸ ਦਾ ਲਾਭ ਜਨਤਾ ਨੂੰ ਮਿਲੇਗਾ। ਇਹ ਸੋਚ ਵੀ ਉੱਭਰੀ ਕਿ ਸਰਕਾਰ ਵਪਾਰਕ ਅਤੇ ਵਣਜ ਸਬੰਧੀ ਖੇਤਰਾਂ ਵਿਚ ਹੱਥ ਪਿੱਛੇ ਖਿੱਚੇਗੀ ਅਤੇ ਕੇਵਲ ਸ਼ੁੱਧ ਸ਼ਾਸਕੀ ਕੰਮਾਂ-ਕਾਨੂੰਨ ਅਤੇ ਨੀਤੀਆਂ ਬਣਾਉਣ, ਉਨ੍ਹਾਂ ਨੂੰ ਲਾਗੂ ਕਰਨ ਅਤੇ ਨਿਆਂ ਦਿਵਾਉਣ 'ਤੇ ਹੀ ਧਿਆਨ ਕੇਂਦ੍ਰਿਤ ਕਰੇਗੀ। ਇਸ ਤਰ੍ਹਾਂ ਹੌਲੀ-ਹੌਲੀ ਸਰਕਾਰੀ ਤੰਤਰ ਅਤੇ ਜਨਤਕ ਉੱਦਮਾਂ ਦਾ ਸਥਾਨ ਦੇਸੀ ਅਤੇ ਵਿਦੇਸ਼ੀ ਨਿੱਜੀ ਅਦਾਰੇ ਲੈਣਗੇ ਪਰ ਕੋਰੋਨਾ ਕਾਰਨ ਸੰਕਟ ਤੋਂ ਇਹ ਸਪਸ਼ਟ ਹੋ ਗਿਆ ਹੈ ਕਿ ਕੋਈ ਵੀ ਸਰਕਾਰ ਹਾਲਾਤ 'ਤੇ ਹੀ ਪੂਰੀ ਤਰ੍ਹਾਂ ਭਰੋਸਾ ਕਰ ਸਕਦੀ ਹੈ।

# ਡਾਕਟਰ, ਮਰੀਜ਼ ਅਤੇ ਕੋਰੋਨਾ ਦੀ ਦਹਿਸ਼ਤ

ਰਮੇਸ਼ ਬੱਗਾ ਚੋਹਲਾ (91-94631-32719)

ਸਾਡੇ ਸਮਾਜ ਵਿਚ ਡਾਕਟਰ ਨੂੰ ਰੱਬ ਮੰਨਿਆ ਜਾਂਦਾ ਹੈ। ਉਪਰ ਵਾਲੇ ਰੱਬ ਤੱਕ ਪਹੁੰਚ ਤਾਂ ਕਿਸੇ (ਸੱਚੀ-ਸੁੱਚੀ) ਕਰਨੀ ਵਾਲੇ ਮਹਾਂਪੁਰਖ ਦੀ ਹੋ ਸਕਦੀ ਹੈ ਪਰ ਧਰਤੀ ਦੇ ਰੱਬ (ਡਾਕਟਰ) ਤੱਕ ਪਹੁੰਚ ਤਕਰੀਬਨ ਹਰੇਕ ਵਿਅਕਤੀ (ਗ਼ਰੀਬ-ਅਮੀਰ) ਦੀ ਚਾਹੁੰਦਿਆਂ ਨਾ ਚਾਹੁੰਦਿਆਂ ਹੋ ਹੀ ਜਾਂਦੀ ਹੈ।

ਸਿਆਣੇ ਕਹਿੰਦੇ ਹਨ ਕਿ ਬਿਮਾਰੀ ਨਾ ਤਾਂ ਕਿਸੇ ਨੂੰ ਪੁੱਛ ਕੇ ਆਉਂਦੀ ਹੈ ਅਤੇ ਨਾ ਹੀ ਵੇਲਾ-ਕੁਵੇਲਾ ਦੇਖ ਕੇ। ਅਜੋਕੇ ਸਮੇਂ ਵਿਚ ਕੋਰੋਨਾ ਦੀ ਬਿਮਾਰੀ ਉਰਫ਼ ਮਹਾਂਮਾਰੀ ਦਾ ਵੀ ਕੁੱਝ ਅਜਿਹਾ ਹੀ ਹਾਲ ਹੈ।ਮਨੁੱਖਤਾ ਲਈ ਅਤਿ ਘਾਤਿਕ ਸਾਬਤ ਹੋ ਰਹੀ ਇਸ ਮਹਾਂਮਾਰੀ ਨੇ ਜਿਥੇ ਦੇਸ਼-ਵਿਦੇਸ਼ ਦੀਆਂ ਸਰਕਾਰਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ ਉਥੇ ਨਾਲ ਹੀ ਆਮ ਆਦਮੀ ਨੂੰ ਵੀ ਫ਼ਿਕਰਮੰਦੀ ਵਿਚ ਪਾ ਦਿੱਤਾ ਹੈ। ਇਸ ਬਿਮਾਰੀ ਦੇ ਪ੍ਰਭਾਵ ਨੂੰ ਘਟਾਉਣ/ਹਟਾਉਣ ਵਿਚ ਪ੍ਰਸ਼ਾਸਨ ਦੇ ਨਾਲ-ਨਾਲ ਡਾਕਟਰ ਤੇ ਉਨ੍ਹਾਂ ਦਾ ਸਹਿਯੋਗੀਆਂ ਅਮਲਾ ਵੀ ਬੜਾ ਮਹੱਤਵਪੂਰਨ ਯੋਗਦਾਨ ਪਾ ਰਿਹਾ ਹੈ। ਭਾਵੇਂ ਬਹੁਤ ਸਾਰੇ ਡਾਕਟਰ ਆਪਣੇ ਫ਼ਰਜ ਨੂੰ ਪਹਿਚਾਨਦੇ ਹੋਏ ਇਸ ਸੰਕਟ ਦੀ ਘੜੀ ਵਿਚ ਆਪਣੀ ਜ਼ਿੰਮੇਵਾਰੀ ਨੂੰ ਨਿਭਾਅ ਰਹੇ ਹਨ ਪਰ ਕਈ ਹਸਪਤਾਲ ਅਤੇ ਉਨ੍ਹਾਂ ਨਾਲ ਜੁੜੇ ਡਾਕਟਰ ਹਰੇਕ ਸਧਾਰਣ ਮਰੀਜ ਨੂੰ ਵੀ ਕੋਰੋਨਾ ਦੀ ਐਨਕ ਲਗਾ ਕੇ ਦੇਖਣ ਲੱਗ ਪਏ ਹਨ। ਇਸੇ ਤਰ੍ਹਾਂ ਦਾ ਇੱਕ ਕੌੜਾ ਤਜ਼ਰਬਾ ਮਹਾਂਨਗਰ ਦੇ ਕੁੱਝ ਹਸਪਤਾਲਾਂ ਵਿਚ ਜਾ ਕੇ ਅਤੇ ਕੁੱਝ ਡਾਕਟਰਾਂ ਨਾਲ ਸਿੱਧੀ ਗੱਲਬਾਤ ਕਰਕੇ ਮੇਰੇ ਨਾਲ ਵੀ ਹੋਇਆ ਹੈ।

ਹੋਇਆ ਇੰਜ ਕਿ ਪਿਛਲੇ ਦਿਨੀਂ ਮੈਂ ਸੁੱਕੀ ਖੰਘ ਦਾ ਸ਼ਿਕਾਰ ਹੋ ਗਿਆ। ਪਹਿਲਾਂ ਪਹਿਲ ਤਾਂ ਮੈਂ ਇਸ ਵੱਲ ਕੋਈ ਖਾਸ ਤਵੱਜੋਂ ਹੀ ਨਾ ਦਿੱਤੀ। ਸਿਰਫ਼ ਬੁੱਤਾ-ਸਾਰ (ਘਰੇਲੂ ਓਹੜ-ਪੋਹੜ) ਪ੍ਰਬੰਧ ਅਧੀਨ ਹੀ ਇਸ ਤੋਂ ਖਹਿੜਾ ਛੁਡਵਾਉਣ ਦੇ ਉਪਰਾਲਾ ਜਿਹਾ ਕਰੀ ਗਿਆ। ਪਰ ਜਦੋਂ ਕੋਰੋਨਾ ਦਾ ਕਹਿਰ ਵੱਧਣ ਲੱਗਾ ਤਾਂ ਮੇਰੀ ਚਿੰਤਾ ਵੀ ਕੁੱਝ ਵੱਧਣ ਲੱਗੀ। ਕੋਈ ਵਿਦੇਸ਼ੀ ਰੁਝਾਨ ਅਤੇ ਉਡਾਣ ਨਾ ਹੋਣ ਕਰਕੇ ਇਸ ਚਿੰਤਾ ਦਾ ਪੱਧਰ ਕੁੱਝ ਸਧਾਰਣ ਹੀ ਰਿਹਾ।ਚਿੰਤਾ ਕਿਸੇ ਵੀ ਪੱਧਰ ਦੀ ਹੋਵੇ ਇਹ ਬੰਦੇ ਨੂੰ ਚਿਖਾ ਦੇ ਬਰਾਬਰ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡਦੀ। ਜਿਉਂਦੇ ਜੀਅ ਚਿਖਾ ਵਿਚ ਪੈਣ ਨਾਲੋਂ ਚੰਗਾ ਸੀ ਕਿਸੇ ਚੰਗੇ ਹਸਪਤਾਲ ਵਿਚ ਜਾ ਕੇ ਕਿਸੇ ਮਾਹਿਰ ਡਾਕਟਰ ਦੇ ਮੱਥੇ ਲੱਗਿਆ ਜਾਵੇ ਅਤੇ ਆਪਣਾ ਦੁੱਖ ਫ਼ਰੋਲਿਆ ਜਾਵੇ। ਆਪਣੇ ਖ਼ਿਆਲ ਨੂੰ ਅਮਲੀ ਰੂਪ ਦੇਣ ਲਈ ਮੈਂ ਮਹਾਂਨਗਰ ਵਿਚ ਇੱਕ ਸਵਾਮੀ ਜੀ ਦੇ ਨਾਂ 'ਤੇ ਚੱਲ ਰਹੇ ਹਸਪਤਾਲ ਵੱਲ ਹੋ ਤੁਰਿਆ। ਜਦੋਂ ਮੈਂ ਹਸਪਤਾਲ ਵਿਚ ਪ੍ਰਵੇਸ਼ ਕੀਤਾ ਤਾਂ ਉਥੋਂ ਦਾ ਮਾਹੌਲ ਆਮ ਵਰਗਾ ਨਾ ਹੋ ਕਿ ਕਾਫ਼ੀ ਸਖ਼ਤ ਸੀ ਭਾਵ ਕਈ ਤਰ੍ਹਾਂ ਦੀਆਂ ਛਾਣਨੀਆਂ ਲੱਗੀਆਂ ਹੋਈਆਂ ਸਨ ਜਿਨ੍ਹਾਂ ਵਿਚੋਂ ਦੀ ਮਰੀਜ ਨੂੰ ਚੰਗੀ ਤਰ੍ਹਾਂ ਛਾਣਿਆ-ਪੁਣਿਆ (ਪੁੱਛਗਿੱਛ ਕਰਕੇ) ਜਾ ਰਿਹਾ ਸੀ। ਇਹ ਛਾਣਨੀਆਂ ਮੇਰੇ 'ਤੇ ਲਗਾਈਆਂ ਗਈਆਂ।ਚੰਗੀ ਤਰ੍ਹਾਂ ਪੁੱਛ-ਪੜਤਾਲ ਅਤੇ ਤਸੱਲੀ ਕਰਨ ਤੋਂ ਬਾਅਦ ਮੈਨੂੰ ਕਾਰਡ ਬਣਾਵਾ ਕੇ ਮੁੜ ਉਥੇ ਹੀ ਆਉਣ ਲਈ ਕਿਹਾ ਗਿਆ ਜਿਥੇ ਮੇਰੇ ਉਪਰ ਕਈ ਅਣਸੁਖਾਂਵੇ ਸਵਾਲਾਂ ਦੀ ਬੁਛਾੜ ਕੀਤੀ ਗਈ ਸੀ।



ਪ੍ਰਬੰਧਕਾਂ ਦੇ ਕਹੇ ਮੁਤਾਬਿਕ ਮੈਂ ਕਾਰਡ ਬਣਾਵਾ ਕੇ ਮੁੜ ਉਸੇ ਹੀ ਸਥਾਨ 'ਤੇ ਆ ਗਿਆ ਜਿਥੋਂ ਗਿਆ ਸੀ।ਹੁਣ ਮੈਨੂੰ ਮੁੱਖ ਦਰਵਾਜ਼ੇ ਨਾਲ ਬਣੇ ਕਮਰੇ ਜਿਹੜਾ ਕਿਸੇ ਮੈਡੀਕਲ ਮਨੋਰਥ ਲਈ ਨਹੀਂ ਸਗੋਂ ਕਿਸੇ ਹੋਰ ਉਦੇਸ਼ ਦੀ ਪੂਰਤੀ ਹਿੱਤ ਬਣਾਇਆ ਗਿਆ ਸੀ, ਦੀਆਂ ਪੌੜ੍ਹੀਆਂ ਚੜ੍ਹ ਜਾਣ ਲਈ ਕਿਹਾ ਗਿਆ। ਜਦੋਂ ਮੈਂ ਉਪਰ ਗਿਆ ਤਾਂ ਦੇਖਿਆ ਕਿ ਉਥੇ ਇੱਕ ਜੂਨੀਅਰ/ਸਿਖਾਂਦਰੂ ਡਾਕਟਰ ਬੈਠਾ ਹੋਇਆ ਸੀ। ਜਦੋਂ ਮੈਂ ਉਸ ਡਾਕਟਰ ਸਾਹਿਬ ਕੋਲ ਗਿਆ ਤਾਂ ਉਸ ਨੇ ਮੈਨੂੰ ਉਸ ਕੁਰਸੀ 'ਤੇ ਬੈਠਣ ਲਈ ਕਿਹਾ ਜਿਹੜੀ ਉਸ ਦੇ ਮੇਜ ਦੇ ਸਾਹਮਣੇ ਪਰ ਪੰਜ ਫ਼ੁੱਟ ਦੀ ਦੂਰ ਰੱਖੀ ਹੋਈ ਸੀ। ਉਸ ਦੀ ਇਹ ਵਿਉਂਤਬੰਦੀ ਉਸ ਖ਼ੌਫ਼ਜ਼ਦਾ ਮਾਹੌਲ ਨੂੰ ਬਿਆਨ ਕਰ ਰਹੀ ਸੀ ਜਿਹੜਾ ਕੋਰੋਨਾ ਦੇ ਕਹਿਰ ਕਰਕੇ ਪੈਦਾ ਹੋ ਰਿਹਾ ਸੀ। ਜਦੋਂ ਮੈਂ ਉਸ ਦੇ ਸਾਹਮਣੇ ਬੈਠ ਕੇ ਆਪਣਾ ਦੁੱਖ ਸੁਣਾਇਆ ਤਾਂ ਉਸ ਨੇ ਮੇਰੀਆਂ ਕਹੀਆਂ ਨੂੰ ਆਧਾਰ ਬਣਾ ਕੇ ਪੀਲੇ ਕਾਰਡ ਦਾ ਪੰਨਾ ਭਰ ਦਿੱਤਾ। ਆਪਣੀ ਜਾਂਚ ਵਿਚ ਡਾਕਟਰ ਸਾਹਿਬ ਨੇ ਆਪਣੇ ਮੇਜ਼ 'ਤੇ ਪਏ ਕਿਸੇ ਵੀ ਯੰਤਰ ਬੀ.ਪੀ ਸੈੱਟ, ਸਟੈਥੋਸਕੋਪ ਅਤੇ ਥਰਮਾਮੀਟਰ ਆਦਿ ਦੀ ਵਰਤੋਂ ਨਹੀਂ ਕੀਤੀ। 15 ਕੁ ਦਿਨਾਂ ਦੀ ਦਵਾਈ ਲਿਖ ਕੇ ਮੈਨੂੰ ਉਥੋਂ ਤੋਰਨ ਵਿਚ ਹੀ ਭਲਾ ਸਮਝਿਆ।ਮੈਂ ਆਪਣੀ ਬਿਮਾਰੀ ਨਾਲ ਸਬੰਧਤ ਅਜੇ ਕੁੱਝ ਹੋਰ ਸਾਂਝ ਉਸ ਨਾਲ ਪਾਉਣੀ ਚਾਹੁੰਦਾ ਸੀ ਪਰ ਉਸ ਨੇ ਮੈਨੂੰ ਟਾਇਮ ਨਾਲ ਹੀ ਫ਼ਤਿਹ ਬੁਲਾ ਦਿੱਤੀ।

ਉਸ ਡਾਕਟਰ ਦੀ ਦਵਾਈ ਮੈਂ 15 ਦਿਨ ਨਿਯਮਿਤ ਰੂਪ ਨਾਲ ਖਾਧੀ ਪਰ ਉਸ ਨਾਲ ਕੋਈ ਖਾਸ ਚਮਤਕਾਰ ਨਾ ਹੋਇਆ। ਉਨੀ-ਇੱਕੀ ਦਾ ਫ਼ਰਕ ਤਾਂ ਹੈ ਸੀ ਪਰ ਕੋਈ ਵਡੇਰੀ ਰਾਹਤ ਦਿਖਾਈ ਨਹੀਂ ਸੀ ਦੇ ਰਹੀ।

ਫਿਰ ਕਿਸੇ ਸਿਆਣੇ ਨੇ ਸਲਾਹ ਦਿੱਤੀ ਕਿ ਐਲੋਪੈਥੀ ਨਾਲੋਂ ਹੋਮਿਓਪੈਥੀ ਵਧੇਰੇ ਪ੍ਰਭਾਵਸ਼ੈਲੀ ਅਤੇ ਸਾਰਥਿਕ ਹੁੰਦੀ ਹੈ ਸੋ ਇਸ ਨੂੰ ਅਜ਼ਮਾਉਣਾ ਚਾਹੀਦਾ ਹੈ। ਇਸ ਅਜ਼ਮਾਇਸ਼ ਹਿੱਤ ਮੈਂ ਆਪਣੇ ਇੱਕ ਜਾਣਕਾਰ ਹੋਮਿਓਪੈਥਿਕ ਡਾਕਟਰ ਦੇ ਕਲੀਨਿਕ 'ਤੇ ਪਹੁੰਚ ਗਿਆ। ਵੱਡਾ ਦਿਨ ਚੜ੍ਹਨ ਦੇ ਬਾਵਜੂਦ ਵੀ ਕਲੀਨਿਕ ਬੰਦ ਪਿਆ ਸੀ। ਜਦੋਂ ਬਾਹਰ ਲਿਖੇ ਨੰਬਰ 'ਤੇ ਫ਼ੋਨ ਘੁਮਾਇਆ ਤਾਂ ਫ਼ੋਨ ਡਾਕਟਰ ਸਾਹਿਬ ਦੀ ਬਜਾਏ ਉਸ ਦੇ ਕੰਪਉਡਰ ਨੇ ਉਠਾਇਆ। ਜਦੋਂ ਮੈਂ ਡਾਕਟਰ ਸਾਹਿਬ ਨੂੰ ਮਿਲਣ ਦੀ ਇੱਛਾ/ਮਜਬੂਰੀ ਪ੍ਰਗਟ ਕੀਤੀ ਤਾਂ ਉਸ ਨੇ ਕਿਹਾ 'ਜੀ ਕੋਰੋਨਾ ਕਰਕੇ ਡਾਕਟਰ ਸਾਹਿਬ ਅੱਜਕਲ੍ਹ ਕਲੀਨਿਕ ਨਹੀਂ ਆ ਰਹੇ ਸਿਰਫ਼ ਫ਼ੋਨ 'ਤੇ ਹੀ ਮਸ਼ਵਰੇ ਵੇਚ ਰਹੇ ਹਨ। ਜਦੋਂ ਕੋਈ ਮਸ਼ਵਰਾ ਖ਼ੀਦ ਲੈਂਦਾ ਹੈ ਤਾਂ ਉਸ ਦੇ ਮੁਤਾਬਿਕ ਦਵਾਈ ਮੈਂ ਬਣਾ ਦਿੰਦਾ ਹਾਂ। ਇਸ ਤਰ੍ਹਾਂ ਕਰਕੇ ਅਸੀਂ ਸਮਾਜਿਕ ਦੂਰੀ, ਮਰੀਜ਼ ਦੀ ਮਜ਼ਬੂਰੀ ਅਤੇ ਆਪਣੇ ਖਾਣ ਲਈ ਚੂਰੀ (ਫ਼ੀਸ ਲੈ ਕੇ) ਤਿੰਨਾਂ ਦਾ ਹੀ ਧਿਆਨ ਰੱਖ ਰਹੇ ਹਾਂ। ਤੁਸੀਂ ਡਾਕਟਰ ਸਾਹਿਬ ਨੂੰ ਫ਼ੋਨ ਮਿਲਾ ਕੇ ਇਸ ਤੋਂ ਬਾਅਦ ਮੇਰੇ ਕੋਲ ਆ ਕੇ ਲਾਹੇ ਪ੍ਰਾਪਤ ਕਰ ਸਕਦੇ ਹੋ'।

ਇਸ ਤੋਂ ਬਾਅਦ ਉਸ ਨੇ ਮੈਨੂੰ ਡਾਕਟਰ ਸਾਹਿਬ ਦਾ ਇੱਕ ਅਤਿ ਨਿੱਜੀ ਮੋਬਾਇਲ ਨੰਬਰ ਨੋਟ ਕਰਵਾ ਦਿੱਤਾ ਪਰ ਇਨ੍ਹਾਂ ਤਿਲਾਂ ਵਿਚੋਂ ਤੇਲ ਦੀ ਆਸ ਨਾ ਬੱਝਦੀ ਦੇਖ ਕੇ ਮੇਰੇ ਮਨ ਨੇ ਫ਼ੋਨ ਕਰਨ ਦਾ ਹੁੰਗਾਰਾ ਨਾ ਭਰਿਆ।

ਭਾਵੇਂ ਇਸ ਪਾਸੇ ਤੋਂ ਮੇਰੀ ਆਸ ਪੂਰੀ ਨਹੀਂ ਹੋਈ ਸੀ ਪਰ ਮੈਂ ਆਸ ਦੇ ਦੀਵੇ ਨੂੰ ਬੁੱਝਣ ਨਹੀਂ ਦਿੱਤਾ। ਇਸ ਦੀਵੇ ਦੀ ਰੋਸ਼ਨੀ ਵਿਚ ਮੈਂ ਆਪਣੇ ਸ਼ਹਿਰ ਦੇ ਇੱਕ ਨਾਮੀ ਹੋਮਿਓਪੈਥਿਕ ਹਸਪਤਾਲ ਵਿਚ ਚਲਾ ਗਿਆ ਜਿਸ ਦਾ ਨਾਮਕਰਣ ਇੱਕ ਮਹਾਂਪੁਰਖ ਦੇ ਨਾਮ ਤੋਂ ਕੀਤਾ ਗਿਆ ਹੈ। ਜਦੋਂ ਮੈਂ ਉਥੇ ਪਹੁੰਚਿਆ ਤਾਂ ਕੁੱਝ ਕੁ ਮਰੀਜ਼ ਮੇਰੇ ਤੋਂ ਪਹਿਲਾਂ ਵੀ ਚੱਕਰਾਂ (ਸਮਾਜਿਕ ਦੂਰੀ ਵਾਲੇ) ਵਿਚ ਪਏ/ਖੜ੍ਹੇ ਹੋਏ ਸਨ।ਇੱਕ ਚੱਕਰ ਵਿਚ ਖੜ੍ਹ ਕੇ ਮੈਂ ਵੀ ਆਪਣੀ ਵਾਰੀ ਦੀ ਉਡੀਕ ਕਰਨ ਲੱਗ ਪਿਆ।ਜਲਦੀ ਹੀ ਇਹ ਉਡੀਕ ਪੂਰੀ ਹੋ ਗਈ ਅਤੇ ਸਵਾਗਤੀ-ਖਿੜਕੀ ਕੋਲ ਅਪੜ ਗਿਆ।

ਕੰਪਿਊਟਰ ਸਾਹਮਣੇ ਬੈਠੀ ਨਰਸ ਲੜਕੀ ਨੇ ਮੇਰੇ ਕੋਲੋਂ ਬਿਮਾਰੀ ਦੇ ਵੇਰਵੇ ਪੁੱਛ ਕੇ ਸਲਿਪ ਤਿਆਰ ਕਰ ਦਿੱਤੀ ਅਤੇ ਮੈਨੂੰ ਬੈਠਣ ਨੂੰ ਕਹਿ ਕੇ ਆਪ ਦਵਾਖਾਨੇ ਵਿਚ ਚਲੀ ਗਈ।ਮੈਨੂੰ ਉਮੀਦ ਸੀ ਕਿ ਕੁੱਝ ਸਮੇਂ ਬਾਅਦ ਮੈਨੂੰ ਸਬੰਧਤ ਡਾਕਟਰ ਸਾਹਿਬ ਆਪਣੇ ਕੈਬਿਨ ਵਿਚ ਬੁਲਾਉਣਗੇ ਅਤੇ ਲੋੜੀਂਦੀ ਜਾਂਚ ਕਰਕੇ ਬਣਦਾ ਇਲਾਜ ਕਰਨਗੇ। ਪਰ ਕੋਰੋਨਾ ਦੀ ਘਬਰਾਹਟ ਕਾਰਨ ਇਸ ਤਰ੍ਹਾਂ ਦਾ ਕੁੱਝ ਵੀ ਨਹੀਂ ਹੋਇਆ। ਸੋਚ ਦੀ ਉਧੇੜ-ਬੁਨ ਵਿਚ ਪਏ ਨੂੰ ਨਰਸ ਕੁੜੀ ਨੇ ਆਵਾਜ਼ ਮਾਰ ਦਿੱਤੀ।ਜਦੋਂ ਮੈਂ ਉਸ ਦੇ ਕੋਲ ਗਿਆ ਤਾਂ ਉਸ ਨੇ ਹੋਮਿਓਪੈਥਿਕ ਦਵਾਈ ਦੀਆਂ ਦੋ ਕੁ ਸ਼ੀਸ਼ੀਆਂ ਮੇਰੇ ਹਵਾਲੇ ਕਰਦੇ ਬਣਦੀ ਫ਼ੀਸ ਮੰਗ ਲਈ।

ਜਦੋਂ ਮੈਂ ਉਸ ਨਰਸ ਨੂੰ ਡਾਕਟਰ ਸਾਹਿਬ ਦੇ ਖੁੱਲ੍ਹੇ ਦਰਸ਼ਨ-ਦੀਦਾਰੇ ਨਾ ਹੋਣ ਦੀ ਗੱਲ ਕਹੀ ਤਾਂ ਉਸ ਨੇ ਕਿਹਾ,'ਇਹ ਮੈਡੀਸਨ ਅੰਦਰੋਂ ਡਾਕਟਰ ਸਾਹਿਬ ਨੇ ਹੀ ਲਿਖ ਕੇ ਦਿੱਤੀ ਹੈ, ਮੈਂ ਆਪਣੇ ਕੋਲੋਂ ਨਹੀਂ ਦਿੱਤੀ।' ਉਸ ਨਰਸ ਦਾ ਇਹ ਜਵਾਬ ਮੈਨੂੰ ਹੈਰਾਨ ਕਰਨ ਦੇ ਨਾਲ ਇੱਕ ਝਟਕਾ ਵੀ ਦੇ ਗਿਆ। ਕਿਉਂਕਿ ਜਿਹੜਾ ਡਾਕਟਰ ਨਾ ਮੈਨੂੰ ਮਿਲਿਆ, ਨਾ ਕੋਈ ਚੈੱਕ-ਅੱਪ ਕੀਤੀ ਅਤੇ ਨਾ ਹੀ ਉਸ ਨੇ ਮੇਰੀ ਕੋਈ ਕੇਸ-ਹਿਸਟਰੀ ਪੜ੍ਹੀ/ਸੁਣੀ ਹੈ ਉਸ ਦੀ ਲਿਖੀ ਦਵਾਈ ਭਲਾ ਕਿੰਨੀ ਕੁ ਕਾਰਗਰ ਸਾਬਤ ਹੋ ਸਕਦੀ ਹੈ? ਇਹ ਸੋਚਣ ਵਾਲੀ ਗੱਲ ਸੀ, ਜਿਸ ਨੂੰ ਸੋਚਦਾ-ਸੋਚਦਾ ਮੈਂ ਆਪਣੇ ਘਰ ਪਹੁੰਚ ਗਿਆ। ਅਜੋਕੇ ਸਮੇਂ ਕੋਰੋਨਾ ਦੀ ਦਹਿਸ਼ਤ ਕਾਰਨ ਮੈਡੀਕਲ ਮੰਚ ਦੇ ਬਹੁਤੇ ਕਲਾਕਾਰ (ਡਾਕਟਰ) ਲੋਕ ਭਲਾਈ ਦੇ ਮੰਚ ਤੋਂ ਹੇਠਾਂ ਉਤਰ ਕੇ ਪਰਦੇ ਪਿਛਲੀ (ਡਰੂ) ਭੂਮਿਕਾ ਅਦਾ ਕਰਨ ਲੱਗ ਪਏ ਹਨ। ਇਸ ਤਰ੍ਹਾਂ ਕਰਕੇ ਉਹ ਆਪਣੀ ਕਮਾਅ ਨੀਤੀ ਅਤੇ ਬਚਾਅ ਨੀਤੀ ਦੋਵਾਂ ਨੂੰ ਕਾਇਮ ਰੱਖੀ ਜਾ ਰਹੇ ਹਨ ਅਤੇ ਮਰੀਜ਼ਾਂ ਨੂੰ ਉਲਝਾਅ ਨੀਤੀ ਵਿਚ ਉਲਝਾਈ ਜਾ ਰਹੇ।ਰੱਬ ਖ਼ੈਰ ਕਰੇ!

# ਅੰਧਵਿਸ਼ਵਾਸ਼ ਦਾ ਬੋਲਬਾਲਾ

ਕਰੋਨਾ ਦੇ ਚਲਦੇ ਸਾਡੇ ਘਰ ਬਿੱਲੀ ਨੇ ਤਿੰਨ ਬਲੂੰਗੜੇ ਦਿੱਤੇ ਹਨ। ਅੱਜ ਕੱਲ ਹਰ ਰੋਜ ਰਾਤ ਨੂੰ ਉਨਾਂ ਦੀ ਰਾਖੀ ਕਰਨੀ ਪੈ ਰਹੀ ਹੈ ਕਿਉਕਿ ਰੋਜ ਰਾਤ ਨੂੰ ਬਿਲਾ ਉਨਾਂ ਨੂੰ ਮਾਰਨ ਆ ਜਾਂਦਾ ਹੈ। ਬਿੱਲੀ ਅਤੇ ਬਿੱਲੇ ਦੀ ਖੂਬ ਲੜਾਈ ਹੁੰਦੀ ਹੈ। ਅਜਿਹਾ ਕਿਉਂ ਹੈ ਕੋਈ ਦੱਸ ਸਕਦਾ ਹੈ। ਇਹ ਲਘੂ ਲੇਖ ਲਿਖਣ ਦਾ ਦੂਜਾ ਮਕਸਦ ਹੈ ਕਿ ਬਿੱਲੀਆਂ ਨੂੰ ਲੈ ਕੇ ਸਾਡੇ ਦੇਸ਼ ਵਿਚ ਬਹੁਤ ਅੰਧਵਿਸ਼ਵਾਸ ਪਾਇਆ ਜਾਂਦਾ ਹੈ ਜਦਕਿ ਵਿਸ਼ਵ ਭਰ ਵਿਚ ਬਿੱਲੀਆਂ ਨੂੰ ਬੇਹੱਦ ਪਾਲਿਆ ਅਤੇ ਪਿਆਰ ਕੀਤਾ ਜਾਂਦਾ ਹੈ । ਸਾਡੇ ਦੇਸ਼ ਵਿਚ ਬਿੱਲੀਆਂ ਨਾਲ ਬਹੁਤ ਸਾਰੇ ਅੰਧਵਿਸ਼ਵਾਸ ਜੁੜੇ ਹੋਏ ਹਨ। ਜੇਕਰ ਬਿੱਲੀ ਕਿਸੇ ਦਾ ਰਸਤਾ ਕੱਟ ਜਾਵੇ ਤਾਂ ਅਸ਼ੁੱਭ ਮੰਨਿਆਂ ਜਾਂਦਾ ਹੈ। ਜੇਕਰ ਰਾਤ ਨੂੰ ਬਿੱਲੀਆਂ ਕੋਠੇ ਉਪਰ ਲੜਨ ਤਾਂ ਕਿਸੇ ਅਨਹੋਣੀ ਦੀ ਨਿਸ਼ਾਨੀ ਹੈ। ਕਾਲੀ ਬਿੱਲੀ ਤਾਂ ਬੜੀ ਖਤਰਨਾਕ ਮੰਨੀ ਜਾਂਦੀ ਹੈ। ਕਿਹਾ ਜਾਂਦਾ ਹੈ ਕਿ ਬਿੱਲੀ ਆਪਣੀ ਜੇਰ (ਨਾੜੂ) ਖਾ ਜਾਂਦੀ ਹੈ। ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜੇ ਬਿੱਲੀ ਦੀ ਜੇਰ ਨੂੰ ਸੁਕਾ ਕੇ ਘਰ ਵਿਚ ਰੱਖਿਆ ਜਾਵੇ ਤਾਂ ਸ਼ੁੱਭ ਹੁੰਦਾ ਹੈ। ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਚੇਲੇ, ਬਿੱਲੀ ਦੀ ਜੇਰ ਨੂੰ ਜਾਦੂ ਟੂਣੇ ਲਈ ਵਰਤਦੇ ਹਨ। ਕਿਉਕਿ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਬਿੱਲੀ ਦੀ ਰੂਹ ਵਿਚ ਭੂਤ ਪਰੇਤਾਂ ਦਾ ਵਾਸਾ ਹੁੰਦਾ ਹੈ।ਇਸੇ ਕਰਕੇ ਜਦੋਂ ਕੋਈ ਬਿਮਾਰ ਬੱਚਾ ਠੀਕ ਨਾ ਹੋਵੇ ਤਾਂ ਕਿਹਾ ਜਾਂਦਾ ਹੈ ਇਸ ਨੇ ਬਿੱਲੀ ਟੱਪੀ ਹੋਈ ਹੈ ਜਾਂ ਇਸਨੂੰ ਬਿੱਲੀ ਉਤੋਂ ਨਹਲਾਇਆ ਗਿਆ ਹੈ। ਹੋਰ ਵੀ ਬਹੁਤ ਸਾਰੇ ਅੰਧਵਿਸ਼ਵਾਸ ਪਾਏ ਜਾਂਦੇ ਹਨ। ਬਚਪਨ ਵਿਚ ਟੂਣੇ, ਭੂਤ ਚੜੇਲਾਂ, ਛਲੇਡੇ (ਦੇਹ ਬਦਲਣ ਵਾਲਾ ਜੀਵ), ਹਾਡੀ ਛੰਡਣੀ, ਸ਼ਕਤੀਆਂ ਥਾਵਾਂ, ਮਸਾਣ ਖਲਾਉਣੇ ਜਾਂ ਸ਼ਿਵਿਆਂ ਵਿਚ ਢੋਲਕੀਆਂ ਛੈਣੇ ਵੱਜਣ ਵਰਗੀਆਂ ਕਹਾਣੀਆਂ ਆਮ ਸੁਣਦੇ ਸਾਂ। ਜਿਉਂ ਜਿਉਂ ਵਿਦਿਆ ਦਾ ਪਸਾਰ ਹੋਇਆ, ਵਿਗਿਆਨ ਨੇ ਤਰੱਕੀ ਕੀਤੀ ਅਤੇ ਤਰਕਸ਼ੀਲਾ ਨੇ ਲੋਕਾਂ ਨੂੰ ਇਨਾਂ ਗੱਲਾਂ ਵਿਚੋਂ ਕੱਡਣ ਲਈ ਪਰਦਰਸ਼ਨ ਕੀਤੇ ਤਾਂ ਲੋਕਾਂ ਵਿਚੋਂ ਥੋੜਾ ਡਰ ਘੱਟ ਹੋਇਆ ਪਰ ਅੱਜ ਵੀ ਬਹੁਤ ਸਾਰੇ ਲੋਕ ਹਨ ਜੋ ਅੰਧ ਵਿਸ਼ਵਾਸ ਦਾ ਸ਼ਿਕਾਰ ਹਨ। ਜੋਤਸ਼ੀ, ਚੇਲੇ ਭੂਪੇ, ਬਾਬੇ ਇਨਾਂ ਲੋਕਾਂ ਦਾ ਆਰਥਿਕ, ਮਾਨਸਿਕ ਅਤੇ ਸਰੀਰਕ ਸ਼ੋਸ਼ਨ ਕਰਦੇ ਹਨ। ਪਿੱਛੇ ਜਿਹੇ ਦਿੱਲੀ ਵਿਚ ਪੂਰੇ ਪਰੀਵਾਰ ਨੇ ਇਸ ਅੰਧਵਿਸ਼ਵਾਸ ਨਾਲ ਆਤਮ ਹੱਤਿਆ ਕਰ ਲਈ ਕਿ ਮਰਨ ਤੋਂ ਬਾਅਦ ਸਾਰੇ ਜੀਅ ਉਠਣਗੇ। ਮੱਧ ਪਰਦੇਸ਼ ਵਿਚ ਸ਼ੈਤਾਨ ਔਰਤਾਂ ਦਾ ਚੁੜੇਲ ਹੋਣ ਕਰਕੇ ਕਤਲ ਕਰ ਦਿੱਤਾ ਗਿਆ।

ਥਾਈਲੈਂਡ ਤੋਂ ਮੇਰਾ ਇਕ ਫੇਸਬੁੱਕ ਫਰੈਂਡ ਹੈ। ਉਸਨੇ ਕਈ ਕਿਤਾਬਾਂ ਵੀ ਲਿਖੀਆਂ ਹਨ। ਉਹ ਭਾਰਤ ਵਿਚ ਵੀ ਪੜੀਆਂ ਹੈ। ਬੋਧੀ ਦੇਰ ਬੋਧੀ ਭਿਕਸ਼ੂ ਵੀ ਰਿਹਾ ਹੈ ਫਿਰ ਵੀ ਉਸਨੇ ਹੁਣੇ ਹੁਣੇ "ਥਾਈਲੈਂਡ ਵਿਚ ਭੂਤ" ਨਾਂ ਦੀ ਇਕ ਕਿਤਾਬ ਲਿਖੀ ਹੈ ਉਸਨੇ ਕਾਲੀ ਬਿੱਲੀ ਵਿਚ ਭੂਤ ਦਾ ਵਾਸਾ ਮੰਨਿਆ ਹੈ।

ਮੈਂ ਦੇਖਿਆ ਹੈ ਕਿ ਥਾਈਲੈਂਡ ਭਾਵੇ ਬੋਧੀ ਦੇਸ਼ ਮੰਨਿਆ ਜਾਂਦਾ ਹੈ ਪਰ ਫਿਰ ਵੀ ਉਥੇ ਕਾਫੀ ਅੰਧਵਿਸ਼ਵਾਸ ਪਾਇਆ ਜਾਂਦਾ ਹੈ। ਕਈ ਵਾਰੀ ਸੋਚਦਾ ਹਾਂ ਕਿ ਪੰਜਾਬ ਵਿਚ ਪਾਏ ਜਾਂਦੇ ਅੰਧਵਿਸ਼ਵਾਸਾਂ ਬਾਰੇ ਕਿਤਾਬ ਲਿਖਾਂ ਜਿਸ ਵਿਚ- ਨਜ਼ਰ ਲੱਗਣੀ, ਛਿੱਕ ਆਉਣ ਤੇ ਰੁਕ ਜਾਣਾ, ਪਿੱਛੋ ਆਵਾਜ਼ ਨਾ ਮਾਰਨੀ, ਕੁੱਤਿਆਂ ਦਾ ਰੋਣਾਂ, ਗਧੇ ਦਾ ਹੀਂਗਣਾਂ, ਉਲਟਾ ਮੰਜਾ ਨਾ ਖੜਾ ਕਰਨਾ, ਸ਼ਨੀ, ਮੰਗਲ, ਬੁੱਧ ਸ਼ੁਭ ਅਸ਼ੁੱਭ ਕਿਉਂ ਹਨ ਆਦਿ ਆਦਿ। ਪਰ ਹੁਣ ਗੱਲ ਤਾਂ ਬਿੱਲੀਆਂ ਦੀ ਹੋ ਰਹੀ ਹੈ ਜਿਸ ਦੀ ਮੌਤ ਵਿਚੋ ਵੀ ਪੁਜਾਰੀ ਵਰਗ ਨੇ ਆਪਣਾ ਹਿੱਤ ਕੱਢ ਲਿਆ ਹੈ। ਪੁਜਾਰੀ ਦਾ ਕਹਿਣਾ ਹੈ ਕਿ ਜੇਕਰ ਕੋਈ ਬਿੱਲੀ ਨੂੰ ਮਾਰੇਗਾ ਉਸਨੂੰ ਸੋਨੇ ਦੀ ਬਿੱਲੀ ਬਣਾਕੇ ਮੰਦਿਰ ਵਿਚ ਚੜਾਉਣੀ ਪਵੇਗੀ। ਇਹ ਸੀ ਬਿੱਲੀ ਨਾਲ ਜੁੜੇ ਅੰਧਵਿਸ਼ਵਾਸ।



-ਹਰਮੇਸ਼ ਜੱਸਲ

# ਗਾਇਕੀ ਦਾ ਚੜ੍ਹਦਾ ਸੂਰਜ-ਸਹਿਜ ਸਰਾਅ

ਬਲਜਿੰਦਰ ਮਾਨ 98150-18947

ਬਾਲ ਜੀਵਨ ਨੂੰ ਸੁਆਰਨ ਤੇ ਸ਼ਿੰਗਾਰਨ ਵਿਚ ਆਲੇ ਦੁਆਲੇ ਦਾ ਖਾਸ ਕਰ ਘਰ ਦਾ ਵਾਤਾਵਰਣ ਬਹੁਤ ਪ੍ਰਭਾਵ ਪਾਉਂਦਾ ਹੈ।ਅਸੀਂ ਬੱਚੇ ਨੂੰ ਜਿਹੋ ਜਿਹਾ ਮਾਹੌਲ ਦੇਵਾਂਗੇ ਬੱਚਾ ਉਹੋ ਜਿਹਾ ਬਣਨਾ ਆਰੰਭ ਕਰ ਦੇਵੇਗਾ।ਬਾਲ ਉਮਰੇ ਬੱਚੇ ਦੇ ਮਾਹੌਲ ਵਿਚ ਸਹਿਜਤਾ ਅਤੇ ਸਾਰਥਿਕਤਾ ਦਾ ਹੋਣਾ ਬਹੁਤ ਜ਼ਰੂਰੀ ਹੈ।ਅਜਿਹੇ ਸਾਜ਼ਗਾਰ ਵਾਤਾਵਰਣ ਵਿਚ ਪਲਣ ਵਾਲਾ ਬੱਚੇ ਉਚੀਆਂ ਮੰਜ਼ਿਲਾਂ ਤੇ ਪਹੁੰਚ ਜਾਂਦੇ ਹਨ।ਬਾਕੀ ਅਧਿਆਪਕ ਅਤੇ ਮਾਪਿਆਂ ਨੇ ਉਸ ਨੂੰ ਉਸਦੀ ਕਲਾ ਅਨੁਸਾਰ ਮੌਕੇ ਪ੍ਰਦਾਨ ਕਰਨੇ ਹੁੰਦੇ ਹਨ।ਫਿਰ ਉਹ ਉਚੀਆਂ ਉਡਾਰੀਆਂ ਮਾਰਨੀਆਂ ਆਰੰਭ ਕਰ ਦਿੰਦਾ ਹੈ।ਅਜਿਹਾ ਹੀ ਹੈ ਸਾਡਾ ਬਾਲ ਕਲਾਕਾਰ ਸਹਿਜਤਾ ਤੇ ਪਿਆਰ ਨਾਲ ਸ਼ਬਦਾਂ ਨੂੰ ਗਾਉਣ ਵਾਲਾ ਮਲੂਕੜਾ ਜਿਹਾ 'ਸਹਿਜ ਸਰਾਅ'।ਉਹ ਸੰਗੀਤ ਦੀ ਗੁੜ੍ਹਤੀ ਲੈ ਕੇ 24 ਅਕਤੂਬਰ 2013 ਨੂੰ ਪ੍ਰਸਿੱਧ ਸੰਗੀਤਕਾਰ ਹਰਜੀਤ ਸਿੰਘ ਸਰਾਅ ਅਤੇ ਮਾਤਾ ਨਵਜੋਤ ਕੌਰ ਦੇ ਗੋਦੜੀ ਦਾ ਲਾਲ ਬਣਕੇ ਘਰ ਦਾ ਸ਼ਿੰਗਾਰ ਬਣਿਆ।



ਨਿੱਕੀ ਉਮਰੇ ਵੱਡੀਆਂ ਪ੍ਰਾਪਤੀਆਂ ਕਰਨ ਵਾਲੇ ਇਸ ਹੋਣਹਾਰ ਸੁਰੀਲੇ ਗਾਇਕ ਨੇ ਜਦ ਆਪਣੀ ਰੂਹ ਨਾਲ ਗਾਏ ਪਹਿਲੇ ਸ਼ਬਦ ਨਾਲ ਦਸਤਕ ਦਿੱਤੀ ਤਾਂ ਸਰੋਤੇ ਅਸ਼-ਅਸ਼ ਕਰ ਉਠੇ।ਪ੍ਰਸਿੱਧ ਸੰਗੀਤਕ ਕੰਪਨੀ ਸੁਲਜ਼ ਰਿਕਾਰਡਸ ਵੱਲੋਂ ਉਸਦੀ ਮਿੱਠੀ ਤੇ ਕੋਮਲ ਆਵਾਜ਼ ਵਿਚ ਗਾਇਆ ਪਲੇਠਾ ਸ਼ਬਦ 'ਜਗਤ ਜਲੰਦਾ ਰੱਖ ਲੈ' ਯੂ-ਟਿਊਬ ਅਤੇ ਹੋਰ ਚੈਨਲਾਂ ਤੇ ਪ੍ਰਸਾਰਿਤ ਕੀਤਾ ਗਿਆ ਤਾਂ ਉਸਦੀ ਉਡਾਰੀ ਗਾਇਕੀ ਦੇ ਅੰਬਰ ਤੇ ਉਚੇਰੀ ਹੋ ਗਈ। ਸਰੋਤਿਆਂ ਵੱਲੋਂ ਇਸ ਨਿਵੇਕਲੀ ਕਿਰਤ ਨੂੰ ਭਰਪੂਰ ਸਲਾਹਿਆ ਗਿਆ।ਉਹ ਹੁਣੇ ਤੋਂ ਹੀ ਗਾਇਕੀ ਅਤੇ ਸ਼ਬਦ ਕੀਰਤਨ ਦੇ ਮੁਕਾਬਲਿਆਂ ਦਾ ਜੇਤੂ ਬਣਨ ਲੱਗ ਪਿਆ ਹੈ।ਉਸਦੇ ਕੋਮਲ ਕੰਠ ਅਤੇ ਸੰਗੀਤਕ ਸੂਝ ਨੇ ਨਵੀਆਂ ਸੰਭਾਵਨਾਵਾਂ ਦੀ ਉਮੀਦ ਪ੍ਰਗਟਾਈ ਹੈ।ਉਸ ਦੇ ਗਾਇਕੀ ਵਿਚੋਂ ਉਸਦੇ ਪਿਤਾ ਦੀ ਰਸੀਲੀ ਧੁਨ ਸਹਿਜੇ ਹੀ ਦੇਖੀ ਜਾ ਸਕਦੀ ਹੈ।ਉਹ ਕੋਮਲ ਕਲਾ ਨਾਲ ਕਲਾ ਜਗਤ ਵਿਚ ਨਵੀਆਂ ਕਰੂੰਬਲਾਂ ਖਿੜਾ ਰਿਹਾ ਹੈ।ਉਸਦੀ ਕਲਾਕਾਰੀ ਨੂੰ ਨਿਖਾਰਨ ਵਿੱਚ ਉਸ ਦੀ ਮਾਤਾ ਨਵਜੋਤ ਕੌਰ ਦਾ ਖਾਸ ਯੋਗਦਾਨ ਹੈ ਜੋ ਉਸਦੇ ਬੋਲਾਂ ਨੂੰ ਮੋਬਾਈਲ ਤੇ ਰਿਕਾਰਡ ਕਰ ਕੇ ਉਸਨੂੰ ਸੁਣਾ ਕੇ ਇਸ ਨੂੰ ਹੋਰ ਤਰਾਸ਼ ਰਹੀ ਹੈ।

ਲੁਧਿਆਣਾ ਦੇ ਪ੍ਰਸਿੱਧ ਬੀ ਆਰ ਐਸ ਸਕੂਲ ਵਿੱਚ ਪੜ੍ਹ ਰਹੇ ਯੂ.ਕੇ.ਜੀ ਦੇ ਇਸ ਨੰਨ੍ਹੇ ਕਲਾਕਾਰ ਨੇ ਨਿੱਕੀ ਉਮਰੇ ਵੱਡੀਆਂ ਪ੍ਰਾਪਤੀਆਂ ਕਰਕੇ ਆਪਣੇ ਮਾਤਾ-ਪਿਤਾ ਅਤੇ ਵੱਡੇ ਭਰਾ ਹਰਸ਼ਦੀਪ ਸਿੰਘ ਸਰਾਅ ਦਾ ਵੀ ਮਾਣ ਵਧਾਇਆ ਹੈ। ਉਹ ਪ੍ਰਸਿੱਧ ਸੰਗੀਤਕਾਰ ਐਚ.ਐਸ.ਸਰਾਅ ਕੋਲੋਂ ਸੰਗੀਤ ਦੀਆਂ ਬਾਰੀਕੀਆਂ ਸਿੱਖਦਾ ਹੋਇਆ ਅੱਗੇ ਵਧ ਰਿਹਾ ਹੈ।ਉਸਦੇ ਪਿਤਾ ਹਰਜੀਤ ਸਿੰਘ ਸਰਾਅ, ਇਸ਼ਮੀਤ ਸਿੰਘ ਮਿਊਜਿਕ ਇੰਸਟੀਚਿਊਟ ਲੁਧਿਆਣਾ ਵਿਖੇ ਬਤੌਰ ਆਡੀਓ ਇੰਜੀਨੀਅਰ ਕਾਰਜ ਕਰ ਰਹੇ ਹਨ।ਉਹਨਾਂ ਕਈ ਫਿਲਮਾਂ ਅਤੇ ਚਰਚਿਤ ਗੀਤਾਂ ਵਿੱਚ ਸੰਗੀਤ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਆਪਣੇ ਇਸ ਲਾਡਲੇ ਨੂੰ ਗੀਤ ਸੰਗੀਤ ਦੁਨੀਆਂ ਦਾ ਸਿਤਾਰਾ ਬਨਾਉਣਾ ਚਾਹੁੰਦੇ ਹਨ।ਜਿਸ ਵਾਸਤੇ ਉਹ ਦਿਨ ਰਾਤ ਯਤਨਸ਼ੀਲ ਹਨ।ਉਸਦੇ ਅਜਕਲ ਦੇ ਕਲਾ ਪ੍ਰਦਰਸ਼ਨ ਤੋਂ ਸਹਿਜੇ ਹੀ ਉਮੀਦ ਬੱਝਦੀ ਹੈ ਕਿ ਇਹ ਗਾਇਕੀ ਦਾ ਇਹ ਚੜ੍ਹਦਾ ਸੂਰਜ ਸਚਮੁੱਚ ਆਪਣੇ ਸੁਪਨੇ ਸਾਕਾਰ ਕਰੇਗਾ ਅਤੇ ਸੰਗੀਤ ਦੇ ਖੇਤਰ ਵਿੱਚ ਨਵੀਆਂ ਪੈੜਾਂ ਉਲੀਕੇਗਾ।

# ਕੋਰੋਨਾ ਮਹਾਂਮਾਰੀ ਨੇ ਕਿਉਂ ਰੋਕੀ ਜ਼ਿੰਦਗੀ ਦੀ ਰਫ਼ਤਾਰ?

ਅਸੀਂ ਜਾਣਦੇ ਹਾਂ ਕਿ ਵਿਸ਼ਵ ਭਰ ਵਿੱਚ ਕੋਰੋਨਾਂ ਜਿਹੀ ਭਿਆਨਕ ਮਹਾਂਮਾਰੀ ਨੇ ਜ਼ਿੰਦਗੀ ਦੀ ਰਫ਼ਤਾਰ ਰੋਕ ਦਿੱਤੀ ਹੈ। ਵਿਸ਼ਵ ਭਰ ਵਿੱਚ ਲੌਕ ਡਾਊਨ ਚੱਲ ਰਿਹਾ ਹੈ ਕੋਰੋਨਾ ਮਹਾਂਮਾਰੀ ਦੇ ਡਰ ਕਰਕੇ ਲੋਕ ਘਰਾਂ ਵਿੱਚ ਬੈਠਣ ਲਈ ਮਜਬੂਰ ਹੋ ਗਏ ਹਨ। 22 ਮਾਰਚ 2020 ਨੂੰ ਮਾਣਯੋਗ ਪ੍ਰਧਾਨ ਮੰਤਰੀ ਵੱਲੋਂ ਪੂਰੇ ਦੇਸ਼ ਵਿੱਚ ਜਨਤਾ ਕਰਫ਼ਿਊ ਲਗਾਉਣ ਦੇ ਫ਼ੈਸਲੇ ਮਗਰੋਂ, ਪੰਜਾਬ ਸਰਕਾਰ ਵੱਲੋਂ ਆਪਣੇ 23 ਮਾਰਚ ਤੋਂ ਪੰਜਾਬ ਮੁਕੰਮਲ ਬੰਦ ਕਰਨ ਦਾ ਸਲਾਹੁਣ ਯੋਗ ਫ਼ੈਸਲਾ ਲੈਂਦੇ ਹੋਏ, ਤੇ ਇਸ ਤੋਂ ਤੁਰੰਤ ਬਾਅਦ ਪੰਜਾਬ ਵਿੱਚ ਕਰਫ਼ਿਊ ਲਾਗੂ ਕਰਨਾ ਤੇ ਭਾਰਤ ਸਰਕਾਰ ਵੱਲੋਂ ਵੀ 21 ਦਿਨਾਂ ਲਈ ਪੂਰਾ ਦੇਸ਼ ਲਾਕ ਡਾਊਣ ਕਰਕੇ ਦੇਸ਼ ਵਾਸੀਆਂ ਦੇ ਹਿੱਤ ਲਈ ਠੋਸ ਫੈਸਲਿਆਂ ਨੂੰ ਲਾਗੂ ਕਰਨਾ ਬਹੁਤ ਹੀ ਸ਼ਲਾਘਾਯੋਗ ਕਦਮ ਸੀ। ਕਿਉਂਕਿ ਕਰੋਨਾ ਪਹਿਲਵਾਨ ਅੱਜ ਪੂਰੇ ਵਿਸ਼ਵ ਨੂੰ ਧੋਬੀ ਪਟਕੇ ਮਾਰ ਕੇ ਆਪਣੀ ਤਾਕਤ ਦਾ ਲੋਹਾ ਮਨਵਾ ਰਿਹਾ ਹੈ। ਦੁਨੀਆਂ ਦੀ ਮਹਾਂਸ਼ਕਤੀ ਕਹੇ ਜਾਣ ਵਾਲੇ ਦੇਸ਼ ਅਮਰੀਕਾ ਵਿੱਚ ਮਿਤੀ 28-04-2020 ਤੱਕ ਕਰੋਨਾ ਵਾਇਰਸ ਨਿਊਜ਼ ਦੇ ਅੰਕੜਿਆਂ ਮੁਤਾਬਿਕ ਸਾਰੇ ਵਿਸ਼ਵ ਵਿੱਚ 211792 ਮੌਤਾ, ਸਭ ਤੋਂ ਜ਼ਿਆਦਾ ਅਮਰੀਕਾ ਵਿੱਚ 56803 ਅਤੇ ਭਾਰਤ ਵਿੱਚ 939 ਦੇ ਕਰੀਬ ਮੌਤਾਂ ਹੋ ਚੁੱਕੀਆਂ ਹਨ। ਭਾਰਤ ਸਰਕਾਰ ਵੱਲੋਂ ਜੇਕਰ ਸਮਾਂ ਰਹਿੰਦੇ ਤਾਲਾਬੰਦੀ ਵਰਗੇ ਕਠੋਰ ਫੈਸਲੇ ਨਾਂ ਲਏ ਜਾਂਦੇ ਤਾਂ ਸਾਡੇ ਦੇਸ਼ ਦੀ ਸਥਿਤੀ, ਵੱਧ ਅਬਾਦੀ ਕਾਰਨ ਅਮਰੀਕਾ ਤੋਂ ਵੀ ਬਦਤਰ ਹੋਣੀ ਸੀ। ਸਾਡੇ ਕੋਲ ਆਪਣਿਆਂ ਦੀਆਂ ਲਾਸ਼ਾਂ ਨੂੰ ਸੰਭਾਲਣ ਲਈ ਜਗ੍ਹਾਂ ਨਹੀਂ ਲੱਭਣੀ ਸੀ। ਇਸ ਲਾਕ ਡਾਊਨ ਤੇ ਕਰਫਿਊ ਕਾਰਨ ਤੇਜ਼ ਰਫ਼ਤਾਰ ਚਲਦੀ ਜ਼ਿੰਦਗੀ ਦਾ ਅਚਾਨਕ ਚੱਕਾ ਜਾਮ ਹੋ ਜਾਣਾ, ਅਜਿਹਾ ਸ਼ਾਇਦ ਸੰਸਾਰ ਪੱਧਰ ਤੇ ਇਸ ਮਹਾਂਮਾਰੀ ਕਰਕੇ ਪਹਿਲੀ ਵਾਰ ਹੀ ਹੋਇਆ ਹੈ। ਆਉ ਜਾਣਦੇ ਹਾਂ ਕੋਰੋਨਾ ਮਹਾਂਮਾਰੀ ਬਾਰੇ ਵੱਖ ਵੱਖ ਸਖਸ਼ੀਅਤਾਂ ਦੇ ਵਿਚਾਰ।

**''ਇਸ ਮਹਾਂਮਾਰੀ ਦਾ ਖਮਿਆਜ਼ਾ ਕਿਰਤੀ ਤੇ ਦਰਮਿਆਨੇ ਵਰਗ ਨੂੰ ਵੱਧ ਭੁਗਤਨਾ ਪਵੇਗਾ'': ਰਾਜ ਕੁਮਾਰ ਗਰਗ**

ਸਾਰੇ ਕੰਮ ਧੰਦੇ ਅਚਾਨਕ ਬੰਦ ਹੋ ਜਾਣ ਕਾਰਨ ਕਿਰਤੀ ਵਰਗ ਦੀ ਜੋ ਦੁਰਦਸ਼ਾ ਹੋ ਰਹੀ ਹੈ ਉਹ ਦਿਲ ਕੰਬਾਊ



ਹੈ ਦਾਨ ਦੀ ਦਾਲ ਤੇ ਆਟੇ ਨਾਲ ਆਪਣੇ ਟੱਬਰ ਦੇ ਪੇਟ ਨੂੰ ਝੋਕਾ ਦੇਣ ਲਈ ਨਾ ਚਾਹੁੰਦੇ ਹੋਏ ਵੀ ਵਿਚਾਰਿਆਂ ਦੀਆਂ ਲਾਇਨਾਂ ਵਿੱਚ ਲੱਗਣ ਲਈ ਆਪਣੀ ਜ਼ਮੀਰ ਨੂੰ ਮਾਸਕ ਥੱਲੇ ਲੁਕੋਈ ਫਿਰਦਾ ਹੈ। ਕਾਰਖਾਨਿਆਂ ਦੀ ਠੱਕ ਠੱਕ ਬੰਦ ਹੋਣ ਨਾਲ ਦੇਸ਼ ਹੀ ਨਹੀਂ ਪੂਰੀ ਦੁਨੀਆਂ ਦੀ ਅਰਥ ਵਿਵਸਥਾ ਲੜਖੜਾ ਕੇ ਧੜੰਮ ਦੇਣੇ ਡਿੱਗਣ ਨਾਲ ਅੱਜ ਕਿਰਤੀ ਤੇ ਦਰਮਿਆਨਾਂ ਵਰਗ ਸੱਚੇ ਪਾਤਸ਼ਾਹ ਅੱਗੇ ਹੱਥ ਜੋੜ ਅਰਦਾਸਾ ਕਰਨ ਲਈ ਮਜ਼ਬੂਰ ਹੈ। ਕਿਉਂਕਿ ਬੰਦੇ ਦੇ ਵੱਸ ਤੋਂ ਬਾਹਰ ਦੀ ਗੱਲ ਹੋ ਚੁੱਕੀ ਹੈ। ਦਰਮਿਆਨੇ ਵਰਗ ਨੂੰ ਆਉਣ ਵਾਲੇ ਕੁੱਝ ਮਹੀਨਿਆਂ ਵਿੱਚ ਇਸ ਦੀ ਮਾਰ ਦੀ ਕੀਮਤ ਦੂਜੇ ਦੋਨਾਂ ਵਰਗਾ ਤੋਂ ਵੱਧ ਤਾਰਨੀ ਪਵੇਗੀ। ਤੇਜ਼ ਰਫ਼ਤਾਰ ਚਲਦੀ ਗੱਡੀ ਵਿਚ ਤਾਂ ਦਰਮਿਆਨਾ ਵਰਗ ਇਧਰੋਂ- ਉਧਰੋਂ ਲੈ ਦੇ ਕਰਕੇ ਆਪਣਾ ਡੰਗ ਟਪਾ ਕੇ ਤਰੱਕੀ ਕਰਨ ਦੇ ਵੱਡੇ ਸੁਪਨੇ ਪਾਲੀ ਬੈਠਾ ਸੀ। ਪਰੰਤੂ ਇਸ ਕੁਦਰਤੀ ਮਾਰ ਨੇ ਉਸਦਾ ਆਰਥਿਕ ਤੌਰ ਤੇ ਲੱਕ ਤੋੜਕੇ, ਹੋਰ ਕਰਜ਼ਿਆਂ ਦੇ ਬੋਝ ਨੂੰ ਚੁੱਕਣ ਲਈ ਮਜ਼ਬੂਰ ਕਰ ਦੇਣਾ ਹੈ। ਕਿਉਂਕਿ ਉਹ ਤਾਂ ਪਹਿਲਾਂ ਹੀ ਆਪਣੀਆਂ ਦਿਖਾਵੇ ਵਾਲੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਕਰਜੇ ਦੀਆਂ ਪੰਡਾਂ ਨੂੰ ਸਿਰ ਚੁੱਕੀ ਫਿਰਦਾ ਸੀ।

**''ਕਰੋਨਾ ਪਹਿਲਵਾਨ ਦੇ ਸਾਹਮਣੇ ਸਾਰੀ ਵਿਗਿਆਨ ਤੇ ਟੈਕਨਾਲੋਜੀ ਬੋਣੇ ਜਾਪੇ'' : ਲੇਖਕ ਜਗਜੀਤ ਸਿੰਘ ਕੰਡਾ**

ਤਾਲਾਬੰਦੀ ਤੇ ਕਰਫਿਊ ਦੇ ਇਸ ਗੁਜ਼ਰ ਚੁੱਕੇ ਸਮੇਂ ਦੌਰਾਨ ਕੁਦਰਤੀ ਮਹਾਂਮਾਰੀ ਦੇ ਚਲਦਿਆਂ ਸਾਡੀ ਜ਼ਿੰਦਗੀ ਵਿੱਚ



ਬਹੁਤ ਅਹਿਮ ਮੋੜ ਆਏ, ਜਿਨ੍ਹਾਂ ਤੋਂ ਸਾਨੂੰ ਸਿੱਖਣ ਲਈ ਬਹੁਤ ਕੁਝ ਮਿਲਿਆ ਹੈ ਇਸ ਕਰੋਨਾ ਪਹਿਲਵਾਨ ਦੇ ਸਾਹ- ਮਣੇ ਸਾਰੀ ਵਿਗਿਆਨ ਤੇ ਟੈਕਨਾਲੋਜੀ, ਫੇਲ੍ਹ ਹੋਣ ਕਾਰਨ ਹੁਣ ਦਿਨ ਰਾਤ ਕੁਦਰਤ ਨਾਲ ਛੇੜਛਾੜ ਨਾਂ ਕਰਨ ਦੀਆਂ ਸੌਹਾਂ ਖਾ ਕੇ ਆਪਣੇ ਆਪ ਨੂੰ ਧਰਵਾਸਾ ਦੇ ਰਿਹਾ ਹੈ। ਕਿਉਂਕਿ ਕਰੋਨਾ ਨੇ ਦੁਨੀਆਂ ਦੇ ਅਣੂ- ਪ੍ਰਮਾਣੂ ਤੇ ਹੋਰ ਪਤਾ ਨਹੀਂ ਕੀ-ਕੀ ਸਾਰੇ ਰਸਾਇਣਕ ਹਥਿਆਰ ਜੋ ਬੰਦੇ ਨੂੰ ਮਾਰਨ ਲਈ ਬਣਾਏ ਸਨ, ਫੇਲ ਹੀ ਹੋ ਗਏ ਜਾਪਦੇ ਹਨ। ਇਹ ਨੰਗੀ ਅੱਖ ਨਾਲ ਨਾ ਦਿਸਣ ਵਾਲਾ ਕਰੋਨਾ ਸਭ ਤੋਂ ਛੋਟਾ ਤੇ ਹਲਕਾ ਹੋਣ ਦੇ ਬਾਵਜੂਦ ਓਹਨਾਂ ਸਭ ਹਥਿਆਰਾਂ ਤੇ ਭਾਰੀ ਪੈਂਦਾ ਨਜ਼ਰ ਆ ਰਿਹਾ ਹੈ।ਬੰਦੇ ਨੂੰ ਸਮਝਾਉਂਣ ਲਈ ਰੱਬ ਦੇ ਆਪਣੇ ਹੀ ਢੰਗ ਤਰੀਕੇ ਤੇ ਕਾਇਦੇ ਕਾਨੂੰਨ ਹਨ।

**''ਇਸ ਤਾਲਾਬੰਦੀ ਦੋਰਾਨ ਸਿਰਫ਼ ਬੰਦਾ ਹੀ ਬੰਦੇ ਦੇ ਕੰਮ ਆਇਆ'': ਅਧਿਆਪਕ ਪ੍ਰਮੋਦ ਧੀਰ ਜੈਤੋ**



ਇਨ੍ਹਾਂ ਦਿਨਾਂ ਵਿਚ ਮਹਿਸੂਸ ਕੀਤਾ ਗਿਆ ਹੈ ਕਿ ਜਿਹੜੇ ਆਦਮੀ ਰੋਜ਼ਾਨਾ ਥੱਬਾ ਗੋਲੀਆਂ ਦਾ ਖਾਂਦੇ ਸੀ, ਉਹ ਹੁਣ ਯੋਗ ਅਭਿਆਸ ਜਾ ਪ੍ਰਾਣਾਯਾਮ ਕਰਕੇ ਆਪਣੀ ਸਿਹਤ ਨੂੰ ਪਹਿਲਾਂ ਨਾਲੋਂ ਵੀ ਵੱਧ ਤੰ- ਦਰੁਸਤ ਰੱਖ ਰਹੇ ਹਨ। ਬਹੁਤਿਆਂ ਨੇ ਇਸ ਸਮੇਂ ਦਾ ਫਾਇਦਾ ਲੈਂਦੇ ਹੋਏ ਆਪਣ- ਿਆਂ ਵਧੀਆਂ ਹੋਈਆਂ ਗੋਗੜਾਂ ਨੂੰ ਘਟਾਕੇ ਡਾਕਟਰਾਂ ਨੂੰ ਫਤਿਹ ਬੁਲਾਈ ਹੈ। ਘਰ ਬੈਠਕੇ ਜਨਤਾ ਨੂੰ ਸ਼ੌਕ ਪੂਰੇ ਕਰਨ ਦਾ ਮੌਕਾ ਪਰਮਾਤਮਾ ਨੇ ਦੇ ਦਿੱਤਾ ਹੈ, ਜੋ ਲੋਕ ਪੈਸੇ ਦੇ ਪੁੱਤ ਬਣ ਗਏ ਸੀ, ਤੇ ਕਹਿੰਦੇ ਸਨ ਕਿ ਪੈਸਾ ਹੀ ਸਭ ਕੁਝ ਹੈ ਅੱਜ ਰੱਬ ਨੇ ਉਨ੍ਹਾਂ ਦੇ ਸਾਰੇ ਵਹਿਮ ਦੂਰ ਕਰਕੇ ਇਹ ਮਨਵਾ ਦਿੱਤਾ ਹੈ ਕਿ ਇਨਸਾਨੀਅਤ ਤੋਂ ਵੱਡਾ ਕੁੱਝ ਵੀ ਨਹੀਂ ਹੈ। ਕਿਉਂਕਿ ਇਸ ਸਮੇਂ ਪੈਸਾ ਤਾਂ ਕਿਸੇ ਦੇ ਕੰਮ ਆਇਆ ਹੀ ਨਹੀਂ, ਸਿਰਫ ਬੰਦਾ ਹੀ ਬੰਦੇ ਦੇ ਕੰਮ ਆਇਆ ਹੈ। ਕਿਉਂਕਿ ਇਨਸਾਨ ਵਾਹਿਗੁਰੂ ਪਰਮਾਤਮਾ ਨੂੰ ਭੁੱਲ ਦਿਨ ਰਾਤ ਪੈਸੇ ਦੀ ਦੌੜ ਵਿਚ ਲੱਗਕੇ ਸਭ ਰਿਸ਼ਤੇ ਨਾਤਿਆਂ ਨੂੰ ਪੈਸੇ ਨਾਲ ਤੋਲਣ ਲੱਗ ਪਿਆ ਸੀ। ਹੁਣ ਕੁਦਰਤ ਨੇ ਕਰੋਨਾ ਰਾਹੀਂ ਬੰਦੇ ਦੇ ਸਭ ਭਰਮ ਭੁਲੇਖੇ ਦੂਰ ਕਰਕੇ ਰਿਸ਼ਤੇ ਨਾਤੇ ਮੁੜ ਦੁਬਾਰਾ ਯਾਦ ਕਰਵਾ ਦਿੱਤੇ ਹਨ। ਅਸੀਂ ਆਪਣੇ ਆਪ ਨੂੰ ਦੂਸਰਿਆਂ ਤੋਂ ਅਲੱਗ ਹੀ ਸਮਝਣ ਲੱਗ ਪਏ ਸਾਂ।

**'ਇਸ ਲਾਕ ਡਾਊਨ ਦੋਰਾਂਨ ਵਾਤਾਵਰਨ ਕੁਦਰਤੀ ਤੌਰ ਤੇ ਸ਼ੁੱਧ ਹੋਇਆ ਹੈ'': ਦਵਿੰਦਰ ਅਰਸ਼ੀ**

ਤਾਲਾਬੰਦੀ ਦੇ ਇਸ ਸਮੇਂ ਦੋਰਾਨ ਆਵਾਜ਼ ਪ੍ਰਦੂਸ਼ਣ, ਗੱਡੀਆਂ ਬੱਸਾਂ ਤੇ ਫੈਕਟਰੀਆਂ ਦੇ ਧੂੰਏ ਤੇ ਕੈਮੀਕਲ



ਦੇ ਰਿਸਾਵ ਦਾ ਪ੍ਰਦੂਸ਼ਣ ਆਦਿ ਬੰਦ ਹੋਣ ਕਾਰਨ ਸਾਰਾ ਵਾਤਾਵਰਨ ਸਾਹ ਲੈਣ ਦੇ ਕਾਬਲ ਬਣ ਚੁੱਕਾ ਹੈ। ਆਸਮਾਨ ਗੂੜੇ ਨੀਲੇ ਰੰਗ ਦਾ ਨਜ਼ਰ ਆਉਣ ਲੱਗ ਪਿਆ ਹੈ। ਇਸ ਪੰਜ ਦ- ਰਆਵਾਂ ਦੀ ਧਰਤੀ ਦੇ ਪਵਿੱਤਰ ਪਾਣੀਆਂ ਵਿੱਚ ਇਨਸਾਨ ਵੱਲੋਂ ਜੋ ਗੰਦਗੀ ਤੇ ਕੈਮੀਕਲ ਆਦਿ ਵਾਲੇ ਪਲੀਤ ਪਾਣੀ ਮਿਲਾ ਕੇ ਦਰਿਆਵਾਂ ਦੇ ਪਾਣੀਆਂ ਨੂੰ ਦੂਸ਼ਿਤ ਕਰਕੇ ਪੀਣਯੋਗ ਨਹੀਂ ਰਹਿਣ ਦਿੱਤਾ ਸੀ, ਇਸ ਤਾਲਾਬੰਦੀ ਦੌਰਾਨ ਉਹ ਫਿਰ ਸਾਫ ਤੇ ਪਵਿੱਤਰ ਹੋਕੇ ਚਾਂਦੀ-ਰੰਗੇ ਬਣਕੇ ਕੁਦਰਤੀ ਤੌਰ ਤੇ ਵਗ ਰਹੇ ਹਨ। ਆਜ਼ਾਦ ਪੰਛੀਆਂ ਨੂੰ ਕੁਦਰਤ ਨਾਲ ਖੁੱਲਕੇ ਮਿਲਣ ਦਾ ਮਸਾਂ ਹੀ ਸਬੱਬ ਬਣਿਆ ਹੈ। ਜੀਵ ਜੰਤੂ ਕੁਦਰਤ ਦੀ ਸੁਹਾਵੀ ਗੋਦ ਦਾ ਆਨੰਦ ਮਾਣਨ ਵਿੱਚ ਮਸਤ ਹਨ, ਤੇ ਸ਼ਿਕਾਰੀ ਘਰੇਲੂ ਪਿੰਜਰਿਆਂ ਵਿਚ ਬੰਦ ਛਟਪਟਾ ਰਹੇ ਹਨ। ਮਹਿੰਗੇ ਰੈਸਟੋਰੈਂਟ ਤੇ ਸ਼ਾਪਿੰਗ ਮਾਲ ਉਜੜੇ ਜਾਪਦੇ ਹਨ।ਅੰਬਰਾਂ ਵਿਚ ਹਿੱਕ ਚੀਰਨੇ ਜਹਾਜ਼ ਸ਼ਾਂਤ ਚਿੱਤ ਗੂੜ੍ਹੀ ਨੀਂਦੇ ਹਨ, ਉਨ੍ਹਾਂ ਦੀ ਥਾਂ ਪੰਛੀ ਆਪਣੇ ਖੰਭ ਖਿਲਾਰੀ ਉਡਾਰੀਆਂ ਮਾਰ ਰਹੇ ਹਨ।

**''ਇਸ ਤਾਲਾਬੰਦੀ ਨੂੰ ਨੌਜਵਾਨ ਪੀੜ੍ਹੀ ਵੱਲੋਂ ਟਿੱਚ ਜਾਣਿਆ ਜਾ ਰਿਹਾ ਹੈ'' : ਜਗਜੀਵਨ ਰਾਮ ਮੋਗਾ**

ਭਾਵੇਂ ਸੰਸਾਰ ਵਿੱਚ ਅੱਜ ਕਿਧਰੇ ਵੀ ਜੰਗ ਨਹੀਂ ਹੋ ਰਹੀ, ਪਰ ਹਰ ਪਾਸੇ ਮੌਤ ਦਾ ਨੰਗਾ ਨਾਚ ਹੋ ਰਿਹਾ ਹੈ, ਲੋਥਾਂ ਦੀ ਇਹੋ ਜਿਹੀ ਬੇਅਦਬੀ ਤਾਂ ਸੰਸਾਰ ਜੰਗਾਂ ਦੌਰਾਨ ਵੀ ਨਹੀਂ ਹੋਈ ਸੀ। ਖਤਰਾ ਅਜੇ ਵੀ ਟਲਿਆ ਨਹੀਂ ਹੈ। ਸਮਾਜਿਕ ਦੂਰੀ ਬਣ ਕੇ ਬਣਾ ਕੇ ਰੱਖਣ ਦੀਆਂ ਸਰਕਾਰੀ ਅਪੀਲਾਂ ਨੂੰ ਮੁਡੀਹਰ ਵੱਲੋਂ ਅੱਜ ਵੀ ਟਿੱਚ ਜਾਣਿਆ ਜਾ ਰਿਹਾ ਹੈ। ਜਿਸ ਦੇ ਨਤੀਜੇ ਕਿਸੇ ਸਮੇਂ ਵੀ ਰੱਬ ਨਾ ਕਰੇ ਜਵਾਲਾਮੁਖੀ ਵਰਗੇ ਹੋ ਸਕਦੇ ਹਨ।



ਸਾਨੂੰ ਸਾਰਿਆਂ ਨੂੰ ਸੋਚਣਾ ਚਾਹੀਦਾ ਹੈ ਕਿ ਕਰੋਨਾ ਵਾਇਰਸ ਸਬੰਧੀ ਅਸੂਲਾਂ ਨੂੰ ਮੰ- ਨਆ ਜਾਵੇ ਜਿਸ ਤਰ੍ਹਾਂ ਕਰੋਨਾ ਪੌਜ਼ਿਟਿਵ ਇਨਸਾਨ ਆਪਣੇ ਸੰਪਰਕ ਵਿਚ ਆਏ ਕਿਸੇ ਵੀ ਹੋਰ ਇਨਸਾਨ ਨੂੰ ਪਾਜੇਟਿਵ ਕਰ ਦਿੰਦਾ ਹੈ, ਠੀਕ ਇਸੇ ਤਰ੍ਹਾਂ ਪਰਮਾਤਮਾ ਵੱਲੋਂ ਸਾਨੂੰ ਇਸ ਤਾਲਾਬੰਦੀ ਦੌਰਾਨ ਪਾਜੇਟਿਵ ਅਨਰਜੀ ਦਿੱਤੀ ਹੈ, ਹੁਣ ਅਸੀਂ ਇਸ ਨੂੰ ਸੰਭਾਲ ਕੇ ਰੱਖੀਏ ਤੇ ਜ਼ਿੰਦਗੀ ਆਮ ਦੀ ਤਰ੍ਹਾਂ ਚੱਲਣ ਤੋਂ ਬਾਅਦ ਇਸ ਪਾਜੇਟਿਵ ਅਨਰਜੀ ਦਾ ਬੀਜ ਸਮਾਜ ਵਿਚ ਬੀਜ ਕੇ ਮੋਹ ਮੁਹੱਬਤ ਦਾ ਪਾਣੀ ਦੇਕੇ, ਇਸਨੂੰ ਵੱਡਾ ਕਰਕੇ ਇਕ ਨਰੋਆ ਅਤੇ ਸਿਹਤਮੰਦ ਸਮਾਜ ਸਿਰਜੀਏ।

**''ਐਜੂਕੇਸ਼ਨ ਸਿਸਟਮ ਵਿੱਚ ਕਰੋਨਾ ਵਿਸ਼ਾ ਲਾਗੂ ਹੋਣਾ ਚਾਹੀਦੈ'' : ਜਸਬੀਰ ਸਿੰਘ ਜੱਸੀ**

ਸਰਕਾਰ ਐਜੂਕੇਸ਼ਨ ਸਿਸਟਮ ਵਿੱਚ ਇਹ ਵਿਸ਼ਾ ਲਾਗੂ ਕਰਵਾਏ ਤਾਂ ਜੋ ਵਿਦਿਅਰਥੀਆਂ ਨੂੰ ਇਹ ਜਾਣਕਾਰੀ ਹੋਵੇ



ਕਿ ਇਹੋ ਜਿਹੀਆਂ ਅਣਕਿਆਸੀਆਂ ਮਹਾਂਮਾਰੀਆਂ ਤੇ ਕਿਵੇਂ ਕਾਬੂ ਪਾਉਣਾ ਹੈ। ਬਹੁਤ ਲੋਕ ਇਹ ਸਮਝਦੇ ਹਨ ਕਿ ਸਰਕਾਰ ਸਾਡੇ ਲਈ ਕੁੱਝ ਨਹੀਂ ਕਰ ਰਹੀ, ਲੋਕ ਮਰ ਰਹੇ ਹਨ, ਪਰ ਦੂਜੇ ਪਾਸੇ ਅਮਰੀਕਾ ਵਰਗੇ ਦੇਸ਼ ਅੰਦਰ ਦੁਨੀਆਂ ਵਿੱਚ ਸਭ ਤੋਂ ਜ਼ਿਆਦਾ ਮੌਤਾਂ ਹੋ ਰਹੀਆਂ ਹਨ ਅਜਿਹਾ ਨਹੀਂ ਹੈ, ਗਰਾਊਡ ਜ਼ੀਰੋ ਤੇ ਜਾ ਕੇ ਦੇਖਿਆ ਕਿ ਸਾਰਾ ਸ਼ਾਸ਼ਨ ਤੇ ਪ੍ਰਸ਼ਾਸ਼ਨ ਅੱਜ ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਪੰਜਾਬ ਵਾਸੀਆਂ ਲਈ ਦਿਨ ਰਾਤ ਇੱਕ ਕਰਕੇ ਸੇਵਾ ਵਿੱਚ ਲੱਗਾ ਹੋਇਆ ਹੈ। ਸੋ ਆਓ ਸਾਰੇ ਦੇਸ਼ ਵਾਸੀ ਰਲ ਕੇ ਪ੍ਰਮਾਤਮਾ ਦੇ ਚਰਨਾਂ ਵਿੱਚ ਅਰਦਾਸ ਕਰੀਏ ਕਿ ਸਮੂਹ ਸੰਸਾਰ ਦੇ ਵਾਸੀਆਂ ਨੂੰ ਇਸ ਕੋਰੋਨਾ ਮਹਾਂਮਾਰੀ ਤੋਂ ਤੁਰੰਤ ਛੁਟਕਾਰਾ ਦਵਾ ਕੇ ਜਿੰਦਗੀ ਦੀ ਗੱਡੀ ਪਹਿਲਾਂ ਵਾਂਗ ਵਧੀਆ ਤਰੀਕੇ ਨਾਲ ਜਾਰੀ ਰੱਖੋ।

**- ਅਸ਼ੋਕ ਧੀਰ**

# ਪ੍ਰੈੱਸ ਨੂੰ ਆਖਿਰ ਕਦੋਂ ਮਿਲੇਗੀ ਆਜ਼ਾਦੀ, ਸੁਰੱਖਿਆ ਤੇ ਹੋਰ ਸਹੂਲਤਾਂ?

ਲੋਕਤੰਤਰ ਦਾ ਚੌਥਾ ਥੰਮ ਕਹੀ ਜਾਣ ਵਾਲੀ ਪ੍ਰੈੱਸ ਦੀ ਆਜਾਦੀ ਦੇਸ਼ ਤੇ ਸਮਾਜ ਦੀ ਆਜ਼ਾਦੀ ਹੈ। ਇਸ ਲਈ ਪ੍ਰੈੱਸ ਦੀ ਅਜ਼ਾਦੀ ਬਹੁਤ ਜਰੂਰੀ ਹੈ। ਬਿਨਾਂ ਜਿੰਮੇਵਾਰੀ ਦੇ ਕਿਸੇ ਵੀ ਤਰ੍ਹਾਂ ਦੀ ਆਜ਼ਾਦੀ ਲਾਭਕਾਰੀ ਨਹੀਂ ਹੁੰਦੀ। ਮੀਡੀਆਂ ਦਾ ਕੰਮ ਜਨਤਾ ਦੀ ਅਵਾਜ਼ ਬਣਨਾ ਹੈ। ਜਨਤਾ ਦੀਆਂ ਮੁਸ਼ਕਲਾ ਨੂੰ ਉਜਾਗਰ ਕਰਨਾ ਹੈ। ਤਿੰਨ ਮਈ ਦਾ ਦਿਨ ਵਿਸ਼ਵ ਪ੍ਰੈੱਸ ਦਿਵਸ ਅਤੇ ਵਿਸ਼ਵ ਪ੍ਰੈੱਸ ਆਜ਼ਾਦੀ ਦਿਵਸ ਦੇ ਤੌਰ ਤੇ ਮਨਾਇਆ ਜਾਂਦਾ ਹੈ। ਸੰਨ 1993 ਵਿੱਚ ਸੰਯੁਕਤ ਰਾਸ਼ਟਰ ਨੇ 3 ਮਈ ਨੂੰ ਪ੍ਰੈੱਸ ਆਜ਼ਾਦੀ ਦਿਵਸ ਐਲਾਨਿਆ ਸੀ। ਭਾਰਤ ਨੂੰ ਆਜ਼ਾਦ ਕਰਾਉਣ ਵਿੱਚ ਪ੍ਰੈਸ ਨੇ ਅਹਿਮ ਭੂਮਿਕਾ ਨਿਭਾਈ ਸੀ। ਸਹੀ ਪੱਤਰਕਾਰ ਦੀ ਸੋਚ ਹਮੇਸ਼ਾ ਇਹੀ ਰਾਗ ਅਲਾਪਦੀ ਹੈ ''ਸਿਰ ਜਾਏ ਤਾਂ ਜਾਏ ਪਰ ਫਰਜ਼ ਨਾ ਜਾਏ'' ।

ਅੱਜ ਕੱਲ ਕੋਰੋਨਾ ਮਹਾਂਮਾਰੀ ਕਾਰਨ ਪੂਰੇ ਪੰਜਾਬ ਵਿੱਚ ਕਰਫਿਊ ਚੱਲ ਰਿਹਾ ਹੈ ਤੇ ਭਾਰਤ ਸਮੇਤ ਸੰਸਾਰ ਭਰ ਵਿੱਚ ਲਾਕ ਲਾਊਨ ਚੱਲ ਰਿਹਾ ਹੈ ਪਰ ਫਿਰ ਵੀ ਪੱਤਰਕਾਰ ਆਪਣੀ ਜਾਣ ਦੀ ਪ੍ਰਵਾਹ ਕੀਤੇ ਬਗੈਰ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ। ਪਰ ਅੱਜ ਕੱਲ ਸੱਚ ਦਾ ਸਾਥ ਦੇਣ ਵਾਲੇ ਪੱਤਰਕਾਰਾਂ 'ਤੇ ਹੋ ਰਹੇ ਹਮਲੇ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ ਜਿਸ ਕਾਰਣ ਪੱਤਰਕਾਰਾਂ ਵਿੱਚ ਵੀ ਸਹਿਮ ਦਾ ਮਾਹੌਲ ਹੈ। ਸਰਕਾਰ ਨੂੰ ਪੱਤਰਕਾਰਾਂ ਨੂੰ ਸੁਰੱਖਿਆ ਮਹੱਈਆ ਕਰਵਾਉਣੀ ਚਾਹੀਦੀ ਹੈ ਤਾਂ ਕਿ ਉਹ ਨਿੱਡਰ ਹੋ ਕੇ ਸੱਚ ਲੋਕਾਂ ਸਾਹਮਣੇ ਲਿਆ ਸਕਣ। ਮੀਡੀਆ ਸਰਕਾਰਾਂ ਨੂੰ ਉਹਨਾਂ ਦੀਆਂ ਪ੍ਰਾਪਤੀਆਂ ਤੇ ਟੀਚਿਆਂ ਤੋ ਇਲਾਵਾਂ ਉਹਨ੍ਹਾਂ ਦੀਆਂ ਕਮੀਆਂ ਤੋ ਵੀ ਜਾਣੂ ਕਰਵਾਉਂਦਾ ਹੈ। ਅਜੋਕੇ ਸਮੇਂ 'ਚ ਮਜਬੂਰੀ ਵੱਸ ਮੀਡੀਆਂ ਵੱਲੋਂ ਆਪਣੀ ਜਿੰਮੇਵਾਰੀ ਸਹੀ ਢੰਗ ਨਾਲ ਨਹੀਂ ਨਿਭਾਈ ਜਾ ਰਹੀ।

ਪੱਤਰਕਾਰਾਂ ਨੂੰ ਅਖਬਾਰਾਂ ਦੇ ਅਦਾਰਿਆਂ ਵੱਲੋਂ ਕੋਈ ਵੀ ਮਿਹਨਤਾਨਾ ਨਹੀਂ ਦਿੱਤਾ ਜਾਂਦਾ ਸਿਰਫ ਕੁਝ ਕੁ ਅਖਬਾਰਾਂ 'ਤੇ ਚੈਨਲਾਂ ਵੱਲੋਂ ਬਿਲਕੁਲ ਨਾਂ ਮਾਤਰ ਭੱਤਾ ਦਿੱਤਾ ਜਾਂਦਾ ਹੈ ਜਿਸ ਕਾਰਣ ਪੱਤਰਕਾਰਾਂ ਦਾ ਗੁਜਾਰਾ ਕਰਨਾ ਤੇ ਪਰਿਵਾਰ ਦਾ ਪਾਲਣ ਪੋਸ਼ਣ ਕਰਨਾ ਬਹੁਤ ਹੀ ਮੁਸ਼ਕਲ ਹੈ। ਉਲਟਾ ਅਦਾਰਿਆਂ ਵੱਲੋਂ ਪੱਤਰਕਾਰਾਂ ਨੂੰ ਵੱਧ ਤੋਂ ਵੱਧ ਸਪਲੀਮੈਂਟ ਕੱਢਣ ਲਈ ਮਜ਼ਬੂਰ ਕੀਤਾ ਜਾਂਦਾ ਹੈ ਅਤੇ ਸਰਕੁਲੇਸ਼ਨ ਵਧਾਉਣ ਲਈ ਜ਼ੋਰ ਪਾਇਆ ਜਾਂਦਾ ਹੈ। ਹੁਣ




ਪੱਤਰਕਾਰਾਂ ਨੂੰ ਸਪਲੀਮੈਂਟ ਵੀ ਉਹੀ ਲੋਕ, ਸੰਸਥਾਵਾਂ, ਰਾਜਨੀਤਿਕ, ਵਪਾਰਕ ਅਦਾਰੇ,ਅਫਸਰ ਆਦਿ ਦਿੰਦੇ ਹਨ ਜਿੰਨਾਂ ਨੇ ਪੱਤਰਕਾਰਾਂ ਤੋਂ ਆਪਣੇ ਹੱਕ ਵਿੱਚ ਖਬਰਾਂ ਲਗਾਉਣੀਆਂ ਹੁੰਦੀਆਂ ਹਨ। ਜੇਕਰ ਪੱਤਰਕਾਰ ਕੋਲ ਕਿਸੇ ਦੇ ਖਿਲਾਫ ਖਬਰ ਆ ਵੀ ਜਾਵੇ ਤਾਂ ਉਸ ਦੀ ਮਜਬੂਰੀ ਬਣ ਜਾਂਦੀ ਹੈ ਖਬਰ ਰੋਕਣ ਲਈ ਕਿਉਂਕਿ ਉਸਨੇ ਉਸੇ ਆਸਾਮੀ ਤੋਂ ਸਪਲੀਮੈਂਟ ਲਿਆ ਹੁੰਦਾ ਹੈ ਜਾਂ ਲੈਣਾ ਹੁੰਦਾ ਹੈ। ਇਹਨਾਂ ਸਮੱਸਿਆਵਾਂ ਦੇ ਹੱਲ ਲਈ ਅਤੇ ਪ੍ਰੈੱਸ ਦੀ ਆਜ਼ਾਦੀ ਲਈ ਸਰਕਾਰ ਨੂੰ ਇਸ ਤਰਾਂ ਦੇ ਨਿਯਮ ਬਣਾਉਣੇ ਚਾਹੀਦੇ ਹਨ ਕਿ ਹਰ ਇੱਕ ਪੱਤਰਕਾਰ ਨੂੰ ਸਰਕਾਰੀ ਮੁਲਾਜ਼ਮਾ ਵਾਂਗ ਪੂਰੀਆਂ ਤਨਖਾਹਾਂ ਅਤੇ ਬਣਦੀਆਂ ਸਹੂਲਤਾਂ ਦਿੱਤੀਆਂ ਜਾਣ। ਕਿਉਂਕਿ ਪੱਤਰਕਾਰ ਲੋਕਤੰਤਰ ਦਾ ਚੌਥਾ ਥੰਮ ਗਿਣੇ ਜਾਂਦੇ ਹਨ। ਅਖਬਾਰਾਂ ਅਤੇ ਚੈਨਲਾਂ ਦੇ ਅਦਾਰਿਆਂ ਨੂੰ ਵੀ ਚਾਹੀਦਾ ਹੈ ਕਿ ਪੱਤਰਕਾਰਾਂ ਨੂੰ ਸਪਲੀਮੈਂਟ ਕੱਢਣ ਜਾਂ ਸਰਕੁਲੇਸ਼ਨ ਵਧਾਉਣ ਲਈ ਕਹਿਣ ਦੀ ਬਜਾਏ ਹੋਰ ਨਵੇਂ ਮੁਲਾਜ਼ਮਾਂ ਨੂੰ ਇਹਨਾਂ ਕੰਮਾਂ ਲਈ ਭਰਤੀ ਕੀਤਾ ਜਾਵੇ ਤਾਂ ਕਿ ਪੱਤਰਕਾਰ ਤਣਾਅ ਮੁਕਤ ਅਤੇ ਨਿੱਡਰ ਹੋ ਕੇ ਖਬਰਾਂ ਲਗਾ ਸਕਣ ਅਤੇ ਪ੍ਰੈੱਸ ਦੀ ਆਜ਼ਾਦੀ ਨੂੰ ਬਹਾਲ ਕੀਤਾ ਜਾ ਸਕੇ।



ਪ੍ਰਮੋਦ ਧੀਰ, ਜੈਤੋ ਮੰਡੀ
91-98550-31081

ਉਹ ਲੇਖਕ ਜੋ ਅਖਬਾਰਾਂ ਵਿੱਚ ਲੇਖ, ਕਵਿਤਾ, ਕਹਾਣੀਆਂ, ਨਾਟਕ ਆਦਿ ਭੇਜ ਕੇ ਪੰਜਾਬੀ ਮਾਂ ਬੋਲੀ ਦੀ ਸੇਵਾ ਕਰ ਰਹੇ ਹਨ ਉਹਨਾਂ ਨੂੰ ਵੀ ਸਰਕਾਰਾਂ ਵੱਲੋਂ ਪੂਰਾ ਸਹਿਯੋਗ ਦੇਣਾ ਚਾਹੀਦਾ ਹੈ। ਸਰਕਾਰੀ ਮੁਲਾਜਮਾਂ ਨੂੰ ਵੀ ਲੇਖਕ ਦੇ ਤੌਰ ਤੇ ਅਖਬਾਰਾਂ ਵਿੱਚ ਲੇਖ, ਕਵਿਤਾਵਾਂ, ਕਹਾਣੀਆਂ ਆਦਿ ਛਪਵਾਉਣ ਤੇ ਕੋਈ ਪਾਬੰਦੀ ਨਹੀਂ ਹੋਣੀ ਚਾਹੀਦੀ ਸਗੋਂ ਹਰੇਕ ਲੇਖਕ ਨੂੰ ਪੰਜਾਬ ਮਾਂ ਬੋਲੀ ਦੀ ਸੇਵਾ ਕਰਨ ਦੀ ਖੁੱਲ੍ਹ ਹੋਣੀ ਚਾਹੀਦੀ ਹੈ ਅਤੇ ਲੇਖਕਾਂ, ਕਵੀਆਂ, ਕਹਾਣੀਕਾਰਾਂ ਆਦਿ ਦਾ ਬਣਦਾ ਮਾਣ ਸਨਮਾਨ ਵੀ ਕਰਨਾ ਚਾਹੀਦਾ ਹੈ ਤਾਂ ਕਿ ਲੇਖਕਾਂ ਦਾ ਉਤਸ਼ਾਹ ਵਧੇ।

ਰੇਡੀਉ, ਟੀ ਵੀ ਚੈਨਲਾਂ ਆਦਿ ਵਿੱਚ ਸੇਵਾਵਾਂ ਨਿਭਾਉਣ ਵਾਲੇ ਪੱਤਰਕਾਰਾਂ ਨੂੰ ਵੀ ਹਰ ਤਰਾਂ ਦੀਆਂ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ।

ਅੱਜ ਵਿਸ਼ਵ ਪ੍ਰੈੱਸ ਅਜ਼ਾਦੀ ਦਿਵਸ ਤੇ ਸਰਕਾਰ ਵੱਲੋਂ ਹਰ ਤਰਾਂ ਤੇ ਪੱਤਰਕਾਰਾਂ, ਲੇਖਕਾਂ, ਕਵੀਆਂ ਆਦਿ ਨੂੰ ਮੁਫ਼ਤ ਸਿਹਤ ਬੀਮਾ ਯੋਜਨਾ, ਸਟੇਟ ਤੇ ਨੈਸ਼ਨਲ ਹਾਈਵੇ ਤੇ ਮੁਫ਼ਤ ਟੋਲ ਟੈਕਸ ਦੀ ਸਹੂਲਤ, ਪਬਲਿਕ ਟਰਾਂਸਪੋਰਟ ਤੇ ਮੁਫ਼ਤ ਸਫਰ ਆਦਿ ਦੀਆਂ ਸਹੂਲਤਾਂ ਜਰੂਰ ਦੇਣੀਆਂ ਚਾਹੀਦੀਆਂ ਹਨ ਤਾਂ ਕਿ ਦੇਸ਼ ਵਿੱਚ ਪ੍ਰੈਸ ਦੀ ਸੇਵਾ ਕਰਨ ਵਾਲੇ ਇਹਨਾਂ ਯੋਧਿਆਂ ਨੂੰ ਤੇ ਇਹਨਾਂ ਦੇ ਪਰਿਵਾਰਾਂ ਨੂੰ ਕੋਈ ਮੁਸ਼ਕਲ ਨਾਂ ਆਵੇ।

# ਗੁਰਸਿੱਖੀ ਕਿਰਦਾਰ ’ਚ ਕੁਰੱਪਸ਼ਨ ਲਈ ਕੋਈ ਥਾਂ ਨਹੀਂ



ਧਰਮ ਸਿੰਘ ਨਿਹੰਗ ਸਿੰਘ
ਸੱਚ ਖੋਜ ਅਕੈਡਮੀ, ਬਰੇਲੀ (ਯੂ ਪੀ)
91-98727-34342

ਗੁਰਬਾਣੀ ਨੂੰ ਇਮਾਨਦਾਰੀ ਨਾਲ ਵਿਚਾਰਿਆਂ ਪਤਾ ਲੱਗਦਾ ਹੈ ਕਿ ਭ੍ਰਿਸ਼ਟਾਚਾਰ K ਕੁਰੱਪਸ਼ਨ ਅਤੇ ਸਿੱਖੀ ਦੋ ਆਪਾ ਵਿਰੋਧੀ ਚੀਜ਼ਾਂ ਹਨ। ਭਗਤ ਕਾਲ ਤੋਂ ਲੈ ਕੇ ਗੁਰੂ ਕਾਲ ਤੋਂ ਭੀ ਪਿੱਛੋਂ ਤੱਕ ਭਾਰਤ ਵਿੱਚ ਮੁਸਲਮਾਨੀ ਰਾਜ ਰਿਹਾ ਹੈ। ਮੁਸਲਮਾਨਾਂ ਦੇ ਰਾਜ ਪ੍ਰਬੰਧ ਸਮੇਂ ਨਿਆਂ ਪਾਲਿਕਾ ਕਾਜ਼ੀਆਂ ਦੇ ਅਧੀਨ ਸੀ। ਕਾਜ਼ੀ ਇਸਲਾਮ ਧਰਮ ਅਨੁਸਾਰ ਫੈਂਸਲੇ ਕਰਨ ਦਾ ਪਾਬੰਦ ਸੀ, ਪਰੰਤੂ ਲਾਲਚ ਵੱਸ ਹੋ ਕੇ ਕਾਜ਼ੀ, ਬੇਇਨਸਾਫੀਆਂ ਕਰਦੇ ਰਹਿੰਦੇ ਸੀ, ਜਿਸ ਦਾ ਵਿਰੋਧ ਗੁਰਬਾਣੀ ਵਿੱਚ ਦਰਜ਼ ਕਰਕੇ ਸਤਿਗੁਰਾਂ ਨੇ ਇਹ ਸੰਕੇਤ ਦਿੱਤਾ ਕਿ ਗੁਰਮਤਿ ਦਾ ਧਾਰਨੀ ਸਿੱਖ ਕਿਸੇ ਭੀ ਕੀਮਤ ’ਤੇ ਬੇਇਨਸਾਫੀ ਨਹੀਂ ਕਰ ਸਕਦਾ। ਇਸਲਾਮ ਧਰਮ ਅਨੁਸਾਰ ਕਾਜ਼ੀਆਂ ਨੂੰ ਇਨਸਾਫ ਕਰਨ ਦੀ ਪ੍ਰੇਰਨਾ ਦਿੰਦੇ ਹੋਏ ਸਤਿਗੁਰ ਜੀ ਆਖ ਰਹੇ ਹਨ:

ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ॥
ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ॥
ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ॥
ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ॥
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ॥੧॥
(ਵਾਰ ਮਾਝ ਮ: ੧, ਪੰਨਾ ੧੪੧)

ਉਪਰੋਕਤ ਸਲੋਕ ਅੰਦਰ ਸਤਿਗੁਰ ਜੀ ਕਾਜ਼ੀ ਦੀ ਆਤਮਾ ਨੂੰ ਝੰਜੋੜਦੇ ਹੋਏ ਆਖ ਰਹੇ ਹਨ ਕਿ ਹੇ ਕਾਜ਼ੀ! ਤੂੰ ਆਪਣੇ ਆਪ ਨੂੰ ਮੁਸਲਮਾਨ ਮੰਨੀ ਬੈਠਾ ਹੈਂ। ਪਰ ਮੁਸਲਮਾਨ ਬਣਨਾ ਤਾਂ ਅਤਿਅੰਤ ਕਠਨ ਹੈ। ਝੂਠੀ-ਮੂਠੀ ਆਪਣੇ ਆਪ ਨੂੰ ਮੁਸਲਮਾਨ ਅਖਵਾਉਣਾ ਆਪਣੇ ਆਪ ਨੂੰ ਧੋਖਾ ਦੇਣ ਦੇ ਬਰਾਬਰ ਹੈ। ਮੁਸਲਮਾਨ ਅਤਿਅੰਤ ਨੇਕ ਆਦਮੀ ਨੂੰ ਆਖਿਆ ਜਾਣਾ ਚਾਹੀਦਾ ਹੈ। ਜਣੇ-ਖਣੇ ਨੂੰ ਮੁਸਲਮਾਨ ਆਖਣਾ ਕਿਸੇ ਪੱਖੋਂ ਭੀ ਜਾਇਜ਼ ਨਹੀਂ। ਮੁਸਲਮਾਨ ਸਭ ਤੋਂ ਪਹਿਲਾਂ ਸੱਚ ਨੂੰ ਮਿੱਠਾ ਮੰਨਣ ਵਾਲਾ ਹੁੰਦਾ ਹੈ, ਜਿਸ ਨੂੰ ਸੱਚ ਕੌੜਾ ਲੱਗੇ ਉਹ ਮੁਸਲਮਾਨ ਹੁੰਦਾ ਹੀ ਨਹੀਂ। ਦੂਜੇ ਨੰਬਰ ’ਤੇ ਮੁਸਲਮਾਨ ਆਪਣੇ ਅੰਦਰੋਂ ਜੰਮਣ ਮਰਣ ਦਾ ਭਰਮ ਮਿਟਾ ਦਿੰਦਾ ਹੈ ਅਤੇ ਆਪ ’ਰਬ ਕੀ ਰਜਾਇ’ ਭਾਵ ਆਪਣੀ ਅੰਤਰ ਆਤਮਾ ਦੀ ਆਵਾਜ਼ ਮੁਤਾਬਕ ਨਿਆਉਂ ਕਰਦਾ ਹੈ ਅਤੇ ਆਪਣੇ ਮਨ ਨੂੰ ਇਨਸਾਫ ਕਰਨ ਸਮੇਂ ਮਨਮਾਨੀ ਨਹੀਂ ਕਰਨ ਦਿੰਦਾ। ਅੰਤ ਵਿੱਚ ਸਤਿਗੁਰ ਜੀ ਆਖ ਰਹੇ ਹਨ ਕਿ ਉਪਰੋਕਤ ਇਸ ਵਿਧੀ ਨੂੰ ਅਪਣਾ ਕੇ ਸਾਰੇ ਜੀਆਂ ਨੂੰ ਇਕੋ ਜਿਹਾ ਦੇਖ ਕੇ ਉਹ ਅਸਲੀ ਮੁਸਲਮਾਨ ਪਰਮੇਸ਼ਰ ਜਿਹਾ ਹੀ ਮਿਹਰਬਾਨ ਬਣ ਸਕਦਾ ਹੈ। ਇਨਾਂ ਉਪਰੋਕਤ ਪੰਕਤੀਆਂ ਤੋਂ ਪਤਾ ਲੱਗਦਾ ਹੈ ਕਿ ਗੁਰਮਤਿ ਵਿਚਾਰਧਾਰਾ ਵੱਢੀ ਖਾ ਕੇ ਇਕ ਦਾ ਹੱਕ ਦੂਜੇ ਨੂੰ ਦੇਣ ਵਾਲਿਆਂ ਦੇ ਕਿੰਨੀ ਖਿਲਾਫ ਹੈ, ਜਿਸ ਦਾ ਪਤਾ ਇਨ੍ਹਾਂ ਪੰਕਤੀਆਂ ਤੋਂ ਹੋਰ ਸਪਸ਼ਟ ਹੋ ਜਾਂਦਾ ਹੈ:

ਕਾਜੀ ਹੋਇ ਕੈ ਬਹੈ ਨਿਆਇ॥ ਫੇਰੇ ਤਸਬੀ ਕਰੇ ਖੁਦਾਇ॥
ਵਢੀ ਲੈ ਕੇ ਹਕੁ ਗਵਾਏ॥ ਜੇ ਕੋ ਪੁਛੈ ਤਾ ਪੜਿ ਸੁਣਾਏ॥
ਤੁਰਕ ਮੰਤ੍ਰੁ ਕਨਿ ਰਿਦੈ ਸਮਾਹਿ॥ ਲੋਕ ਮੁਹਾਵਹਿ ਚਾੜੀ ਖਾਹਿ॥
(ਵਾਰ ਰਾਮਕਲੀ ੩ ਸਲੋਕ ਮঃ ੧, ਪੰਨਾ ੯੫੧)

ਉਪਰੋਕਤ ਪੰਕਤੀਆਂ ਅੰਦਰ ਸਤਿਗੁਰ ਜੀ ਨੇ ਕਾਜ਼ੀ ਦੇ ਕਿਰਦਾਰ ਦਾ ਕੱਚਾ ਚਿੱਠਾ ਦੱਸਿਆ ਹੈ ਕਿ ਦੇਖਣ ਨੂੰ ਤਾਂ ਕਾਜ਼ੀ ਬੜਾ ਧਾਰਮਕ ਆਦਮੀ ਲੱਗਦਾ ਹੈ, ਹੱਥ ਵਿੱਚ ਹਰ ਸਮੇਂ ਮਾਲਾ ਫੜ ਕੇ ਖ਼ੁਦਾ-ਖ਼ੁਦਾ ਕਰਦਾ ਰਹਿੰਦਾ ਹੈ ਪਰ ਖ਼ੁਦਾ ਦੇ ਬੰਦਿਆਂ ਨੂੰ ਇਨਸਾਫ ਦੇਣ ਸਮੇਂ ਕੱਚਿਆਂ ਹੀ ਖਾ ਜਾਣ ਦੀ ਨੀਅਤ ਧਾਰੀ ਰੱਖਦਾ ਹੈ। ਜਿਹੜਾ ਜ਼ਿਆਦਾ ਵੱਢੀ ਦੇ ਦੇਵੇ, ਫੈਂਸਲੇ ਉਸੇ ਦੇ ਹੱਕ ਵਿੱਚ ਦੇ ਦਿੰਦਾ ਹੈ। ਜੇ ਕੋਈ ਕਾਜ਼ੀ ਨੂੰ ਬੇਇਨਸਾਫੀ ਕਰਨ ਬਦਲੇ ਪੁੱਛਗਿੱਛ ਕਰਦਾ ਹੈ ਤਾਂ ਉਸ ਨੂੰ ਆਪਣੇ ਕਤੇਬ ਪੜ੍ਹ ਕੇ ਮਨਮਰਜ਼ੀ ਦੇ ਅਰਥ ਸੁਣਾ ਕੇ ਚੁੱਪ ਕਰਾ ਦਿੰਦਾ ਹੈ। ਲੋਕਾਂ ਨੂੰ ਇਸਲਾਮ ਧਰਮ ਦਾ ਮੰਤਰ ਕੰਨਾਂ ਵਿੱਚ ਦਿੰਦਾ ਫਿਰਦਾ ਹੈ ਅਤੇ ਉਸ ਮੰਤਰ ਨੂੰ ਹਿਰਦੇ ਵਿੱਚ ਧਾਰਨ ਕਰਨ ਦੀ ਤਾਕੀਦ ਵੀ ਕਰਦਾ ਹੈ ਪਰ ਆਪ ਰਿਸ਼ਵਤਖੋਰੀ ਰਾਹੀਂ ਲੋਕਾਂ ਨੂੰ ਲੁੱਟ ਰਿਹਾ ਹੈ।

ਉਸ ਸਮੇਂ ਦੇ ਕਾਜ਼ੀਆਂ ਨੇ ਅਜਿਹੀ ਲੁੱਟ-ਖਸੁੱਟ ਮਚਾ ਰੱਖੀ ਸੀ, ਜਿਹੜੇ ਕਿ ਆਪਣੇ ਆਪ ਨੂੰ ਇਸਲਾਮ ਭਾਵ ਹੱਕ, ਇਨਸਾਫ਼ ਦਾ ਰਾਜ ਆਖਦੇ ਨਹੀਂ ਸੀ ਥੱਕਦੇ। ਅਸਲ ਵਿੱਚ ਸੱਚ ਧਰਮ ਤੇ ਪਹਿਰਾ ਦੇਣ ਵਾਲੇ ਆਦਮੀ ਸੰਸਾਰ ਅੰਦਰ ਵਿਰਲੇ ਹੀ ਹੁੰਦੇ ਹਨ। ਸੰਸਾਰ ਦੇ ਝਮੇਲਿਆਂ ਵਿੱਚੋਂ ਦੁੱਖਾਂ ਤੋਂ ਬਿਨਾਂ ਹੋਰ ਕੁਝ ਵੀ ਪ੍ਰਾਪਤ ਹੋਣ ਵਾਲਾ ਨਹੀਂ ਹੈ। ਇਸ ਗੱਲ ਦੀ ਸੱਚ ਧਰਮ ਦੇ ਧਾਰਨੀਆਂ ਨੂੰ ਸੋਝੀ ਹੁੰਦੀ ਹੈ। ਇਸ ਲਈ ਗੁਰਾਬਣੀ ਨੇ ਗੁਰਸਿੱਖ ਨੂੰ ਰਾਜ ਅਤੇ ਮੁਕਤੀ ਪ੍ਰਾਪਤੀ ਦੀ ਥਾਂ ਪ੍ਰਭੂ ਚਰਨਾਂ ਦੀ ਪ੍ਰੀਤ ਦੀ ਚਾਹਤ ਰੱਖਣ ਦਾ ਸੰਦੇਸ਼ ਦਿੱਤਾ ਹੈ:

ਰਾਜੁ ਨ ਚਾਹਉ ਮੁਕਤਿ ਨਾ ਚਾ ਹਉ ਮਨਿ ਪ੍ਰੀਤਿ ਚਰਨ ਕਮਲਾਰੇ॥ (ਦੇਵਗੰਧਾਰੀ ਮ: ੫, ਪੰਨਾ ੫੩੪)

ਉਪਰੋਕਤ ਪੰਕਤੀ ਅੰਦਰ ਸੰਸਾਰ ਦੀਆਂ ਸਾਰੀਆਂ ਮੱਤਾਂ ਤੋਂ ਵੱਖਰੀ ਗੱਲ ਆਖੀ ਗਈ ਹੈ। ਹੁਣ ਤਕ ਸੰਸਾਰ ਅੰਦਰ ਗੁਰਮਤਿ ਤੋਂ ਬਿਨਾਂ ਹੋਰ ਜਿੰਨੀਆਂ ਭੀ ਮੱਤਾਂ ਹੋਂਦ ਵਿੱਚ ਆਈਆਂ ਹਨ, ਉਨ੍ਹਾਂ ਨੇ ਆਪਣੇ ਪੈਰੋਕਾਰਾਂ ਦੀ ਗਿਣਤੀ ਵਧ ਜਾਣ ਉਪਰੰਤ ਸੰਸਾਰੀ ਰਾਜ ਉੱਪਰ ਕਬਜ਼ਾ ਕਰਨ ਦੀ ਨੀਅਤ ਧਾਰੀ ਰੱਖੀ, ਇਸ ਵਿੱਚ ਕਿਸ ਕਿਸ ਨੂੰ ਸਫਲਤਾ ਮਿਲੀ ਜਾਂ ਕਿਹੜੀ-ਕਿਹੜੀ ਮੱਤ ਰਾਜ ਹਥਿਆਉਣ ਦੇ ਮਿਸ਼ਨ ਵਿੱਚ ਅਸਫਲ ਰਹੀ, ਇਹ ਗੱਲ ਵੱਖਰੀ ਹੈ। ਪਰ ਗੁਰਮਤਿ ਨੇ ਸਪਸ਼ਟ ਤੌਰ ਤੇ ਐਲਾਨਿਆ ਹੋਇਆ ਹੈ ਕਿ ਗੁਰਮਤਿ ਦਾ ਧਾਰਨੀ ਅਸਲੀ ਗੁਰਸਿੱਖ ਉਹੀ ਹੋ ਸਕਦਾ ਹੈ ਜਿਸ ਦੇ ਅੰਦਰ ਸੰਸਾਰੀ ਰਾਜ, ਸੰਸਾਰੀ ਵਡਿਆਈਆਂ ਅਤੇ ਸੰਸਾਰੀ ਪਦਾਰਥਾਂ ਦੀ ਭੁੱਖ ਖਤਮ ਹੋ ਗਈ ਹੋਵੇ। ਭਾਵੇਂ ਅਜ ਦੇ ਸਿੱਖ ਇਸ ਖਿਆਲ ਨਾਲ ਸਹਿਮਤ ਨਾ ਹੋਣ ਪਰ ਇਹ ਹੁਕਮ ਗੁਰਸਿੱਖਾਂ ਨੂੰ ਗੁਰੂ ਪਰਮੇਸ਼ਰ ਵੱਲੋਂ ਗੁਰਬਾਣੀ ਵਿੱਚ ਦਰਜ ਹੈ।

ਜਦੋਂ ਅਸੀਂ ਸੰਸਾਰ ਅੱਗੇ ਦਾਅਵਾ ਕਰਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸੱਚੀ ਬਾਣੀ ਹੈ ਅਤੇ ਇਸ ਵਿਚਲੀ ਸਿੱਖਿਆ ਸੰਸਾਰ ਦੀਆਂ ਸਾਰੀਆਂ ਮੱਤਾਂ ਨਾਲੋਂ ਸ੍ਰੇਸ਼ਟ ਅਤੇ ਵੱਖਰੀ ਹੈ ਤਾਂ ਸਾਨੂੰ ਇਹ ਮੰਨਣਾ ਪਵੇਗਾ ਕਿ ਗੁਰਬਾਣੀ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੀ ਇਹ ਹੈ ਕਿ ਉਹ ਆਪਣੇ ਸਿੱਖਾਂ ਨੂੰ ਲੋਭ ਦੇ ਤਿਆਗ ਅਤੇ ਸੰਸਾਰੀ ਵਡਿਆਈਆਂ ਨੂੰ ਅੱਗ ਵਿੱਚ ਸਾੜ ਦੇਣ ਲਈ ਆਖਦੀ ਹੈ। ਜਿਹੜਾ ਗੁਰਸਿੱਖ ਇਹ ਦੋਵੇਂ ਕੰਮ ਨਹੀਂ ਕਰ ਸਕਦਾ ਉਹ ਆਪਣੇ ਆਪ ਨੂੰ ਸਿੱਖ ਅਖਵਾਉਣ ਦਾ ਹੱਕਦਾਰ ਹੀ ਨਹੀਂ। ਜਦੋਂ ਅਸੀਂ ਮੁਸਲਮਾਨ ਨੂੰ ਅਸਲੀ ਮੁਸਲਮਾਨ ਬਣਨ ਉਪਰੰਤ ਹੀ ਮੁਸਲਮਾਨ ਅਖਵਾਉਣ ਲਈ ਆਖ ਰਹੇ ਹਾਂ ਤਾਂ ਸਾਨੂੰ ਭੀ ਸਹੀ ਅਰਥਾਂ ਵਿੱਚ ਸਿੱਖੀ ਧਾਰਨ ਕਰ ਲੈਣ ਉਪਰੰਤ ਹੀ ਆਪਣੇ ਆਪ ਨੂੰ ਸਿੱਖ ਸਮਝਣਾ ਚਾਹੀਦਾ ਹੈ। ਪਰ ਅੱਜ ਜੋ ਹੋ ਰਿਹਾ ਹੈ ਉਹ ਸਭ ਕੁਝ ਇਸ ਦੇ ਉਲਟ ਹੈ ।

ਇਹ ਸਮਝਣ ਦੀ ਲੋੜ ਹੈ ਕਿ ਰਾਜੇ ਨੂੰ ਸਾਰਿਆਂ ਧਰਮਾਂ ਜਾਂ ਧੜਿਆਂ ਦੀ ਲੋੜ ਹੁੰਦੀ ਹੈ, ਤਦ ਹੀ ਉਸ ਦਾ ਰਾਜ ਟਿਕਾਊ ਰਹਿ ਸਕਦਾ ਹੈ ਪਰ ਗੁਰਬਾਣੀ ਅੰਦਰ ਸੰਸਾਰੀ ਮੱਤਾਂ ਦੀਆਂ ਕਮੀਆਂ ਨੂੰ ਉਜਾਗਰ ਕੀਤਾ ਗਿਆ ਹੈ। ਦੂਜੀਆਂ ਮੱਤਾਂ ਦੇ ਝੂਠ ਫ਼ਰੇਬ ਨੂੰ ਖੰਡਿਆ ਅਤੇ ਭੰਡਿਆ ਗਿਆ ਹੈ। ਜੇ ਸਿੱਖ ਰਾਜ ਗੱਦੀ ਤੇ ਬੈਠ ਕੇ ਗੁਰਮਤਿ ਦਾ ਪ੍ਰਚਾਰ ਕਰਦਾ ਹੈ ਤਾਂ ਉਸ ਦੇ ਨਾਲ ਦੂਸਰੀਆਂ ਮੱਤਾਂ ਵਾਲਿਆਂ ਦਾ ਨਰਾਜ਼ ਹੋ ਜਾਣਾ ਸੁਭਾਵਿਕ ਹੈ। ਇਥੇ ਦੋ ਹੀ ਵਿਕਲਪ ਬਚਦੇ ਹਨ ਜਾਂ ਤਾਂ ਰਾਜਾ ਅਤਿਅੰਤ ਸ਼ਕਤੀਸ਼ਾਲੀ ਅਤੇ ਗੁਰਮਤਿ ਦੀ ਪੂਰਨ ਸੋਝੀ ਰੱਖਣ ਵਾਲਾ ਹੋਵੇ, ਜਿਹੜਾ ਕਿ ਦੂਜੇ ਮੱਤਾਂ ਵਾਲਿਆਂ ਨੂੰ ਪ੍ਰੇਮ ਪੂਰਵਕ ਸਮਝਾ ਕੇ ਪਰਮੇਸ਼ਰ ਦੀ ਇਸ ਸੱਚੀ ਮੱਤ ਨਾਲ ਜੋੜ ਕੇ, ਉਨ੍ਹਾਂ ਦਾ ਸਮੁੱਚਾ ਜੀਵਨ ਵਿਹਾਰ ਸਵਾਰਨ ਦੀ ਸਮਰੱਥਾ ਰੱਖਦਾ ਹੋਵੇ। ਜੇ ਅਜਿਹਾ ਨਹੀਂ ਤਾਂ ਉਸ ਗੁਰਸਿੱਖ ਨੂੰ ਰਾਜ ਪ੍ਰਬੰਧ ਤੋਂ ਦੂਰ ਰਹਿ ਕੇ ਗੁਰਮਤਿ ਦਾ ਉਪਦੇਸ਼ ਸੰਸਾਰੀ ਲੋਕਾਂ ਨੂੰ ਦੇਂਦੇ ਰਹਿਣਾ ਚਾਹੀਦਾ ਹੈ। ਪਰ ਉਪਦੇਸ਼ ਦੇਣ ਸਮੇਂ ਉਸ ਦੇ ਅੰਦਰੋਂ ਵੈਰ ਵਿਰੋਧ ਦੀ ਭਾਵਨਾ ਜਾਂ ਦੂਸਰੇ ਨੂੰ ਨੀਚਾ ਦਿਖਾਉਣ ਦੀ ਭਾਵਨਾ ਦਾ ਪ੍ਰਗਟਾਵਾ ਨਹੀਂ ਹੋਣਾ ਚਾਹੀਦਾ। ਗੁਰਮਤਿ ਦਾ ਕੰਮ ਗਲਤ ਦਿਸ਼ਾ ਵੱਲ ਜਾ ਰਹੀਆਂ ਮੱਤਾਂ ਨੂੰ ਸਮਝਾ ਕੇ ਸਹੀ ਦਿਸ਼ਾ ਵੱਲ ਤੋਰਨ ਦੀ ਪ੍ਰੇਰਨਾ ਕਰਦੇ ਰਹਿਣਾ ਹੀ ਹੈ।

ਅੱਜ ਅਖੌਤੀ ਸਿੱਖਾਂ ਵਿੱਚ ਉਹ ਸਾਰੀਆਂ ਕਮਜ਼ੋਰੀਆਂ ਕਿਉਂ ਆ ਵੜੀਆਂ, ਜਿਹੜੀਆਂ ਕਿ ਦੂਜੇ ਮੱਤਾਂ ਵਿੱਚ ਸਨ। ਪਰ ਗੁਰਮਤਿ ਨੇ ਅਜਿਹੀਆਂ ਕਮਜ਼ੋਰੀਆਂ ਨੂੰ ਗੁਰਬਾਣੀ ਅੰਦਰ ਰੱਜ ਕੇ ਭੰਡਿਆ ਹੋਇਆ ਹੈ। ਜਵਾਬ ਸਾਫ ਹੈ ਕਿ ਅੱਜ ਅਸੀਂ ਗੁਰਬਾਣੀ ਭਾਵ ਗੁਰਮਤਿ ਨੂੰ ਨਾ ਤਾਂ ਠੀਕ ਤਰ੍ਹਾਂ ਸਮਝਿਆ ਹੈ ਤੇ ਨਾ ਹੀ ਅਪਣਾਇਆ ਹੈ। ਗੁਰੂ-ਘਰ ਦੇ ਇਤਿਹਾਸ ਵਿੱਚ ਅਜਿਹੀਆਂ ਝੂਠੀਆਂ ਸਾਖੀਆਂ ਮਿਲਾ ਦਿੱਤੀਆਂ ਗਈਆਂ, ਜਿਨ੍ਹਾਂ ਨੇ ਸਿੱਖ ਮੱਤ ਅਤੇ ਸਨਾਤਨੀ ਮੱਤ ਨੂੰ ਇਕ ਰੂਪ ਦਰਸਾਉਣ ਦਾ ਜਤਨ ਕੀਤਾ। ਉਹ ਸਾਰੇ ਮੋਟੇ-ਮੋਟੇ ਸਿਧਾਂਤ ਜਿਨ੍ਹਾਂ ਕਰਕੇ ਗੁਰਮਤਿ, ਸਨਾਤਨੀ ਮੱਤ ਤੋਂ ਵੱਖਰੀ ਜਾਪਦੀ ਸੀ ਇਸ ਢੰਗ ਨਾਲ ਬਦਲਣ ਦਾ ਜਤਨ ਕੀਤਾ ਗਿਆ ਕਿ ਸਿੱਖਾਂ ਨੂੰ ਸਮਝ ਹੀ ਨਹੀਂ ਆਈ। ਜਿਵੇਂ ਗੁਰਮਤਿ ਅਨੁਸਾਰ “ਜੰਮਣ ਮਰਣਾ ਹੁਕਮੁ ਹੈ”(ਪੰਨਾ-੪੭੨) ਭਾਵ ਪਰਮੇਸ਼ਰ ਦੇ ਹੁਕਮ ਤੋਂ ਬਿਨਾਂ ਨਾ ਕੋਈ ਜੰਮਦਾ ਹੈ ਨਾ ਮਰਦਾ ਹੈ ਪਰ ਸਾਡੇ ਇਤਿਹਾਸ ਵਿੱਚ ਅਜਿਹੀਆਂ ਸਾਖੀਆਂ ਮੌਜੂਦ ਹਨ, ਜਿਹੜੀਆਂ ਗੁਰਮਤਿ ਦੇ ਇਸ ਸਿਧਾਂਤ ਦਾ ਵਿਰੋਧ ਕਰਦੀਆਂ ਹਨ। ਜਿਥੇ ਗੁਰਮਤਿ ਅੰਦਰ “ਨਾਮੁ” ਨੂੰ ਦੁਖ ਭੰਜਨ ਮੰਨਿਆ ਗਿਆ ਹੈ, ਉਥੇ ਸਾਡੇ ਕੋਲ ਇਕ ਦੁਖ ਭੰਜਨੀ ਬੇਰੀ ਵੀ ਹੈ। ਕੀ ਇਹ ਦੋਵੇਂ ਗੱਲਾਂ ਆਪਾ ਵਿਰੋਧੀ ਨਹੀਂ ਹਨ? ਕਹਿਣ ਤੋਂ ਭਾਵ ਇਹ ਹੈ ਕਿ ਅੱਜ ਅਸੀਂ ਸਿੱਖ ਹੀ ਗੁਰਮਤਿ ਦੇ ਪ੍ਰਚਾਰ ਨੂੰ ਜਾਣੇ-ਅਨਜਾਣੇ ਦੂਸ਼ਿਤ ਕਰ ਰਹੇ ਹਾਂ। ਗੁਰਬਾਣੀ ਦਾ ਇਹ ਫ਼ੁਰਮਾਨ ਅਸੀਂ ਅੱਜ ਅਣਗੌਲਿਆਂ ਕਰ ਛੱਡਿਆ ਹੈ:

ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ॥
ਰਾਮ ਨਾਮ ਜਪੁ ਹਿਰਦੈ ਜਾਪੈ ਮੁਖ ਤੇ ਸਗਲ ਸੁਨਾਵੈ॥੨॥
(ਪੰਨਾ ੩੮੧)

ਗੁਰਮਤਿ ਦੇ ਪ੍ਰਚਾਰ ਹਿਤ ਉਪਰੋਕਤ ਹੁਕਮਨਾਮਾ ਅਤਿਅੰਤ ਮਹੱਤਵਪੂਰਨ ਹੈ। ਗੁਰਸਿੱਖਾਂ ਨੂੰ ਗੁਰਮਤਿ ਦੇ ਪ੍ਰਚਾਰ ਹਿਤ ਇਨ੍ਹਾਂ ਸਤਰਾਂ ਵਿੱਚ ਆਖਿਆ ਗਿਆ ਹੈ ਕਿ, ਜਿਤਨੀ ਦੇਰ ਸਿੱਖ ਨੂੰ ਖੁਦ ਗੁਰਮਤਿ ਦੀ ਪੂਰਨ ਸੋਝੀ ਨਾ ਹੋਵੇ, “ਸ਼ਬਦ ਗੁਰੂ” ਨੂੰ ਉਹ ਆਪਣੇ ਹਿਰਦੇ ਵਿੱਚੋਂ ਨਾ ਪਰਸ ਲਵੇ, ਉਹ ਗੁਰਮਤਿ ਦਾ ਪ੍ਰਚਾਰ ਨਾ ਕਰੇ। ਗੁਰਮਤਿ ਵਿਚਾਰਧਾਰਾ ਨੂੰ ਸਮਝਣ ਵਾਲੇ, ਵਿਰਲੇ ਗੁਰਮੁੱਖ ਹੁੰਦੇ ਹਨ। ਇਹ ਵਾਲੋਂ ਨਿੱਕੀ ਅਤਿਅੰਤ ਸੂਖਮ ਗੱਲ ਹੈ। ਜੇ ਇਸ ਨੂੰ ਬਿਨਾਂ ਸਮਝੇ ਪ੍ਰਚਾਰਨ ਦੀ ਕੋਸ਼ਿਸ਼ ਕੀਤੀ ਜਾਵੇ, ਜਿਸ ਤਰਾਂ ਕਿ ਅੱਜ ਹੋ ਰਿਹਾ ਹੈ, ਤਾਂ ਇਹ ਖੰਡਿਓਂ ਤਿੱਖੀ ਹੋਣ ਕਰਕੇ ਆਤਮਘਾਤ ਭੀ ਕਰ ਦਿੰਦੀ ਹੈ। ਅੱਜ ਅਸੀਂ ਗੁਰਮਤਿ ਦਾ ਪ੍ਰਚਾਰ ਜਿਸ ਤਰੀਕੇ ਨਾਲ ਕਰ ਰਹੇ ਹਾਂ ਉਸ ਨਾਲ ਸਾਡਾ ਅੱਜ ਇਹ ਹਾਲ ਹੋ ਗਿਆ ਹੈ। ਸਾਡੀ ਨੌਜੁਆਨ ਪੀੜੀ ਸਿੱਖੀ ਤੋਂ ਇਸ ਲਈ ਬਾਗੀ ਹੈ ਕਿ ਸਾਡੇ ਇਤਿਹਾਸਕ ਗ੍ਰੰਥਾਂ ਵਿੱਚ ਲਿਖੀਆਂ ਗਈਆਂ ਸਾਖੀਆਂ ਅਤੇ ਗੁਰਮਤਿ ਦੋਨੋਂ ਹੀ ਇਕ ਦੂਜੇ ਦੇ ਵਿਰੋਧੀ ਬਣੇ ਹੋਏ ਹਨ। ਆਮ ਸਿੱਖਾਂ ਨੂੰ ਜਿਥੇ ਗੁਰੂ-ਘਰ ਤੋਂ ਲੋਭ ਤਿਆਗਣ ਦਾ ਉਪਦੇਸ਼ ਮਿਲਣਾ ਸੀ, ਉਥੇ ਮਨੋਕਾਮਨਾਵਾਂ ਪੂਰੀਆਂ ਹੋਣ ਦੀਆਂ ਗੁਰਮਤਿ ਤੋਂ ਵਿਰੋਧੀ ਅਰਦਾਸਾਂ ਕੀਤੀਆਂ ਜਾਂਦੀਆਂ ਹਨ, ਜਿਸ ਦੇ ਸਿੱਟੇ ਵਜੋਂ ਸਿੱਖਾਂ ਵਿੱਚ ਲੋਭ ਦੀ ਪ੍ਰਵਿਰਤੀ ਇਤਨੀ ਪ੍ਰਬਲ ਹੋ ਚੁਕੀ ਹੈ ਕਿ ਉਹ ਲੋਭ ਵੱਸ ਵੱਡੇ ਤੋਂ ਵੱਡੇ ਗੁਨਾਹ ਭੀ ਕਰ ਦੇਂਦੇ ਹਨ। ਕਹਿਣ ਤੋਂ ਭਾਵ ਇਹ ਹੈ ਕਿ, ਜਿਹੜੀ ਗੁਰਮਤਿ ਵਿਚਾਰਧਾਰਾ ਕੁਰੱਪਸ਼ਨ (ਵੱਢੀਖੋਰੀ) ਦੀ ਵਿਰੋਧੀ ਸੀ, ਉਸ ਨੂੰ ਹੀ ਬਦਲ ਕੇ ਪ੍ਰਚਾਰਿਆ ਜਾ ਰਿਹਾ ਹੈ।

ਗੁਰਸਿੱਖ ਦੇ ਕਿਰਦਾਰ ਵਿੱਚ ਲੋਭ ਅਤੇ ਕੁਰੱਪਸ਼ਨ ਲਈ ਕੋਈ ਥਾਂ ਹੋ ਹੀ ਨਹੀਂ ਸਕਦੀ। ਅਜਿਹਾ ਕਰਨ ਵਾਲਾ ਸਿੱਖ ਅਖਵਾਉਣ ਦਾ ਹੱਕਦਾਰ ਨਹੀਂ।

# 1951 ਵਿਚ ਡਾ. ਬੀ. ਆਰ. ਅੰਬੇਡਕਰ ਨੇ ਡੀ. ਏ. ਵੀ. ਕਾਲਜ ਵਿਚ ਬਣਵਾਈ ਸੀ ਪਹਿਲੀ ਯੂਥ ਪਾਰਲੀਮੈਂਟ

## 13 ਮਈ ਨੂੰ 100ਵੇਂ ਸਾਲ ਵਿਚ ਪ੍ਰਵੇਸ਼ ਕਰੇਗਾ ਡੀ. ਏ. ਵੀ. ਬਾਬਾ ਸਾਹਿਬ ਚਾਹੁੰਦੇ ਸਨ- ਨੌਜਵਾਨ ਸੰਸਦੀ ਪ੍ਰਣਾਲੀ ਨੂੰ ਜਾਨਣ

***(ਇਕ ਇਤਿਹਾਸਕ ਖਬਰ)***

**ਵੰਦਨਾ ਖੰਨਾ, ਜਲੰਧਰ**

27 ਅਕਤੂਬਰ 1951 ਦਾ ਦਿਨ ਸੀ। ਬਾਬਾ ਸਾਹਿਬ ਡਾ. ਅੰਬੇਡਕਰ ਜਲੰਧਰ ਵਿਚ ਸਨ। ਦਿਨ ਵਿਚ ਉਹਨਾਂ ਨੇ ਲੱਖਾਂ ਦੀ ਗਿਣਤੀ ਵਿਚ ਸਮੁੱਚੇ ਪੰਜਾਬ ਤੋਂ ਆਏ ਲੋਕਾਂ ਨੂੰ ਸੰਬੋਧਿਤ ਕੀਤਾ। ਉਸ ਦਿਨ ਡੀ. ਏ. ਵੀ. ਕਾਲਜ ਦੇ ਅੰਗਰੇਜ਼ੀ ਵਿਭਾਗ ਦੇ ਪ੍ਰੋ. ਜੀ. ਕਾਰ ਉਹਨਾਂ ਕੋਲ ਪਹੁੰਚੇ ਅਤੇ ਕਾਲਜ ਵਿਚ ਆ ਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਨ ਦੀ ਬੇਨਤੀ ਕੀਤੀ। ਬਾਬਾ ਸਾਹਿਬ ਨੇ ਕਿਹਾ ਕਿ ’ਠੀਕ ਹੈ ਮੈਂਕਲ੍ਹ ਸੁਬਹ ਜ਼ਰੂਰ ਆਵਾਂਗਾ, ਵਿਦਿਆਰਥੀਆਂ ਨੂੰ ਮਿਲਾਂਗਾ, ਪ੍ਰੰਤੂ ਆਪ ਇਕ ਕੰਮ ਕਰੋ। ਕਾਲਜ ਵਿਚ ਇਕ ਮਾੱਕ ਪਾਰਲੀਮੈਂਟ ਬਣਾਓ ਤਾਂ ਜੋ ਨੌਜਵਾਨ ਪੀੜ੍ਹੀ ਦੇਸ਼ ਦੀ ਨਵੀਂ ਬਣੀ ਸੰਸਦੀ ਪ੍ਰਣਾਲੀ ਨੂੰ ਸਮਝ ਸਕੇ। ਇਹ ਜਾਣਕਾਰੀ ਪ੍ਰਾਪਤ ਕਰ ਸਕੇ ਕਿ ਲੋਕਤੰਤਰ ਵਿਚ ਕਿਸ ਤਰ੍ਹਾਂ ਸੱਤਾਧਾਰੀ ਪਾਰਟੀ ਨੂੰ ਵਿਰੋਧੀ ਪੱਖ ਉਸਦੇ ਕੰਮਾਂ ਨੂੰ ਲੈ ਕੇ ਸਵਾਲ-ਜਵਾਬ ਕਰ ਸਕਦਾ ਹੈ।’ ਬਿਲਕੁਲ ਇਸ ਤਰ੍ਹਾਂ ਹੀ ਹੋਇਆ। ਡੀ. ਏ. ਵੀ. ਕਾਲਜ ਵਿਚ 28 ਅਕਤੂਬਰ ਨੂੰ ਪਹਿਲੀ ਯੂਥ ਪਾਰਲੀਮੈਂਟ ਬਣੀ। ਡਾ. ਅੰਬੇਡਕਰ ਦੀ ਮੌਜੂਦਗੀ ਵਿਚ ਹੂਬਹੂ ਸੰਸਦ ਦੇ ਵਾਂਗ ਵਿਦਿਆਰਥੀ ਸੱਤਾਧਾਰੀ ਤੇ ਵਿਰੋਧੀ ਪਾਰਟੀ ਅਤੇ ਸਪੀਕਰ ਦੇ ਰੂਪ ਵਿਚ ਬੈਠੇ ਅਤੇ ਦੇਸ਼ ਦੇ ਮੁੱਦਿਆਂ ਉਪਰ ਚਰਚਾ ਕੀਤੀ। ਪੂਰੇ ਦੇਸ਼ ਵਿਚ ਇਹ ਪਹਿਲਾ ਮੌਕਾ ਸੀ, ਜਦੋਂ ਯੂਥ ਪਾਰਲੀਮੈਂਟ ਬਣਾਈ ਗਈ। ਦੇਸ਼ ਵਿਚ ਨੌਜਵਾਨ ਵਿਦਿਆਰਥੀਆਂ ਦੀ ਮਾੱਕ ਪਾਰਲੀਮੈਂਟ ਬਣਾਉਣ ਦਾ ਪਹਿਲਾ ਅਵਸਰ 1951 ਵਿਚ ਡੀ. ਏ. ਵੀ. ਕਾਲਜ ਜਲੰਧਰ ਨੂੰ ਪ੍ਰਾਪਤ ਹੋਇਆ ਅਤੇ ਉਹ ਵੀ ਸੰਵਿਧਾਨ ਨਿਰਮਾਤਾ ਡਾ. ਬੀ. ਆਰ. ਅੰਬੇਡਕਰ ਜੀ ਦੀ ਹਾਜ਼ਰੀ ਵਿਚ।

ਇਸ ਇਤਿਹਾਸਕ ਘਟਨਾ ਨੂੰ ਯਾਦ ਕਰਦਿਆਂ ਡੀ. ਏ. ਵੀ. ਕਾਲਜ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਸਾਬਕਾ ਮੁਖੀ ਡਾ. ਜੀ. ਸੀ. ਕੌਲ ਕਹਿੰਦੇ ਹਨ- ਕਾਲਜ ਵਿਚ ਬਾਬਾ ਸਾਹਿਬ ਵੱਲੋਂ ਦਿੱਤੀ ਗਈ ਸਪੀਚ ਅੱਜ ਵੀ ਮਹਾਰਾਸ਼ਟਰ ਸਰਕਾਰ ਵੱਲੋਂ ਪ੍ਰਕਾਸ਼ਿਤ ਬਾਬਾ ਸਾਹਿਬ ਦੀਆਂ ਲਿਖਤਾਂ ਅਤੇ ਭਾਸ਼ਣਾਂ ਵਿਚ ਸੰਭਾਲੀ ਹੋਈ ਹੈ।



Dr. B.R. Ambedkar, the First law minister of India
seen with Principal Lala Gian Chand and Staff Members of DAV College, Jalandhar.
He addressed the Students parliaments on the topic "Future of Parliamentary democracy"
on 28th October, 1951 in the College hall.

**ਤਾਂ ਕਿ ਲੋਕਤਾਂਤਰਿਕ ਸਿਸਟਮ ਕਾਇਮ ਰਹੇ**

ਡਾ. ਜੀ. ਸੀ. ਕੌਲ ਨੇ ਦੱਸਿਆ ਕਿ ਬਾਬਾ ਸਾਹਿਬ ਨੇ ’ਫਿਊਚਰ ਆਫ ਪਾਰਲੀਆਮੈਂਟਰੀ ਡੈਮੋਕ੍ਰੇਸੀ’ ਯਾਨਿ ’ਸੰਸਦੀ ਲੋਕਤੰਤਰ ਦਾ ਭਵਿੱਖ’ ਵਿਸ਼ੇ ਉਪਰ ਆਪਣਾ ਭਾਸ਼ਣ ਦਿੱਤਾ। ਉਹਨਾਂ ਨੇ ਕਿਹਾ ਕਿ ਅਸੀਂ ਦੇਸ਼ ਵਿਚ ਪ੍ਰੈਜ਼ੀਡੈਂਸ਼ੀਅਲ ਫਾਰਮ ਆਫ ਸਿਸਟਮ ਵੀ ਕਾਇਮ ਕਰ ਸਕਦੇ ਸੀ, ਪਰ ਉਸ ਵਿਚ ਤਾਨਾਸ਼ਾਹੀ ਪ੍ਰਵਿਰਤੀ ਪੈਦਾ ਹੋ ਸਕਦੀ ਸੀ। ਇਸ ਲਈ ਅਸੀਂ ਦੇਸ਼ ਵਿਚ ਸੰਸਦੀ ਪ੍ਰਣਾਲੀ ਲੈ ਕੇ ਆਏ ਤਾਂ ਕਿ ਲੋਕਤਾਂਤਰਿਕ ਸਿਸਟਮ ਕਾਇਮ ਰਹੇ। ਇਸ ਪ੍ਰਣਾਲੀ ਵਿਚ ਪੈਤ੍ਰਿਕ ਸ਼ਾਸਨ ਅਧਿਕਾਰ ਲਈ ਕੋਈ ਗੁੰਜਾਇਸ਼ ਨਹੀਂ ਹੈ। ਇਸ ਵਿਚ ਪਰੰਪਰਾਗਤ ਸ਼ਾਸਨ ਲਈ ਕੋਈ ਸਥਾਨ ਨਹੀਂ ਹੈ।

**ਬਾਬਾ ਸਾਹਿਬ ਨੇ ਪ੍ਰਗਟਾਈ ਸੀ ਤਿੰਨ ਖਾਮੀਆਂ ਦੀ ਸ਼ੰਕਾ ਜੋ ਅੱਜ ਸਾਡੇ ਲੋਕਤੰਤਰੀ ਸਿਸਟਮ ਵਿਚ ਹਨ!**

1. ਉਹਨਾਂ ਨੇ ਕਿਹਾ ਸੀ ਕਿ ਸੰਸਦੀ ਲੋਕਤੰਤਰ ਸਿਸਟਮ ਤਾਂ ਹੀ ਸੁਰੱਖਿਅਤ ਹਿ ਸਕਦਾ ਹੈ, ਜਦ ਵਿਰੋਧੀ ਧਿਰ ਮਜ਼ਬੂਤ ਹੋਵੇਗੀ। ਇਸ ਤਰ੍ਹਾਂ ਸ਼ਾਸਕ ਵਰਗ ਯਾਨਿ ਸੱਤਾਧਾਰੀ ਪਾਰਟੀ ਮਨਮਰਜ਼ੀ ਨਹੀਂ ਕਰ ਸਕੇਗੀ।
2. ਲੋਕਤੰਤਰ ਤਾਂ ਹੀ ਸਫਲ ਹੋਵੇਗਾ ਜੇਕਰ ਚੋਣ ਪ੍ਰਣਾਲੀ ’ਤੇ ਧਨਾਢ ਲੋਕ ਕਾਬਜ਼ ਨਾ ਹੋਣ। ਜੇਕਰ ਇਲੈਕਸ਼ਨ ਸਿਸਟਮ ਧਨੀ ਲੋਕਾਂ ਦੇ ਪ੍ਰਭਾਵ ਹੇਠ ਆ ਗਿਆ ਤਾਂ ਲੋਕਤੰਤਰ ਕਾਮਯਾਬ ਨਹੀਂ ਹੋ ਸਕੇਗਾ।
3. ਬਾਬਾ ਸਾਹਿਬ ਨੇ ਨੌਜਵਾਨਾਂ ਨੂੰ ਕਿਹਾ ਕਿ ਤੁਹਾਡਾ ਵੋਟ ਹੀ ਤੁਹਾਡਾ ਹਥਿਆਰ ਹੈ, ਇਸ ਹਥਿਆਰ ਨੂੰ ਦੂਸਰਿਆਂ ਦੇ ਹੱਥੀਂ ਇਸਤੇਮਾਲ ਨਾ ਹੋਣ ਦੇਣਾ। ਜੇਕਰ ਇਸ ਤਰ੍ਹਾਂ ਹੋਇਆ ਤਾਂ ਲੋਕਤੰਤਰ ਧਨੀ ਲੋਕਾਂ ਦਾ ਗੁਲਾਮ ਹੋ ਜਾਵੇਗਾ।

ਮਨਿਸਟਰੀ ਆਫ ਪਾਰਲੀਆਮੈਂਟਰੀ ਅਫੇਅਰਜ਼ ਨੇ 1966 ਵਿਚ ਸ਼ੁਰੂ ਕਰਵਾਈ ਯੂਥ ਪਾਰਲੀਮੈਂਟ ਜਿਸ ਯੂਥ ਪਾਰਲੀਮੈਂਟ ਸੰਕਲਪ ਦੀ ਸਥਾਪਨਾ ਬਾਬਾ ਸਾਹਿਬ ਨੇ 1951 ਵਿਚ ਡੀ. ਏ. ਵੀ. ਕਾਲਜ, ਜਲੰਧਰ ਵਿਚ ਕਰਵਾ ਦਿੱਤੀ ਸੀ, ਉਸਨੂੰ ਮਨਿਸਟਰੀ ਆਫ ਪਾਰਲੀਆਮੈਂਟਰੀ ਅਫੇਅਰਜ਼ ਨੇ 1966 ਤੋਂ ਸਕੂਲਾਂ ਵਿਚ ਕੰਪੀਟੀਸ਼ਨ ਵਜੋਂ ਸ਼ੁਰੂ ਕਰਵਾਇਆ। 1997 ਤੋਂ ਇਹ ਕੰਪੀਟੀਸ਼ਨ ਦੇ ਤੌਰ ਤੇ ਕਾਲਜਾਂ ਵਿਚ ਸ਼ੁਰੂ ਹੋਈ। ਡੀ. ਏ. ਵੀ. ਕਾਲਜ ਹੁਣ ਤੱਕ 13 ਯੂਥ ਪਾਰਲੀਮੈਂਟ ਵਿਚ ਹਿੱਸਾ ਲੈ ਚੁੱਕਾ ਹੈ। 2012 ਅਤੇ 2014 ਵਿਚ ਨੈਸ਼ਨਲ ਪੱਧਰ ’ਤੇ ਜੇਤੂ ਰਿਹਾ ਡੀ. ਏ. ਵੀ. ਕਾਲਜ ਇਸ ਵਾਰ ਵੀ ਜੌਨਲ ਪੱਧਰ ਤੇ ਜੇਤੂ ਰਿਹਾ।

**(ਦੈਨਿਕ ਭਾਸਕਰ, ਜਲੰਧਰ, 9 ਮਈ 2017 ਵਿਚੋਂ ਧੰਨਵਾਦ ਸਹਿਤ)**

# ਡਾ. ਅੰਬੇਡਕਰ ਨੇ ਬੁੱਧ ਧਰਮ ਹੀ ਕਿਉਂ ਅਪਣਾਇਆ!

ਡਾ. ਅੰਬੇਡਕਰ ਦੁਨੀਆਂ ਦੇ ਕੁਝ ਇਕ ਮਹਾਨ ਚਿੰਤਕਾਂ ਵਿਚ ਵਿਸ਼ੇਸ਼ ਸਥਾਨ ਗ੍ਰਹਿਣ ਕਰਨ ਵਾਲੇ ਮਹਾਨ ਵਿਚਾਰਵਾਨ ਸਨ। ਉਹਨਾਂ ਦਾ ਦੁਖਾਂਤ ਇਹ ਰਿਹਾ ਕਿ ਉਹ ਭਾਰਤ ਦੇ ਅਜਿਹੇ ਵਰਗ ਵਿਚ ਪੈਦਾ ਹੋਏ, ਜਿਸਨੂੰ ਇਸ ਦੇਸ਼ ਵਿਚ ਸਦੀਆਂ ਪਹਿਲਾਂ ਆਏ ਯੂਰੇਸ਼ਿਆਈ ਬ੍ਰਾਹਮਣਾਂ ਨੇ ਅਤੀ ਸ਼ੂਦਰ, ਅਛੂਤ ਅਤੇ ਭ੍ਰਿਸ਼ਟਿਆ ਹੋਇਆ ਐਲਾਨਿਆ ਹੋਇਆ ਸੀ। ਇਹੀ ਕਾਰਨ ਹੈ ਕਿ ਉਹਨਾਂ ਦੀਆਂ ਲਿਖਤਾਂ ਅਤੇ ਵਿਚਾਰਧਾਰਾ ਦੇ ਅਧਿਐਨ ਵੱਲ ਵਿਸ਼ੇਸ਼ ਤਵੱਜੋ ਨਹੀਂ ਦਿੱਤੀ ਗਈ। ਪਰ ਅਜੋਕੇ ਯੁੱਗ ਵਿਚ ਜਿਵੇਂ-ਜਿਵੇਂ ਉਹਨਾਂ ਦੇ ਫਲਸਫੇ ਦਾ ਵਿਸ਼ਲੇਸ਼ਣ ਹੋ ਰਿਹੈ, ਤਿਵੇਂ-ਤਿਵੇਂ ਅੱਜ ਸਮੁੱਚੇ ਵਿਸ਼ਵ ਦੇ ਬੁੱਧੀਜੀਵੀ ਉਹਨਾਂ ਦੇ ਵਿਸ਼ਾਲ ਅਧਿਐਨ, ਚਿੰਤਨ ਅਤੇ ਹਰ ਮਾਨਵੀ ਸਮੱਸਿਆ ਪ੍ਰਤੀ ਉਹਨਾਂ ਦੀ ਗਹਿਰੀ, ਤੀਖਣ ਤੇ ਸੂਖਮ ਸੋਚ ਅਤੇ ਸਮਾਧਾਨ ਦੇ ਕਾਇਲ ਹੋ ਰਹੇ ਹਨ।

ਬਾਲਪਣ ਤੋਂ ਹੀ ਉਹਨਾਂ ਨੂੰ ਬੇਪਨਾਹ ਅਪਮਾਨ ਦਾ ਸਾਹਮਣਾ ਕਰਨਾ ਪਿਆ। ਪਰ ਆਪਣੀ ਸਖਤ ਮਿਹਨਤ, ਲਗਨ, ਸਵੈ-ਵਿਸ਼ਵਾਸ, ਮਜ਼ਬੂਤ ਅਤੇ ਦ੍ਰਿੜ੍ਹ ਇੱਛਾ-ਸ਼ਕਤੀ ਅਤੇ ਇਰਾਦੇ ਅਧੀਨ ਉਹਨਾਂ ਨੇ ਵਿਸ਼ਵ ਪ੍ਰਸਿੱਧ ਸਮਾਜ ਤੇ ਸਿੱਖਿਆ ਸ਼ਾਸਤਰੀ, ਆਰਥਿਕ ਮਾਹਿਰ, ਕਾਨੂੰਨਦਾਨ, ਲੇਖਕ, ਪ੍ਰੋਫੈਸਰ, ਵਕੀਲ, ਅਸਮਾਨਤਾ ਖਤਮ ਕਰਨ ਵਾਲੇ ਯੋਧੇ ਅਤੇ ਇਸਤਰੀ ਤੇ ਅਛੂਤ ਵਰਗ ਦੇ ਮੁਕਤੀਦਾਤਾ ਵਜੋਂ ਆਪਣੀ ਵੱਖਰੀ ਤੇ ਵਿਸ਼ੇਸ਼ ਪਹਿਚਾਣ ਬਣਾਈ।

ਭਾਰਤ ਦੀ ਸਮਾਜਿਕ ਬਣਤਰ ਦੇ ਗਹਿਰੇ ਅਧਿਐਨ ਉਪਰੰਤ ਉਹਨਾਂ ਨੂੰ ਇਹ ਅਹਿਸਾਸ ਹੋ ਗਿਆ ਸੀ ਕਿ ਭਾਰਤ ਦੇ ਕਰੋੜਾਂ ਪੀੜਤ ਤੇ ਸ਼ੋਸ਼ਿਤ ਅਛੂਤ ਹਿੰਦੂ ਨਹੀਂ ਹਨ, ਬ੍ਰਾਹਮਣਵਾਦ ਨੇ ਜ਼ਬਰਦਸਤੀ ਇਹ ਵਿਚਾਰਧਾਰਾ ਇਹਨਾਂ ਉਪਰ ਠੋਸੀ ਹੋਈ ਹੈ। ਸਦੀਆਂ ਤੋਂ ਪੀੜਾ ਭੋਗ ਰਿਹਾ ਇਹ ਬਹਿਸ਼ਕ੍ਰਿਤ ਸਮਾਜ ਆਪਣੇ ਮੂਲ ਨੂੰ ਭੁੱਲ ਕੇ ਮਨੂੰਵਾਦ ਦੇ ਜ਼ੁਲਮਾਂ ਦਾ ਸ਼ਿਕਾਰ ਹੋ ਰਿਹਾ ਹੈ। ਬਰਤਾਨਵੀ ਰਾਜ ਅਧੀਨ ਆਪਣੀ ਨਫਰੀ ਵਧਾਉਣ ਲਈ ਹਿੰਦੂਆਂ ਵੱਲੋਂ ਅਛੂਤਾਂ ਨੂੰ ਆਪਣਾ ਅੰਗ ਦਰਸਾ ਕੇ ਸਰਕਾਰੇ, ਦਰਬਾਰੇ ਸ਼ਕਤੀ ਪ੍ਰਾਪਤ ਕਰਨ ਦਾ ਢੌਂਗ ਰਚਿਆ ਗਿਆ ਹੈ। ਆਪ ਦਾ ਦ੍ਰਿੜ੍ਹ ਵਿਸ਼ਵਾਸ ਸੀ ਕਿ ਸਿਮ੍ਰਿਤੀਆਂ, ਸ਼ਰੁਤੀਆਂ ਅਤੇ ਸ਼ਾਸਤਰਾਂ ਦੁਆਰਾ ਸ਼ੂਦਰਾਂ ਤੇ ਲਾਈਆਂ ਗਈਆਂ ਪਾਬੰਦੀਆਂ ਅਤੇ ਨਿਸ਼ੇਧ ਕਾਰਜਾਂ ਅਧੀਨ ਅਛੂਤ ਕਦੇ ਵੀ ਹਿੰਦੂ ਵਜੋਂ ਮਾਨਵੀ ਹੱਕ ਪ੍ਰਾਪਤ ਨਹੀਂ ਕਰ ਸਕਦੇ। ਮਹਾਰਾਸ਼ਟਰ ਸਰਕਾਰ ਵੱਲੋਂ ਬਾਬਾ ਸਾਹਿਬ ਦੇ ਜੀਵਨ ਅਤੇ ਕਾਰਜਾਂ ਸੰਬੰਧੀ ਪ੍ਰਕਾਸ਼ਿਤ ਲੱਗਭੱਗ ਦੋ ਦਰਜਨ ਜਿਲਦਾਂ ਵਿਚ ਉਹਨਾਂ ਦੀਆਂ ਲਿਖਤਾਂ ਅਤੇ ਭਾਸ਼ਣਾਂ ਵਿਚੋਂ ਇਹ ਤੱਥ ਉਭਰ ਕੇ ਸਾਹਮਣੇ ਆਉਂਦੇ ਹਨ।

ਬਾਬਾ ਸਾਹਿਬ ਅਛੂਤਾਂ ਅੰਦਰ ਸਭਿਆਚਾਰਕ ਕ੍ਰਾਂਤੀ ਲਿਆਉਣਾ ਚਾਹੁੰਦੇ ਸਨ। ਜਿਸ ਬ੍ਰਾਹਮਣਵਾਦੀ, ਰੂੜ੍ਹੀਵਾਦੀ ਚਿੰਤਨ ਨੇ ਸਦੀਆਂ ਤੋਂ ਅਛੂਤਾਂ ਨੂੰ ਗੁਲਾਮ ਬਣਾਈ ਰੱਖਿਆ ਸੀ, ਉਸਦਾ ਤਿਆਗ ਕਰਵਾ ਕੇ ਆਪ ਨਵੀਂ ਸੋਚ, ਨਵੀਂ ਰੌਸ਼ਨੀ ਅਤੇ ਨਵੇਂ ਆਦਰਸ਼ ਸਥਾਪਤ ਕਰਨਾ ਚਾਹੁੰਦੇ ਸਨ। ਡਾ. ਅੰਬੇਡਕਰ ਨੇ ਸਪਸ਼ਟ ਕਿਹਾ ਕਿ ਮੇਰਾ ਇਕ ਮਿਸ਼ਨ ਹੈ, ਇਹ ਮਿਸ਼ਨ ਹੈ ਲੋਕਾਂ ਤੋਂ ਪੁਰਾਣਾ ਰੂੜ੍ਹੀਵਾਦੀ ਦਰਸ਼ਨ ਛੁਡਾ ਕੇ ਉਹਨਾਂ ਨੂੰ ਬੁੱਧੀਵਾਦ ਤੇ ਨੈਤਿਕਤਾ ਦੇ ਮਾਰਗ 'ਤੇ ਚਲਾਉਣਾ। ਹਿੰਦੂ ਜਿਸਨੂੰ ਧਰਮ ਕਹਿੰਦੇ ਹਨ, ਉਹ ਹੁਕਮਨਾਮਿਆਂ ਅਤੇ ਪਾਬੰਦੀਆਂ ਦੀ ਵੰਡ ਤੋਂ ਬਿਨਾਂ ਹੋਰ ਕੁਝ ਵੀ ਨਹੀਂ। ਇਸ ਤਰ੍ਹਾਂ ਅੰਬੇਡਕਰਵਾਦ ਇਕ ਅਗਾਂਹਵਧੂ ਜੀਵਨ ਮਾਰਗ ਹੈ, ਇਸਦਾ ਫਿਰਕੂ ਤੇ ਪਿਛਾਂਹ ਖਿੱਚੂ ਤਾਕਤਾਂ ਨਾਲ ਟਕਰਾਅ ਹੈ। ਬਾਬਾ ਸਾਹਿਬ ਦਾ ਕਥਨ ਸੀ ਕਿ ਮੈਂ ਹਰ ਉਸ ਸਿਧਾਂਤ ਨੂੰ ਰੱਦ ਕਰਦਾ ਹਾਂ, ਜਿਹੜਾ ਤਰਕ ਦੀ ਕਸੌਟੀ 'ਤ ਪੂਰਾ ਨਾ ਉਤਰੇ ਅਤੇ ਜੋ ਨੈਤਿਕਤਾ ਦਾ ਵਿਰੋਧੀ ਹੋਵੇ।

13 ਅਕਤੂਬਰ 1935 ਨੂੰ ਯਿਓਲਾ, ਜ਼ਿਲ੍ਹਾ ਨਾਗਪੁਰ (ਮਹਾਰਾਸ਼ਟਰ) ਵਿਖੇ ਹਜ਼ਾਰਾਂ ਦੀ ਗਿਣਤੀ ਵਿਚ ਇਕੱਤਰ ਹੋਏ ਦੱਬੀਆਂ-ਦਰੜੀਆਂ ਜਾਤਾਂ ਦੇ ਜਨ-ਪ੍ਰਤੀਨਿਧੀਆਂ ਦੀ ਵਿਸ਼ਾਲ ਕਾਨਫਰੰਸ ਵਿਚ ਡਾ. ਅੰਬੇਡਕਰ ਨੇ ਐਲਾਨ ਕੀਤਾ ਕਿ ਬਦਕਿਸਮਤੀ ਨਾਲ ਉਹ ਹਿੰਦੂ ਪੈਦਾ ਹੋਏ, ਪਰ ਉਹ ਇਕ ਹਿੰਦੂ ਵਜੋਂ ਮਰਨਗੇ ਨਹੀਂ। ਉਹਨਾਂ ਸਪਸ਼ਟ ਐਲਾਨ ਕੀਤਾ ਕਿ ਉਹ ਹਿੰਦੂ ਧਰਮ ਦਾ ਤਿਆਗ ਕਰਨਗੇ।

ਡਾ. ਅੰਬੇਡਕਰ ਦੇ ਇਸ ਐਲਾਨ ਉਪਰੰਤ ਭਾਰਤ ਵਿਚ ਵਿਚਰਦੇ ਵਿਭਿੰਨ ਧਰਮ-ਅਚਾਰੀਆਂ ਨੇ ਉਹਨਾਂ ਨਾਲ ਸੰਪਰਕ ਸਾਧ ਕੇ ਆਪਣੇ ਧਰਮ ਦੀ ਵਿਸ਼ੇਸ਼ਤਾ ਅਤੇ ਅਛੂਤਾਂ ਪ੍ਰਤੀ ਸਮਾਨ ਵਿਵਹਾਰ ਦੀ ਚੇਸ਼ਟਾ ਦਰਸਾਉਂਦਿਆਂ ਅਛੂਤਾਂ ਨੂੰ ਉਹਨਾਂ ਦੇ ਧਰਮ ਵਿਚ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ। ਕੁਝ ਇਕ ਨੇ ਉਹਨਾਂ ਨੂੰ ਸਬਜ਼ਬਾਗ ਵੀ ਦਿਖਾਏ ਅਤੇ ਸਹਾਇਤਾ ਲਈ ਕਈ ਪੇਸ਼ਕਸ਼ਾਂ ਵੀ ਕੀਤੀਆਂ। ਇਹ ਧਰਮ ਅਚਾਰੀਆ ਇਸ ਭੁਲੇਖੇ ਵਿਚ ਸਨ ਕਿ ਇਸ ਐਲਾਨ ਪਿੱਛੇ ਸ਼ਾਇਦ ਡਾ. ਅੰਬੇਡਕਰ ਦਾ ਨਿੱਜੀ ਸਵਾਰਥ ਹੈ। ਪਰ ਬਾਬਾ ਸਾਹਿਬ ਦੇ ਸਾਹਮਣੇ ਤਾਂ ਹਜ਼ਾਰਾਂ ਸਾਲਾਂ ਤੋਂ ਪੀੜਾ ਭੋਗ ਰਹੇ ਅਛੂਤਾਂ ਦੇ ਭਵਿੱਖ ਦਾ ਸਵਾਲ ਸੀ। ਉਹ ਇਕ ਅਤੀ ਹੰਢੇ ਵਰਤੇ ਚਿੰਤਕ ਸਨ, ਇਸ ਲਈ ਉਹ ਧਰਮ ਬਦਲੀ ਦੇ ਵਿਚਾਰ ਨੂੰ ਅਮਲੀ ਜਾਮਾ ਪਹਿਨਾਉਣ ਲਈ ਕਿਸੇ ਜਲਦਬਾਜ਼ੀ ਵਿਚ ਨਹੀਂ ਸਨ। ਕਰੋੜਾਂ ਅਛੂਤਾਂ ਦੇ ਭਵਿੱਖ ਦਾ ਨਿਰਣਾ ਕਰਨ ਲਈ ਉਹ ਸਾਰੇ ਧਰਮਾਂ ਦੇ ਅਮਲੀ ਜੀਵਨ ਅਤੇ ਸਿਧਾਂਤਾਂ ਦਾ ਹੋਰ ਗਹਿਰਾ ਅਧਿਐਨ ਕਰਨਾ ਚਾਹੁੰਦੇ ਸਨ।

ਡਾ. ਅੰਬੇਡਕਰ ਸਿੱਖ ਕਿਉਂ ਨਾ ਬਣੇ? ਇਹ ਵਿਸ਼ਾ ਕਈ ਦਹਾਕਿਆਂ ਤੋਂ ਪੰਜਾਬ ਦੇ ਸਿੱਖਾਂ, ਅਨੁਸੂਚਿਤ ਜਾਤੀ ਨਾਲ ਸਬੰਧਤ ਵਿਦਵਾਨਾਂ ਅਤੇ ਜਨ-ਸਧਾਰਨ ਵਿਚ ਬਹਿਸ ਦਾ ਵਿਸ਼ਾ ਬਣਦਾ ਰਿਹਾ ਹੈ। ਹਰ ਵਿਦਵਾਨ ਨੇ ਆਪਣੀ ਸੂਝ, ਸਮਝ ਅਤੇ ਸੋਚ ਮੁਤਾਬਕ ਇਸਦਾ ਨਿਰਣਾ ਕਰਨ ਅਤੇ ਸਿੱਟਾ ਕੱਢਣ ਦਾ ਯਤਨ ਕੀਤਾ ਹੈ। ਇਸ ਤੱਥ ਵਿਚ ਰੱਤੀ ਭਰ ਸੰਦੇਹ ਨਹੀਂ ਕਿ ਬੁੱਧ ਧਰਮ ਤੋਂ ਇਲਾਵਾ ਡਾ. ਅੰਬੇਡਕਰ ਗੁਰੂ ਨਾਨਕ ਦੇਵ ਜੀ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਤੋਂ ਵੀ ਪ੍ਰਭਾਵਿਤ ਸਨ। ਆਪਣੇ ਖੋਜ ਨਿਬੰਧ 'ਜਾਤ ਪਾਤ ਦਾ ਬੀਜ ਨਾਸ਼' ਵਿਚ ਉਹ ਲਿਖਦੇ ਹਨ ਕਿ ਜੇ ਤੁਸੀਂ ਜਾਤ-ਪਾਤ ਸਿਸਟਮ ਨੂੰ ਖਤਮ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਬੁੱਧ ਅਤੇ ਗੁਰੂ ਨਾਨਕ ਵਾਂਗ ਸ਼ਾਸਤਰਾਂ ਦੀ ਪ੍ਰਭੁਤਾ ਸ਼ਕਤੀ ਨੂੰ ਨਕਾਰਨਾ ਪਵੇਗਾ। ਉਸ ਅਸੂਲ 'ਤੇ ਡਟ ਕੇ ਖੜ੍ਹਾ ਹੋਣਾ ਪਵੇਗਾ, ਜਿਸ 'ਤੇ ਬੁੱਧ ਅਤੇ ਗੁਰੂ ਨਾਨਕ ਡਟ ਕੇ ਖਲੋਤੇ ਸਨ।

ਧਰਮ ਸਬੰਧੀ ਡਾ. ਅੰਬੇਡਕਰ ਦੇ ਵਿਚਾਰ ਵਾਚਣਯੋਗ ਹਨ। ਉਹ ਅਛੂਤਾਂ ਵਿਚ ਸਭਿਆਚਾਰਕ ਇਨਕਲਾਬ ਲਿਆਉਣਾ ਚਾਹੁੰਦੇ ਸਨ। ਉਹਨਾਂ ਦਾ ਸਪਸ਼ਟ ਮੱਤ ਸੀ ਕਿ ਇਹਨਾਂ ਅੰਦਰ ਮਾਨਸਿਕ ਗੁਲਾਮੀ ਕਾਰਨ ਪੈਦਾ ਹੋਈ ਹੀਣ-ਭਾਵਨਾ ਨੂੰ ਕੇਵਲ ਬੁੱਧੀਵਾਦ ਦੁਆਰਾ ਪ੍ਰਾਪਤ ਕੀਤਾ ਸਵੈ-ਮਾਣ, ਸਵੈ-ਭਰੋਸਾ ਅਤੇ ਸਵੈ-ਸ਼ਕਤੀ ਹੀ ਖਤਮ ਕਰ ਸਕਦੇ ਹਨ। 1951 ਵਿਚ ਆਪਣੇ ਇਕ ਲੇਖ 'ਬੁੱਧ ਅਤੇ ਉਹਨਾਂ ਦੇ ਧਰਮ ਦਾ ਭਵਿੱਖ' ਵਿਚ ਆਪਨੇ ਲਿਖਿਆ: ਸਮਾਜ ਨੂੰ ਇਕਮੁੱਠ ਰੱਖਣ ਲਈ ਕਾਨੂੰਨ ਜਾਂ ਸਦਾਚਾਰ ਦੀ ਲੋੜ ਹੈ, ਇਸ ਤੋਂ ਬਗੈਰ ਇਹ ਖੇਰੂੰ-ਖੇਰੂੰ ਹੋ ਜਾਵੇਗਾ। ਧਰਮ ਨੇ ਜੇਕਰ ਕਾਰਜ ਕਰਨਾ ਹੈ ਤਾਂ ਇਸਨੂੰ ਤਰਕਸ਼ੀਲ ਹੋਣਾ ਚਾਹੀਦਾ ਹੈ ਜੋ ਵਿਗਿਆਨ ਦਾ ਦੂਜਾ ਨਾਂ ਹੈ। ਧਰਮ ਲਈ ਇਹੋ ਕਾਫੀ ਨਹੀਂ ਕਿ ਉਸਦਾ ਕੋਈ ਨੈਤਿਕ ਜਾਬਤਾ ਹੋਵੇ, ਉਸਦਾ ਨੈਤਿਕ ਜਾਬਤਾ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੇ ਬੁਨਿਆਦੀ ਅਸੂਲਾਂ ਨੂੰ ਮਾਨਤਾ ਦੇਵੇ। ਧਰਮ ਨਾ ਤਾਂ ਗਰੀਬੀ ਨੂੰ ਵਡਿਆਵੇ ਅਤੇ ਨਾ ਉਸਨੂੰ ਠੀਕ ਦਰਸਾਵੇ।

ਬਾਬਾ ਸਾਹਿਬ ਦੀ ਇਹ ਸਪਸ਼ਟ ਧਾਰਨਾ ਸੀ ਕਿ:



ਸਦੀਆਂ ਤੋਂ ਰੂੜ੍ਹੀਵਾਦੀ ਵਿਚਾਰਧਾਰਾ ਨੂੰ ਅਪਣਾਈ ਰੱਖਣਾ ਵੀ ਅਛੂਤਾਂ ਦੇ ਵਿਕਾਸ ਵਿਚ ਬਹੁਤ ਵੱਡੀ ਰੁਕਾਵਟ ਹੈ। ਮਈ 1956 ਵਿਚ ਬੀ. ਬੀ. ਸੀ. ਲੰਡਨ ਤੋਂ ਪ੍ਰਸਾਰਿਤ ਹੋਈ ਆਪਣੀ ਇਕ ਵਾਰਤਾ 'ਮੈਂ ਬੁੱਧ ਧਰਮ ਨੂੰ ਕਿਉਂ ਪਸੰਦ ਕਰਦਾ ਹਾਂ ਅਤੇ ਵਰਤਮਾਨ ਹਾਲਾਤ ਵਿਚ ਇਹ ਸੰਸਾਰ ਵਾਸਤੇ ਕਿਉਂ ਕਲਿਆਣਕਾਰੀ ਹੈ' ਵਿਚ ਬਾਬਾ ਸਾਹਿਬ ਨੇ ਕਿਹਾ: ਮੈਨੂੰ ਬੁੱਧ ਧਰਮ, ਉਸਦੇ ਤਿੰਨ ਸਿਧਾਂਤਾਂ- ਪ੍ਰਗਿਆ (ਵਹਿਮ ਪ੍ਰਸਤੀ ਦੀ ਬਜਾਏ ਸੂਝ ਸਮਝ), ਕਰੁਣਾ ਅਤੇ ਸਮਤਾ- ਦੇ ਕਾਰਨ ਅਧਿਕ ਪ੍ਰਿਯ ਹੈ। ਈਸ਼ਵਰ ਜਾਂ ਆਤਮਾ ਸਮਾਜ ਨੂੰ ਇਸਦੇ ਪਤਨ ਤੋਂ ਨਹੀਂ ਬਚਾ ਸਕਦੇ। ਬੁੱਧ ਧਰਮ ਹੀ ਵਿਅਕਤੀ ਅਤੇ ਸਮਾਜ ਨੂੰ ਗਿਰਾਵਟ ਤੋਂ ਬਚਾਅ ਸਕਦਾ ਹੈ। ਬੁੱਧ ਦੀ ਸਿੱਖਿਆ ਰਕਤ ਰਹਿਤ ਕ੍ਰਾਂਤੀ ਦੁਆਰਾ ਸਾਮਵਾਦ ਲਿਆ ਸਕਦੀ ਹੈ।

ਧਰਮ ਦਾ ਉਦੇਸ਼, ਪ੍ਰਯੋਜਨ ਅਤੇ ਮਨੁੱਖੀ ਜੀਵਨ ਵਿਚ ਇਸ ਦੀ ਅਹਿਮੀਅਤ ਬਾਰੇ ਡਾ. ਅੰਬੇਡਕਰ ਦੇ ਵਿਚਾਰਾਂ ਦਾ ਵਿਸ਼ਲੇਸ਼ਣ ਕਰਨ ਉਪਰੰਤ ਨਿਸਚੇ ਹੀ ਇਸ ਨਤੀਜੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਉਹਨਾਂ ਨੇ ਬੁੱਧ ਧਰਮ ਤੋਂ ਇਲਾਵਾ ਕੋਈ ਹੋਰ ਧਰਮ ਕਿਉਂ ਨਹੀਂ ਅਪਣਾਇਆ। ਇਸ ਸੰਦਰਭ ਵਿਚ ਬਾਬਾ ਸਾਹਿਬ ਦੀਆਂ ਲਿਖਤਾਂ ਅਤੇ ਭਾਸ਼ਣ ਬਾਖੂਬੀ ਸਾਡਾ ਮਾਰਗ ਦਰਸ਼ਨ ਕਰਦੇ ਹਨ:

ਧਰਮ ਦਾ ਸਬੰਧ ਜੀਵਨ ਦੀਆਂ ਸਚਾਈਆਂ ਨਾਲ ਹੋਣਾ ਚਾਹੀਦਾ ਹੈ, ਰੱਬ, ਰੂਹ, ਸਵਰਗ ਜਾਂ ਧਰਤੀ ਬਾਰੇ ਸਿਧਾਂਤਾਂ ਜਾਂ ਅਨੁਮਾਨਾਂ ਨਾਲ ਨਹੀਂ ਹੋਣਾ ਚਾਹੀਦਾ।

ਰੱਬ, ਰੂਹ ਨੂੰ ਕੇਂਦਰੀ ਬਿੰਦੂ ਮੰਨਣਾ ਗਲਤ ਹੈ।

ਅਸਲ ਧਰਮ ਮਨੁੱਖ ਦੇ ਮਨ ਵਿਚ ਹੁੰਦਾ ਹੈ, ਧਰਮ ਗ੍ਰੰਥਾਂ ਵਿਚ ਨਹੀਂ।

ਧਰਮ ਦਾ ਕੰਮ ਦੁਨੀਆਂ ਦੀ ਪੁਨਰ ਉਸਾਰੀ ਕਰਨਾ ਹੈ, ਇਸ ਨੂੰ ਖੁਸ਼ ਰੱਖਣਾ ਹੈ, ਦੁਨੀਆਂ ਦੇ ਜਨਮ ਜਾਂ ਅੰਤ ਦੀ ਵਿਆਖਿਆ ਨਹੀਂ।

(ਡਾ. ਅੰਬੇਡਕਰ, ਰਾਈਟਿੰਗ ਐਂਡ ਸਪੀਚਿਸ, ਵਾਲੀਅਮ 3, ਪੇਜ 442)

ਅਸਲੀ ਧਰਮ, ਧਰਮ ਪੁਸਤਕਾਂ, ਧਰਮ ਗ੍ਰੰਥਾਂ ਦੇ ਪਾਠ ਵਿਚ ਨਹੀ ਬਲਕਿ ਧਾਰਮਿਕ ਜੀਵਨ ਜਿਉਣ ਵਿਚ ਹੈ। (ਉਹੀ, ਵਾਲੀਅਮ 11, ਪੇਜ 105)

ਰੱਬ ਸ੍ਰਿਸ਼ਟੀ ਦਾ ਜਨਮਦਾਤਾ ਹੈ, ਇਹ ਅਧਰਮ ਹੈ, ਧਰਮ (ਧੰਮ) ਨਹੀਂ। ਇਹ ਤਾਂ ਕੇਵਲ ਝੂਠ ਵਿਚ ਵਿਸ਼ਵਾਸ ਕਰਨ ਬਰਾਬਰ ਹੈ। (ਉਹੀ, ਵਾਲੀਅਮ 11, ਪੇਜ 255)

ਪਿਛਲੇ ਜਨਮਾਂ ਦਾ ਸਿਧਾਂਤ ਨਿਰੋਲ ਬ੍ਰਾਹਮਣਵਾਦੀ ਸਿਧਾਂਤ ਹੈ। ਪਿਛਲੇ ਜਨਮਾਂ ਦਾ ਵਰਤਮਾਨ ਉਤੇ ਪ੍ਰਭਾਵ ਪੂਰੀ ਤਰ੍ਹਾਂ ਆਤਮਾ ਦੇ ਬ੍ਰਾਹਮਣਵਾਦੀ ਸਿਧਾਂਤ ਨਾਲ ਮੇਲ ਖਾਂਦਾ ਹੈ ਕਿ ਕਰਮਾਂ ਦਾ ਆਤਮਾ ਤੇ ਅਸਰ ਹੁੰਦਾ ਹੈ।

(ਉਹੀ, ਵਾਲੀਅਮ 11, ਪੇਜ 343)

ਧਰਮ ਸਬੰਧੀ ਡਾ. ਅੰਬੇਡਕਰ ਨੇ ਉਪਰੋਕਤ ਕੁਝ ਮਹੱਤਵਪੂਰਨ ਪੈਮਾਨੇ ਨਿਸ਼ਚਿਤ ਕੀਤੇ ਹਨ। ਜਿਹੜੇ ਵਿਦਵਾਨ ਜਾਂ ਸਿਆਸਤਦਾਨ ਉਹਨਾਂ ਦੇ ਧਰਮ ਪਰਿਵਰਤਨ ਅੰਦੋਲਨ ਨੂੰ ਕਿਸੇ ਵਿਸ਼ੇਸ਼ ਧਰਮ ਨੂੰ ਨਾ ਅਪਣਾਉਣ ਦੀ ਵਿਚਾਰ ਚਰਚਾ ਕਰਦਿਆਂ ਆਰੋਪ/ਪ੍ਰਤੀਆਰੋਪ ਵਿਚ ਪੈਂਦੇ ਹਨ, ਮੇਰਾ ਵਿਚਾਰ ਹੈ ਕਿ ਉਹਨਾਂ ਨੂੰ ਇਸ ਸਬੰਧੀ ਬਾਬਾ ਸਾਹਿਬ ਦੀ ਵਿਚਾਰਧਾਰਾ ਦਾ ਪੁਨਰ ਮੁਲਿਆਂਕਣ ਕਰਨਾ ਚਾਹੀਦਾ ਹੈ।

ਪਿਛਲੇ ਦਿਨੀਂ ਸੋਸ਼ਲ ਮੀਡੀਆ 'ਤੇ ਇਕ ਸਿੱਖ ਵਿਦਵਾਨ ਅਤੇ ਸੰਗੀਤ ਅਚਾਰੀਆ ਨੇ ਦਾਅਵਾ ਕੀਤਾ ਕਿ ਡਾ. ਅੰਬੇਡਕਰ ਵੱਲੋਂ ਅੰਮ੍ਰਿਤਸਰ ਪਹੁੰਚ ਕੇ ਸਿੱਖ ਧਰਮ ਅਪਣਾਏ ਜਾਣ ਦੀ ਬੇਨਤੀ ਨੂੰ ਤਤਕਾਲੀਨ ਸਿੱਖ ਆਗੂਆਂ ਨੇ ਸਵੀਕਾਰ ਨਹੀਂ ਕੀਤਾ। ਉਹਨਾਂ ਨੇ ਡਾ. ਅੰਬੇਡਕਰ ਦੀ ਕੀਤੀ ਗਈ ਇਸ ਨਿਰਾਦਰੀ ਦੀ ਨਿਖੇਧੀ ਕਰਦਿਆਂ ਅਜੋਕੀ ਸਿੱਖ ਲੀਡਰਸ਼ਿਪ ਨੂੰ ਭਾਵੁਕ ਜਿਹੀ ਅਪੀਲ ਵੀ ਕੀਤੀ ਕਿ ਕਰੋੜਾਂ ਅਛੂਤਾਂ ਨੂੰ ਸਿੱਖ ਧਰਮ ਨਾਲ ਜੋੜਿਆ ਜਾਵੇ। ਵਾਸਤ ਵਿਚ ਇਹ ਇਕ ਭ੍ਰਾਂਤੀ ਪੈਦਾ ਕੀਤੀ ਗਈ ਹੈ। ਦਰਅਸਲ 1935 ਵਿਚ ਬਾਬਾ ਸਾਹਿਬ ਵੱਲੋਂ ਹਿੰਦੂ ਧਰਮ ਦਾ ਤਿਆਗ ਕਰਨ ਦੇ ਐਲਾਨ ਉਪਰੰਤ ਸਾਰੇ ਧਰਮਾਂ ਦੇ ਆਗੂਆਂ ਸਮੇਤ ਸਿੱਖ ਲੀਡਰਾਂ ਨੇ ਵੀ ਬੰਬਈ ਵਿਖੇ ਡਾ. ਅੰਬੇਡਕਰ ਨੂੰ ਸਿੱਖ ਧਰਮ ਵਿਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਸੀ। ਨਿਰਸੰਦੇਹ ਸਿੱਖ ਆਗੂਆਂ ਵੱਲੋਂ ਬੇਨਤੀ ਕਰਨ 'ਤੇ 1936 ਵਿਚ ਵਿਸਾਖੀ ਦੇ ਮੌਕੇ ਤੇ ਡਾ. ਅੰਬੇਡਕਰ ਅੰਮ੍ਰਿਤਸਰ ਆਏ ਸਨ, ਪਰ ਉਹਨਾਂ ਨੇ ਸੰਬੋਧਨ ਕਰਦਿਆਂ ਦਲਿਤਾਂ ਨੂੰ ਸਿੱਖ ਧਰਮ ਵਿਚ ਸ਼ਾਮਲ ਕਰਨ ਦੀ ਕੋਈ ਬੇਨਤੀ ਨਹੀਂ ਕੀਤੀ। 12 ਅਪ੍ਰੈਲ 1936 ਨੂੰ ਸਿੱਖ ਮਿਸ਼ਨ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਹਨਾਂ ਨੇ ਆਪਣੇ ਸੰਖੇਪ ਜਿਹੇ ਭਾਸ਼ਣ ਵਿਚ ਕਿਹਾ ਕਿ 'ਬੇਸ਼ੱਕ ਉਹਨਾਂ ਨੇ ਹਿੰਦੂ ਧਰਮ ਨੂੰ ਤਿਆਗਣ ਦਾ ਫੈਸਲਾ ਕਰ ਲਿਆ ਹੈ, ਪਰ ਕਿਸੇ ਹੋਰ ਧਰਮ ਨੂੰ ਅਪਣਾਉਣ ਬਾਰੇ ਹਾਲੇ ਆਪਣਾ ਮਨ ਨਹੀਂ ਬਣਾਇਆ।'

(ਡਾ ਅੰਬੇਡਕਰ ਰਾਈਟਿੰਗਜ਼ ਐਂਡ ਸਪੀਚਿਜ, ਵਾਲੀਅਮ 17 (3), ਪੇਜ 103)

ਇਸ ਤੱਥ ਨੂੰ 'ਟ੍ਰਿਬਿਊਨ' ਅਖਬਾਰ ਵਿਚ ਪ੍ਰਕਾਸ਼ਿਤ ਨਿਮਨ ਲਿਖਤ ਖਬਰ ਵਿਚ ਵੀ ਵਾਚਿਆ ਜਾ ਸਕਦਾ ਹੈ:

"ਡਾ. ਅੰਬੇਡਕਰ ਨੇ ਇਕ ਸੰਖੇਪ ਜਿਹੇ ਭਾਸ਼ਣ ਵਿਚ ਕਿਹਾ ਕਿ ਤਮਾਮ ਫਿਰਕੇ ਅਛੂਤਾਂ ਦੇ ਮਸਲਿਆਂ ਬਾਰੇ ਉਭਾਰ ਵਿਚ ਹਨ। ਅਛੂਤ ਵੀ ਸਮਾਜਿਕ ਨਾ-ਬਰਾਬਰੀ ਅਤੇ ਬੇਇਨਸਾਫੀ ਤੋਂ ਤੰਗ ਆ ਚੁੱਕੇ ਹਨ ਅਤੇ ਉਹਨਾਂ ਨੇ ਹਿੰਦੂ ਧਰਮ ਤਿਆਗਣ ਦਾ ਫੈਸਲਾ ਕਰ ਲਿਆ ਹੈ। ਪਰ ਉਹ ਆਪਣੇ ਭਵਿੱਖ ਬਾਰੇ ਅਜੇ ਕੁਝ ਨਹੀਂ ਕਹਿ ਸਕਦੇ।''

(ਦਾ ਟ੍ਰਿਬਿਊਨ, ਲਾਹੌਰ, 13 ਅਪ੍ਰੈਲ 1936)

ਸੋਸ਼ਲ ਮੀਡੀਆ ਤੇ ਵਾਇਰਲ ਸਬੰਧਤ ਵੀਡੀਓ ਵਿਚ ਡਾ. ਅੰਬੇਡਕਰ ਨੂੰ ਵਿਚਾਰਿਆਂ ਵਾਂਗ, ਬੇਵੱਸ ਤੇ ਤਰਸਯੋਗ ਹਾਲਤ ਵਿਚ ਸਿੱਖ ਆਗੂਆਂ ਅੱਗੇ ਹੱਥ ਜੋੜੀਂ ਖੜ੍ਹਿਆਂ ਕਰਕੇ ਸਿੱਖ ਧਰਮ ਵਿਚ ਸ਼ਾਮਲ ਹੋਣ ਲਈ ਤਰਲੇ ਕਰਦਿਆਂ ਦਰਸਾਉਣ ਪਿਛੇ ਪਤਾ ਨਹੀਂ ਸਿੱਖ ਵਿਦਵਾਨ ਦਾ ਕੀ ਮਕਸਦ ਹੈ? 1930, 31 ਅਤੇ 1932 ਵਿਚ ਲੰਡਨ ਵਿਖੇ ਹੋਈਆਂ ਗੋਲਮੇਜ਼ ਕਨਫਰੰਸਾਂ ਵਿਚ ਬਰਤਾਨਵੀ ਸਾਮਰਾਜਵਾਦ ਨੂੰ ਉਸਦੇ ਘਰ ਵਿਚ ਜਾ ਕੇ ਵੰਗਾਰਨ ਵਾਲੇ ਯੋਧੇ ਡਾ. ਅੰਬੇਡਕਰ ਨੂੰ ਸਿੱਖ ਆਗੂਆਂ ਅੱਗੇ ਬੇਚਾਰਗੀ ਭਰੇ ਅੰਦਾਜ਼ ਵਿਚ ਪੇਸ਼ ਕਰਨ ਪਿੱਛੇ ਕੋਈ ਨਿੱਜੀ ਸਵਾਰਥ ਵੀ ਹੋ ਸਕਦਾ ਹੈ। ਅਛੂਤਾਂ ਵਿਚੋਂ ਸਿੰਘ ਸਜੇ ਸਿੱਖ ਵਿਦਵਾਨ ਨੇ ਅਖਬਾਰ ਵਿਚ ਪ੍ਰਕਾਸ਼ਿਤ ਆਪਣੇ ਇਕ ਲੇਖ ਵਿਚ ਖੁਦ ਸਵੀਕਾਰ ਕੀਤਾ ਸੀ ਕਿ ਅਖੌਤੀ ਉਚ ਜਾਤੀਏ ਸਿੰਘਾਂ ਵੱਲੋਂ ਉਸ ਨਾਲ ਜਾਤ ਆਧਾਰਿਤ ਵਿਤਕਰਾ ਕੀਤਾ ਜਾਂਦਾ ਸੀ ਅਤੇ ਰਾਗ ਤੇ ਸੰਗੀਤ ਵਿੱਦਿਆ ਵਿਚ ਮਾਹਿਰ, ਵਿਸ਼ੇਸ਼ ਰੁਤਬਾ ਰੱਖਣ ਵਾਲੇ ਇਸ ਸਿੱਖ ਵਿਦਵਾਨ ਨੂੰ ਉਸਦੀ ਜਾਤ ਦਾ ਨਾਂ ਲੈ ਕੇ ਚਿੜਾਇਆ ਜਾਂਦਾ ਸੀ। ਪਰ ਹੈਰਾਨੀ ਹੁੰਦੀ ਹੈ ਕਿ ਡਾ. ਅੰਬੇਡਕਰ ਵਰਗੇ ਬਾਗੀ ਰਹਿਬਰ ਦੇ ਅੰਮ੍ਰਿਤਸਰ ਆਗਮਨ ਦੇ ਪ੍ਰਸੰਗ ਨੂੰ ਵੀ ਕਥਾਕਾਰਾਂ ਵਾਂਗ ਮਿਥਿਹਾਸ ਦੀ ਪੁੱਠ ਚਾੜ੍ਹ ਕੇ ਪ੍ਰਸਤੁਤ ਕਰਦਿਆਂ ਉਹ ਸਿੱਖ ਆਗੂਆ ਨੂੰ ਬੇਨਤੀਆਂ ਕਰ ਰਿਹੈ ਕਿ ਸਿੱਖ ਆਗੂ ਦਲਿਤਾਂ ਨੂੰ ਆਪਣੀ ਛਾਤੀ ਨਾਲ ਲਾ ਲੈਣ। ਹੈਰਾਨੀ ਇਸ ਗੱਲ ਦੀ ਵੀ ਹੈ ਕਿ ਕਿਸੇ ਵੀ ਛੋਟੇ-ਵੱਡੇ ਸਿੱਖ ਆਗੂ ਨੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ 'ਤੇ ਕੀਤੀ ਗਈ ਇਸ ਅਪੀਲ ਦਾ ਕੋਈ ਨੋਟਿਸ ਵੀ ਨਹੀਂ ਲਿਆ। ਉਝ ਇਹ ਸਿੱਖ ਸਮਾਜ ਦਾ ਅੰਦਰੂਨੀ ਮਸਲਾ ਹੈ ਅਤੇ ਇਸ ਉਪਰ ਕੋਈ ਬਹੁਤੀ ਟਿੱਪਣੀ ਕਰਨ ਦੀ ਲੋੜ ਵੀ ਨਹੀਂ ਹੈ।

ਡਾ. ਅੰਬੇਡਕਰ ਦਾ ਮੱਤ ਹੈ ਕਿ ਧਰਮ ਦੀ ਧਾਰਨਾ ਕਦੇ ਸਥਿਰ ਨਹੀਂ ਰਹੀ, ਇਹ ਸਮੇਂ-ਸਮੇਂ ਤੇ ਬਦਲਦੀ ਰਹੀ ਹੈ। 'ਧਰਮ' ਸ਼ਬਦ ਇਕ ਹੈ, ਪਰ ਇਸਦੇ ਅਰਥ ਕਈ ਹਨ। ਇਸ ਦਾ ਕਾਰਨ ਹੈ ਕਿ ਧਰਮ ਕਈ ਪੜਾਵਾਂ ਵਿਚੋਂ ਗੁਜ਼ਰਿਆ ਹੈ, ਇਸ ਲਈ ਹਰ ਪੜਾਅ ਦੇ ਧਰਮ ਦਾ ਅਰਥ, ਦੂਜੇ ਪੜਾਅ ਦੇ ਅਰਥ ਵਾਲਾ ਨਹੀਂ ਰਿਹਾ। ਮਹਾਰਾਸ਼ਟਰ ਸਰਕਾਰ ਦੇ ਸਿੱਖਿਆ ਵਿਭਾਗ ਵੱਲੋਂ 1992 ਵਿਚ ਪ੍ਰਕਾਸ਼ਿਤ 'ਡਾ. ਬਾਬਾ ਸਾਹਿਬ ਅੰਬੇਡਕਰ ਰਾਈਟਿੰਗ ਐਂਡ ਸਪੀਚਿਸ, ਵਾਲੀਅਮ 11, ਪੇਜ 315, 316' 'ਤੇ ਡਾ. ਅੰਬੇਡਕਰ ਨੇ ਪ੍ਰਮੁੱਖ ਤੌਰ 'ਤੇ ਧਰਮ ਦੇ ਚਾਰ ਪੜਾਵਾਂ ਬਾਰੇ ਵਿਸਤ੍ਰਿਤ ਚਰਚਾ ਕੀਤੀ ਹੈ। ਬਾਬਾ ਸਾਹਿਬ ਨੇ ਬੁੱਧ ਵਿਚਾਰਧਾਰਾ ਲਈ ਪ੍ਰਚੱਲਿਤ ਸ਼ਬਦ 'ਧੰਮ' ਦੀ ਵਰਤੋਂ ਕੀਤੀ ਹੈ, ਜੋ ਧਰਮ ਨਾਲੋਂ ਵੱਖਰੇ ਅਰਥ ਰੱਖਦਾ ਹੈ। ਬੇਸ਼ੱਕ ਅਜੋਕੇ ਜੀਵਨ ਵਿਚ ਲੋਕ ਮਨ ਨੇ ਧੰਮ ਅਤੇ ਧਰਮ ਨੂੰ ਇਕੋ ਮੰਨ ਲਿਆ ਹੈ ਅਤੇ ਧੰਮ ਲਈ ਵੀ ਧਰਮ ਸ਼ਬਦ ਹੀ ਪ੍ਰਚੱਲਿਤ ਹੋਇਆ ਹੈ। ਡਾ. ਅੰਬੇਡਕਰ ਦੀ ਪਾਰਖੂ ਦ੍ਰਿਸ਼ਟੀ ਅਤੇ ਉਹਨਾਂ ਵੱਲੋਂ ਧਰਮ ਸਬੰਧੀ ਨਿਸਚਿਤ ਪੈਮਾਨਿਆਂ ਦੀ ਕਸੌਟੀ ਤੇ ਬੁੱਧ ਧੰਮ ਹੀ ਪੂਰਾ ਉਤਰਦਾ ਹੈ। ਇਹੀ ਕਾਰਨ ਹੈ ਕਿ ਉਹਨਾਂ ਨੇ ਕਿਸੇ ਹੋਰ ਧਰਮ ਨੂੰ ਨਹੀਂ ਅਪਣਾਇਆ। ਇਸ ਸੰਦਰਭ ਵਿਚ ਇਹਨਾਂ ਦੇ ਨਿਮਨ ਲਿਖਤ ਕਥਨ ਵਾਚਣਯੋਗ ਹਨ:

ਧਰਮ ਦਾ ਉਦੇਸ਼ ਦੁਨੀਆਂ ਦੇ ਮੂਲ ਜਾਂ ਮੁੱਢ ਬਾਰੇ ਦੱਸਣਾ ਹੈ ਜਦਕਿ ਧੰਮ ਦਾ ਉਦੇਸ਼ ਦੁਨੀਆਂ ਦੀ ਪੁਨਰ ਉਸਾਰੀ ਅਥਵਾ ਪੁਨਰ ਨਿਰਮਾਣ ਕਰਨਾ ਹੈ। ਧੰਮ ਵਿਚ ਈਸ਼ਵਰ ਲਈ ਕੋਈ ਸਥਾਨ ਨਹੀਂ, ਤਾਂ ਵੀ ਧੰਮ ਵਿਚ ਨੈਤਿਕਤਾ ਦਾ ਉਹੀ ਸਥਾਨ ਹੈ ਜੋ ਮਜ਼ਹਬ ਜਾਂ ਧਰਮ ਵਿਚ ਈਸ਼ਵਰ ਦਾ। (Dr. Baba Saheb Ambedkar writings & speeches, Vol. 11, P. 322)



ਡਾ. ਜੀ. ਸੀ. ਕੌਲ ਪੀ.ਐਚ.ਡੀ
91-94632-23223

ਬੁੱਧ ਦੇ ਧੰਮ ਦੀ ਪਹਿਲੀ ਧਾਰਨਾ ਇਹ ਹੈ ਕਿ ਇਸਦਾ ਰੱਬ ਅਤੇ ਰੂਹ ਨਾਲ ਕੋਈ ਵਾਸਤਾ ਨਹੀਂ ਹੈ। ਦੂਜਾ, ਉਸ ਦੇ ਧੰਮ ਦਾ ਕਰਮਕਾਂਡਾਂ ਨਾਲ ਕੋਈ ਸਰੋਕਾਰ ਨਹੀਂ।

(ਉਹੀ, ਵਾਲੀਅਮ 11, ਸਫਾ 322)

ਬੁੱਧ ਧੰਮ ਇਕ ਕ੍ਰਾਂਤੀ ਸੀ। ਇਹ ਫਰਾਂਸ ਦੀ ਕ੍ਰਾਂਤੀ ਜਿੰਨੀ ਮਹਾਨ ਕ੍ਰਾਂਤੀ ਸੀ। ਭਾਵੇਂ ਇਹ ਧਾਰਮਿਕ ਕ੍ਰਾਂਤੀ ਦੇ ਤੌਰ ਤੇ ਸ਼ੁਰੂ ਹੋਈ ਪਰ ਇਹ ਧਾਰਮਿਕ ਕ੍ਰਾਂਤੀ ਤੋਂ ਵੱਧ ਕੇ ਸੀ, ਇਹ ਸਮਾਜਿਕ ਤੇ ਰਾਜਨੀਤਿਕ ਕ੍ਰਾਂਤੀ ਬਣ ਗਈ।

(ਉਹੀ, ਵਾਲੀਅਮ 3, ਸਫਾ 153)

ਮਨੁੱਖ ਦੀ ਦੁਰਦਸ਼ਾ ਮਨੁੱਖ ਦੁਆਰਾ ਮਨੁੱਖ ਨਾਲ ਬੇਇਨਸਾਫੀ ਦਾ ਸਿੱਟਾ ਹੈ।

(ਉਹੀ, ਵਾਲੀਅਮ 11, ਸਫਾ 284)

ਬੁੱਧ ਦਾ ਇਸ ਗੱਲ ਤੇ ਬਿਲਕੁਲ ਵਿਸ਼ਵਾਸ ਨਹੀਂ ਸੀ ਕਿ ਸੰਸਾਰ ਦੀ ਰਚਨਾ ਕੀਤੀ ਗਈ ਹੈ। ਉਹਨਾਂ ਦਾ ਵਿਸ਼ਵਾਸ ਸੀ ਕਿ ਸੰਸਾਰ ਦਾ ਵਿਕਾਸ ਹੋਇਆ ਹੈ।

(ਉਹੀ, ਵਾਲੀਅਮ 11, ਸਫਾ 271)

ਬੁੱਧ ਨੇ ਪ੍ਰਾਪ੍ਰਕਿਰਤਵਾਦ (Super naturalism), ਚਮਤਕਾਰ ਅਤੇ ਰਹੱਸਵਾਦੀ (ਗੈਬੀ) ਸ਼ਕਤੀਆਂ ਨੂੰ ਰੱਦ ਕੀਤਾ ਹੈ।

ਵਿਸ਼ਵ ਦੇ ਇਤਿਹਾਸ ਵਿਚ ਧਰਮ ਦੀ ਅਜਿਹੀ ਰੂਪ ਰੇਖਾ ਕਦੇ ਵੇਖਣ ਵਿਚ ਨਹੀਂ ਆਈ, ਜਿਸਦਾ ਚਮਤਕਾਰਾਂ ਨਾਲ ਕੋਈ ਲੈਣਾ-ਦੇਣਾ ਨਾ ਹੋਵੇ, ਜਿਸਦੀ ਸਿੱਖਿਆ ਸਮਾਜਿਕ ਲੋੜਾਂ ਦੀ ਜਾਂਚ-ਪੜਤਾਲ ਤੋਂ ਪੈਦਾ ਹੋਵੇ ਅਤੇ ਜੋ ਰੱਬੀ ਹੁਕਮ ਨਾ ਹੋਵੇ। (ਉਹੀ, ਵਾਲੀਅਮ 11, ਸਫਾ 217)

ਬੁੱਧ ਦਾ ਧੰਮ ਇਕ ਖੋਜ ਹੈ। ਇਹ ਪੂਰੀ ਤਰ੍ਹਾਂ ਉਸ ਵਿਚਾਰ ਤੋਂ ਅਲੱਗ ਹੈ, ਜਿਸਨੂੰ ਇਲਹਾਮ ਜਾਂ ਪ੍ਰਗਟਾਓ ਕਿਹਾ ਜਾਂਦਾ ਹੈ।

ਧੰਮ ਦਾ ਕੇਂਦਰ ਬਿੰਦੂ ਮਨੁੱਖ ਹੈ, ਇਸ ਜੀਵਨ ਵਿਚ ਇਸੇ ਧਰਤੀ ਤੇ ਰਹਿੰਦਿਆਂ ਮਨੁੱਖ ਦਾ ਮਨੁੱਖ ਨਾਲ ਸਬੰਧ ਬੁੱਧ ਧੰਮ ਦਾ ਕੇਂਦਰੀ ਨੁਕਤਾ ਹੈ। (ਉਹੀ, ਸਫਾ 121)

ਧਰਮ ਗਰੀਬੀ ਦੇ ਗੁਣ ਨਾ ਗਾਵੇ, ਗਰੀਬੀ ਨੂੰ ਵਡਿਆਏ ਨਾ, ਬੁੱਧ ਧੰਮ ਇਹਨਾਂ ਲੋੜਾਂ ਦੀ ਪੂਰਤੀ ਕਰਦਾ ਹੈ। (ਧਨੰਜੇ ਕੀਰ, ਡਾ. ਅੰਬੇਡਕਰ ਲਾਈਫ ਐਂਡ ਮਿਸ਼ਨ, ਪੰਨਾ 421)

ਉਪਰੋਕਤ ਵਿਵੇਚਨ ਦੇ ਆਧਾਰ 'ਤੇ ਇਹ ਅਨੁਮਾਨ ਸਹਿਜੇ ਹੀ ਲਗਾਇਆ ਜਾ ਸਕਦੈ ਕਿ ਡਾ. ਅੰਬੇਡਕਰ ਦੁਆਰਾ ਮੁੱਖ ਧਰਮ ਬੁੱਧ ਅਖਤਿਆਰ ਕਰਨ ਦਾ ਫੈਸਲਾ ਉਹਨਾਂ ਦੇ ਨਿੱਜੀ ਦਰਸ਼ਨ ਅਤੇ ਸਦੀਆਂ ਤੋਂ ਕਰਮ-ਫਲਸਫੇ ਅਧੀਨ ਮਾਨਸਿਕ ਗੁਲਾਮੀ ਭੋਗ ਰਹੇ ਅਛੂਤਾਂ ਦੇ ਕਲਿਆਣ ਹਿੱਤ ਸੀ। ਜਿਹੜਾ ਕਰਮ ਫਲਸਫਾ ਅਛੂਤਾਂ ਵਿਚ ਜਿਉਂਦੇ ਜੀਅ ਇਸ ਜਨਮ ਵਿਚ ਭੁੱਖ-ਨੰਗ ਤੇ ਗਰੀਬੀ ਦਾ ਸਾਹਮਣਾ ਕਰਨ ਅਤੇ ਮਰਨ ਉਪਰੰਤ ਕਾਲਪਨਿਕ ਸੁੱਖ ਸਵਰਗ ਦੀ ਕਾਮਨਾ ਪੈਦਾ ਕਰਦੈ, ਡਾ. ਅੰਬੇਡਕਰ ਉਸ ਵਿਚਾਰਧਾਰਾ ਦੇ ਜ਼ਬਰਦਸਤ ਵਿਰੋਧੀ ਸਨ। ਉਹ ਸਿਮ੍ਰਿਤੀਆਂ, ਸ਼ਰੁਤੀਆਂ ਅਤੇ ਵੇਦਾਂਤਿਕ ਵਿਚਾਰਧਾਰਾ ਨੂੰ ਤਿਲਾਂਜਲੀ ਦੇ ਕੇ ਅਛੂਤਾਂ ਵਿਚ ਸਵੈ-ਮਾਣ, ਸਵੈ-ਸ਼ਕਤੀ ਅਤੇ ਸਵੈ-ਵਿਸ਼ਵਾਸ ਦੀ ਭਾਵਨਾ ਦਾ ਸੰਚਾਰ ਕਰਨਾ ਚਾਹੁੰਦੇ ਸਨ। ਬਾਬਾ ਸਾਹਿਬ ਦੀ ਖੋਜ ਭਰਪੂਰ ਅਤੇ ਤੱਥਾਂ ਤੇ ਆਧਾਰਿਤ ਜੀਵਨੀ ਲਿਖਣ ਵਾਲੇ ਵਿਦਵਾਨ ਧਨੰਜੇ ਕੀਰ ਨੇ ਉਹਨਾਂ ਦੇ ਸਮੁੱਚੇ ਜੀਵਨ 'ਤੇ ਪਏ ਪ੍ਰਭਾਵਾਂ ਦਾ ਜ਼ਿਕਰ ਕਰਦਿਆਂ ਲਿਖਿਆ ਹੈ: "ਬੁੱਧ ਦੇ ਜੀਵਨ, ਕਬੀਰ ਦੀਆਂ ਸਿੱਖਿਆਵਾਂ ਅਤੇ ਫੂਲੇ ਦੀ ਜੱਦੋ ਜਹਿਦ ਨੇ ਉਹਨਾਂ ਦੀ ਸ਼ਖਸੀਅਤ ਨੂੰ ਘੜਨ ਵਿਚ ਯੋਗਦਾਨ ਪਾਇਆ ਸੀ। ਇਹਨਾ ਤੋਂ ਉਹਨਾਂ ਨੂੰ ਆਤਮਕ ਬਲ ਮਿਲਿਆ ਅਤੇ ਪੱਛਮੀ ਸਿੱਖਿਆ ਨੇ ਉਹਨਾਂ ਨੂੰ ਬੇਇਨਸਾਫੀ ਵਿਰੁੱਧ ਲੜਨ ਲਈ ਸੋਚ-ਸ਼ਕਤੀ ਰੂਪੀ ਹਥਿਆਰਾਂ ਨਾਲ ਮਾਲਾਮਾਲ ਕੀਤਾ' (ਡਾ. ਅੰਬੇਡਕਰ ਲਾਈਫ ਐਂਡ ਮਿਸ਼ਨ) ਭਾਰਤੀ ਸਮਾਜ ਦੇ ਇਕਸਾਰ ਵਿਕਾਸ ਲਈ ਜਿੱਥੇ ਡਾ. ਅੰਬੇਡਕਰ ਨੇ ਸਮਾਨਤਾ, ਸੁਤੰਤਰਤਾ ਤੇ ਭਾਈਚਾਰੇ ਦੀ ਭਾਵਨਾ ਨਾਲ ਓਤ-ਪੋਤ, ਅੰਧ ਵਿਸ਼ਵਾਸਾਂ ਤੋਂ ਰਹਿਤ ਬੁੱਧ ਧਰਮ ਨੂੰ ਅਪਣਾਇਆ, ਉਥੇ ਉਹਨਾਂ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਮਨੁੱਖੀ ਸਮਾਨਤਾ ਤੇ ਕਲਿਆਣ ਹਿੱਤ, ਵਰਣ ਵਿਵਸਥਾ ਵਿਰੁੱਧ ਆਰੰਭੇ ਲੋਕ ਸੰਘਰਸ਼ ਦੀ ਵੀ ਪ੍ਰਸ਼ੰਸਾ ਕੀਤੀ। ਨਿਰਸੰਦੇਹ ਸਿੱਖ ਧਰਮ ਦਾ ਫਲਸਫਾ ਵੀ ਮਹਾਨ ਹੈ, ਪਰ ਇਸ ਮਾਨਵ ਹਿਤੈਸ਼ੀ ਚਿੰਤਨ ਨੂੰ ਪੂਰੀ ਤਰ੍ਹਾਂ ਅਮਲ ਵਿਚ ਲਿਆਉਣ ਦੀ ਲੋੜ ਹੈ। ਜਾਤ-ਪਾਤ, ਉਚ-ਨੀਚ ਦਾ ਭਿੰਨ ਭੇਦ, ਹਉਮੈ ਦਾ ਤਿਆਗ ਅਤੇ ਮਨੂੰਵਾਦੀ ਪ੍ਰਭਾਵਾਂ ਨੂੰ ਤਿਲਾਂਜਲੀ ਦੇ ਕ ਹੀ ਸਰਬ ਸਾਂਝੇ ਸਮਾਜ ਦੀ ਸਿਰਜਣਾ ਹੋ ਸਕਦੀ ਹੈ। ਪੰਜਾਬ ਵਿਚ ਸਿੱਖ ਧਰਮ ਅਤੇ ਡਾ. ਅੰਬੇਡਕਰ ਦੇ ਫਲਸਫੇ ਨਾਲ ਜੁੜੇ ਸਮਾਜ ਨੂੰ ਸੰਕੀਰਣਤਾ ਅਤੇ ਨਿੱਜੀ ਸਿਆਸੀ ਹਿੱਤਾਂ ਤੋਂ ਉਪਰ ਉਠ ਕੇ ਆਪਣੇ ਸਾਂਝੇ ਦੁਸ਼ਮਣ ਦੀ ਪਛਾਣ ਕਰਨੀ ਚਾਹੀਦੀ ਹੈ। ਇਹਨਾਂ ਵਿਚ ਪੈਦਾ ਕੀਤੀਆਂ ਭ੍ਰਾਂਤੀਆਂ ਨੂੰ ਸਮਝ ਕੇ ਪੰਜਾਬੀ ਸਮਾਜ ਅਤੇ ਪੰਜਾਬੀਆਂ ਦੇ ਸਾਂਝੇ ਹਿੱਤਾਂ ਲਈ ਸਾਂਝੇ ਯਤਨ ਕਰਨ ਦੀ ਲੋੜ ਹੈ।

# ਨ੍ਹਾਮਾ ਫਾਂਸੀਵਾਲ਼ਾ



ਅਮਰਜੀਤ ਚੰਦਨ

ਪੰਜਾਬ ਦੀ ਧਰਤੀ 'ਤੇ ਤੀਰਥ ਟਿਮ-ਟਿਮ ਕਰਦੇ ਹਨ- ਨਨਕਾਣਾ, ਅਮ੍ਰਿਤਸਰ, ਆਨੰਦਪੁਰ। ਇਕ ਥਾਂ ਇਸ ਲੋਕ ਦਾ ਤੀਰਥ ਹੈ- ਜਲੰਧਰ। ਇਸ ਨਗਰ ਥਾਣੀਂ ਲਹੌਰ ਦਿੱਲੀ ਨੂੰ ਜਾਂਦੀ ਜਰਨੈਲੀ ਸੜਕ ਦੇ ਕੰਢੇ ਵੀਹਵੀਂ ਸਦੀ ਦੇ ਪੰਜਾਬੀ ਦੇਸ਼ਭਗਤਾਂ ਦੀ ਬਣੀ ਯਾਦਗਾਰ ਹੈ। ਇਥੇ ਉਨ੍ਹਾਂ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਹਨ. ਇਨ੍ਹਾਂ ਬਾਰੇ ਪਾਸ਼ ਨੇ ਲਿਖਿਆ ਸੀ:

ਵੱਟੋ-ਵੱਟ ਹੋ ਜਾਂਦੀ ਹੈ ਆਲਮ ਦੀ ਸਿਆਹ ਚਾਦਰ
ਜਦ ਵਿਹੜੇ ਵਿਚ ਕੁੱਕੜ ਦੀ ਬਾਂਗ ਛਣਕ ਉੱਠਦੀ ਹੈ
ਗੀਤ ਆਲ੍ਹਣਿਆਂ ਚੋਂ ਨਿਕ਼ਲ ਕੇ ਬਾਹਰ ਆਉਂਦੇ ਹਨ
ਤੇ ਹਵਾ ਵਿਚ ਖ਼ੁਰਚ ਦਿੰਦੇ ਹਨ
ਸ਼ਹੀਦਾਂ ਦੇ ਅਮਿੱਟ ਚਿਹਰੇ ਮਿੱਟੀ ਦਾ ਸਭ ਤੋਂ ਪੁਰਾਣਾ ਸਫ਼ਰ
ਚਾਨਣ ਦੀ ਪਹਿਲੀ ਸ਼ੁਆ ਸੰਗ
ਫੈਲਦੀਆਂ ਹਨ ਇਸ ਕਦਰ ਤਸਵੀਰਾਂ
ਕਿ ਦੇਸ਼ਭਗਤ ਯਾਦਗਾਰ ਦੀ ਮਜਬੂਰ ਵਲਗਣ 'ਤੇ
ਬੇਪਰਵਾਹ ਹੱਸਦਾ ਹੈ ਤਸਵੀਰਾਂ ਦਾ ਆਕਾਰ
ਤੁਸੀਂ ਜਦ ਵੀ ਕਿਸੇ ਨੂੰ ਨਮਸਕਾਰ ਕਰਦੇ ਹੋ
ਜਾਂ ਹੱਥ ਮਿਲਾਉਂਦੇ ਹੋ
ਉਨ੍ਹਾਂ ਦੇ ਬੁੱਲ੍ਹਾਂ ਦੀ ਮੁਸਕਰਾਹਟ ਤੁਹਾਡੀ ਪ੍ਰਕਰਮਾ ਕਰਦੀ ਹੈ
ਤੁਸੀਂ ਜਦ ਕਿਤਾਬਾਂ ਪੜ੍ਹਦੇ ਹੋ
ਤਾਂ ਅੱਖਰਾਂ 'ਤੇ ਫੈਲ ਜਾਂਦੇ ਹਨ ਉਨ੍ਹਾਂ ਦੇ ਅਮਲ...

ਤੁਹਾਡੇ ਅੰਗਸੰਗ ਤੁਹਾਡੇ ਸ਼ਹੀਦ ਤੁਹਾਥੋਂ ਕੋਈ ਆਸ ਰਖਦੇ ਹਨ। ਇਨ੍ਹਾਂ ਚ ਇਕ ਤਸਵੀਰ ਹਰਨਾਮ ਚੰਦ ਦੀ ਹੈ; ਹੁਸ਼ਿਆਰਪੁਰ ਜ਼ਿਲੇ ਦੇ ਪਿੰਡ ਫ਼ਤਹਗੜ੍ਹ ਦੇ ਹਰਨਾਮ ਚੰਦ ਉਰਫ਼ ਨ੍ਹਾਮੇ ਦੀ। ਇਹ ਵੀਹਵੀਂ ਸਦੀ ਦੇ ਸ਼ੁਰੂ ਵਿਚ ਅਮਰੀਕਾ ਕਮਾਈ ਕਰਨ ਗਿਆ ਦੇਸ਼ਭਗਤਾਂ ਨਾ਼ਲ ਰ਼ਲ ਗਿਆ; ਹਥਿਆਰਾਂ ਨਾ਼ਲ ਭਰੇ ਜਹਾਜ਼ 'ਚ ਦੇਸ ਪਰਤਦਾ ਫ਼ਰੰਗੀਆਂ ਦੇ ਕਾਬੂ ਆ ਗਿਆ ਤੇ ਉਨ੍ਹਾਂ ਇਹਨੂੰ ਲਹੌਰ ਲੈ ਜਾ ਕੇ 16 ਮਾਰਚ 1917 ਨੂੰ ਫਾਂਸੀ ਦੇ ਦਿੱਤੀ ਸੀ। ਫਾਂਸੀ ਤੋਂ ਦੋ ਮਹੀਨੇ ਪਹਿਲਾਂ ਇਹਨੇ ਅਪਣੇ ਘਰਦਿਆਂ ਨੂੰ ਉਰਦੂ ਚ ਕਾਰਡ ਲਿਖਿਆ ਸੀ:

ਲਹੌਰ ਸੈਂਟਰਲ ਜੇਲ 8।1।17

**ਨ੍ਹਾਮਾ ਫਾਂਸੀਵਾਲਾ**

ਭਾਈ ਸਾਹਬ ਦੀਵਾਨਚੰਦ ਨਮਸਤੇ ਮੁਝ ਕੋ 5 ਮਾਹ ਹਾਲ ਕੋ ਫਾਂਸੀ ਕਾ ਹੁਕਮ ਹੋ ਗਯਾ ਹੈ- ਆਪ ਕਿਸੀ ਕਿਸਮ ਕਾ ਫ਼ਿਕਰ ਨ ਕਰੇਂ- ਔਰ ਮੇਰੀ ਜ਼ੌਜਾ ਰੁਕਮਣੀ ਕੋ ਵਰਯਾਮਾ ਕੇ ਹਕ਼ ਮੇਂ ਕਰ ਦੇਵੇਂ- ਔਰ ਸਭ ਕੋ ਦਰਜਾ-ਬਦਰਜਾ ਨਮਸਤੇ- ਬੱਚੋਂ ਕੋ ਪਯਾਰਕਾਰਡ ਦੇ ਦੂਜੇ ਪਾਸੇ ਸਰਨਾਮਾ ਹੈ:

ਬਾਮਕਾਮ ਫ਼ਤਹਗੜ੍ਹ ਡਾਕਖ਼ਾਨਾ .ਅੱਖਰ ਉੱਠਦੇ ਨਹੀਂ॥ ਜ਼ਿਲਾ ਹੁਸ਼ਿਆਰਪੁਰ ਪਾਸ ਦੀਵਾਨ ਚੰਦ

ਇਸ ਤਵਾਰੀਖ਼ੀ ਚਿੱਠੀ ਦਾ ਭਾਖਾਸੰਜਮ ਪਰੇਸ਼ਾਨ ਕਰਨ ਵਾ਼ਲਾ ਹੈ. ਕੁੱਲ ਛੇ ਫ਼ਿਕਰੇ. ਕੋਠੀ ਲੱਗੇ ਬੰਦੇ ਨੇ ਪਾਏ ਵੀ ਤਾਂ ਚਾਰ ਅੱਖਰ ਪਾਏ। ਏਨੇ ਹੀ ਬਹੁਤ ਨੇ. ਇਹ ਚਾਰ ਅੱਖਰ ਭਗਤ ਸਿੰਘ ਦੇ ਲਿਖੇ ਹਜ਼ਾਰ ਅੱਖਰਾਂ ਦੇ ਤੁੱਲ ਹਨ. ਹਰਨਾਮ ਚੰਦ ਨੂੰ ਸ਼ੁਹਰਤ ਦੀ ਕੋਈ ਲਿਲ੍ਹ ਨਹੀਂ ਸੀ। ਇਹਦੇ ਲਿਖੇ ਵਿਚ ਕਿੰਨਾ ਕੁਝ ਅਣਲਿਖਿਆ ਹੈ. ਇਸ ਚਿੱਠੀ ਦੇ ਨਾ਼ਲ ਉਹਦੇ ਘਰਦਿਆਂ ਦੇ ਸੀਨੇ ਨਾ਼ਲ ਲਾ ਕੇ ਰੱਖੀ ਤਸਵੀਰ ਹੈ।

ਇਹ ਤਸਵੀਰ ਤਾਂ ਅਸਲੋਂ ਹੀ ਚੁੱਪ ਹੈ। ਆਉ, ਇਹਦੀਆਂ ਗੱਲਾਂ ਕਰੀਏ. ਜੌਨ੍ਹ ਬਰਜਰ ਇਕ ਥਾਂ ਲਿਖਦਾ ਹੈ: ਵਿਛੁੰਨੇ ਪਿਆਰ ਦੀ ਤਸਵੀਰ ਠੀਕਰੀਆਂ ਜੋੜ-ਜੋੜ ਬਣਾਇਆ ਭਾਂਡਾ ਹੁੰਦੀ ਹੈ। ਹਰਨਾਮ ਚੰਦ ਦੀ ਇਹ ਥਰੀਪੀਸ ਸੂਟ ਪਾ ਕੇ ਚੋਪੜੇ ਬੋਦਿਆਂ ਵਾ਼ਲੀ ਖਿਚਵਾਈ ਤਸਵੀਰ ਮੁੱਢੋਂ ਹੀ ਵਿਛੋੜੇ ਦੀ ਸਨਦ ਹੈ, ਦੇਸ ਦੁਆਬਾ ਛੱਡ ਕੇ ਗਏ ਬੰਦੇ ਦੇ ਵਿਛੋੜੇ ਦੀ. ਲੋਕਗੀਤ ਵਿਚ ਸੁਆਣੀ ਕਹਿੰਦੀ ਹੈ- ਸ਼ਾਮਾ 'ਸ਼ਿਆਰਪੁਰ ਸੁਣੀਦਾ ਦੂਰ, ਬਛੋੜਾ ਨਾ ਪਾਈਉ....

ਮਿਰਕਣ ਤਾਂ ਹੁਸ਼ਿਆਰਪੁਰੋਂ ਬਹੁਤ ਹੀ ਦੂਰ ਹੈ। ਮੇਰੇ ਅੱਗੇ ਪਈ ਅਸਲ ਤਸਵੀਰ ਦੀ ਸਾਲ-ਕੁ ਪਹਿਲਾਂ ਦੀ ਪੁਰਾਣੀ ਪੈ ਰਹੀ ਨਕਲ ਹੈ। ਜ਼ਖ਼ਮ ਬੜਬੋਲਾ ਸ਼ਬਦ ਹੈ. ਘਰਦਿਆਂ ਕੋ਼ਲ ਪਈ ਅਸਲ ਫ਼ੋਟੋ ਦਾ ਕੀ ਹਾਲ ਹੋਵੇਗਾ? ਉਹਨੂੰ ਕਿੰਨੇ ਹੱਥ ਛੁਹ ਚੁੱਕੇ ਹੋਣਗੇ. ਉਹਨੂੰ ਸਭ ਤੋਂ ਪਹਿਲਾਂ ਫ਼ੋਟੋਗਰਾਫ਼ਰ ਦੇ ਹੱਥ ਲੱਗੇ ਹੋਣਗੇ; ਫੇਰ ਹਰਨਾਮ ਚੰਦ ਦੇ; ਫੇਰ.... ਪੁਰਾਣੀ ਤਸਵੀਰ ਦਾ ਰੰਗ – ਕਾ਼ਲਾ ਮੈ਼ਲਾ ਗੁਲਾਬੀ ਜ਼ਰਦ – ਭਰਦੇ ਜ਼ਖ਼ਮ ਦੀ ਚਮੜੀ ਵਾਂਙ ਲਿਸ਼ਕਣ ਲਗਦਾ ਹੈ. ਇਹ ਏਨਾ ਅੱਲਾ ਹੁੰਦਾ ਹੈ ਕਿ ਇਹਨੂੰ ਨਿਰੀ ਤੱਕਣੀ ਨਾ਼ਲ ਹੀ ਛੁਹਿਆ ਜਾ ਸਕਦਾ ਹੈ। ਪੀੜ ਭੁੱਲ ਜਾਂਦੀ ਹੈ; ਫੱਟ ਦਾ ਨਿਸ਼ਾਨ ਦੁੱਖ ਦਿੰਦਾ ਰਹਿੰਦਾ ਹੈ. ਫੇਰ ਸੋਚਾਂ ਵਿਚ ਪਿਆ ਚਿੱਬ ਹੀ ਬਾਕੀ ਰਹਿ ਜਾਂਦਾ ਹੈ. ਇਤਿਹਾਸ ਚ ਵਾਪਰੇ ਵੱਡੇ-ਵੱਡੇ ਸਾਕਿਆਂ ਦਾ ਸੇਕ ਘਟਦਾ-ਘਟਦਾ ਇੰਜ ਹੀ ਮੁੱਕ ਜਾਂਦਾ ਹੈ. ਅਸੀਂ ਉਨ੍ਹਾਂ ਨੂੰ ਔਖੇ ਵੇਲੇ ਚੇਤੇ ਕਰਦੇ ਹਾਂ, ਅਪਣੇ ਆਪ ਨੂੰ ਧਰਵਾਸ ਦੇਣ ਲਈ. ਵੀਹਵੀਂ ਸਦੀ ਦੇ ਸ਼ੁਰੂ ਦੀ ਕਿਸੇ ਵੀ ਤਸਵੀਰ ਵਿਚ ਕੋਈ ਪੰਜਾਬੀ ਖ਼ੁਸ਼ ਨਜ਼ਰ ਨਹੀਂ ਆਉਂਦਾ; ਭਾਵੇਂ ਫ਼ਰੰਗੀਆਂ ਦਾ ਫ਼ੌਜੀ ਹੋਵੇ ਜਾਂ ਪਰਦੇਸੀਂ ਕਮਾਈ ਕਰਨ ਗਿਆ ਕਾਮਾ – ਨਿਉਯਾਰਕ ਦੇ ਐਲਿਸ ਆਈਲੈਂਡ ਦੇ ਮਾਈਗਰੇਸ਼ਨ ਮਿਉਜ਼ਮ ਵਿਚ ਲੱਗੀ ਤਸਵੀਰ ਵਿਚਲੇ ਬਾਰਾਂ ਸਿੰਘ; ਵੈਨਕੂਵਰ ਦੀ ਵੱਡੀ ਲਾਇਬ੍ਰੇਰੀ ਵਿਚ ਡੱਬੇ ਚ ਬੰਦ ਪਈਆਂ ਤਸਵੀਰਾਂ ਵਿਚਲੇ ਕੋਮਾਗਾਤਾਮਾਰੂ ਜਹਾਜ਼ ਦੇ ਮੁਸਾਫ਼ਿਰ; ਇੰਪੀਰੀਅਲ ਵਾਰ ਮਿਉਜ਼ੀਅਮ ਲੰਡਨ ਦੀ ਲਾਇਬ੍ਰੇਰੀ ਵਿਚ ਸੰਨ 1914 ਵਿਚ ਬੰਬਈ ਵਿਚ ਲਾਮ 'ਤੇ ਚੱਲੇ ਫ਼ੌਜੀਆਂ ਨਾ਼ਲ ਭਰੇ ਜਹਾਜ਼ ਦੀ ਤਸਵੀਰ। ਹਰ ਕੋਈ ਚੁੱਪ-ਗੜੁੱਪ ਦੁੰਨਵੱਟਾ ਦਿਸਦਾ ਹੈ; ਪਹੁੰਚਿਆ-ਹੋਇਆ ਫੈਲ-ਸੂਫ, ਜੋ ਆਖਦਾ ਹੈ – ਖ਼ੁਸ਼ ਹੋਣ ਵਾ਼ਲੀ ਕਿਹੜੀ ਗੱਲ ਹੈ? – ਹਰਨਾਮ ਚੰਦ ਨੂੰ ਕਾਹਦਾ ਗ਼ਮ ਹੈ? ਇਹਦੀ ਤਸਵੀਰ ਨੂੰ ਸਾਡੇ ਤਾਈਂ ਅਪੜਦਿਆਂ ਪੂਰੀ ਸਦੀ ਲਗ ਗਈ. ਏਨਾ ਪੰਧ ਕਰ ਕੇ ਆਈ ਇਸ ਮੂਰਤ ਨੇ ਬੜੇ ਰੰਗ ਦੇਖੇ ਹਨ। ਇਸ ਵਿਚ ਉਨ੍ਹੀਵੀਂ ਸਦੀ ਦਾ ਪੰਜਾਬੀ ਬੈਠਾ ਹੈ, ਜਿਵੇਂ ਅੱਜ ਇੱਕੀਵੀਂ ਸਦੀ ਵਿਚ ਵੀ ਆਪਾਂ ਵੀਹਵੀਂ ਸਦੀ ਦੇ ਜੀਅ ਹਾਂ।

ਇਹ ਤਸਵੀਰ ਹਰਨਾਮ ਚੰਦ ਨੇ ਤੁਹਾਡੇ ਤੇ ਮੇਰੇ ਲਈ ਨਹੀਂ ਸੀ ਖਿਚਵਾਈ. ਇਹ ਉਹਦੇ ਘਰ ਦੇ ਜੀਆਂ ਵਾਸਤੇ ਸੀ; ਖ਼ਾਸ ਕਰਕੇ ਰੁਕਮਣੀ ਲਈ। ਲਹੌਰ ਜਾਂ ਵਲਾਇਤ ਪੜ੍ਹਦਿਆਂ ਦੀਆਂ ਇਹੋ-ਜਿਹੀਆਂ ਬੜੀਆਂ ਤਸਵੀਰਾਂ ਅੱਜ ਵੀ ਪੰਜਾਬੀ ਘਰਾਂ ਵਿਚ ਸਾਂਭੀਆਂ ਪਈਆਂ ਹੋਣਗੀਆਂ।

ਤਸਵੀਰਾਂ ਵਿਚ ਵੱਡੇ ਜਣਿਆਂ ਦੀ ਤੱਕਣੀ ਸਦਾ ਦਰਸ਼ਕ ਨੂੰ ਕੁਛ ਪੁੱਛਦੀ ਹੈ; ਕੁਛ ਚੇਤੇ ਕਰਾਂਦੀ ਹੈ। ਤਸਵੀਰ





ਵਿਚ ਤਵਾਰੀਖ਼ ਸਾਕਾਰ ਹੁੰਦੀ ਹੈ। ਤੁਸੀਂ ਆਪ ਕਿਸੇ ਵੱਡੇ ਪੰਜਾਬੀ ਦੀ ਤਸਵੀਰ ਨੂੰ ਗਹੁ ਨਾ਼ਲ ਦੇਖਣਾ; ਇਹ ਝੱਟ ਤੁਹਾਡੀਆਂ ਅੱਖਾਂ ਚ ਅੱਖਾਂ ਪਾ ਕੇ ਦੇਖਣ ਲਗ ਪਵੇਗੀ। ਪਾਸ਼ ਦੇ ਆਖਣ ਵਾਂਙ ਇਹ ਤਸਵੀਰ ਤੁਹਾਥੋਂ 'ਕੋਈ ਆਸ' ਰਖਦੀ ਹੈ। ਕਾਹਦੀ ਆਸ? ਇਹ ਨਹੀਂ ਕਵੀ ਨੇ ਦੱਸਿਆ, ਇਹੀ ਚੰਗੀ ਕਵਿਤਾ ਦੀ ਜੁਗਤ ਹੈ। ਰਤਾ ਸੋਚੋ. ਪਿਆਰ ਦੀ, ਸਤਿਕਾਰ ਦੀ, ਅਹਿਸਾਨ ਦੀ ਆਸ? ਆਉਣ ਵਾ਼ਲੀ ਹਰ ਪੀੜ੍ਹੀ ਇਨ੍ਹਾਂ ਤਸਵੀਰਾਂ ਅੱਗੇ ਜਵਾਬਦੇਹ ਰਹੇਗੀ। ਇਹ ਵੱਖਰੀ ਗੱਲ ਹੈ ਕਿ ਗ਼ਦਰ ਲਹਿਰ ਦੇ ਕਿਸੇ ਆਗੂ ਦੀ ਤਸਵੀਰ 'ਆਈਕੌਨ' ਨਹੀਂ ਬਣ ਸਕੀ; ਕਰਤਾਰ ਸਿੰਘ ਸਰਾਭੇ ਦੀ ਤਸਵੀਰ ਬਣ ਸਕਦੀ ਸੀ, ਪਰ ਬਾਬਿਆਂ ਨੇ ਆਪ ਹੀ ਰੋ਼ਲ ਦਿੱਤੀ. ਜਲੰਧਰ ਚ ਹੁਣ ਹਰ ਸਾਲ ਲਗਦੇ ਬਾਬਿਆਂ ਦੇ ਮੇਲੇ ਦੇ ਇਸ਼ਤਿਹਾਰਾਂ ਵਿਚ ਕਿਸੇ ਗ਼ਦਰੀ ਆਗੂ ਦੀ ਨਹੀਂ, ਭਗਤ ਸਿੰਘ ਦੀ ਕੇਸਰੀ ਪੱਗ ਵਾ਼ਲੀ ਮਨਢੰਗੀ ਤਸਵੀਰ ਛਪੀ ਹੁੰਦੀ ਹੈ. ਸਾਨਫ਼ਰਾਂਸਿਸਕੋ ਦੇ ਗ਼ਦਰ ਪਾਰਟੀ ਦੇ ਯੁਗਾਂਤਰ ਆਸ਼ਰਮ ਵਾ਼ਲੇ ਅਜਾਇਬ ਘਰ ਵਿਚ ਲੱਗੀਆਂ ਤਸਵੀਰਾਂ ਚ ਸਭ ਤੋਂ ਵੱਡੀ ਤਸਵੀਰ ਭਗਤ ਸਿੰਘ ਦੀ ਹੈ। ਫ਼ੌਜੀਆਂ ਦੇ ਆਸਰੇ ਫ਼ਰਵਰੀ 1915 ਵਿਚ ਫ਼ਰੰਗੀਆਂ ਖ਼ਿਲਾਫ਼ ਬਗ਼ਾਵਤ ਕਰਨ ਦੀ ਗ਼ਦਰ ਪਾਰਟੀ ਦੀ ਵਿਉਂਤ ਸਿਰੇ ਨਹੀਂ ਸੀ ਚੜ੍ਹੀ. ਗ਼ਦਰੀ ਅਮਰੀਕਾ ਤੇ ਹੋਰ ਮੁਲਕਾਂ ਤੋਂ ਲਲਕਾਰੇ ਮਾਰਦੇ ਹਿੰਦੁਸਤਾਨ ਚੱਲੇ ਸੀ ਕਿ ਅਸੀਂ ਜਾ ਕੇ ਬਗ਼ਾਵਤ ਕਰਨੀ ਹੈ. ਬਹੁਤੇ ਰਾਹ 'ਚ ਫੜੇ ਗਏ। ਜਿਹੜੇ ਘਰੀਂ ਪੁੱਜੇ, ਉਨ੍ਹਾਂ ਦਾ ਪੁਲਸ ਟੋਡੀਆਂ ਨਾ਼ਲ ਵੈਰ ਪੈ ਗਿਆ। ਉਹ ਉਨ੍ਹਾਂ ਨੂੰ ਕਤਲ ਕਰਨ ਲੱਗੇ. ਪੈਸੇ ਵਾਸਤੇ ਡਾਕੇ ਮਾਰਨ ਲੱਗੇ। ਲੋਕਾਂ ਨੂੰ ਪਤਾ ਹੀ ਨਹੀਂ ਸੀ ਕਿ ਉਨ੍ਹਾਂ ਨੂੰ ਆਜ਼ਾਦ ਕਰਵਾਉਣ ਲਈ ਬਹੁਤ ਸਾਰੇ ਬੰਦੇ ਅਮਰੀਕਾ ਕਨੇਡਾ ਛੱਡ ਕੇ ਆਏ ਹਨ. ਅੰਤ ਨੂੰ ਅੰਗਰੇਜ਼ਾਂ ਨੇ ਡੇਢ੍ਹ ਸੌ ਗ਼ਦਰੀ ਜਾਨੋਂ ਮਾਰ ਦਿੱਤੇ, 3 ਸੌ ਨੂੰ 14 ਸਾਲ ਤੋਂ ਵਧ ਸਜ਼ਾਵਾਂ ਹੋਈਆਂ। ਘਰ ਜਾਇਦਾਦ ਦੀ ਕੁਰਕੀ ਵੱਖਰੀ ਹੋਈ. ਉਨ੍ਹਾਂ ਦੇ ਘਰਦਿਆਂ ਜੋ ਮੁਸੀਬਤਾਂ ਝੱਲੀਆਂ, ਉਨ੍ਹਾਂ ਦੀ ਤਾਂ ਕੋਈ ਗੱਲ ਹੀ ਨਹੀਂ ਕਰਦਾ। ਹਰਨਾਮ ਚੰਦ ਉਨ੍ਹਾਂ ਗ਼ਦਰੀਆਂ ਚੋਂ ਸੀ. ਇਤਿਹਾਸ ਤੇ ਯਾਦਾਂ ਲਿਖਣ ਵਾ਼ਲਿਆਂ ਤੋਂ ਹਰਨਾਮ ਚੰਦ ਦਾ ਬਹੁਤਾ ਪਤਾ ਨਹੀਂ ਲਗਦਾ. ਸੈਂਸਰੇ ਨੇ ਗ਼ਦਰ ਪਾਰਟੀ ਦਾ ਇਤਿਹਾਸ (1961) ਵਿਚ ਹਰਨਾਮ ਚੰਦ ਨੂੰ ਤੀਸਰੇ ਲਹੌਰ ਸਾਜ਼ਿਸ਼ ਕੇਸ ਵਾ਼ਲਾ 'ਸ੍ਰੀ ਨਾਮਾ' ਤੇ 'ਹਰਨਾਮ ਸਿੰਘ' ਕਰਕੇ ਲਿਖਿਆ ਹੈ ਅਤੇ ਉਹਨੂੰ ਗ਼ਦਰ ਲਹਿਰ ਦੇ ਹਮਦਰਦ ਮੰਡੀ ਰਿਆਸਤ ਦੇ ਰਾਜੇ ਦੇ ਬੇਨਾਮ ਭਤੀਜੇ ਨਾ਼ਲ ਜੋੜਿਆ ਹੈ, ਜਿਹਦਾ ਹੋਰ ਵੇਰਵਾ ਨਹੀਂ ਦਿੱਤਾ. ਹਰੀ ਸਿੰਘ ਉਸਮਾਨ ਦੀ ਡਾਇਰੀ ਚ ਹਰਨਾਮ ਚੰਦ ਤੇ ਹੋਰ ਹਮਸਫ਼ਰਾਂ ਦੇ ਨਾਂ ਇਕ-ਅੱਧ ਵਾਰ ਹੀ ਆਉਂਦੇ ਹਨ।

ਸਾਰੇ ਗ਼ਦਰੀ ਆਗੂਆਂ ਦੇ ਵਤਨ ਨੂੰ ਕੂਚ ਕਰਨ ਮਗਰੋਂ ਸਾਨਫ਼ਰਾਂਸਿਸਕੋ ਦਾ ਯੁਗਾਂਤਰ ਆਸ਼ਰਮ ਸੁੰਞਾ ਪਿਆ ਸੀ. ਪਸ਼ੌਰੋਂ ਗਏ ਕਿਸੇ ਰਾਮ ਚੰਦ ਨੇ ਉਥੇ ਜਾ ਡੇਰੇ ਲਾਏ। (ਪੂਰੇ ਤਿੰਨ ਸਾਲ ਮਗਰੋਂ ਗ਼ਦਰੀ ਰਾਮ ਸਿੰਘ ਨੇ ਇਹਨੂੰ ਗ਼ੱਦਾਰੀ ਬਦਲੇ ਕਤਲ ਕਰ ਦਿੱਤਾ।) ਕਿਸੇ ਨੂੰ ਨਹੀਂ ਪਤਾ ਕਿ ਸ਼ੁਕੀਨ ਕਵੀ ਹਰੀ ਸਿੰਘ ਫ਼ਕੀਰ ਉਰਫ਼ ਉਸਮਾਨ ਆਸ਼ਰਮ ਚ ਕਿਵੇਂ ਪੁੱਜਾ ਸੀ. ਉਹਨੇ ਅਪਣੀਆਂ ਯਾਦਾਂ (1991) ਚ "ਮੈਨੂੰ ਗ਼ਦਰ ਪਾਰਟੀ ਨੇ ਸੱਦ ਲਿਆ" ਲਿਖਿਆ ਹੈ। ਲਾਲੇ ਹਰਦਿਆਲ ਰਾਹੀਂ ਗ਼ਦਰ ਪਾਰਟੀ ਨੂੰ ਜਰਮਨ ਸਰਕਾਰ ਤੋਂ ਪੈਸੇ ਮਿ਼ਲਦੇ ਸੀ ਤੇ ਇਹ ਸਿਲਸਿਲਾ ਹਿਟਲਰ ਦੇ ਵੇਲੇ ਤਕ ਚਲਦਾ ਰਿਹਾ। ਜਰਮਨਾਂ ਦੇ ਆਖੇ ਆਪ-ਸਜੇ ਆਗੂ ਰਾਮ ਚੰਦ ਨੇ ਮੈਵਰਿਕ ਨਾਂ ਦਾ ਜਹਾਜ਼ ਹਥਿਆਰਾਂ ਨਾ਼ਲ ਭਰ ਕੇ ਪੰਜ ਹਿੰਦੀਆਂ ਸਣੇ 22 ਅਪ੍ਰੈਲ 1915 ਨੂੰ ਕਲਕੱਤੇ ਨੂੰ ਤੋਰਿਆ. ਈਰਾਨੀ ਖਲਾਸੀਆਂ ਦੇ ਭੇਸ ਵਾ਼ਲੇ ਇਹ ਪੰਜ ਜਣੇ ਸੀ: ਹਰੀ ਸਿੰਘ ਫ਼ਕੀਰ (ਉਸਮਾਨ), ਹਰਨਾਮ ਚੰਦ, ਮੰਗੂ ਰਾਮ, ਹਰਚਰਨ ਦਾਸ ਪਿੰਡ ਰਾਏਪੁਰ ਫਰਾ਼ਲਾ ਤੇ ਸੁਲਤਾਨਪੁਰ ਯੂਪੀ ਦਾ ਗੰਭੀਰ ਸਿੰਘ. (ਉਸਮਾਨ ਨੇ ਹਰਚਰਨ ਦਾਸ ਨੂੰ ਕਿਸ਼ਨ ਚੰਦ ਤੇ ਗੰਭੀਰ ਸਿੰਘ ਨੂੰ ਰਘਬੀਰ ਦੱਸਿਆ ਹੈ ਤੇ ਜਹਾਜ਼ ਦੇ ਚੱਲਣ ਦੀ ਤਾਰੀਖ਼ 15 ਅਪ੍ਰੈਲ ਦੱਸੀ ਹੈ.) ਜਗਜੀਤ ਸਿੰਘ ਦੀ ਲਿਖਤ ਗ਼ਦਰ ਪਾਰਟੀ ਲਹਿਰ (1955) ਵਿਚ ਲਿਖਿਆ ਹੈ ਕਿ ਇਸ ਜਹਾਜ਼ ਵਿਚ "ਤੀਹ ਹਜ਼ਾਰ ਰਾਈਫ਼ਲਾਂ, ਹਰ ਇਕ ਰਾਈਫ਼ਲ ਪ੍ਰਤੀ ਪੰਜ ਸੌ ਗੋ਼ਲੀਆਂ ਅਤੇ ਦੋ ਲੱਖ ਰੁੱਪਯਾ ਆਉਣਾ ਸੀ।" ਸੈਂਸਰੇ ਦੀ ਲਿਖਤ ਵਾਸਤੇ ਲਿਖੇ ਹਰੀ ਸਿੰਘ ਉਸਮਾਨ ਦੇ ਬਿਆਨ ਮੂਜਬ "ਹਥਿਆਰਾਂ ਦੇ ਗਿਆਰਾਂ ਗੱਡੇ (ਪੰਦਰਾਂ ਹਜ਼ਾਰ ਰਫ਼ਲਾਂ ਤੇ ਪਿਸਤੌਲ) ਸੀ." ਦੋਹਵਾਂ ਹਵਾਲਿਆਂ ਦੀ ਅੱਤਕਥਨੀ ਪ੍ਰਤੱਖ ਹੈ। ਜਹਾਜ਼ ਸਮੁੰਦਰ ਚ -ਸੈਂਸਰੇ ਦੇ ਲਿਖਣ ਵਾਂਙ- "ਅਵਾਰਾਗਰਦੀ" ਕਰਦਾ ਤਿੰਨ ਮਹੀਨੇ ਬਤਾਵੀਆ (ਜਕਾਰਤਾ) ਖੜ੍ਹਾ ਰਿਹਾ। ਹਰਚਰਨ ਦਾਸ ਤੇ ਹਰਨਾਮ ਚੰਦ ਉਤਰ ਕੇ ਸਿਆਮ (ਥਾਈਲੈਂਡ) ਚਲੇ ਗਏ; ਉਥੇ ਇਹ ਪੁਲਸ ਦੇ ਕਾਬੂ ਆ ਗਏ। ਅੰਗਰੇਜ਼ ਹਾਕਮ ਹਰਚਰਨ ਦਾਸ ਨੂੰ ਸਾਨਫ਼ਰਾਂਸਿਸਕੋ ਲੈ ਗਏ, ਤੇ ਹਰਨਾਮ ਚੰਦ ਨੂੰ ਲਹੌਰ. ਹਰਚਰਨ ਦਾਸ ਗ਼ਦਰੀਆਂ ਦੇ ਖ਼ਿਲਾਫ਼ ਚਲਾਏ ਸਾਜ਼ਿਸ਼ ਕੇਸ ਚ ਵਾਅਦਾ ਮੁਆਫ਼ ਗਵਾਹ ਬਣਿਆ ਤੇ ਹਰਨਾਮ ਚੰਦ ਤੀਸਰੇ ਲਹੌਰ ਸਾਜ਼ਿਸ਼ ਕੇਸ ਵਿਚ ਫਾਂਸੀ ਲੱਗਾ। ਸ਼ੁਕੀਨ ਸ਼ਾਇਰ ਜਾਵਾ ਟਾਪੂ ਵਿਚ ਛਪਨ ਹੋ ਗਿਆ ਤੇ ਉਥੇ ਮੁਸਲਮਾਨ ਦੇ ਭੇਸ 'ਚ ਘਰ ਵਸਾ ਕੇ ਤੀਹ ਸਾਲ ਰਿਹਾ; ਦੇਸ਼ ਆਜ਼ਾਦ ਹੋਣ 'ਤੇ ਅਪਣੇ ਘਰ ਬੱਦੋਵਾ਼ਲ ਲੁਧਿਆਣੇ ਆ ਗਿਆ। ਇਹਦੀ ਪਾਈ ਬਾਤ ਦਾ ਸੰਤ ਸਿੰਘ ਸੇਖੋਂ ਨੇ ਨਾਵਲ ਬਣਾਇਆ – ਬਾਬਾ ਆਸਮਾਨ . ਮੰਗੂ ਰਾਮ ਜਹਾਜ਼ੋਂ ਉਤਰ ਸਿੰਘਾਪੁਰ ਗਿਆ, ਤਾਂ ਉਥੇ ਫੜ੍ਹਿਆ ਗਿਆ। ਫ਼ਰਾਰ ਹੋ ਕੇ ਦਸ ਸਾਲ ਭਟਕਦਾ ਅਪਣੇ ਪਿੰਡ ਮੂਗੋਵਾ਼ਲ ਪੁੱਜਾ; ਫੇਰ 'ਆਦਿਧਰਮੀਆਂ' ਦੀ ਲਹਿਰ ਚਲਾਈ ਤੇ ਸੰਨ 1944 ਵਿਚ ਅਪਣੇ ਸੱਤ ਬੰਦਿਆਂ ਸਣੇ ਪੰਜਾਬ ਅਸੰਬਲੀ ਦਾ ਮੈਂਬਰ ਬਣਿਆ। ਇਸ ਸਾਰੇ ਡਰਾਮੇ ਚ ਮਗਰੋਂ ਜਾ ਕੇ ਲੇਨਿਨ ਦੇ ਬਣੇ ਸਾਥੀ ਐੱਮ ਐੱਨ ਰਾਏ ਦਾ ਨਾਂ ਵੀ ਬੋਲਦਾ ਹੈ. ਉਹ ਦੱਸਦਾ ਹੈ ਕਿ ਜਹਾਜ਼ ਵਾਲੇ ਹਥਿਆਰ ਪੰਜਾਬੀ ਗ਼ਦਰੀਆਂ ਵਾਸਤੇ ਕਤੱਈ ਨਹੀਂ ਸਨ। ਉਦੋਂ ਪੰਜਾਬ ਵਿਚ ਇਨ੍ਹਾਂ ਹਥਿਆਰਾਂ ਨੂੰ ਕੋਈ ਚਲਾਉਣ ਵਾ਼ਲਾ ਤਾਂ ਕੀ, ਕੋਈ ਸਾਂਭਣ ਵਾ਼ਲਾ ਵੀ ਨਹੀਂ ਸੀ ਬਚਿਆ। ਅਮਰੀਕਾ ਤੋਂ ਚੱਲੇ ਉਸ ਸਮੁੰਦਰੀ ਜਹਾਜ਼ ਦਾ ਨਾਂ ਮੈਵਰਿਕ ਸੀ. ਅੰਗਰੇਜ਼ੀ ਸ਼ਬਦ ਮੈਵਰਿਕ ਦਾ ਪੰਜਾਬੀ ਉਲਥਾ ਬੇਮੁਹਾਰਾ ਕਰੀਦਾ ਹੈ। ਇਹਦੀ ਕਹਾਣੀ ਜਿਵੇਂ ਸਾਰੀ ਗ਼ਦਰ ਲਹਿਰ ਦਾ ਤੱਤ ਹੈ – ਸੂਰਮੇ ਦਿਲਾਂ ਵਿਚ ਸੱਚੀਸੁੱਚੀ ਤਾਂਘ ਲੈ ਕੇ ਦੇਸ ਆਜ਼ਾਦ ਕਰਵਾਉਣ ਚੱਲੇ ਹਨ; ਨਾ਼ਲ ਹੀ ਘਰ ਦੇ ਭੇਤੀ ਹਨ; ਜਹਾਜ਼ ਸਮੁੰਦਰ ਚ ਠਿਲ੍ਹ ਪਿਆ; ਕੈਪਟਨ ਪਤਾ ਨਹੀਂ ਕੌਣ ਹੈ, ਵਿਉਂਤ ਕੋਈ ਨਹੀਂ; ਲੱਗਣਾ ਕਿਹੜੇ ਕੰਢੇ ਹੈ, ਕਿਸੇ ਨੂੰ ਨਹੀਂ ਪਤਾ. ਸਾਰੇ ਬੇੜਾ ਛੱਡ ਕੇ ਨੱਸ ਜਾਂਦੇ ਹਨ; ਪਿੱਛੇ ਫਾਹੇ ਲੱਗਣ ਨੂੰ ਰਹਿ ਜਾਂਦਾ ਹੈ, ਹਰਨਾਮ ਚੰਦ। ਹਰਨਾਮ ਚੰਦ ਤੇ ਇਹਦੇ ਗਰਾਈਂ ਬਾਬੂ ਰਾਮ ਨੂੰ ਬਾਰਾਂ ਹੋਰ ਗ਼ਦਰੀਆਂ ਸਣੇ ਤੀਸਰੇ ਲਹੌਰ ਸਾਜ਼ਿਸ਼ ਕੇਸ ਵਿਚ ਅੰਗਰੇਜ਼ ਹਕੂਮਤ ਖ਼ਿਲਾਫ਼ ਬਗ਼ਾਵਤ ਕਰਨ ਦੇ ਦੋਸ਼ ਵਿਚ ਫਾਂਸੀ ਲੱਗੀ ਸੀ। ਨਾ ਕੋਈ ਵਕੀਲ, ਨਾ ਦਲੀਲ, ਨਾ ਅਪੀਲ. ਇਨ੍ਹਾਂ ਤਾਂ ਕੋਈ ਕੀੜੀ ਸਾਰਖੀ ਵੀ ਨਹੀਂ ਸੀ ਮਾਰੀ. ਆਜ਼ਾਦੀ ਦਾ ਸੁਪਨਾ ਜ਼ਰੂਰ ਲਿਆ ਸੀ. ਤੌਬਾ! ਸੁਪਨਾ ਲੈਣ ਦੀ ਏਡੀ ਵੱਡੀ ਸਜ਼ਾ! 16 ਮਾਰਚ ਸੰਨ 1917 ਈਸਵੀ. ਭੁੱਲ ਜਾਉ ਕਿ ਇਹ ਕੋਈ ਖੇਲ ਹੈ। (ਪੁਰਾਣੀ ਪੰਜਾਬੀ ਚ ਸਿਨਮੇ ਨੂੰ ਲੋਕ ਖੇਲ ਕਹਿੰਦੇ ਹੁੰਦੇ ਸੀ।) ਭੁੱਲ ਜਾਉ ਕਿ ਸ਼ਹੀਦ ਦੀ ਸਾਂਗ ਲਾਉਂਦਾ ਕੋਈ ਦਲੀਪ ਕੁਮਾਰ, ਮਨੋਜ ਕੁਮਾਰ ਜਾਂ ਰਾਜ ਬੱਬਰ ਹੈ। ਅੱਖਾਂ ਮੁੰਦ ਕੇ ਰਤਾ ਚਿਤਵੋ – ਪੰਜ ਜਣੇ ਫਾਂਸੀ ਦੇ ਤਖ਼ਤੇ ਵਲ ਵਧ ਰਹੇ ਹਨ। ਹਰਨਾਮ ਚੰਦ. ਬਾਬੂ ਰਾਮ. ਖੁਰਦਪੁਰੀਆ ਬਲਵੰਤ ਸਿੰਘ. ਜਗਰਾਵਾਂ ਦਾ ਹਾਫ਼ਿਜ਼ ਮੁਹੰਮਦ ਅਬਦੁੱਲਾ, ਸੰਘਵਾ਼ਲ ਜਲੰਧਰ ਦਾ ਰੂੜ ਸਿੰਘ. ਇਹ ਕਿਹਨੂੰ-ਕਿਹਨੂੰ ਧਿਆ ਰਹੇ ਹਨ? ਜਿੰਨੇ ਇਕੱਠੇ, ਉਨੇ ਹੀ ਇਕੱਲੇ। ਇਨ੍ਹਾਂ ਜੋ ਸੁਣ ਰੱਖਿਆ ਸੀ, ਉਹ ਪਹਿਲੀ ਵਾਰੀ ਦੇਖਣਾ ਹੈ – ਰੱਸਾ, ਜੱਲਾਦ, ਤਖ਼ਤਾ. ਇਨ੍ਹਾਂ ਦੇ ਘਰਦਿਆਂ ਨੂੰ ਇਸ ਵਾਪਰਨ ਵਾ਼ਲੀ ਹੋਣੀ ਦਾ ਕੋਈ ਪਤਾ ਨਹੀਂ। ਹਰਨਾਮ ਚੰਦ ਕਿਸਨੂੰ ਸੋਚ ਰਿਹਾ ਹੈ? ਰੁਕਮਣੀ, ਦੀਵਾਨ ਚੰਦ, ਵਰਿਆਮਾ, ਬੱਚੇ, ਬੱਚੋਂ ਕੋ ਪਿਆਰ. ਫ਼ਤਹਗੜ੍ਹ. ਹੁਸ਼ਿਆਰਪੁਰ. ਆਪ ਕਿਸੀ ਕਿਸਮ ਕਾ ਫ਼ਿਕਰ ਨਾ ਕਰੇਂ। ਸਭ ਕੋ ਦਰਜਾ ਬਦਰਜਾ ਨਮਸਤੇ, ਨਮਸਤੇ।

ਉਨ੍ਹਾਂ ਦੇ ਪੈਰਾਂ ਥੱਲੇ ਦੇ ਤਖ਼ਤੇ ਇਕਦਮ ਖੁੱਲ੍ਹ ਗਏ। ਉਨ੍ਹਾਂ ਦਾ ਸਸਕਾਰ ਜੇਲ ਦੇ ਅਹਾਤੇ ਚ ਕਰ ਦਿੱਤਾ ਗਿਆ। ਚਾਰ ਮਹੀਨੇ ਮਗਰੋਂ ਭਾਈ ਦੀਵਾਨ ਚੰਦ ਨੇ ਪੰਜਾਬ ਦੇ ਗਵਰਨਰ ਨੂੰ ਪਟੀਸ਼ਨ ਭੇਜੀ। ਉਹਦਾ ਜਵਾਬ ਆਇਆ – ਤੁਹਾਡੇ ਭਾਈ ਨੂੰ ਤਾਂ ਫਾਂਸੀ ਦਿੱਤੀ ਜਾ ਚੁੱਕੀ ਹੈ...

ਉਸ ਗੱਲ ਨੂੰ ਬੜੇ ਸਾਲ ਹੋ ਚੁੱਕੇ ਨੇ; ਪਰ ਜਾਣ ਤੋਂ ਪਹਿਲਾਂ ਹਰਨਾਮ ਚੰਦ ਦੀ ਤਸਵੀਰ ਇਕ ਵਾਰੀ ਫੇਰ ਦੇਖ ਲਵੋ। ਭਗਵਾਨ ਜੋਸ਼ ਦੀ ਇਸ ਲੇਖ ਬਾਰੇ ਚਿੱਠੀ ਨਵੀਂ ਦਿੱਲੀ 9 ਜਨਵਰੀ 2002 ਪਿਆਰੇ ਮਨੁੱਖ...ਤੇਰੀ ਇਸ ਲਿਖਤ ਵਿਚ ਭੁੱਲੇ-ਵਿਸਰੇ ਇਨਸਾਨ ਬਾਰੇ ਤੇ ਉਹਦੀ ਅਣਆਈ ਮੌਤ ਬਾਰੇ ਜਾਣਕਾਰੀ ਤਾਂ ਹੈ ਹੀ, ਨਾ਼ਲ ਕੁਝ ਸਤਰਾਂ ਐਸੀਆਂ ਹਨ – ਤੇ ਇਹ ਸਤਰਾਂ ਹੀ ਇਸ ਲਿਖਤ ਨੂੰ ਅਹਿਮ ਬਣਾਉਂਦੀਆਂ ਹਨ – ਜੋ ਸਮੁੱਚੀ ਗ਼ਦਰ ਲਹਿਰ ਨੂੰ ਬਿਆਨ ਕਰ ਦਿੰਦੀਆਂ ਹਨ, ਉਹ ਹੈ ਤੇਰਾ 'ਬੇਮੁਹਾਰਾ' ਮੈਟਾਫ਼ਰ ਨੂੰ ਲੈ ਕੇ ਲਹਿਰ ਦੀ ਤਹਿ ਤਕ ਪਹੁੰਚਣਾ। ਚਾਰ ਸਤਰਾਂ ਵਿਚ ਸਮੁੱਚੀ ਲਹਿਰ ਦੇ ਚਮਤਕਾਰੀ ਸੱਚ ਦੇ ਦਰਸ਼ਨ ਹੋ ਜਾਂਦੇ ਹਨ: "ਅਮਰੀਕਾ ਤੋਂ ਚੱਲੇ ਉਸ ਸਮੁੰਦਰੀ ਜਹਾਜ਼ ਦਾ ਨਾਂ ਮੈਵਰਿਕ ਸੀ. ਅੰਗਰੇਜ਼ੀ ਸ਼ਬਦ ਮੈਵਰਿਕ ਦਾ ਪੰਜਾਬੀ ਉਲਥਾ ਬੇਮੁਹਾਰਾ ਕਰੀਦਾ ਹੈ। ਇਹਦੀ ਕਹਾਣੀ ਜਿਵੇਂ ਸਾਰੀ ਗ਼ਦਰ ਲਹਿਰ ਦਾ ਤੱਤ ਹੈ – ਸੂਰਮੇ ਦਿਲਾਂ ਵਿਚ ਸੱਚੀਸੁੱਚੀ ਤਾਂਘ ਲੈ ਕੇ ਦੇਸ ਆਜ਼ਾਦ ਕਰਵਾਉਣ ਚੱਲੇ ਹਨ; ਨਾ਼ਲ ਹੀ ਘਰ ਦੇ ਭੇਤੀ ਹਨ; ਜਹਾਜ਼ ਸਮੁੰਦਰ ਚ ਠਿਲ੍ਹ ਪਿਆ; ਕੈਪਟਨ ਪਤਾ ਨਹੀਂ ਕੌਣ ਹੈ, ਵਿਉਂਤ ਕੋਈ ਨਹੀਂ; ਲੱਗਣਾ ਕਿਹੜੇ ਕੰਢੇ ਹੈ, ਕਿਸੇ ਨੂੰ ਨਹੀਂ ਪਤਾ. ਸਾਰੇ ਬੇੜਾ ਛੱਡ ਕੇ ਨੱਸ ਜਾਂਦੇ ਹਨ; ਪਿੱਛੇ ਫਾਹੇ ਲੱਗਣ ਨੂੰ ਰਹਿ ਜਾਂਦਾ ਹੈ, ਹਰਨਾਮ ਚੰਦ।"– ਪਰ ਇਸ ਮੈਟਾਫ਼ਰ ਨੂੰ ਤੂੰ ਨ੍ਹਾਮੇ ਉੱਤੇ ਲਾਗੂ ਨਹੀਂ ਕੀਤਾ. ਨ੍ਹਾਮਾ ਕੌਣ ਹੈ? ਤੇਰੇ ਮੇਰੇ ਤੇ ਹੋਰ ਅਨੇਕ ਪੰਜਾਬੀ ਗੱਭਰੂਆਂ ਦੇ ਅੰਦਰ ਦਾ ਨ੍ਹਾਮਾ ਕੌਣ ਸੀ? ਸਿਰਫ਼ ਤੂੰਹੀਉਂ ਨ੍ਹਾਮੇ ਨਾ਼ਲ ਹਮਦਰਦੀ ਵਾ਼ਲਾ ਲੇਖ ਕਿਉਂ ਲਿਖਿਆ? ਕੀ ਤੂੰ ਇਹ ਲਿਖ ਕੇ ਅਪਣੇ ਅੰਦਰਲੇ ਨ੍ਹਾਮੇ ਨਾ਼ਲ ਗੱਲਾਂ ਤਾਂ ਨਹੀਂ ਸੀ ਕਰ ਰਿਹਾ? ਇਹ ਲਿਖਤ ਪੜ੍ਹ ਕੇ ਮੇਰੇ ਅੰਦਰ ਦਾ ਨ੍ਹਾਮਾ ਜਾਗ ਪਿਆ। ਇਸ ਨ੍ਹਾਮੇ ਨੂੰ ਦੋ ਸ਼ਬਦਾਂ ਚ ਬਿਆਨ ਕਰਦਾ ਹਾਂ – 'ਬੇਮੁਹਾਰੀ ਭਾਵੁਕਤਾ'।

ਇਹ ਕੁਆਰੀ ਭਾਵੁਕਤਾ ਦਾ ਹੀ ਦੂਸਰਾ ਨਾਂ ਹੈ. ਗੀਤਕਾਰ ਗੁਰਦਾਸ ਮਾਨ ਗਾਉਂਦਾ ਹੈ: ਚੜ੍ਹਦੀ ਜਵਾਨੀ ਵਿਚ, ਰੁੱਤ ਮਸਤਾਨੀ ਵਿਚ, ਕਿਸੇ ਨਾ਼ਲ ਫਸਣਾ ਜ਼ਰੂਰ ਚਾਹੀਦਾ...। ਸਾਡੇ ਕਲਚਰ ਵਿਚ ਇਸ ਬੇਮੁਹਾਰੀ ਭਾਵੁਕਤਾ ਨਾ਼ਲ ਅਪਣੇ ਆਪ ਨੂੰ ਫੰਨੇ ਖ਼ਾਂ ਸਮਝਣ ਵਾ਼ਲੀ ਜਵਾਨ ਮਾਨਸਿਕਤਾ ਕਿਸੇ 'ਇਕ' ਨਾ਼ਲ ਜ਼ਰੂਰ 'ਫਸਦੀ' ਹੈ। ਇਹ ਕੋਈ ਇਨਸਾਨ ਹੋ ਸਕਦਾ ਹੈ; ਕੋਈ ਦਹਸ਼ਤਪਸੰਦ ਜੱਥੇਬੰਦੀ ਜਾਂ ਕਮਉਮਰਾਂ ਦੇ ਜਜ਼ਬਾਤ ਨਾ਼ਲ ਖੇਡਣ ਵਾ਼ਲੀ ਕੋਈ 'ਪਾਰਟੀ' ਹੋ ਸਕਦੀ ਹੈ. ਮੈਂ ਵੀ ਇੰਜ ਹੀ ਨਕਸਲੀ ਲਹਿਰ ਚ 'ਫਸ' ਗਿਆ ਸੀ. ਇਸ 'ਫਸਣਾ' ਸ਼ਬਦ ਦਾ ਅਰਥ ਬੜਾ ਗੁੰਝ਼ਲਦਾਰ ਹੈ। ਇਹਦਾ ਇਹ ਮਤਲਬ ਨਹੀਂ ਕਿ ਕਿਸੇ ਨੇ ਤੁਹਾਡੇ ਨਾ਼ਲ ਧੋਖਾ ਕੀਤਾ; ਹਾਲਾਂਕਿ ਧੋਖੇਬਾਜ਼ ਇਨ੍ਹਾਂ ਜੱਥੇਬੰਦੀਆਂ ਚ ਵੀ ਹੁੰਦੇ ਹਨ। ਇਸਦਾ ਮਤਲਬ ਹੈ ਕਿ ਜਜ਼ਬੇ ਦੇ ਗੰਧਲਣ ਦਾ ਸਮਾਜੀ ਅਮਲ ਹਾਲੇ ਸ਼ੁਰੂ ਨਹੀਂ ਹੋਇਆ ਹੁੰਦਾ; ਜਵਾਨੀ ਵਿਚ ਸੱਚੇ-ਝੂਠੇ ਰਿਸ਼ਤਿਆਂ ਸਦਕਾ ਸਮਾਜੀ-ਮੈਂ ਨਹੀਂ ਜਨਮੀ ਹੁੰਦੀ।

ਜਵਾਨ ਮਨ ਦੀ ਕੋਮਲਤਾ ਹਾਲੇ ਸਮਾਜੀ ਸਖ਼ਤੀ ਨਾ਼ਲ ਟਕਰਾਈ ਨਹੀਂ ਹੁੰਦੀ. ਉਹਨੂੰ ਤਾਂ ਸਾਰੀ ਦੁਨੀਆ ਸੁਪਨਿਆਂ ਦੀ ਕਾਇਨਾਤ ਲਗਦੀ ਹੈ – ਅਪਣੀ ਮਰਜ਼ੀ ਨਾ਼ਲ ਸਿਰਜੀ ਹੋਈ. ਇਨਕਲਾਬ ਗ਼ਲੀ ਦੇ ਮੋੜ 'ਤੇ ਯਾਰ ਵਾਂਙ ਉਡੀਕ ਰਿਹਾ ਹੁੰਦਾ ਹੈ. ਨ੍ਹਾਮੇ ਨੂੰ ਵੀ ਲੱਗਿਆ ਸੀ ਕਿ ਉਹਨੂੰ ਆਜ਼ਾਦੀ ਉਡੀਕ ਰਹੀ ਹੈ। ਮੈਨੂੰ ਅੱਜ ਸਮਝ ਆਈ ਕਿ ਮੈਂ ਕਿਉਂ ਨਕਸਲਬਾੜੀਆਂ ਨਾ਼ਲ 'ਫਸ' ਗਿਆ ਸੀ; ਨ੍ਹਾਮਾ ਕਿਉਂ ਗ਼ਦਰੀਆਂ ਨਾ਼ਲ 'ਫਸਿਆ' ਸੀ। ਤੇਰੀ ਇਸ ਲਿਖਤ ਤੋਂ ਪਹਿਲਾਂ ਮੈਂ ਇਹਨੂੰ ਅਪਣੀ ਮੂਰਖਤਾ ਸਮਝਦਾ ਸੀ। ਪਰ ਕੁਆਰੀ ਚੇਤਨਾ ਤੇ ਮੂਰਖਤਾ ਚ ਬੜਾ ਫ਼ਰਕ ਹੈ। ਇਹਦੀ ਸਮਝ ਮੈਨੂੰ ਹੁਣ 'ਮੂਰਖ' ਬਣ ਕੇ ਆਈ ਹੈ. ਖ਼ਤ ਤਾਂ ਤੈਨੂੰ ਲਿਖ ਰਿਹਾ ਹਾਂ; ਕਿਵੇਂ ਮੇਰੀ ਤਾਰ ਤੇਰੀ ਤਾਰ ਨਾ਼ਲ ਜੁੜ ਗਈ ਹੈ; ਕਿਵੇਂ ਤੇਰੇ, ਮੇਰੇ ਤੇ ਨ੍ਹਾਮੇ ਅੰਦਰਲੇ ਤਿੰਨੇ ਨ੍ਹਾਮੇ ਮਿ਼ਲ ਬੈਠੇ ਹਨ। ਇਹੀ ਸੰਗਤ ਹੈ। ਸਾਹਿਤ ਦਾ ਕੰਮ ਬੰਦੇ ਨੂੰ ਸੰਗਤੀਆ ਬਣਾਉਣਾ ਹੈ. ਤੇਰੀ ਇਸ ਲਿਖਤ ਦਾ ਮਕਸਦ ਸੀ – ਨ੍ਹਾਮੇ ਨੂੰ ਦੱਸਣਾ ਕਿ ਦੇਖ, ਪੰਜਾਬ ਵਿਚ ਹਾਲੇ ਕੁਝ ਨ੍ਹਾਮੇ ਹਨ, ਜੋ ਤੈਨੂੰ ਕਦੇ-ਕਦੇ ਚੇਤੇ ਕਰ ਲੈਂਦੇ ਹਨ (ਤੇਰੀ ਕੋਈ ਕਵਿਤਾ ਵੀ ਇੰਜੇ ਸ਼ੁਰੂ ਹੁੰਦੀ ਹੈ)। ਬਸ ਤੇਰੀਆਂ ਕਵਿਤਾਵਾਂ ਦੀ ਇਹ ਮਾਨਸਿਕ ਜ਼ਮੀਨ ਇਕ ਤਰ੍ਹਾਂ ਦੀ ਏਰੋਡਰੋਮ ਹੈ। ਜੇ ਤੂੰ ਇਸ ਜ਼ਮੀਨ 'ਤੇ ਪੁੱਜ ਕੇ ਟਿਕਿਆ ਰਹੇਂ ਤੇ ਜਿੰਨੀ ਦੇਰ ਟਿਕਿਆ ਰਹੇਂ; ਤੇਰੇ ਅੰਦਰੋਂ ਕਵਿਤਾ ਦੇ ਛੋਟੇ ਤੇ ਵੱਡੇ ਜਹਾਜ਼ ਉਡਦੇ ਰਹਿਣਗੇ। ਨ੍ਹਾਮਾ ਫਾਂਸੀਵਾਲਾ ਤੇਰਾ ਕੋਈ ਲੇਖ ਨਹੀਂ ਹੈ। ਇਹ ਤੇਰੇ ਲੇਖਿਆਂ ਵਿਚ ਲਿਖਿਆ ਲੇਖ ਅਸਲ 'ਚ ਕਵਿਤਾ ਹੀ ਹੈ, ਪਿਆਰ ਨਾ਼ਲ...

ਪ ਸ ਜਦ ਨ੍ਹਾਮਾ ਛਪੇ, ਤਾਂ ਕਿਰਪਾ ਕਰਕੇ ਇਹ ਚਿੱਠੀ ਜ਼ਰੂਰ ਨਾ਼ਲ ਛਾਪ ਦੇਵੀਂ. ਕਈਆਂ ਹੋਰਨਾਂ ਨੂੰ ਸਮਝ ਆ ਜਾਵੇਗੀ ਕਿ ਤੂੰ ਨ੍ਹਾਮੇ ਬਾਰੇ ਇਹ ਲਿਖਤ ਕਿਉਂ ਬਣਾਈ ਸੀ।

# ਪ੍ਰੋ: ਦਿੱਤ ਰਾਮ ਉਰਫ ਪ੍ਰੋ: ਦਿੱਤ ਸਿੰਘ



ਸੀ. ਐਲ. ਚੁੰਬਰ

ਅੱਜ ਤੋਂ 156 ਵਰ੍ਹੇ ਪਹਿਲਾਂ 21 ਅਪ੍ਰੈਲ 1850 ਨੂੰ ਮੌਜੂਦਾ ਫਤਿਹਗੜ੍ਹ ਸਾਹਿਬ ਦੇ ਪਿੰਡ ਕਲੌੜ ਦੇ ਸ. ਦੀਵਾਨ ਸਿੰਘ ਦੇ ਘਰ ਮਾਤਾ ਰਾਮ ਕੌਰ ਦੀ ਸੁਲੱਖਣੀ ਕੁੱਖੋਂ ਇਕ ਬਾਲਕ ਨੇ ਜਨਮ ਲਿਆ। ਜਿਸ ਦਾ ਨਾਂ ਮਾਪਿਆਂ ਨੇ ਦਿੱਤ ਰਾਮ ਰੱਖਿਆ ਜੋ ਦਿੱਤਾ ਰਾਮ ਜਾਂ ਰਾਮ ਦਿੱਤ ਨਾਂ ਨਾਲ ਵੀ ਬੁਲਾਇਆ ਜਾਂਦਾ ਸੀ। ਸ. ਦੀਵਾਨ ਸਿੰਘ ਨੇ ਪਿਤਾ ਪੁਰਖੀ ਚਮੜੇ ਰੰਗਣ ਦਾ ਕੰਮ ਛੱਡ ਕੇ ਕੱਪੜੇ ਬੁਣਨ ਦਾ ਕੰਮ ਸ਼ੁਰੂ ਕਰ ਦਿੱਤਾ। ਮਿ: ਐਚ. ਏ. ਰੋਜ. ਏ ਗਲੋਸਰੀ ਆਫ਼ ਦਾ ਟਰਾਈਬਜ਼ ਐਂਡ ਕਾਸਟਸ ਆਫ਼ ਦਾ ਪੰਜਾਬ ਐਂਡ ਨੌਰਥ ਵੈਸਟ ਫਰੰਟੀਅਰ ਪ੍ਰਾਵਿੰਸ ਹਿੱਸਾ ਤੀਜਾ ਸਫ਼ਾ 307 ਤੇ ਲਿਖਦੇ ਹਨ ਕਿ ਬਹੁਤ ਸਾਰੇ ਚਮਾਰਾਂ ਨੇ ਚਮੜੇ ਦਾ ਕੰਮ ਛੱਡ ਕੇ ਕੱਪੜੇ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ। ਐਡਵੋਕੇਟ ਭਗਵਾਨ ਦਾਸ ਨੇ ਆਪਣੀ ਸੰਪਾਦਕ ਪੁਸਤਕ 'ਦਜ਼ ਸਪੋਕ ਅੰਬੇਦਕਰ' ਹਿੱਸਾ ਚਾਰ ਸਫ਼ਾ 183 ਤੇ ਪ੍ਰੋ: ਜੀ ਨੂੰ ਮਜ਼੍ਹਬੀ ਸਿੱਖ ਲਿਖਿਆ ਹੈ। ਜੋ ਕਿ ਬੇਬੁਨਿਆਦ ਹੈ। (ਦੇਖੋ ਸ਼ੀਰੀ ਫਰਹਾਦ ਕ੍ਰਿਤ ਸੰਤ ਦਿੱਤਾ ਰਾਮ ਉਰਫ ਗਿਆਨੀ ਦਿੱਤ ਸਿੰਘ ਸੰਪਾਦਕ ਸ. ਸ਼ਮਸ਼ੇਰ ਸਿੰਘ ਅਸ਼ੋਕ, ਸਫ਼ਾ 3, ਪੰਜਵੀ ਐਡੀਸ਼ਨ, ਸਾਲ 1970 ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ)।

ਪਹਿਲਾਂ ਤਾਂ ਪਿਤਾ ਨੇ ਬਾਲਕ ਦਿੱਤ ਰਾਮ ਨੂੰ ਘਰੇ ਪੜ੍ਹਾਇਆ। ਜਦੋਂ ਦਿੱਤ ਰਾਮ 9 ਵਰ੍ਹਿਆਂ ਦਾ ਹੋਇਆ ਤਾਂ ਉਸ ਨੂੰ ਪਿੰਡ ਤਿਊੜ ਤੋਂ ਦੋ ਮੀਲ ਦੀ ਵਿੱਥ 'ਤੇ ਚੜ੍ਹਦੇ ਬੰਨੇ ਸਥਿਤ ਸੰਤ ਗੁਰਬਖਸ਼ ਸਿੰਘ ਗੁਲਾਬ ਦਾਸੀਏ ਦੇ ਡੇਰੇ ਪੜ੍ਹਨ ਪਾ ਦਿੱਤਾ।ਦਿੱਤ ਰਾਮ ਦੀ ਤੀਖਣ ਬੁੱਧੀ ਜੀ ਜੋ ਉਸ ਨੇ ਧਾਰਮਿਕ ਕਿਤਾਬਾਂ ਪੜ੍ਹਨ ਤੋਂ ਬਾਅਦ ਪਿੰਗਲ, ਵੈਦਿਕ, ਰਾਜਨੀਤੀ ਆਦਿ ਵਿਸ਼ਿਆਂ ਦੇ ਰੰਗਾਂ ਦਾ ਬੜਾ ਡੂੰਘਾ ਅਧਿਐਨ ਕੀਤਾ। ਦਿੱਤ ਰਾਮ ਵੱਲੋਂ ਉਰਦੂ ਫਾਰਸੀ ਤੇ ਸੰਸਕ੍ਰਿਤ ਪੜ੍ਹਨ ਦਾ ਵੀ ਪਤਾ ਲੱਗਦਾ ਹੈ। ਕਈ ਸਾਲਾਂ ਦੇ ਇਸ ਡੂੰਘੇ ਅਧਿਐਨ ਨੇ ਨੌਜਵਾਨ ਦਿੱਤ ਰਾਮ ਨੂੰ ਬਹੁਤ ਵੱਡਾ ਵਿਦਵਾਨ ਬਣਾ ਦਿੱਤਾ। ਉਸ ਦੇ ਪਿਤਾ ਗੁਲਾਬ ਦਾਸੀਏ ਮਤ ਦੇ ਪ੍ਰਚਾਰਕ ਸਨ। ਇਸ ਲਈ ਦਿੱਤ ਰਾਮ ਨੇ ਵੀ ਮੜ੍ਹੀ, ਮਸਾਣੀ, ਦੇਵੀ, ਦੁਰਗਾ ਪੂਜਾ, ਜਾਤਪਾਤ, ਅੰਧ ਵਿਸ਼ਵਾਸ਼ਾਂ ਖਿਲਾਫ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਅਤੇ ਸੰਤ ਰਾਮ ਵਜੋਂ ਜਾਣਿਆ ਜਾਣ ਲੱਗਾ। ਸੰਤ ਦਿੱਤ ਰਾਮ ਨੇ ਆਪਣੀ ਪਹਿਲੀ ਰਚਨਾ ਸ਼ੀਰੀ ਫਰਹਾਦ ਆਪਣੇ ਗੁਰੂ ਗੁਲਾਬ ਦਾਸ ਨੂੰ ਧਿਆ ਕੇ ਇਉਂ ਸ਼ੁਰੂ ਕੀਤੀ:

(ਮੰਗਲਾਚਰਣ)
ਅੱਵਲ ਹਮਦ ਗੁਲਾਬ ਤਾਈਂ,
ਜਿਨ੍ਹਾਂ ਤਾਰਿਆ ਕੁਲ ਪੰਜਾਬ ਆਹਾ।
ਸਾਰੇ ਜੱਗ ਦੇ ਵਿਚ ਵਾ ਨਸ਼ਰ ਹੋਏ,
ਗੋਯਾ ਹੋਰ ਦੂਜਾ ਆਫ਼ਤਾਬ ਆਹਾ।
ਲੁਤਫ਼ ਕਰਮ ਦਾ ਪਾਏ ਅਮੀਰ ਖੁਸਰੋ,
ਸਾਰੇ ਜੱਗ ਤੇ ਆਹ ਦਨਾਵ ਆਹਾ।
ਕਰੋ ਮਿਹਰ ਦੀ ਨਜ਼ਰ ਨਿਮਾਣਿਆਂ ਤੇ,
'ਦਿੱਤਾ ਰਾਮ' ਗੁਲਾਬ ਜਨਾਬ ਆਹਾ।

ਨੌਜਵਾਨ ਸੰਤ ਦਿੱਤਾ ਰਾਮ ਗੁਲਾਬਦਾਸੀਏ ਦੇ ਡੇਰੇ ਚੱਠਿਆਂਵਾਲੀ ਨਜ਼ਦੀਕ ਕਸੂਰ ਜ਼ਿਲ੍ਹਾ ਲਾਹੌਰ ਚਲੇ ਗਏ। ਗੁਲਾਬਦਾਸੀ ਮੱਤ ਵਿਚ ਹਰ ਰੋਜ਼ ਦੇ ਬਹਿਸ ਮੁਬਾਹਸਿਆਂ ਅਤੇ ਇਕ ਅਛੂਤ ਦਾ ਉਸ ਸਮੇਂ ਦੇ ਪ੍ਰਸਿੱਧ ਗੁਲਾਬਦਾਸੀ ਮੱਤ ਦੇ ਬਾਨੀ ਸਾਧੂ ਗੁਲਾਬ ਦਾਸ ਦੇ ਨੇੜੇ ਹੋਣਾ ਅਤੇ ਉਸ ਦੇ ਪੁੱਤਰ, ਪੋਤਰੇ ਦਾ ਵਿੱਦਿਅਕ ਗੁਰੂ ਹੋਣਾ ਇਕ ਬਹੁਤ ਵੱਡੀ ਪ੍ਰਾਪਤੀ ਸੀ। ਜੂਨ 1872 ਵਿਚ ਸੰਤ ਦਿੱਤ ਰਾਮ ਦਾ ਵਿਆਹ ਸੰਤ ਭਾਗ ਸਿੰਘ ਵਾਸੀ ਪਿੰਡ ਬਡਾਲਾ ਜ਼ਿਲ੍ਹਾ ਰੋਪੜ ਦੀ ਸਪੁੱਤਰੀ ਬੀਬੀ ਬਿਸ਼ਨ ਦੇਵੀ ਨਾਲ ਹੋ ਗਿਆ। ਕੁਝ ਸਮੇਂ ਬਾਅਦ ਦਿੱਤ ਰਾਮ ਵਾਪਸ ਚੱਠਿਆਂ ਵਾਲੀ ਆ ਗਏ।

### ਗੁਲਾਬਦਾਸੀ ਤੋਂ ਆਰੀਆ ਸਮਾਜੀ

ਕਾਠੀਆਵਾੜ (ਗੁਜਰਾਤ) ਦੇ ਜੰਮਪਲ ਬ੍ਰਾਹਮਣ ਜਾਤੀ ਦੇ ਸੁਆਮੀ ਮੂਲ ਸ਼ੰਕਰ ਸੰਨ 1875 ਈਸਵੀ ਵਿਚ ਬੰਬਈ ਵਿਖੇ ਆਰੀਆ ਸਮਾਜ ਨਾਂ ਦੀ ਸੰਸਥਾ ਬਣਾਈ। ਇਹ ਮੂਲ ਸ਼ੰਕਰ ਬਾਅਦ ਵਿਚ ਸੁਆਮੀ ਦਇਆ ਨੰਦ ਦੇ ਨਾਂ ਨਾਲ ਮਸ਼ਹੂਰ ਹੋਏ। ਮਹਾਂਗੋਬਿੰਦ ਰਾਨਾਡੇ, ਦੇਸ਼ਮੁੱਖ, ਸੇਵਕ ਲਾਲ, ਕ੍ਰਿਸ਼ਨ ਦਾਸ, ਪਾਨ ਚੰਦ, ਆਨੰਦ ਜੀ ਪਾਰੇਖ, ਗਿਰਧਰ ਲਾਲ, ਦਿਆਲ ਦਾਸ ਕੋਠਾਰੀ ਆਦਿ ਪ੍ਰਮੁੱਖ ਵਿਅਕਤੀ ਆਰੀਆ ਸਮਾਜ ਦੇ ਮੈਂਬਰ ਅਤੇ ਸਹਾਇਕ ਸਨ। ਸ਼ੁਰੂ ਵਿਚ ਆਰੀਆ ਸਮਾਜ ਦੇ ਸਿਧਾਂਤਾਂ ਅਤੇ ਵਿਧਾਨ ਨੂੰ 28 ਨਿਯਮਾਂ ਵਿਚ ਵੰਡਿਆ ਸੀ ਜੋ ਹੁਣ 10 ਨਿਯਮਾਂ ਵਿਚ ਹਨ।

ਇੱਧਰ ਸੰਤ ਦਿੱਤ ਰਾਮ ਦੇ ਗੁਲਾਬਦਾਸੀ ਗੁਰਭਾਈ ਭਾਈ ਜਵਾਹਰ ਸਿੰਘ ਕਪੂਰ ਦਾ ਮਨ ਪਤਾ ਨਹੀਂ ਕਿਉਂ ਗੁਲਾਬਦਾਸੀ ਮੱਤ ਤੋਂ ਫਿਰ ਗਿਆ ਅਤੇ ਆਰੀਆ ਸਮਾਜੀ ਬਣ ਕੇ ਆਰੀਆ ਸਮਾਜ ਪੰਜਾਬ ਦੇ ਸਕੱਤਰ ਬਣ ਗਏ। ਸੰਤ ਦਿੱਤ ਰਾਮ ਭਾਈ ਜਵਾਹਰ ਸਿੰਘ ਕਪੂਰ ਦੀ ਪ੍ਰੇਰਣਾ ਨਾਲ ਆਰੀਆ ਸਮਾਜੀ ਬਣ ਗਏ।

### ਆਰੀਆ ਸਮਾਜੀ ਤੋਂ ਸਿੰਘ ਸਭੀਏ

19 ਅਪ੍ਰੈਲ 1887 ਈ. ਨੂੰ ਸੰਤ ਦਿੱਤ ਰਾਮ ਆਪਣੇ ਸਾਥੀਆਂ ਸ. ਅਤਰ ਸਿੰਘ, ਭਾਈ ਰੋਡੂ ਰਾਮ ਅਤੇ ਸ. ਜਵਾਹਰ ਸਿੰਘ ਕਪੂਰ ਨਾਲ ਸੁਆਮੀ ਦਇਆ ਨੰਦ ਦੇ ਭਾਸ਼ਣ ਸੁਣਨ ਗਏ। ਸੰਤ ਦਿੱਤ ਰਾਮ ਜੋ ਬਹਿਸ ਮੁਬਹਿਸਿਆਂ ਦੇ ਚੰਗੇ ਘੁਲਾਟੀਏ ਸਨ ਨੇ ਸੁਆਮੀ ਜੀ ਨੂੰ ਤਿੰਨ ਬਹਿਸਾਂ ਵਿਚ ਜਗਤ ਕਰਤਾ ਕੌਣ ਹੈ? ਵੇਦ ਈਸ਼ਵਰੀ ਨਹੀਂ ਅਤੇ ਮੁਕਤੀ ਵਿਸ਼ਿਆਂ ਤੇ ਹਰਾ ਕੇ ਲਾਹੌਰ ਵਿਚ ਤਰਥੱਲ ਮਚਾ ਦਿੱਤੀ। ਭਗਤੀ ਲਹਿਰ ਦੇ ਅਛੂਤ ਰਹਿਨੁਮਾ ਸਤਿਗੁਰੂ ਰਵਿਦਾਸ, ਸਤਿਗੁਰੂ ਨਾਮਦੇਵ ਅਤੇ ਸਤਿਗੁਰੂ ਕਬੀਰ ਤੋਂ ਬਾਅਦ ਇਹ ਪਹਿਲੀ ਬਹਿਸ ਸੀ, ਜਿਸ ਵਿਚ ਇਕ ਅਛੂਤ ਵਿਦਵਾਨ ਨੇ ਵਿੱਦਿਆ ਦੇ ਖਾਨਦਾਨੀ ਠੇਕੇਦਾਰ ਬ੍ਰਾਹਮਣ ਵਿਦਵਾਨ ਨੂੰ ਭੁਆਂਟਣੀਆਂ ਦੁਆ ਦਿੱਤੀਆਂ। ਇਸ ਬਹਿਸ ਦਾ ਵੇਰਵਾ ਸੰਤ ਦਿੱਤ ਰਾਮ ਨੇ 'ਸਾਧੂ ਦਯਾ ਨੰਦ ਤੇ ਮੇਰਾ ਸੰਵਾਦ' ਨਾਂ ਦੀ ਪੁਸਤਕ ਵਿਚ ਵੇਰਵੇ ਸਹਿਤ ਦਿੱਤਾ ਹੈ। ਇਸ ਬਹਿਸ ਤੋਂ ਬਾਅਦ ਸੰਤ ਦਿੱਤ ਰਾਮ ਸਿੱਖਾਂ ਦੇ ਧਿਆਨ ਦਾ ਕੇਂਦਰ ਬਣੇ। ਸੁਆਮੀ ਦਇਆ ਨੰਦ ਦੀਆਂ ਸਿੱਖ ਗੁਰੂਆਂ ਦੇ ਖਿਲਾਫ 'ਸਤਿਆਰਥ ਪ੍ਰਕਾਸ਼' 'ਚ ਲਿਖਤ ਨੂੰ ਸਿੱਖਾਂ ਦੇ ਸੱਤੀਂ ਕੱਪੜੀਂ ਅੱਗ ਲਾਈ ਹੋਈ ਸੀ।

### ਅਛੂਤਾਂ ਦਾ ਪਹਿਲਾ ਪ੍ਰੋਫੈਸਰ

ਪ੍ਰੋ: ਗੁਰਮੁਖ ਸਿੰਘ ਜੋ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਓਰੀਐਂਟਲ ਕਾਲਜ ਦੇ ਪੰਜਾਬੀ ਦੇ ਪ੍ਰੋਫੈਸਰ ਸਨ, ਨੇ ਦਿੱਤ ਰਾਮ ਨੂੰ ਓਰੀਐਂਟਲ ਕਾਲਜ ਵਿਚ ਗਿਆਨੀ ਦੀ ਪੜ੍ਹਾਈ ਕਰਨ ਅਤੇ ਪ੍ਰੀਖਿਆ ਦੇਣ ਲਈ ਪ੍ਰੇਰਿਆ। ਸੰਤ ਜੀ ਨੇ ਪ੍ਰੀਖਿਆ ਪਾਸ ਕਰਕੇ ਇਸੇ ਕਾਲਜ ਵਿਚ ਅਗਲੇ ਸਾਲ 1878 ਈਸਵੀ ਵਿਚ ਪੰਜਾਬੀ ਦੇ ਪ੍ਰੋਫੈਸਰ ਲੱਗ ਗਏ। ਬਿਨਾ ਸ਼ੱਕ ਗਿਆਨੀ ਜੀ ਅਛੂਤਾਂ 'ਚੋਂ ਪਹਿਲੇ ਪ੍ਰੋਫੈਸਰ ਬਣੇ।



### ਪ੍ਰੋ: ਦਿੱਤ ਰਾਮ ਤੋਂ ਪ੍ਰੋ. ਦਿੱਤ ਸਿੰਘ

ਪ੍ਰੋ: ਦਿੱਤ ਰਾਮ ਆਰੀਆ ਸਮਾਜ ਤੋਂ ਸਿੰਘ ਸਭਾ ਵੱਲ ਝੁਕ ਗਏ ਅਤੇ ਪ੍ਰੋ: ਦਿੱਤ ਰਾਮ ਤੋਂ ਪ੍ਰੋ: ਦਿੱਤ ਸਿੰਘ ਬਣ ਗਏ। ਕੈਪਟਨ ਧਰਮ ਸਿੰਘ 1882 ਈਸਵੀ ਤੋਂ ਬਾਅਦ ਅਤੇ ਸ੍ਰੀ ਭਗਵਾਨ ਦਾਸ 1888 ਈਸਵੀ ਤੋਂ ਬਾਅਦ ਦੀ ਇਹ ਘਟਨਾ ਦੱਸਦੇ ਹਨ।

### ਸਿੰਘ ਸਭਾ ਦੇ ਆਗੂ ਅਤੇ ਖਾਲਸਾ ਅਖ਼ਬਾਰ ਦੇ ਸੰਪਾਦਕ

ਆਰੀਆ ਸਮਾਜ ਦੀਆਂ ਸਿੱਖ ਵਿਰੋਧੀ ਸਾਜ਼ਿਸ਼ਾਂ ਦਾ ਟਾਕਰਾ ਕਰਨ ਅਤੇ ਸਿੱਖਾਂ ਵਿਚ ਸਮਾਜ ਸੁਧਾਰ ਲਈ 1873 ਈ: ਵਿਚ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਸਿੰਘ ਸਭਾ ਬਣੀ, ਜਿਸ ਦੀ ਬਰਾਂਚ 1879 ਈ: ਵਿਚ ਲਾਹੌਰ ਵਿਚ ਖੋਲ੍ਹੀ। ਲਾਹੌਰ ਤੋਂ ਸਿੰਘ ਸਭਾ ਨੇ 1880 ਈ: ਵਿਚ ਖਾਲਸਾ ਅਖ਼ਬਾਰ ਛਾਪਣੀ ਸ਼ੁਰੂ ਕੀਤੀ, ਜਿਸ ਦੇ ਪਹਿਲੇ ਸੰਪਾਦਕ ਬਣੇ ਅਤੇ ਸਦੀਵੀਂ ਵਿਛੋੜੇ ਤੱਕ ਰਹੇ।

ਗਰੀਬ ਅਤੇ ਦੱਬੇ ਕੁਚਲੇ ਸਮਾਜ ਦਾ ਸ਼ਖ਼ਸ ਜੇ ਬਾਗੀ ਹੋ ਜਾਣ ਤਾਂ ਫਿਰ ਕੀ ਕਹਿਣਾ? ਪ੍ਰੋ: ਦਿੱਤ ਸਿੰਘ ਨੇ ਬੇਦੀਆਂ ਸੋਢੀਆਂ ਦੇ ਗੁਰੂ ਡੰਮ ਖਿਲਾਫ ਅਖ਼ਬਾਰ ਵਿਚ ਧੂੰਆਂ ਧਾਰ ਪ੍ਰਚਾਰ ਕੀਤਾ। ਜਿਸ ਕਾਰਨ ਬੇਦੀ ਉਦੇ ਸਿੰਘ ਨੇ 1887 ਵਿਚ ਹੱਤਕ ਇੱਜ਼ਤ ਦਾ ਦਾਅਵਾ ਕੀਤਾ। ਅਖ਼ਬਾਰ ਬੰਦ ਹੋ ਗਿਆ। ਫਿਰ 1890 ਈਸਵੀ ਵਿਚ ਸ਼ੁਰੂ ਹੋਇਆ। ਇਸ ਮੁਕੱਦਮੇ ਦਾ ਕਾਰਨ ਇਹ ਸੀ ਕਿ ਪ੍ਰੋ: ਦਿੱਤ ਸਿੰਘ ਦੇ ਸਾਥੀ ਪ੍ਰੋ: ਗੁਰਮੁਖ ਸਿੰਘ ਦੇ ਖਿਲਾਫ ਗੁਰਦੁਆਰਿਆਂ ਦੇ ਕਾਬਜ਼ ਮਸੰਦਾਂ ਵੱਲੋਂ ਸਿੱਖੀ ਤੋਂ ਖਾਰਜ ਕਰਨਾ ਸੀ, ਜਿਸ ਦੇ ਖਿਲਾਫ 16 ਅਪ੍ਰੈਲ 1887 ਨੂੰ ਪ੍ਰੋ: ਦਿੱਤ ਸਿੰਘ ਨੇ 'ਖਾਲਸਾ ਅਖ਼ਬਾਰ' ਵਿਚ 'ਸਵਪਨ ਨਾਟਕ' ਦਾ ਇਕ ਹਿੱਸਾ ਛਾਪਿਆ ਜਿਸ ਨੂੰ ਬਾਬਾ ਖੇਮ ਸਿੰਘ ਬੇਦੀ ਅਤੇ ਰਾਜਾ ਸਾਹਿਬ ਸਿੰਘ ਫਰੀਦਕੋਟ ਨੇ ਬੇਇੱਜ਼ਤੀ ਸਮਝ ਕੇ ਪ੍ਰੋ: ਦਿੱਤ ਸਿੰਘ ਤੇ ਹੱਤਕ ਇੱਜ਼ਤ ਦਾ ਦਾਅਵਾ ਕਰ ਦਿੱਤਾ। ਹੇਠਲੀ ਅਦਾਲਤ ਤੋਂ ਪ੍ਰੋ: ਦਿੱਤ ਸਿੰਘ ਨੂੰ 51 ਰੁਪਏ ਜੁਰਮਾਨਾ ਹੋਇਆ ਜੋ ਸੈਸ਼ਨ ਕੋਰਟ ਵਿਚ ਅਪੀਲ ਕਰਨ ਨਾਲ ਖਾਰਜ ਹੋ ਗਿਆ। ਪ੍ਰੋ: ਦਿੱਤ ਸਿੰਘ ਨੂੰ ਸਿੱਖ ਧਰਮ ਵਿਚਲੇ ਬ੍ਰਾਹਮਣਵਾਦ ਖਿਲਾਫ ਲੜਨ ਵਜੋਂ ਬਾਖੂਬੀ ਨਾਲ ਜਾਣਿਆ ਜਾਂਦਾ ਹੈ।

### ਪ੍ਰੋ: ਦਿੱਤ ਸਿੰਘ ਲੇਖਕ ਵਜੋਂ

ਪ੍ਰੋ: ਦਿੱਤ ਸਿੰਘ ਜਿੰਨੀਆਂ ਗਿਣਤੀ ਵਿਚ ਅਤੇ ਮਿਆਰੀ ਪੁਸਤਕਾਂ ਸ਼ਾਇਦ ਹੀ ਕਿਸੇ ਪੰਜਾਬੀ ਲਿਖੀਆਂ ਹੋਣ। ਉਹਨਾਂ ਨੇ ਤਿੰਨ ਦਰਜਨਾਂ ਤੋਂ ਵੱਧ ਪੁਸਤਕਾਂ ਲਿਖੀਆਂ। ਪ੍ਰੋ: ਜੀ ਦੀਆਂ ਕੁਝ ਪੁਸਤਕਾਂ ਸਿੰਘ ਸਭਾ ਸ਼ਤਾਬਦੀ ਕਮੇਟੀ ਅੰਮ੍ਰਿਤਸਰ, ਭਾਸ਼ਾ ਵਿਭਾਗ, ਪੰਜਾਬ ਨੇ ਛਾਪੀਆਂ ਹਨ ਜੋ ਇਕ ਅਨਮੋਲ ਖਜ਼ਾਨਾ ਹਨ।

### ਪ੍ਰੋ: ਦਿੱਤ ਸਿੰਘ ਸਭ ਤੋਂ ਵੱਧ

### ਅਣਗੌਲਿਆ ਸਿੱਖ ਵਿਦਵਾਨ

ਪ੍ਰੋ: ਦਿੱਤ ਸਿੰਘ ਨੇ ਆਪਣੀ ਜ਼ਿੰਦਗੀ ਦੇ ਆਖਰੀ ਵੀਹ ਵਰ੍ਹੇ ਸਿੱਖੀ ਦੇ ਸੁਧਾਰ ਵਿਚ ਅਰਪਣ ਕੀਤੇ ਪਰ ਉਹਨਾਂ ਦੀ ਸਿੱਖਾਂ ਵਿਚ ਕੀ ਕਦਰ ਸੀ, ਇਹ ਅਸੀਂ ਸ. ਦਲਜੀਤ ਸਿੰਘ ਬੀ. ਏ., ਪ੍ਰਧਾਨ ਸ਼੍ਰੋਮਣੀ ਖਾਲਸਾ ਬਰਾਦਰੀ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਲਿਖਤ ਸਿੰਘ ਸਭਾ ਦਾ ਮੋਢੀ ਅਰਥਾਤ ਜੀਵਨ ਗਿਆਨੀ ਦਿੱਤ ਸਿੰਘ ਜੀ ਦੇ ਸਫ਼ਾ 55 ਸੰਨ 1951 ਈ: ਤੋਂ ਪੇਸ਼ ਕਰਦੇ ਹਾਂ। 'ਜਾਤ ਅਭਿਮਾਨੀ ਸਿੱਖਾਂ ਵਿਚ ਹਮੇਸ਼ਾ ਉਹਨਾਂ ਨਾਲ ਅਛੂਤਾਂ ਜਿਹਾ ਹੀ ਸਲੂਕ ਹੁੰਦਾ ਸੀ। ਗਿਆਨੀ ਜੀ ਸਬੰਧੀ ਜਿਹੜੇ ਹਾਲਾਤ ਅਸੀਂ ਇਕੱਤਰ ਕਰ ਸਕੇ ਹਾਂ, ਉਹਨਾਂ ਤੋਂ ਪਤਾ ਲੱਗਦਾ ਹੈ ਕਿ ਉਹਨਾਂ ਨੂੰ ਕਦੇ ਪੰਗਤ ਵਿਚ ਨਹੀਂ ਬੈਠਣ ਦਿੱਤਾ ਜਾਂਦਾ। ਇੱਥੋਂ ਤੱਕ ਕਿ ਜਦੋਂ ਉਹ ਲੈਕਚਰ ਜਾਂ ਕਥਾ ਕਰਦੇ ਸਨ ਤਦ ਵੀ ਉਹਨਾਂ ਨੂੰ ਅਜਿਹੀ ਥਾਂ ਬਿਠਾਇਆ ਜਾਂਦਾ ਜਿਸ ਤੇ ਉਹਨਾਂ ਦੇ ਅਛੂਤਪੁਣੇ ਦਾ ਇਸ਼ਤਿਹਾਰ ਆਪਦੇ-ਆਪ ਸਾਹਮਣੇ ਆ ਜਾਂਦਾ ਸੀ।'' ਪੰਜਾਬੀ ਪਾਠ ਪੁਸਤਕ ਵਿਚ ਜਦੋਂ ਕਵੀਆਂ ਜਾਂ ਵਾਰਤਾਕਾਰਾਂ ਨੂੰ ਸਿਲੇਬਸ ਵਿਚ ਸ਼ਾਮਲ ਕਰਨਾ ਹੁੰਦਾ ਪ੍ਰੋ: ਦਿੱਤ ਸਿੰਘ ਨੂੰ ਬ੍ਰਾਹਮਣਵਾਦੀ ਸਿੱਖ ਵਿਦਵਾਨ ਅੱਖੋਂ ਪਰੋਖੇ ਕਰ ਜਾਂਦੇ ਹਨ। ਜੇ ਪ੍ਰੋ: ਦਿੱਤ ਸਿੰਘ ਚਮਾਰ ਨਾ ਹੁੰਦੇ ਤਾਂ ਉਹਨਾਂ ਨੂੰ ਉਹਨਾਂ ਦੀਆਂ ਸਿੱਖੀ ਲਈ ਮਹਾਨ ਕੁਰਬਾਨੀਆਂ ਸਦਕੇ ਸਿੱਖ ਧਰਮ ਦਾ ਪੁਨਰ ਸਥਾਪਕ ਕਿਹਾ ਜਾਂਦਾ।

### ਨਹੀਓਂ ਲੱਭਣੇ ਲਾਲ ਗੁਆਚੇ

ਕੌਮੀ ਆਗੂਆਂ ਦੇ ਜੀਵਨ ਵੀ ਕੌਮ ਦੀ ਅਮਾਨਤ ਹੋ ਜਾਂਦੇ ਹਨ। ਉਨ੍ਹਾਂ ਦੀ ਤੰਦਰੁਸਤੀ ਤੇ ਇਮਾਨਦਾਰੀ ਭਰਪੂਰ ਯਤਨਾਂ ਉੱਤੇ ਕੌਮਾਂ ਅਤੇ ਲਹਿਰਾਂ ਦੀ ਰਵਾਨਗੀ ਅਤੇ ਭਵਿੱਖ ਨਿਰਭਰ ਹੁੰਦਾ ਹੈ। ਪ੍ਰੋ: ਦਿੱਤ ਸਿੰਘ ਨੂੰ ਸਿੱਖ ਧਰਮ ਦੀ ਪੁਨਰ ਸਥਾਪਨਾ ਵਿਚ ਲੱਗਿਆਂ ਜੋ ਆਰਥਿਕ ਅਤੇ ਮਾਨਸਿਕ ਮੁਸ਼ਕਿਲਾਂ ਆਈਆਂ ਉਹ ਹਮ ਖਿਆਲ ਸਾਥੀਆਂ ਦੇ ਸਾਥ ਕਾਰਨ ਅਣਗੌਲੀਆ ਸਨ। ਕਈ ਵੇਰਾਂ ਆਦਮੀ ਦਾ ਹੱਦੋਂ ਵੱਧ ਕਿਸੇ ਜੀਵ ਜਾਂ ਵਸਤੂ ਨਾਲ ਲਗਾਓ ਘਾਤਕ ਵੀ ਸਿੱਧ ਹੁੰਦਾ ਹੈ। ਪ੍ਰੋ: ਦਿੱਤ ਸਿੰਘ ਨਾਲ ਕੁਝ ਇਹੋ ਜਿਹਾ ਹੀ ਵਾਪਰਿਆ।

ਉਹਨਾਂ ਦੇ ਕੁਝ ਹਮ ਖਿਆਲ ਜੋਟੀਦਾਰ ਜਿਵੇਂ ਕੰਵਰ ਬਿਕਰਮ ਸਿੰਘ, 1887 ਈ: ਸ. ਅਤਰ ਸਿੰਘ ਭਦੌੜ ਪ੍ਰਧਾਨ ਲਾਹੌਰ ਖਾਲਸਾ ਦੀਵਾਨ 1896 ਈ: ਅਤੇ ਪ੍ਰੋ: ਗੁਰਮੁਖ ਸਿੰਘ 1898 ਈਸਵੀ ਵਿਚ ਸਦੀਵੀ ਵਿਛੋੜਾ ਦੇ ਗਏ। 17 ਜੂਨ 1901 ਨੂੰ ਉਹਨਾਂ ਦੀ ਲਾਡਲੀ ਪੁੱਤਰੀ ਵਿਦਿਆਵੰਤੀ ਵੀ ਸਦੀਵੀ ਵਿਛੋੜਾ ਦੇ ਗਈ। ਇਸ ਆਖਰੀ ਸੱਟ ਨੇ ਪ੍ਰੋ: ਜੀ ਨੂੰ ਚਿੱਤ ਕਰ ਦਿੱਤਾ ਅਤੇ ਉਹ ਬਿਮਾਰ ਪੈ ਗਏ।

ਪ੍ਰੋ: ਦਿੱਤ ਸਿੰਘ ਇਕ ਗੁੰਮਨਾਮੀ ਤੇ ਬਿਮਾਰੀ ਦਾ ਜੀਵਨ ਜੀਣ ਲੱਗੇ। ਉਹਨਾਂ ਦੇ ਅੰਤਿਮ ਹਾਲਾਤ ਸ: ਦਲਜੀਤ ਸਿੰਘ (ਸਫ਼ਾ 110-111) ਅਨੁਸਾਰ ਇਉਂ ਸਨ ''ਗਿਆਨੀ ਦਿੱਤ ਸਿੰਘ ਜੀ ਦੇ ਬਿਮਾਰੀ ਦੇ ਦਿਨ ਬੜੇ ਦੁਖਦਾਈ ਸਨ। ਆਹ ਬੇਕਦਰ ਸਿੱਖ ਪੰਥ! ਤੇਰਾ ਮਹਾਂ ਪੰਡਤ ਮੌਤ ਦੇ ਬਿਸਤਰੇ 'ਤੇ ਪਿਆ ਸੀ। ਇਲਾਜ ਲਈ ਉਸ ਪਾਸ ਕੋਈ ਪੈਸਾ ਨਹੀਂ ਸੀ। ਤੈਨੂੰ ਚਾਹੀਦਾ ਸੀ ਉਸ ਦੀ ਸਾਰ ਲੈਂਦਾ। ਪ੍ਰੰਤੂ ਉਸ ਵੱਲ ਅੱਖ ਚੁੱਕ ਕੇ ਵੀ ਵੇਖਣ ਦੀ ਲੋੜ ਨਹੀਂ ਸਮਝੀ। ਜੇਕਰ ਅਜਿਹਾ ਮਹਾਨ ਪੰਡਤ ਕਿਸੇ ਹੋਰ ਮਜ਼ਹਬ ਵਿਚ ਹੁੰਦਾ ਤਦ ਉਸ ਨੂੰ ਅੰਤ ਸਮੇਂ ਇਹ ਦੁੱਖ ਕਦੇ ਨਾ ਦੇਖਣਾ ਪੈਂਦਾ।

ਪ੍ਰੋ: ਜੀ ਦਾ ਖਿਆਲ ਨਾ ਹਿੰਦੂਆਂ ਨੇ ਤੇ ਨਾ ਸਿੱਖਾਂ ਨੇ ਕੀਤਾ। ਸਗੋਂ ਇਕ ਮੁਸਲਮਾਨ ਡਾ: ਰਹੀਮ ਖਾਂ ਨੂੰ ਜਦੋਂ ਪਤਾ ਲੱਗਾ ਕਿ ਪ੍ਰੋ: ਦਿੱਤ ਸਿੰਘ ਵਰਗਾ ਮਹਾਨ ਵਿਦਵਾਨ ਇਲਾਜ ਖੁਣੋ ਪਿਆ ਹੈ ਤਾਂ ਉਸ ਨੇ ਪ੍ਰੋ: ਜੀ ਦਾ ਇਲਾਜ ਮੁਫ਼ਤ ਕਰਨਾ ਸ਼ੁਰੂ ਕੀਤਾ। ਪਰ ਪ੍ਰੋ: ਜੀ ਦਾ ਤਨ ਅਤੇ ਮਨ ਸਾਥੀਆਂ, ਧੀ ਦੇ ਵਿਛੋੜੇ ਅਤੇ ਆਪਣਿਆਂ ਦੀ ਬੇਰੁਖੀ ਨਾਲ ਵਿੰਨ੍ਹਿਆ ਪਿਆ ਸੀ। ਕਿਰਪਾਨ ਚਲਾਉਣ ਵਾਲਿਆਂ ਨੂੰ ਕਲਮ ਦੀ ਤਾਕਤ ਦਾ ਜੌਹਰ ਦਿਖਾਉਣ ਵਾਲੇ ਪ੍ਰੋ: ਦਿੱਤ ਸਿੰਘ 6 ਸਤੰਬਰ 1901 ਈਸਵੀ ਦੀ ਸਵੇਰ ਆਪਣੀ ਰਿਹਾਇਸ਼ ਤੇ ਸਦਾ ਸਦਾ ਲਈ ਵਿਛੜ ਗਏ। ਪ੍ਰੋ: ਜੀ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਭਾਈ ਵੀਰ ਸਿੰਘ ਜਿਹੇ ਕਵੀ ਨੇ ਪ੍ਰੋ: ਜੀ ਦੀਆਂ ਸਿੱਖ ਧਰਮ ਪ੍ਰਤੀ ਘਾਲਣਾਵਾਂ ਨੂੰ ਸਿੱਟ ਬਸਿੱਟ ਕਰਨ ਬਾਰੇ ਇਉਂ ਲਿਖਿਆ ਹੈ:

ਸੁੱਤਾ ਪੰਥ ਜਗਾ ਗਿਆ ਕਲਮ ਦੁਹਾਈ ਫੇਰ
ਹਾ ਹਾ ਪੰਥ ਵਿਸਾਰਿਆ, ਐਸਾ ਦੂਲਾ ਸ਼ੇਰ।

ਪ੍ਰੋ: ਜੀ ਦਾ ਇਕ ਲੜਕਾ ਬਲਦੇਵ ਸਿੰਘ ਬਚਿਆ ਸੀ ਜੋ 1905 ਵਿਚ ਮਹਾਰਾਜਾ ਰਿਪੁਦਮਨ ਸਿੰਘ (ਸ: ਗੁਰਚਰਨ ਸਿੰਘ) ਦੀ ਸਹਾਇਤਾ ਨਾਲ ਇੰਗਲੈਂਡ ਤੋਂ ਐਮ. ਡੀ. ਕਰਨ ਗਏ। ਵਾਪਸੀ ਤੇ ਛੂਆ ਛਾਤ ਕਾਰਨ ਡਾ: ਬਲਦੇਵ ਸਿੰਘ ਜੋ ਅਛੂਤਾਂ ਦੇ ਪਹਿਲੇ ਡਾਕਟਰ ਸਨ, ਛੂਆ ਛਾਤ ਕਾਰਨ ਪ੍ਰੈਕਟਿਸ ਨਾ ਕਰ ਸਕੇ। ਇੰਨੀ ਵੱਡੀ ਡਾਕਟਰੀ ਡਿਗਰੀ ਉਹ ਵੀ ਇੰਗਲੈਂਡ ਤੋਂ ਪ੍ਰਾਪਤ ਕਰਨ ਤੇ ਵੀ ਉਹਨਾਂ ਨੂੰ ਜਾਤ ਪਾਤ ਕਾਰਨ ਅੰਮ੍ਰਿਤਸਰ ਵਿਖੇ ਹੈਲਥ ਅਫਸਰ ਦੀ ਆਸਾਮੀ ਵੀ ਨਾ ਮਿਲੀ। ਅੰਤ ਨਾਭੇ ਦੇ ਮਹਾਰਾਜਾ ਰਿਪੁਦਮਨ ਸਿੰਘ ਜਿਨ੍ਹਾਂ ਨੂੰ, ਡਾ: ਅੰਬੇਦਕਰ ਨੂੰ ਵਿਦੇਸ਼ ਵਿਚ ਪੜ੍ਹਨ ਲਈ ਮਦਦ ਕਰਨ ਵਾਲੇ ਮਹਾਰਾਜਾ ਬੜੌਦਾ ਵਾਂਗ ਸਤਿਕਾਰਿਆ ਜਾਵੇਗਾ, ਨੇ ਡਾਕਟਰ ਬਲਦੇਵ ਸਿੰਘ ਨੂੰ ਨਾਭੇ, ਜ਼ਿਲ੍ਹਾ ਪਟਿਆਲਾ ਵਿਖੇ ਹੈਲਥ ਅਫਸਰ ਦੀ ਆਸਾਮੀ ਤੇ ਲੁਆ ਦਿੱਤਾ ਪਰ ਉਸ ਨੂੰ ਇੱਥੇ ਵੀ ਛੂਆ-ਛੂਤ ਕਾਰਨ ਡਾ: ਅੰਬੇਦਕਰ ਵਾਂਗ ਅਹੁਦੇ ਤੋਂ ਹੱਥ ਧੋਣਾ ਪਿਆ। ਡਾ: ਬਲਦੇਵ ਸਿੰਘ ਦਾ ਜੀਵਨ ਮਹਾਰਾਜਾ ਰਣਜੀਤ ਸਿੰਘ ਦੇ ਸਪੁੱਤਰ ਮਹਾਰਾਜਾ ਦਲੀਪ ਸਿੰਘ ਵਾਂਗ ਦੁਖਦਾਈ ਸੀ। ਫਰਕ ਇੰਨਾ ਸੀ ਕਿ ਮਹਾਰਾਜਾ ਦਲੀਪ ਸਿੰਘ ਇਸਾਈ ਹਕੂਮਤ ਹੱਥੋਂ ਦੁਖੀ ਸੀ ਪਰ ਡਾ: ਬਲਦੇਵ ਸਿੰਘ ਸਿੱਖਾਂ ਵਿਚਲੇ ਬ੍ਰਾਹਮਣਵਾਦ ਦਾ ਸ਼ਿਕਾਰ ਸੀ। ਦੋਹਾਂ ਦੀਆਂ ਮਾਵਾਂ ਨੇ ਬੜੀ ਮੰਦਹਾਲੀ ਦਾ ਜੀਵਨ ਬਿਤਾਇਆ। ਜੇ ਮਹਾਰਾਜਾ ਦਲੀਪ ਸਿੰਘ ਇਸਾਈ ਸਾਮਰਾਜਵਾਦ ਦੀ ਧੱਕੇਸ਼ਾਹੀ ਕਾਰਨ ਸਿੱਖਾਂ ਵਿਚਲੇ ਬ੍ਰਾਹਮਣਵਾਦ ਤੋਂ ਦੁਖੀ ਹੋ ਕੇ ਇਸਾਈ ਬਣ ਗਿਆ। ਇਤਿਹਾਸਕਾਰਾਂ ਜਦੋਂ ਗਿਆਨੀ ਦਿੱਤ ਸਿੰਘ ਦੀ ਸਿੱਖਾਂ ਵੱਲੋਂ ਕੀਤੀ ਬੇਹੁਰਮਤੀ, ਡਾ: ਬਲਦੇਵ ਸਿੰਘ ਵੱਲੋਂ ਸਿੱਖ ਧਰਮ ਛੱਡ ਕੇ ਇਸਾਈ ਬਣਨ, ਡਾ: ਅੰਬੇਦਕਰ ਵੱਲੋਂ ਬੁੱਧ ਧਰਮ ਅਪਣਾਉਣ ਅਤੇ ਬਾਬੂ ਜੋਗਿੰਦਰਨਾਥ ਮੰਡਲ (ਪਾਕਿਸਤਾਨ ਦੇ ਪਹਿਲੇ ਕਾਨੂੰਨ ਮੰਤਰੀ) ਨਾਲ ਮੁਸਲਮਾਨਾਂ ਵੱਲੋਂ ਕੀਤਾ ਦੁਰ ਵਰਤਾਓ ਦੇ ਕਾਰਨ ਲੱਭਣਗੇ ਤਾਂ ਇਹ ਗੱਲ ਨਿੱਖਰ ਕੇ ਸਾਹਮਣੇ ਆਵੇਗੀ ਕਿ ਧਰਮ ਪਰਿਵਰਤਨ ਦਲਿਤ ਸਮੱਸਿਆਵਾਂ ਦਾ ਸਹੀ ਹੱਲ ਨਹੀਂ। ਮਨ ਪਰਿਵਰਤਨ ਦਲਿਤ ਸਮੱਸਿਆਵਾਂ ਦਾ ਸਹੀ ਹੱਲ ਹੈ। ਸਾਨੂੰ ਜਾਤਾਂ, ਧਰਮਾਂ, ਭਾਸ਼ਾਵਾਂ, ਇਲਾਕਿਆਂ, ਰੰਗਾਂ ਦੀਆਂ ਸੋਨੇ ਦੀਆਂ ਦੀਵਾਰਾਂ ਨੂੰ ਤੋੜ ਕੇ ਮੋਢੇ ਨਾਲ ਮੋਢਾ ਮਿਲਾ ਕੇ ਚੱਲਣਾ ਪਵੇਗਾ। ਅਸੀਂ ਗੁਲਾਮ ਹਾਂ ਦੁਨੀਆਂ ਦੇ ਸਭ ਤੋਂ ਘਟੀਆ ਗੁਲਾਮ। ਗੁਲਾਮ ਦਾ ਸਭ ਤੋਂ ਵੱਡਾ ਧਰਮ ਹੁੰਦਾ ਹੈ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਪਿਘਲਾ ਕੇ ਅਜਿਹਾ ਰੂਪ ਦੇਣਾ ਕਿ ਜ਼ੰਜੀਰਾਂ ਦੇ ਲੋਹੇ ਨੂੰ ਜ਼ਾਲਮ ਮੁੜ ਜ਼ੰਜੀਰਾਂ ਨਾ ਬਣਾ ਸਕਣ। ਸਾਨੂੰ ਡਾ: ਅੰਬੇਦਕਰ ਦੇ ਇਹ ਬੋਲ ਯਾਦ ਰੱਖਣੇ ਚਾਹੀਦੇ ਹਨ 'ਗੁਲਾਮਾਂ ਨੂੰ ਗੁਲਾਮੀ ਦਾ ਅਹਿਸਾਸ ਮਹਿਸੂਸ ਕਰਵਾ ਦਿਓ ਫਿਰ ਉਹ ਬਗਾਵਤ ਕਰ ਦੇਣਗੇ।''

ਆਓ ਅੱਜ ਮਿੱਟੀ ਵਿਚ ਗੁਆਚੇ ਆਪਣੇ ਲਾਲਾਂ ਨੂੰ ਲੱਭੀਏ ਅਤੇ ਇਤਿਹਾਸ ਦੇ ਪੰਨਿਆਂ ਦਾ ਸ਼ਿੰਗਾਰ ਬਣਾਈਏ।

**('ਕੌਮੀ ਉਡਾਰੀਆਂ' ਜਲੰਧਰ ਦੇ ਧੰਨਵਾਦ ਸਹਿਤ)**

# ਬਾਬੂ ਜਗਜੀਵਨ ਰਾਮ ਅਤੇ ਅਛੂਤਾਂ ਦੀ ਰਾਜਨੀਤੀ



ਮਾਸਿਕ ਮੈਗਜ਼ੀਨ 'ਕੌਮੀ ਉਡਾਰੀਆਂ' ਦੇ ਸਤੰਬਰ 1986 ਦੇ ਵਿਸ਼ੇਸ਼ ਅੰਕ ਦੀ ਪਹਿਲੇ ਸਫੇ ਦੀ ਇਕ ਤਸਵੀਰ


ਸੀ. ਐਲ. ਚੁੰਬਰ

ਭਾਰਤ ਦੇ ਬਿਹਾਰ ਸੂਬੇ ਨੇ ਹਰ ਖੇਤਰ ਵਿਚ ਬੜੇ ਮਹਾਨ ਵਿਅਕਤੀ ਪੈਦਾ ਕੀਤੇ, ਜਿਹਨਾਂ ਨੇ ਸਮੇਂ ਦੀ ਧਾਰਾ ਨੂੰ ਮੋੜਨ ਵਿਚ ਨਿਰਣਾਇਕ ਰੋਲ ਅਦਾ ਕੀਤਾ। ਬਾਬੂ ਜਗਜੀਵਨ ਰਾਮ ਤੋਂ ਢਾਈ ਹਜ਼ਾਰ ਵਰ੍ਹੇ ਪਹਿਲਾਂ ਬਿਹਾਰ ਦੇ ਦੋ ਕਸ਼ੱਤਰੀ ਰਾਜਕੁਮਾਰਾਂ ਗੌਤਮ ਅਤੇ ਮਹਾਂਵੀਰ ਨੇ ਧਰਮ ਉਪਦੇਸ਼ਕ ਹੋ ਕੇ ਬ੍ਰਾਹਮਣਾਂ ਦੀ ਸਰਵਉੱਚਤਾ ਨੂੰ ਝੁਠਲਾਇਆ। ਉਹਨਾਂ ਦੇ ਰਾਜਕੁਮਾਰ ਹੋਣ ਸਦਕੇ ਉਹਨਾਂ ਨੂੰ ਆਪਣੇ ਮਨੁੱਖਤਾਵਾਦੀ ਪ੍ਰਚਾਰ ਕਰਨ ਵਿਚ ਰਾਜ ਦੀ ਹਮਾਇਤ ਪ੍ਰਾਪਤ ਹੋਣ ਕਰਕੇ ਰਾਜ ਦਾ ਧਰਮ ਲੋਕਾਂ ਦਾ ਧਰਮ ਬਣ ਕੇ ਫੈਲਿਆ। ਆਰੀਆ ਦੇ ਭਾਰਤ ਵਿਚ ਆਉਣ ਤੋਂ ਬਾਅਦ ਆਰੀਆ ਦੇ ਦੋਹਾਂ ਵਰਣਾਂ ਬ੍ਰਾਹਮਣਾਂ ਅਤੇ ਕਸ਼ੱਤਰੀਆਂ ਵਿਚਕਾਰ ਸੰਘਰਸ਼ 'ਚ ਬ੍ਰਾਹਮਣਾਂ ਦੀ ਕਸ਼ੱਤਰੀਆਂ ਹੱਥੋਂ ਇਹ ਪਹਿਲੀ ਵੱਡੀ ਹਾਰ ਸੀ ਜੋ ਬੋਧੀ ਰਾਜਾ ਬ੍ਰਿਦਰਥ ਨੂੰ ਉਸਦੇ ਬ੍ਰਾਹਮਣ ਮੰਤਰੀ ਪੁਸ਼ਯਮਿੱਤਰ ਨੇ ਕਤਲ ਕਰਕੇ ਜਿੱਤ ਵਿਚ ਬਦਲ ਦਿੱਤੀ।

ਭਾਰਤ ਤੇ ਮੁਸਲਮਾਨਾਂ ਦੇ ਰਾਜ ਨਾਲ ਆਰੀਆ ਦਾ ਏਕਾਧਿਕਾਰ ਜਾਂਦਾ ਰਿਹਾ ਅਤੇ ਭਾਰਤ ਦੇ ਆਦਿ ਵਾਸੀਆਂ, ਜਿਹਨਾਂ ਨੂੰ ਵਿਦੇਸ਼ੀ ਆਰੀਆ ਨੇ ਸਦੀਆਂ ਤੋਂ ਗੁਲਾਮ ਬਣਾਇਆ ਸੀ, ਨੇ ਆਰੀਆ ਖਿਲਾਫ ਭਗਤੀ ਲਹਿਰ ਰਾਹੀਂ ਬਗਾਵਤ ਦਾ ਝੰਡਾ ਚੁੱਕਿਆ। ਅੰਗਰੇਜ਼ਾਂ ਦੇ ਭਾਰਤ ਤੇ ਕਾਬਜ ਹੋਣ ਨਾਲ ਹਿੰਦੂ ਕੁਰੀਤੀਆਂ ਜਿਵੇਂ ਬਾਲ ਵਿਆਹ ਅਤੇ ਸਤੀ ਪ੍ਰਥਾ ਆਦਿ ਨੂੰ ਕਾਨੂੰਨ ਰਾਹੀਂ ਅੰਗਰੇਜ਼ਾਂ ਨੇ ਖਤਮ ਕੀਤਾ ਪਰ ਭਾਰਤ ਦੇ ਕਰੋੜਾਂ ਭਾਰਤੀਆਂ, ਜਿਹਨਾਂ ਨੂੰ ਆਰੀਆ ਸਮਰਾਜਵਾਦੀ ਸ਼ੂਦਰ ਕਹਿੰਦੇ ਸਨ, ਉਹਨਾਂ ਦੀ ਬਿਹਤਰੀ ਲਈ ਕੋਈ ਉਦਮ ਨਾ ਹੋਏ। 1885 ਈ: ਵਿਚ ਮਿ: ਹਿਊਮ ਵੱਲੋਂ ਕਾਂਗਰਸ ਨਾਂ ਦਾ ਰਾਜਨੀਤਿਕ ਦਲ ਬਣਾਇਆ ਜੋ ਮੈਮੋਰੰਡਮ ਰਾਜਨੀਤੀ ਤੋਂ ਜਲਸੇ ਜਲੂਸਾਂ ਅਤੇ 'ਆਜ਼ਾਦੀ ਸਾਡਾ ਜਮਾਂਦਰੂ ਹੱਕ ਹੈ' ਅਤੇ 'ਪੂਰਨ ਸਵਰਾਜ' ਪ੍ਰਾਪਤੀ ਦੇ ਨਾਹਰਿਆਂ ਤੱਕ ਪੁੱਜ ਗਿਆ।

ਅਜਿਹੇ ਸਮੇਂ ਹੀ ਵੀਹਵੀਂ ਸਦੀ ਦੇ ਤੀਜੇ ਦਹਾਕੇ ਵਿਚ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਅਛੂਤਾਂ ਦੇ ਪੜ੍ਹੇ ਲਿਖੇ ਨੌਜਵਾਨਾਂ ਦੇ ਮਨਾਂ ਵਿਚ ਰਾਜਨੀਤਿਕ ਚਾਨਣੇ ਦੀ ਪਹਿਲੀ ਕਿਰਨ ਨਿਕਲੀ। ਸਦੀਆਂ ਤੋਂ ਅਛੂਤ ਨੂੰ ਦੁਰਕਾਰਨ ਵਾਲੇ ਹਿੰਦੂ, ਮੁਸਲਿਮ, ਸਿੱਖ ਆਦਿ ਜਦੋਂ ਸ਼ਾਸ਼ਕ ਅੰਗਰੇਜ਼ਾਂ ਤੋਂ ਆਪਣੇ ਹੱਕ ਮੰਗਣ ਲੱਗੇ ਤਾਂ ਪੜ੍ਹੇ ਲਿਖੇ ਅਛੂਤ ਨੌਜਵਾਨਾਂ ਨੇ ਵੀ ਆਪਣੀਆਂ ਅਲੱਗ ਸੰਸਥਾਵਾਂ ਬਣਾ ਕੇ ਆਜ਼ਾਦੀ ਦੀ ਦੋਹਰੀ ਲੜਾਈ ਲੜਨੀ ਸ਼ੁਰੂ ਕਰ ਦਿੱਤੀ। ਉਹਨਾਂ ਦੀ ਸਭ ਤੋਂ ਪਹਿਲੀ ਲੜਾਈ ਵਿਦੇਸ਼ੀ ਆਰੀਆ ਖਿਲਾਫ ਸੀ ਜੋ ਸਦੀਆਂ ਤੋਂ ਉਹਨਾਂ ਦੇ ਪਿਆਰੇ ਭਾਰਤ ਤੇ ਕਬਜ਼ਾ ਕਰਕੇ ਉਹਨਾਂ ਨੂੰ ਗੁਲਾਮ ਬਣਾਈ ਬੈਠੇ ਸਨ। ਦੂਜੀ ਲੜਾਈ ਬ੍ਰਿਟਿਸ਼ ਸਾਮਰਾਜਵਾਦ ਖਿਲਾਫ ਸੀ! ਆਰੀਆ ਆਦਿ ਵੀ ਬ੍ਰਿਟਿਸ਼ ਸਾਮਰਾਜਵਾਦ ਖਿਲਾਫ ਲੜ ਰਹੇ ਸਨ। ਆਰੀਆ ਦੀ ਇਸ 'ਮਜ਼ਬੂਰੀ', ਆਰੀਆਂ ਅਤੇ ਮੁਸਲਮਾਨਾਂ ਵਿਚਕਾਰ ਵੈਰ ਅਤੇ ਅੰਗਰੇਜ਼ਾਂ ਦੇ ਸ਼ਾਸਕ ਹੋਣ ਨੇ ਆਦਿਵਾਸੀ ਨੌਜਵਾਨਾਂ ਦੇ ਆਜ਼ਾਦੀ, ਭਾਈਚਾਰੇ ਅਤੇ ਸਮਾਨਤਾ ਦੇ ਘੋਲ ਨੂੰ ਸੌਖਿਆਂ ਕੀਤਾ।

ਫਿਰਕੇਦਰਾਨਾ ਅਵਰਾਡ ਸਿੰਧੂ ਘਾਟੀ ਦੀ ਆਰੀਆਂ ਹੱਥੋਂ ਆਦਿਵਾਸੀਆਂ ਦੀ ਹਾਰ ਤੋਂ ਬਾਅਦ ਆਦਿਵਾਸੀਆਂ ਦੀ ਸੱਤਾ ਦੇ ਰਸਤੇ ਵੱਲ ਪਹਿਲੀ ਕਾਨੂੰਨੀ ਜਿੱਤ ਸੀ, ਜਿਸ ਵਿਚ ਡਾ. ਅੰਬੇਡਕਰ ਦਾ ਗੋਲਮੇਜ਼ ਕਾਨਫਰੰਸਾਂ 'ਚ ਆਦਿਵਾਸੀਆਂ ਦਾ ਪੱਖ ਠੀਕ ਤਰ੍ਹਾਂ ਪੇਸ਼ ਕਰਨ ਅਤੇ ਬਾਬੂ ਮੰਗੂ ਰਾਮ ਮੁੱਗੋਵਾਲੀਆ, ਪ੍ਰਧਾਨ ਆਦਿ ਧਰਮ ਮੰਡਲ ਪੰਜਾਬ ਵੱਲੋਂ ਸ੍ਰੀ ਗਾਂਧੀ ਦੀ ਬਜਾਏ ਡਾ. ਅੰਬੇਡਕਰ ਦਾ ਗੋਲਮੇਜ ਕਾਨਫਰੰਸਾਂ ਵਿਚ ਆਦਿ ਵਾਸੀਆਂ ਦੇ ਨੁਮਾਇੰਦਾ ਹੋਣ ਦੀਆਂ ਤਾਰਾਂ ਭੇਜਣ ਕਰਕੇ ਬਹੁਤ ਵੱਡਾ ਹੱਥ ਹੈ। ਪਰ ਸ੍ਰੀ ਗਾਂਧੀ ਵੱਲੋਂ ਸਿਰਫ ਆਦਿਵਾਸੀਆਂ ਨੂੰ ਵੱਖਰੇ ਤੌਰ ਤੇ ਮਿਲੇ ਹੱਕਾਂ ਖਿਲਾਫ ਹੀ ਮਰਨ ਵਰਤ ਅਤੇ ਡਾਕਟਰ ਅੰਬੇਡਕਰ ਵੱਲੋਂ ਸ੍ਰੀ ਗਾਂਧੀ ਦੀਆਂ ਮੰਗਾਂ ਮੰਨ ਕੇ ਪੂਨਾ ਪੈਕਟ ਕਰਨ ਨੇ ਆਦਿਵਾਸੀਆਂ ਦੀ ਆਜ਼ਾਦ ਸਿਆਸਤ ਦੇ ਨਵਜੰਮੇ ਬੱਚੇ ਦਾ ਗਲਾ ਘੋਟ ਦਿੱਤਾ। ਪੂਨਾਂ ਪੈਕਟ ਵਿਚ ਫਿਰਕੇਦਰਾਨਾ ਅਵਾਰਡ ਦੀਆਂ 78 ਸੀਟਾਂ ਦੀ ਬਜਾਏ 148 ਸੀਟਾਂ ਤਾਂ ਮਿਲ ਗਈਆਂ ਪਰ ਆਦਿ ਵਾਸੀਆਂ ਨੇ ਆਪਣੇ ਨੁਮਾਇੰਦੇ ਆਪ ਵੱਖਰੇ ਤੌਰ 'ਤੇ ਚੁਣਨ ਦਾ ਮੌਕਾ ਗੁਆ ਦਿੱਤਾ। (1) ਡਾ. ਅੰਬੇਡਕਰ ਵੱਲੋਂ ਆਦਿਵਾਸੀਆਂ ਨੂੰ ਪੂਨਾ ਪੈਕਟ ਰਾਹੀਂ ਹਿੰਦੂ ਮੰਨਣਾ ਸ੍ਰੀ ਗਾਂਧੀ ਦੀ ਜੀਵਨ ਦੀ ਸਭ ਤੋਂ ਵੱਡੀ ਜਿੱਤ ਅਤੇ ਡਾ. ਅੰਬੇਡਕਰ ਜੀ ਦੀ ਆਪਣੇ ਜੀਵਨ ਦੀ ਸਭ ਤੋਂ ਵੱਡੀ ਹਾਰ ਸੀ। ਡਾਕਟਰ ਅੰਬੇਡਕਰ ਨੇ ਆਪਣੇ ਲੋਕਾਂ ਦੇ ਹੱਥਾਂ ਅਤੇ ਗਾਧੀ ਦੇ ਨੂੰ ਆਰੀਆ ਦੇ ਰਹਿਮੋ ਕਰਮ ਤੇ ਸੁੱਟ ਦਿੱਤਾ।

(2) ਪੂਨਾ ਪੈਕਟ ਤੋਂ ਬਾਅਦ ਆਦਿਵਾਸੀਆਂ ਦੀ ਰਾਜਨੀਤੀ ਬਿਗਾਨੇ ਹੱਥਾਂ 'ਤੇ ਨਿਰਭਰ ਹੋ ਗਈ। ਫਿਰਕੇਦਰਾਨਾ ਅਵਾਰਡ ਅਨੁਸਾਰ ਅਛੂਤਾਂ ਦੇ ਐਮ. ਐਲ. ਏ. ਅਛੂਤ ਵੋਟਰ ਹੀ ਚੁਣਨਗੇ। ਸਿੱਖਾਂ, ਇਸਾਈਆਂ, ਮੁਸਲਮਾਨਾਂ, ਹਿੰਦੂਆਂ, ਭਾਰਤੀ ਇਸਾਈਆਂ, ਐਂਗਲੋ ਇੰਡੀਅਨ ਅਤੇ ਯੂਰਪੀਨਾਂ ਨੂੰ ਵੀ ਇਸੇ ਤਰ੍ਹਾਂ ਦਾ ਹੱਕ ਮਿਲਿਆ। ਪਰ ਪੂਨਾ ਪੈਕਟ ਕਾਰਨ ਅਛੂਤ ਆਪਣੇ ਨੁਮਾਇੰਦੇ ਚੁਣਨ ਵਾਲੇ ਹਿੰਦੂਆਂ ਦੇ ਮੁਥਾਜ ਹੋ ਗਏ।

ਪੂਨਾ ਪੈਕਟ ਤੋਂ ਬਾਅਦ ਆਦਿਵਾਸੀ ਰਾਜਨੀਤਿਕ ਤੌਰ 'ਤੇ ਖਿੱਲਰਨ ਲੱਗ ਪਏ। ਇਸ ਸਭ ਕੁਝ ਤੋਂ ਭਾਰਤ ਦੀ ਰਾਜਨੀਤੀ ਦੇ ਪਿਛੋਕੜ ਦੀ ਤਸਵੀਰ ਸਾਹਮਣੇ ਆ ਜਾਂਦੀ ਹੈ, ਜਿਸ ਨੂੰ ਸਾਹਵੇਂ ਰੱਖਿਆ ਮੌਜੂਦਾ ਭਾਰਤੀ ਰਾਜਨੀਤੀ ਨੂੰ ਸਮਝਣ ਵਿਚ ਸੌਖ ਹੁੰਦੀ ਹੈ।

ਹੁਣ ਅਸੀਂ ਬਾਬੂ ਜਗਜੀਵਨ ਰਾਮ ਦੇ ਮਾਰਚ 1937 ਵਿਚ ਬਿਹਾਰ ਤੋਂ ਐਮ. ਐਲ. ਏ. ਬਣਕੇ ਰਾਜਨੀਤੀ ਵਿਚ ਆਉਣ ਵੱਲ ਆਉਂਦੇ ਹਾਂ। ਉਸ ਸਮੇਂ ਕਾਂਗਰਸ ਹੀ ਬਿਹਾਰ 'ਚ ਇਕੋ ਇਕ ਸੰਗਠਿਤ ਸਰਗਰਮ ਰਾਜਨੀਤਿਕ ਪਾਰਟੀ ਸੀ।

(3) ਬਾਬੂ ਜਗਜੀਵਨ ਰਾਮ ਦੀ ਬਿਹਾਰ ਡਿਪਰੈਸਡ ਕਲਾਸਿਜ਼ ਲੀਗ ਨੇ ਕਾਂਗਰਸ ਨਾਲ ਗੱਠਜੋੜ ਕਰਕੇ 9 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ। ਇਸ ਤੋਂ ਪਹਿਲੋਂ 1936 ਵਿਚ ਉਹਨਾਂ ਨੂੰ ਐਮ. ਐਮ. ਸੀ. ਨਾਮਜ਼ਦ ਕੀਤਾ ਗਿਆ ਸੀ। 1937 ਦੀਆਂ ਚੋਣਾਂ ਤੋਂ ਬਾਅਦ ਬਿਹਾਰ ਪਾਰਲੀਮੈਂਟਰੀ ਸਕੱਤਰ ਬਣੇ। ਉਸ ਸਮੇਂ ਕੈਬਨਿਟ ਮਨਿਸਟਰ ਤੋਂ ਬਾਅਦ ਪਾਰਲੀਮੈਂਟਰੀ ਸਕੱਤਰ ਹੀ ਹੁੰਦਾ ਸੀ। 29 ਸਾਲਾ ਜਗਜੀਵਨ ਰਾਮ ਦੀ ਇਹ ਰਾਜਨੀਤਿਕ ਜੀਵਨ ਦੀ ਯਾਤਰਾ ਦਾ ਪਹਿਲਾ ਪੜਾਅ ਸੀ। ਇਹਨਾਂ ਦਿਨਾਂ ਵਿਚ ਹੀ ਕਾਂਗਰਸ ਡਾ. ਅੰਬੇਡਕਰ ਦੇ ਮੁਕਾਬਲੇ ਤੇ ਭਾਰਤ ਪੱਧਰ ਦਾ ਅਛੂਤਾਂ 'ਚੋਂ ਕੋਈ ਆਗੂ ਉਭਾਰਨ ਦੀ ਤਲਾਸ਼ ਵਿਚ ਸੀ, ਕਿਉਂਕਿ ਡਾ. ਅੰਬੇਡਕਰ ਮਹਾਰਾਸ਼ਟਰ ਦੇ ਮਹਾਰ ਸਨ, ਜਿਹਨਾਂ ਦੇ ਮੁਕਾਬਲੇ ਤੇ ਕਾਂਗਰਸ ਬ੍ਰਾਹਮਣਾਂ ਤੋਂ ਬਾਅਦ ਵੱਧ ਗਿਣਤੀ ਚਮਾਰਾਂ 'ਚੋਂ ਕਿਸੇ ਆਗੂ ਨੂੰ ਉਭਾਰਨਾ ਚਾਹੁੰਦੀ ਸੀ ਜੋ ਡਾ. ਅੰਬੇਡਕਰ ਦੇ ਅਛੂਤਾਂ ਦਾ ਆਗੂ ਹੋਣ ਦੇ ਦਾਅਵੇ ਨੂੰ ਚੈਲਿੰਜ ਕਰਨ ਦੇ ਨਾਲ-ਨਾਲ ਚਮਾਰਾਂ ਦੇ ਵੋਟ ਕਾਂਗਰਸ ਦੇ ਹੱਕ 'ਚ ਪੁਆ ਸਕੇ। ਬਾਬੂ ਜਗਜੀਵਨ ਰਾਮ ਨੂੰ ਇਸ ਦੇ ਯੋਗ ਸਮਝ ਕੇ ਉਭਾਰਿਆ ਪਰ ਬਾਬੂ ਜਗਜੀਵਨ ਰਾਮ ਦਾ 1969 ਤੋਂ 1979 ਤੱਥ ਦਾ ਰੋਲ ਜਿੱਥੇ ਉਹਨਾਂ ਜੀਆਂ ਨਿੱਜੀ ਖਾਹਸ਼ਾਂ ਨੂੰ ਪੂਰਨ ਲਈ ਸੀ, ਉਥੇ ਸਿੱਧੇ ਅਸਿੱਧੇ ਬ੍ਰਾਹਮਣਵਾਦੀ ਕਾਂਗਰਸ ਨੂੰ ਕਮਜ਼ੋਰ ਕਰਨ ਵਾਲਾ ਵੀ ਰਿਹਾ।




1946 ਵਿਚ ਬਾਬੂ ਜਗਜੀਵਨ ਰਾਮ ਅੰਤ੍ਰਿਮ ਸਰਕਾਰ 'ਚ ਕਿਰਤ ਮੰਤਰੀ ਬਣੇ। ਇਹ ਸਫਲਤਾ ਜਿੱਥੇ ਬਾਬੂ ਜੀ ਲਈ ਮਾਣ ਵਾਲੀ ਸੀ, ਉਥੇ ਆਦਿ ਵਾਸੀਆਂ ਲਈ ਹੌਸਲਾ ਵਧਾਊ ਸੀ। ਬਾਬੂ ਜਗਜੀਵਨ ਰਾਮ ਦੀ ਸਿਆਸਤ ਇਸ ਤੱਥ 'ਤੇ ਨਿਰਭਰ ਸੀ ਕਿ ਅੰਗਰੇਜ਼ਾਂ ਦੇ ਰਾਜ ਸਮੇਂ ਤੱਕ ਤਾਂ ਆਦਿਵਾਸੀ ਹਿੰਦੂਆਂ ਖਿਲਾਫ ਰਾਜਨੀਤਿਕ ਲੜਾਈ ਲੜਦੇ ਰਹਿਣਗੇ ਪਰ ਆਜ਼ਾਦੀ ਤੋਂ ਬਾਅਦ ਆਰੀਆ ਦੇ ਭਾਰਤ ਤੇ ਕਾਬਜ਼ ਹੋਣ ਤੋਂ ਬਾਅਦ ਉਹ ਸ਼ਾਸ਼ਕ ਨਾਲ ਸਿੱਧੀ ਲੜਾਈ ਨਹੀ ਲੜ ਸਕਦੇ। ਡਾ. ਅੰਬੇਡਕਰ ਵੱਲੋਂ ਕਾਂਗਰਸ ਮੰਤਰੀ ਵਜੋਂ ਅਹੁਦਾ ਸੰਭਾਲਣਾ ਵੀ ਸ਼ਾਇਦ ਉਸ ਸਮੇਂ ਦੀ ਆਦਿਵਾਸੀਆਂ ਦੀ ਰਾਜਨੀਤੀ ਦੀ 'ਮਜ਼ਬੂਰੀ' ਸੀ।

ਇੱਥੇ ਇਹ ਚਰਚਾ ਕਰਨੀ ਵੀ ਨਿਆਂਸੰਗਤ ਹੀ ਹੋਵੇਗੀ ਕਿ ਬਾਬੂ ਜਗਜੀਵਨ ਰਾਮ ਅਤੇ ਡਾ. ਅੰਬੇਡਕਰ ਵੱਲੋਂ ਕਾਂਗਰਸ ਮੰਤਰੀ ਮੰਡਲ 'ਚ ਸ਼ਾਮਲ ਹੋਣ ਨਾਲ ਕਾਂਗਰਸ ਵੱਲੋਂ ਆਦਿਵਾਸੀਆਂ 'ਚ ਇਹ ਪ੍ਰਚਾਰ ਕੀਤਾ ਗਿਆ ਸੀ ਕਿ ਤੁਹਾਡੇ ਲੀਡਰ ਤਾਂ ਕਾਂਗਰਸ 'ਚ ਆ ਗਏ ਹਨ। ਇਸ ਨਾਲ ਆਦਿਵਾਸੀ ਕਾਂਗਰਸ ਨਾਲ ਵਿਆਹੇ ਗਏ। ਇਸ ਨੇ ਭਾਰਤੀ ਸਿਆਸਤ 'ਚ ਆਦਿਵਾਸੀਆਂ ਦੀ ਵੱਖਰੀ ਹੋਂਦ ਨੂੰ ਹੋਰ ਸੱਟ ਮਾਰੀ।

ਬਾਬੂ ਜਗਜੀਵਨ ਰਾਮ 1946 ਤੋਂ 1969 ਤੱਕ ਲਗਾਤਾਰ ਕੈਬਨਿਟ ਮੰਤਰੀ ਰਹੇ। ਬਾਬੂ ਜੀ ਕਾਂਗਰਸ ਵਿਚ ਅੰਦਰੋ ਅੰਦਰੀ ਨਹਿਰੂ ਲਈ ਇਕ ਖ਼ਤਰਾ ਬਣਦੇ ਜਾ ਰਹੇ ਸਨ। ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਨੂੰ ਟਿਕਟਾਂ ਵੰਡਣ ਵੇਲੇ ਬਾਬੂ ਜੀ ਦੇ ਮਹੱਤਵਪੂਰਨ ਰੋਲ ਨੇ ਅਤੇ ਇੰਨੇ ਸਾਲਾਂ ਤੋਂ ਲਗਾਤਾਰ ਕੇਂਦਰੀ ਮੰਤਰੀ ਰਹਿਣ ਕਰਕੇ ਉਹਨਾਂ ਨੇ ਕਾਂਗਰਸ ਖਾਸ ਕਰਕੇ ਇਹਨਾਂ ਵਰਗਾਂ ਦੇ ਐਮ. ਪੀਜ਼ ਵਿਚ ਖਾਸ ਜਗ੍ਹਾ ਬਣਾ ਲਈ ਸੀ। ਬਾਬੂ ਜੀ ਕਿਧਰੇ ਨਹਿਰੂ ਲਈ ਚੈਲਿੰਜ ਨਾ ਬਣ ਜਾਣ, ਸ੍ਰੀ ਨਹਿਰੂ ਨੇ ਕਾਮਰਾਜ ਯੋਜਨਾ ਦੇ ਬਹਾਨੇ ਬਾਬੂ ਜੀ ਨੂੰ ਮੰਤਰੀ ਮੰਡਲ ਤੋਂ ਵੱਖ ਕਰ ਦਿੱਤਾ। ਸਤੰਬਰ 1963 ਤੋਂ ਜਨਵਰੀ 1965 ਤੱਕ ਉਹ ਕਾਂਗਰਸ ਸੰਗਠਨ ਲਈ ਕੰਮ ਕਰਦੇ ਰਹੇ।

ਬਾਬੂ ਜਗਜੀਵਨ ਰਾਮ ਕਾਂਗਰਸ ਵਿਚ 1964 ਤੱਕ ਪ੍ਰਧਾਨ ਮੰਤਰੀ ਦੀ ਚੋਣ ਤੱਕ 'ਚ ਨਿਰਣਾਇਕ ਭੂਮਿਕਾ ਨਿਭਾਉਣ ਵਾਲੇ ਰਾਜਨੀਤੀਵਾਨ ਵਜੋਂ ਉਭਰੇ। ਲਾਲ ਬਹਾਦਰ ਸ਼ਾਸ਼ਤਰੀ ਬਾਬੂ ਜੀ ਦੀ ਹਮਾਇਤ ਸਦਕਾ ਹੀ ਪ੍ਰਧਾਨ ਮੰਤਰੀ ਬਣੇ।

(6) ਸ਼ਾਸਤਰੀ ਜੀ ਦੇ ਸਦੀਵੀ ਵਿਛੋੜੇ ਤੋਂ ਬਾਅਦ ਸ੍ਰੀਮਤੀ ਇੰਦਰਾ ਗਾਂਧੀ ਅਤੇ ਸ੍ਰੀ ਮੁਰਾਰਜੀ ਦਿਸਾਈ ਵਿਚਕਾਰ ਪ੍ਰਧਾਨ ਮੰਤਰੀ ਦੇ ਸੰਘਰਸ਼ ਵਿਚ ਬਾਬੂ ਜੀ ਨੇ ਸ੍ਰੀਮਤੀ ਇੰਦਰਾ ਗਾਂਧੀ ਦਾ ਸਾਥ ਦੇ ਕੇ ਪ੍ਰਧਾਨ ਮੰਤਰੀ ਬਣਾਇਆ।

1969 ਤੱਕ ਬਾਬੂ ਜੀ ਇੰਨੇ ਉਭਰ ਕੇ ਆਏ ਕਿ ਸ੍ਰੀਮਤੀ ਗਾਂਧੀ ਵੱਲੋਂ ਬਾਬੂ ਜੀ ਦਾ ਨਾਂ ਰਾਸ਼ਟਰਪਤੀ ਦੇ ਅਹੁਦੇ ਲਈ ਕਾਂਗਰਸ ਦੇ 1969 ਦੇ ਬੰਗਲੌਰ ਸੈਸ਼ਨ 'ਚ ਪੇਸ਼ ਕੀਤਾ। ਪਰ ਮੁਰਾਰਜੀ ਦਿਸਾਈ ਦਾ ਬਾਬੂ ਜੀ ਵੱਲ ਪਿਛਲਾ ਹਿਸਾਬ-ਕਿਤਾਬ ਸੀ। ਉਹਨਾਂ ਨੇ ਬਾਬੂ ਜੀ ਦੀ ਵਿਰੋਧਤਾ ਕੀਤੀ ਅਤੇ ਸ੍ਰੀ ਨੀਲਮ ਸੰਜੀਵਾ ਰੈਡੀ ਦਾ ਨਾਂ ਤਜਵੀਜ਼ ਕੀਤਾ। ਇਸ ਨਾਲ ਕਾਂਗਰਸ ਵਿਚ ਫੁੱਟ ਖੁੱਲ੍ਹ ਕੇ ਸਾਹਮਣੇ ਆਈ। ਅੰਤ ਸ੍ਰੀਮਤੀ ਗਾਂਧੀ ਅਤੇ ਬਾਬੂ ਜੀ ਨੇ ਸ੍ਰੀ ਰੈਡੀ ਦੀ ਥਾਂ ਆਜ਼ਾਦ ਉਮੀਦਵਾਰ ਸ੍ਰੀ ਵੀ. ਵੀ. ਗਿਰੀ ਨੂੰ ਰਾਸ਼ਟਰਪਤੀ ਚੁਣਵਾ ਦਿੱਤਾ। ਜਿਸ ਤੋਂ ਕਾਂਗਰਸ ਦੋਫਾੜ ਹੋ ਗਈ। ਇਸ ਸਮੇਂ ਇਉਂ ਲੱਗਦਾ ਹੈ ਕਿ ਬਾਬੂ ਜੀ ਕਾਂਗਰਸ ਨੂੰ ਦੋਫਾੜ ਵੱਲ ਲਿਜਾ ਕੇ ਰਾਜਨੀਤਿਕ ਸੱਤਾ ਹਥਿਆਉਣ ਵੱਲ ਬੜੀ ਤੇਜ਼ੀ ਨਾਲ ਵੱਧ ਰਹੇ ਸਨ।

1969 ਵਿਚ ਕਾਂਗਰਸ ਦੋਫਾੜ ਹੋਣ ਨਾਲ ਇਕ ਹਿੱਸੇ ਦੇ ਬਾਬੂ ਜੀ ਪ੍ਰਧਾਨ ਬਣੇ ਜੋ ਕਾਂਗਰਸ (ਜਗਜੀਵਨ ਰਾਮ) ਵਜੋਂ ਜਾਣਿਆ ਗਿਆ। ਦਸੰਬਰ 1969 ਵਿਚ ਬੰਬਈ ਵਿਖੇ ਹੋਏ ਕਾਂਗਰਸ ਸੰਮੇਲਨ ਦੀ ਪ੍ਰਧਾਨਗੀ ਬਾਬੂ ਜੀ ਨੇ ਕੀਤੀ। ਇਕ ਅਛੂਤ ਦਾ ਦੇਸ਼ ਦੀ ਹੁਕਮਰਾਨ ਰਾਜਨੀਤਿਕ ਪਾਰਟੀ ਦਾ ਪ੍ਰਧਾਨ ਬਣ ਕੇ ਬਾਬੂ ਜੀ ਨੇ ਉਹਨਾਂ ਲੋਕਾਂ ਨੂੰ ਸ਼ਰਮਿੰਦਿਆਂ ਕਰ ਦਿੱਤਾ ਜੋ ਅਛੂਤਾਂ ਨੂੰ ਮੈਰਿਟ ਦੀ ਡਾਂਗ ਨਾਲ ਅੱਜ ਵੀ ਫੱਟੜ ਕਰਨੋਂ ਨਹੀਂ ਹਟਦੇ।

ਬਾਬੂ ਜੀ ਰਾਜਨੀਤਿਕ ਦਾਅ-ਪੇਚ ਨੂੰ ਇੰਨੀ ਬਾਖੂਬੀ ਨਾਲ ਕਰਦੇ ਸਨ ਕਿ ਵੀਹਵੀਂ ਸਦੀ ਵਿਚ ਸ਼ਾਇਦ ਹੀ ਕੋਈ ਅਜਿਹਾ ਭਾਰਤੀ ਸਿਆਸਤਦਾਨ ਹੋਵੇਗਾ ਜੋ ਆਮ ਆਦਮੀ ਤੋਂ ਸ਼ੁਰੂ ਹੋ ਕੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਸੰਘਰਸਸ਼ੀਲ ਸੀ। 1969 ਵਿਚ ਜਦੋਂ ਬਾਬੂ ਜੀ ਕੇਂਦਰੀ ਮੰਤਰੀ ਹੋਣ ਦੇ ਨਾਲ-ਨਾਲ ਕਾਂਗਰਸ ਦੇ ਪ੍ਰਧਾਨ ਸਨ ਤਾਂ ਉਹਨਾਂ ਨੇ ਕਾਂਗਰਸ ਦੇ ਜਨਰਲ ਸਕੱਤਰ ਸ੍ਰੀ ਬਹੁਗੁਣਾ ਰਾਹੀਂ ਸਿੰਡੀਕੇਟ ਕਾਂਗਰਸ ਨਾਲ ਗੱਲ ਚਲਾਈ ਕਿ ਜੋ ਉਹ ਬਾਬੂ ਜੀ ਨੂੰ ਪ੍ਰਧਾਨ ਮੰਤਰੀ ਬਣਨ 'ਚ ਹੱਥ ਵੰਡਾਉਣ ਤਾਂ ਉਹ ਦੋਹਾਂ ਕਾਂਗਰਸਾਂ ਨੂੰ ਇਕ ਕਰ ਦੇਣਗੇ। ਪਰ ਇਸਦਾ ਸ੍ਰੀਮਤੀ ਗਾਂਧੀ ਨੂੰ ਪਤਾ ਲੱਗ ਗਿਆ ਅਤੇ ਸ੍ਰੀਮਤੀ ਗਾਂਧੀ ਇੰਨੇ ਘਬਰਾ ਗਏ ਕਿ ਉਹਨਾਂ ਲੋਕ ਸਭ ਹੀ ਦਸੰਬਰ 1970 'ਚ ਭੰਗ ਕਰਕੇ ਮੱਧਕਾਲੀ ਚੋਣਾਂ ਦਾ ਐਲਾਨ ਕਰ ਦਿੱਤਾ। ਪਰ ਬਾਬੂ ਜੀ ਦ ਆਦਿਵਾਸੀਆਂ 'ਚ ਪ੍ਰਭਾਵ ਹੋਣ ਕਰਕੇ ਮੰਤਰੀ ਮੰਡਲ 'ਚੋਂ ਨਾ ਕੱਢ ਸਕੀ।'

1971 ਦੀਆਂ ਲੋਕ ਸਭਾ ਚੋਣਾਂ ਵੇਲੇ ਬਾਬੂ ਜੀ ਕਾਂਗਰਸ ਦੇ ਪ੍ਰਧਾਨ ਸਨ। ਉਹਨਾਂ ਸਮਝਿਆ ਕਿ ਸ੍ਰੀਮਤੀ ਗਾਂਧੀ ਨੂੰ ਇੰਨਾ ਬਹੁਮਤ ਨਹੀਂ ਮਿਲੇਗਾ ਕਿ ਜਿਸ ਨਾਲ ਬਾਬੂ ਜੀ ਦੀ ਪਾਰਟੀ ਤੇ ਪਕੜ ਮਜ਼ਬੂਤ ਰਹੇਗੀ। ਚੋਣਾਂ ਵੇਲੇ ਹੀ ਉਹਨਾਂ ਬਿਆਨ ਦਿੱਤਾ 'ਮੈਂ ਅੰਗੂਠਾ ਟੇਕ ਪ੍ਰਧਾਨ ਨਹੀਂ। ਲੋਕ ਸਭਾ ਚੋਣਾਂ ਤੋਂ ਬਾਅਦ ਲੋਕ ਸਭਾ ਵਿਚ ਪਾਰਟੀ ਦੇ ਆਗੂ ਦੀ ਬਕਾਇਦਾ ਚੋਣ ਹੋਵੇਗੀ।'' ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਬਾਬੂ ਜੀ ਕਾਂਗਰਸ ਦੇ ਵਿਚ ਲੋਕਤੰਤਰਿਕ ਰਵਾਇਤਾਂ ਨੂੰ ਕਿੰਨਾ ਬਰਕਰਾਰ ਰੱਖਣ 'ਚ ਵਿਸ਼ਵਾਸ ਰੱਖਦੇ ਸਨ। ਪਰ ਇਸ ਦਲੇਰਾਨਾ ਬਿਆਨ ਨੇ ਸ੍ਰੀਮਤੀ ਇੰਦਰਾ ਗਾਂਧੀ ਨੂੰ ਨਰਾਜ਼ ਕਰ ਦਿੱਤਾ। ਇਸ ਤੋਂ ਬਾਅਦ ਸ੍ਰੀਮਤੀ ਗਾਂਧੀ ਨੇ ਡਾ. ਬਰੂਆ ਵਰਗੇ ਕਾਂਗਰਸ ਪ੍ਰਧਾਨ ਬਣਾਏ ਜੋ 'ਇੰਦਰਾ ਭਾਰਤ ਹੈ ਅਤੇ ਭਾਰਤ ਇੰਦਰਾ ਹੈ' ਦਾ ਨਾਹਰਾ ਲਾਉਂਦੇ ਰਹੇ। ਇਹ ਭਾਰਤੀ ਲੋਕਤੰਤਰ ਦਾ ਕਿੱਡਾ ਦੁਖਾਂਤ ਹੈ ਕਿ ਜੋ ਰਾਜਨੀਤਿਕ ਪਾਰਟੀ ਦੇਸ਼ ਵਿਚ ਰਾਜ ਕਰ ਰਹੀ ਹੋਵੇ, ਉਸ ਦੀ ਬੀਤੇ ਦਸ ਸਾਲਾਂ ਤੋਂ ਸੰਗਠਨਾਤਮਕ ਚੋਣ ਹੀ ਨਾ ਹੋਈ ਹੋਵੇ। ਭਾਰਤ ਵਿਚ ਲੋਕਤੰਤਰ ਦੀ ਅਸਲ ਭਾਵਨਾ ਖੰਭ ਲਾ ਕੇ ਉਡ ਗਈ ਹੈ।

ਬਾਬੂ ਜੀ ਲਗਾਤਾਰ ਸ੍ਰੀਮਤੀ ਗਾਂਧੀ ਦੀ ਡਿਕਟੇਟਰਸ਼ਿਪ ਲਈ ਖ਼ਤਰਾ ਬਣ ਗਏ ਸਨ। ਸ੍ਰੀਮਤੀ ਗਾਂਧੀ ਬਾਬੂ ਜੀ ਦੀ ਲੋਕਪ੍ਰਿਅਤਾ ਨੂੰ ਕੈਰੀ ਅੱਖ ਨਾਲ ਦੇਖਦੇ ਸਨ। ਬੰਗਲਾਦੇਸ਼ ਨਾਲ ਯੁੱਧ 'ਚ ਬਾਬੂ ਜੀ ਵੱਲੋਂ ਰੱਖਿਆ ਮੰਤਰੀ ਵਜੋਂ ਦਿੱਤੇ ਕੁਸ਼ਲ ਨਿਰਦੇਸ਼ਨ ਨੇ ਆਮ ਭਾਰਤੀਆਂ ਦੇ ਮਨਾਂ 'ਚ ਬਾਬੂ ਜੀ ਬਾਰੇ ਕੁਸ਼ਲ ਰਾਜਨੀਤੀਵਾਨ ਅਤੇ ਕੁਸ਼ਲ ਪ੍ਰਸ਼ਾਸਕ ਦਾ ਵਿਚਾਰ ਬਿਠਾ ਦਿੱਤਾ। ਸ੍ਰੀਮਤੀ ਗਾਂਧੀ ਨੇ ਬੰਗਲਾਦੇਸ਼ ਦੀ ਲੜਾਈ ਦਾ ਸਿਹਰਾ ਲੈਣ ਲਈ 'ਭਾਰਤ ਰਤਨ' ਦਾ ਖਿਤਾਬ ਲੈ ਲਿਆ ਅਤੇ ਲੋਕਾਂ ਦੀਆਂ ਨਜ਼ਰਾਂ 'ਚੋਂ ਬਾਬੂ ਜੀ ਨੂੰ ਡੇਗਣ ਲਈ ਉਹਨਾਂ ਨੂੰ 1975 ਵਿਚ ਲੋਕ ਸਭਾ ਵਿਚ ਐਮਰਜੈਂਸੀ ਪ੍ਰਸਤਾਵ ਪੜ੍ਹਨ ਲਈ ਮਜਬੂਰ ਕੀਤਾ। ਪਰ ਬਾਬੂ ਜੀ ਨੇ ਆਪਣੇ ਮੱਥੇ ਤੇ ਲੱਗੇ ਇਸ ਕਲੰਕ ਨੂੰ ਦੋ ਫਰਵਰੀ 1977 ਨੂੰ ਕਾਂਗਰਸ ਪਾਰਟੀ ਅਤੇ ਮੰਤਰੀ ਮੰਡਲ ਤੋਂ ਅਸਤੀਫਾ ਦੇ ਕੇ ਧੋ ਦਿੱਤਾ। ਇਸ ਅਸਤੀਫੇ ਨਾਲ ਬਾਬੂ ਜੀ ਨੇ ਸ੍ਰੀਮਤੀ ਗਾਂਧੀ ਨੂੰ ਅਹਿਸਾਸ ਕਰਵਾ ਦਿੱਤਾ ਕਿ ਬਾਬੂ ਜੀ ਹੀ ਸ੍ਰੀਮਤੀ ਗਾਂਧੀ ਨੂੰ ਪ੍ਰਧਾਨ ਮੰਤਰੀ ਬਣਾਉਣ ਵਾਲੇ ਸਨ ਅਤੇ ਉਹਨਾਂ ਨੇ ਹੀ ਮਾਰਚ 1977 ਦੀਆਂ ਚੋਣਾਂ ਵਿਚ ਸ੍ਰੀਮਤੀ ਗਾਂਧੀ ਸਮੇਤ ਕਾਂਗਰਸ ਨੂੰ 'ਧੋਬੀ ਪਟੜਾ' ਮਾਰਿਆ। ਭਾਰਤ ਦੇ ਇਤਿਹਾਸ ਵਿਚ ਬਾਬੂ ਜੀ ਵੱਲੋਂ ਕਾਂਗਰਸ ਛੱਡਣ 'ਤੇ ਪਹਿਲੀ ਵਾਰ ਕੇਂਦਰ ਵਿਚ ਕਾਂਗਰਸ ਨੂੰ ਵਿਦੇਸ਼ੀ ਬੈਂਚਾਂ ਤੇ ਬਿਠਾਉਣ ਦਾ ਸਿਹਰਾ ਬਾਬੂ ਜੀ ਨੂੰ ਹੀ ਜਾਂਦਾ ਹੈ।

ਪਰ ਪ੍ਰਧਾਨ ਮੰਤਰੀ ਦੀ ਚੋਣ ਵੇਲੇ ਚੌਧਰੀ ਚਰਨ ਸਿੰਘ ਵੱਲੋਂ ਬਾਬੂ ਜੀ ਦੀ ਵਿਰੋਧਤਾ ਕਾਰਨ ਬਾਬੂ ਜੀ ਪ੍ਰਧਾਨ ਮੰਤਰੀ ਬਣਦੇ-ਬਣਦੇ ਰਹਿ ਗਏ। ਜੁਲਾਈ 1979 ਵਿਚ ਜਨਤਾ ਪਾਰਟੀ ਵਿਚਲੀ ਫੁੱਟ ਕਾਰਨ ਬਾਬੂ ਜੀ ਦਾ ਪ੍ਰਧਾਨ ਮੰਤਰੀ ਬਣਨ ਦਾ ਮੌਕਾ ਆਇਆ। ਪਰ ਮੋਰਾਰਜੀ ਦਿਸਾਈ ਨੇ ਅਸਤੀਫਾ ਦੇਣ ਵਿਚ ਇੰਨੀ ਦੇਰੀ ਕਰ ਦਿੱਤੀ ਕਿ ਬਾਬੂ ਜੀ ਸਹੀ ਸਮੇਂ 'ਤੇ ਆਪਣਾ ਦਾਅਵਾ ਸਹੀ ਤਰੀਕੇ ਨਾਲ ਪੇਸ਼ ਨਾ ਕਰ ਸਕੇ। ਰਾਸ਼ਟਰਪਤੀ ਸ੍ਰੀ ਰੈਡੀ ਨੇ ਸ੍ਰੀ ਚਰਨ ਸਿੰਘ ਨੂੰ ਮੰਤਰੀ ਮੰਡਲ ਬਣਾਉਣ ਲਈ ਸੱਦਾ ਦਿੱਤਾ ਜੋ ਇਕ ਵਾਰ ਵੀ ਲੋਕ ਸਭਾ ਦੇ ਅਖਾੜੇ ਵਿਚ ਬਾਬ ਜੀ ਨਾਲ ਰਾਜਨੀ-ਤਿਕ ਦੰਗਲ ਦਾ ਸਾਹ-ਮਣਾ ਨਾ ਕਰ ਸਕੇ। ਇਤਿਹਾਸ ਵਿਚ ਸ੍ਰੀ ਰੈਡੀ ਨੂੰ ਜਿਸ ਬਾਬੂ ਜੀ ਨੂੰ ਮੰਤਰੀ ਮੰਡਲ ਬਣਾਉਣ ਦਾ ਸੱਦਾ ਨਾ ਦੇਣ ਦਾ ਦੋਸ਼ੀ ਲਿਖਿਆ ਜਾਵੇਗਾ, ਉਥੇ ਸ੍ਰੀ ਰੈਡੀ ਨੂੰ ਭਾਰਤ ਵਿਚ ਖਾਨਦਾਨੀ ਰਾਜ ਮੁੜ ਲਿਆਉਣ 'ਚ ਸਹਾਇਕ ਹੋਣ ਦਾ ਵੀ ਦੋਸ਼ੀ ਲਿਖਿਆ ਜਾਵੇਗਾ।

ਜੇ ਬਾਬੂ ਜੀ 1977 ਜਾਂ 1979 ਵਿਚ ਪ੍ਰਧਾਨ ਮੰਤਰੀ ਬਣ ਜਾਂਦੇ ਤਾਂ ਸ੍ਰੀਮਤੀ ਗਾਂਧੀ ਦੀ ਵਾਪਸੀ ਅਸੰਭਵ ਨਹੀਂ ਤਾਂ ਮੁਸ਼ਕਿਲ ਜ਼ਰੂਰ ਹੋ ਜਾਂਦੀ।

1980 ਤੋਂ ਬਾਅਦ ਉਹਨਾਂ ਜਨਤਾ ਪਾਰਟੀ ਤੋਂ ਦੋਹਰੀ ਮੈਂਬਰਸ਼ਿਪ ਦੇ ਸਵਾਲ ਤੇ ਅਲੱਗ ਹੋ ਕੇ ਕਾਂਗਰਸ (ਜੇ) ਬਣਾਈ। ਪਰ 1977 ਵਿਚ ਆਪਣੀ ਕਾਂਗਰਸ ਫਾਰ ਡੈਮੋਕ੍ਰੇਸੀ (ਸੀ. ਐਫ. ਡੀ.) ਨੂੰ ਜਨਤਾ ਪਾਰਟੀ ਵਿਚ ਮਿਲਾਉਣਾ ਉਨੀ ਵੱਡੀ ਗਲਤੀ ਸੀ, ਜਿੰਨੀ ਡਾ. ਅੰਬੇਡਕਰ ਵੱਲੋਂ ਪੂਨਾ ਪੈਕਟ ਮੰਜੂਰ ਕਰਨਾ।

1977, 1979 ਅਤੇ 1980 ਵਿਚ ਬਾਬੂ ਜੀ ਦਾ ਪ੍ਰਧਾਨ ਮੰਤਰੀ ਬਣਨ ਵਿਚ ਜਾਤੀਵਾਦ ਸਭ ਤੋਂ ਵੱਡੀ ਰੁਕਾਵਟ ਬਣਨਾ ਕੋਈ ਨਵੀਂ ਗੱਲ ਨਹੀਂ ਹੈ। ਇਤਿਹਾਸ ਵਿਚ ਆਉਂਦਾ ਹੈ ਕਿ ਜਦੋਂ ਸ਼ਿਵਾ ਜੀ ਨੇ ਆਪਣਾ ਰਾਜ ਤਿਲਕ ਕਰਨਾ ਸੀ ਤਾਂ ਬ੍ਰਾਹਮਣਾਂ ਨੇ ਸ਼ਿਵਾ ਜੀ ਦੇ ਰਾਜਤਿਲਕ ਦਾ ਵਿਰੋਧ ਕੀਤਾ। ਹੋਰ ਤਾਂ ਹੋਰ ਸ਼ਿਵਾ ਜੀ ਦੇ ਰਾਜ ਤਿਲਕ ਦਾ ਵਿਰੋਧ ਕੀਤਾ। ਹੋਰ ਤਾਂ ਹੋਰ ਸ਼ਿਵਾ ਜੀ ਦੇ ਗੁਰੂ ਰਾਮਦਾਸ ਅਤੇ ਪ੍ਰਧਾਨ ਮੰਤਰੀ ਮੋਰੋਪਤੰ ਪਿੰਗਲੇ ਵੀ ਸ਼ਿਵਾ ਜੀ ਦੇ ਰਾਜਤਿਲਕ ਦੇ ਵਿਰੋਧੀ ਸਨ। ਅਜਿਹਾ ਕਿਉਂ? ਅਜਿਹਾ ਵਿਰੋਧ ਇਸ ਕਰਕੇ ਸੀ ਕਿ ਸ਼ਿਵਾ ਜੀ ਸ਼ੂਦਰ ਸਨ ਅਤੇ ਬ੍ਰਾਹਮਣ ਇਹ ਗੱਲ ਪੱਕੀ ਤਰ੍ਹਾਂ ਜਾਣਦੇ ਹਨ ਕਿ ਉਹਨਾਂ ਨੇ ਸਿੰਧੂ ਘਾਟੀ ਦੀ ਲੜਾਈ ਵਿਚ ਸ਼ੂਦਰ ਕਹੇ ਜਾਂਦੇ ਭਾਰਤ ਦੇ ਅਸਲ ਵਾਸੀਆਂ ਨੂੰ ਹਰਾ ਕੇ ਅਣਨੁੱਖੀ ਜ਼ੁਲਮ ਕੀਤੇ।

ਜੇ ਸ਼ੂਦਰ ਰਾਜ ਸੱਤਾ ਪ੍ਰਾਪਤ ਕਰ ਗਏ ਤਾਂ ਸਭ ਤੋਂ ਵੱਧ ਸ਼ਾਮਤ ਬ੍ਰਾਹਮਣਾਂ ਦੀ ਹੋਣੀ ਹੈ ਕਿਉਂਕਿ ਉਹਨਾਂ ਸ਼ੂਦਰਾਂ ਨੂੰ ਤਾਂ ਚੌਥੇ ਦਰਜੇ ਤੇ ਰੱਖਿਆ ਹੀ ਸੀ। ਆਪਣੇ ਆਰੀਆ ਭਰਾਵਾਂ, ਕਸ਼ਤਰੀਆਂ ਅਤੇ ਵੈਸ਼ਾਂ ਨੂੰ ਵੀ ਆਪਣੇ ਤੋਂ ਹੀਣੇ ਕਰ ਰੱਖਿਆ ਹੈ। ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਬ੍ਰਾਹਮਣਾਂ ਦਾ ਸਿੱਖ ਸੱਜ ਕੇ ਮੰਤਰੀ ਬਣ ਕੇ ਸਿੱਖਾਂ ਦੀ ਰਾਜਨੀਤਿਕ ਸ਼ਕਤੀ ਨੂੰ ਖੋਖਲੇ ਕਰਨਾ ਅਤੇ ਸ਼ਿਵਾ ਜੀ ਤੋਂ ਬਾਅਦ ਬ੍ਰਾਹਮਣ ਪੇਸ਼ਵਿਆਂ ਵੱਲੋਂ ਰਾਜ ਸੱਤਾ ਹਥਿਆ ਕੇ ਪੇਸ਼ਵਾ ਰਾਜ ਸਥਾਪਤ ਕਰਕੇ ਸ਼ਹੀਦ ਸੰਬੂਕ ਦੇ ਕਾਤਲ ਸ੍ਰੀ ਰਾਮ ਚੰਦਰ ਦੇ 'ਰਾਮ ਰਾਜ' ਦੀ ਸਥਾਪਨਾ ਕਰਨਾ ਇਤਿਹਾਸਕਾਰਾਂ 'ਦੇ ਧਿਆਨ ਦੀ ਮੰਗ ਕਰਦਾ ਹੈ।

ਚਾਹੇ ਕੁਝ ਵੀ ਹੋਵੇ ਜਿਵੇਂ ਕਿ ਇਤਿਹਾਸ ਗਵਾਹ ਹੈ ਕਿ ਸ਼ੂਦਰਾਂ ਖਾਸ ਕਰਕੇ ਅਛੂਤਾਂ ਨੇ ਆਪਣਾ ਗੁਆਚਿਆ ਰਾਜ ਪਾਟ ਹਥਿਆਉਣ ਲਈ ਅਣਗਿਣਤ ਸ਼ਹੀਦੀਆਂ ਦਿੱਤੀਆਂ ਪਰ ਆਰੀਆਂ ਦੀ ਮਕਾਰੀ ਤੋਂ ਮਾਤ ਖਾਂਦੇ ਰਹੇ। ਇਸੇ ਤਰ੍ਹਾਂ ਵੀ ਵੀਹਵੀਂ ਸਦੀ ਦੇ ਤੀਜੇ ਦਹਾਕੇ ਵਿਚ ਅਛੂਤਾਂ ਵੱਲੋਂ ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚ ਉਠੀਆਂ ਲਹਿਰਾਂ ਦੇ ਸਿਰਲੱਥ ਆਗੂਆਂ ਅਤੇ ਵਰਕਰਾਂ ਦੀ ਮਿਹਨਤ ਸਦਕੇ ਵੀਹਵੀਂ ਸਦੀ ਦੇ ਅੱਠਵੇਂ ਦਹਾਕੇ 'ਚ ਪ੍ਰਧਾਨ ਮੰਤਰੀ ਦੇ ਅਹੁਦੇ ਤੇ ਕਬਜ਼ਾ ਕਰਨ ਦੇ ਯਤਨ ਹੋਣ ਲੱਗੇ। ਜੁਲਾਈ 1979 ਵਿਚ ਰਾਜਨੀਤੀ ਦੰਗਲ ਵਿਚ ਬਾਬੂ ਜੀ ਦਾ ਪਟਕੇ ਦਾ ਘੋਲ ਜਿੱਤ ਕੇ ਪ੍ਰਧਾਨ ਮੰਤਰੀ ਬਣਨਾਂ ਪੱਕਾ ਹੀ ਸੀ ਪਰ ਦੰਗਲ ਦੇ ਰੈਫਰੀ (ਰਾਸ਼ਟਰਪਤੀ) ਸ੍ਰੀ ਰੈਡੀ ਦੇ ਪੱਖਪਾਤ ਨੇ ਬਾਬੂ ਜੀ ਨੂੰ ਘੋਲ ਘੁਲਣ ਦਾ ਸੱਦਾ ਹੀ ਨਾ ਦਿੱਤਾ। ਪਰ ਬਾਬੂ ਜੀ ਨੇ 1977 ਵਿਚ ਜੋ ਦਲੇਰੀ ਭਰੇ ਕਦਮ ਚੁੱਕੇ, ਉਸਦੇ ਸਿੱਟੇ ਵਜੋਂ ਉਹ ਆਪ ਉਪ ਪ੍ਰਧਾਨ ਮੰਤਰੀ ਹੀ ਬਣ ਸਕੇ ਪਰ ਉਹਨਾਂ ਨੇ ਭਾਰਤ ਵਿਚ ਇਕ ਸ਼ੂਦਰ ਪ੍ਰਧਾਨ ਮੰਤਰੀ ਚਰਨ ਸਿੰਘ ਅਤੇ ਇਕ ਸ਼ੂਦਰ ਉਪ ਪ੍ਰਧਾਨ ਮੰਤਰੀ ਸ੍ਰੀ ਯਸ਼ਵੰਤ ਰਾਓ ਚਵਾਨ ਪੈਦਾ ਕੀਤੇ। ਕੀ ਬਾਬੂ ਜੀ ਦੀ ਇਹ ਘੱਟ ਪ੍ਰਾਪਤੀ ਸੀ? ਬਹੁਜਨ ਸਮਾਜ ਪਾਰਟੀ ਵੱਲੋਂ ਅਛੂਤ ਪ੍ਰਧਾਨ ਮੰਤਰੀ ਦਾ ਨਾਅਰਾ ਦੇਣਾ ਵੀ ਇੱਥੋਂ ਉਤਸ਼ਾਹਿਤ ਹੋਇਆ।

ਅੰਤ ਵਿਚ ਦੋ ਵਿਸ਼ਿਆਂ ਤੇ ਚਰਚਾ ਕਰਨੀ ਜ਼ਰੂਰੀ ਚਾਹਾਂਗੇ, ਜਿਸ ਤੇ ਅਛੂਤਾਂ ਦੀ ਅਤੇ ਭਾਰਤ ਦੀ ਰਾਜਨੀਤੀ ਦੀ ਦਿਸ਼ਾ ਨਿਰਭਰ ਹੋਵੇਗੀ। ਰਾਜਨੀਤੀ ਸ਼ਾਸਤਰ ਦੇ ਵਿਦਿਆਰਥੀ ਇਹ ਗੱਲ ਭਲੀ ਭਾਂਤ ਜਾਦਦੇ ਹਨ ਕਿ ਰਾਜਨੀਤੀ ਵਿਚ ਰਾਜਨੀਤਿਕ ਪਾਰਟੀ ਅਤੇ ਦਬਾਅ ਗਰੁੱਪ ਦੋਹਾਂ ਦਾ ਹੋਣਾ ਜ਼ਰੂਰੀ ਹੈ। ਮੰਨ ਲਓ ਸਾਰੇ ਅਛੂਤ ਸ਼ਾਸਕ ਪਾਰਟੀ ਵਿਚ ਹਨ, ਉਹਨਾਂ ਦੀ ਮੌਜੂਦਾ ਭਾਰਤੀ ਸਮਾਜਿਕ ਸੋਚ ਅਤੇ ਰਾਜਨੀਤਿਕ ਚੋਣ ਪ੍ਰਣਾਲੀ ਦੇ ਔਗੁਣਾਂ ਕਾਰਨ ਇੰਨੀ ਆਵਾਜ਼ ਨਹੀਂ ਹੋਵੇਗੀ। ਇਸ ਦੇ ਲਈ ਜ਼ਰੂਰੀ ਹੈ ਕਿ ਸ਼ਾਸਕ ਪਾਰਟੀ ਤੋਂ ਬਾਹਰ ਅਜਿਹਾ ਦਬਾਓ ਗਰੁੱਭ ਹੋਵੇ ਜੋ ਸ਼ਾਸਕ ਪਾਰਟੀ ਵਿਚਲੇ ਅਛੂਤਾਂ 'ਚੋਂ ਚੁਣੇ ਐਮ. ਐਲ. ਏ., ਐਮ. ਪੀਜ਼ ਅਤੇ ਮਨਿਸਟਰਾਂ ਨੂੰ ਆਪਣੇ ਫਰਜ਼ਾਂ ਪ੍ਰਤੀ ਸੁਚੇਤ ਰੱਖਣ ਦੇ ਨਾਲ ਉਹਨਾਂ ਨੂੰ ਪਾਰਟੀ ਦੇ ਕਾਬਜ਼ ਗੈਰ-ਅਛੂਤ ਆਗੂਆਂ ਨੂੰ ਵੀ ਅਛੂਤਾਂ ਦੀਆਂ ਮੰਗਾਂ ਮੰਨਣ ਲਈ ਮਜਬੂਰ ਕਰੇ। ਇਸ ਨੂੰ ਸੌਖਿਆਂ ਇਸ ਤਰ੍ਹਾਂ

(ਬਾਕੀ ਅਗਲੇ ਸਫੇ 'ਤੇ)

# ਬਾਬੂ ਜਗਜੀਵਨ ਰਾਮ ਅਤੇ ਅਛੂਤਾਂ ਦੀ ਰਾਜਨੀਤੀ

ਸਪਸ਼ਟ ਕਰ ਸਕਦੇ ਹਾਂ ਕਿ ਪ੍ਰੈਸ਼ਰ ਗਰੁੱਪ ਬੱਚਾ ਹੈ ਅਤੇ ਰਾਜਨੀਤਿਕ ਪਾਰਟੀ ਮਾਂ ਹੈ। ਜਿਵੇਂ ਬਿਨਾਂ ਰੋਇਆਂ ਮਾਂ ਵੀ ਦੁੱਧ ਨਹੀਂ ਦਿੰਦੀ, ਇਸੇ ਤਰ੍ਹਾਂ ਪ੍ਰੈਸ਼ਰ ਗਰੁੱਪ ਦਾ ਕੰਮ ਰੋਣਾ ਹੈ ਭਾਵ ਉਸ ਦਾ ਕੰਮ ਰਾਜਨੀਤਿਕ ਪਾਰਟੀ ਦੇ ਹਾਥੀ ਦੇ ਸਿਰ 'ਤੇ ਮਹਾਵਤ ਦੇ ਕੁੰਡੇ ਦਾ ਕੰਮ ਕਰਨਾ ਹੁੰਦ ਹੈ। ਸ਼ਾਸਕ ਰਾਜਨੀਤਿਕ ਪਾਰਟੀ ਵਿਚ ਅਛੂਤ ਆਗੂਆਂ ਦਾ ਕੰਮ ਪ੍ਰੈਸ਼ਰ ਗਰੁੱਪ ਦੇ ਅੰਦਰੂਨੀ ਸਹਿਯੋਗ ਨਾਲ ਅਛੂਤਾਂ ਦੀਆਂ ਮੰਗਾਂ ਨੂੰ ਮਨਵਾ ਕੇ ਲਾਗੂ ਕਰਵਾਉਣਾ ਚਾਹੀਦਾ ਹੈ। 1947 ਤੋਂ ਬਆਦ ਸ਼ਡਿਊਲਡ ਕਾਸਟਜ਼ ਫੈਡਰੇਸ਼ਨ, ਰਿਪਬਲਿਕਨ ਪਾਰਟੀ ਆਫ ਇੰਡੀਆ ਅਤੇ ਹੁਣ ਬਹੁਜਨ ਸਮਾਜ ਪਾਰਟੀ ਨੇ ਪ੍ਰੈਸ਼ਰ ਗਰੁੱਪ ਦਾ ਕੰਮ ਕੀਤਾ ਹੈ। ਬਹੁਜਨ ਸਮਾਜ ਪਾਰਟੀ ਪ੍ਰੈਸ਼ਰ ਗਰੁੱਪ ਦਾ ਕੰਮ ਕੀਤਾ ਹੈ। ਬਹੁਜਨ ਸਮਾਜ ਪਾਰਟੀ ਪ੍ਰੈਸ਼ਰ ਗਰੁੱਪ ਤੋਂ ਬਆਦ ਰਾਜਨੀਤਿਕ ਬਦਲ ਵਜੋਂ ਉਭਰ ਰਹੀ ਹੈ ਪਰ ਉਸ ਦੇ ਰਾਹ ਵਿਚ ਪੂਨਾ ਪੈਕਟ ਵਾਲੀਆਂ ਖਾਮੀਆਂ ਹਨ। ਇਹਨਾਂ ਖਾਮੀਆਂ ਨੂੰ ਦੂਰ ਕਰਨ ਲਈ ਉਸ ਨੇ ਆਪਣਾ ਆਜ਼ਾਦੀ, ਭਾਈਚਾਰੇ ਅਤੇ ਸਮਾਨਤਾ ਦਾ ਘੇਰਾ ਅਛੂਤਾਂ, ਪੱਛੜੀਆਂ ਸ਼੍ਰੇਣੀਆਂ ਤੋਂ ਵਧਾ ਕੇ ਸਿੱਖਾਂ, ਇਸਾਈਆਂ, ਮੁਸਲਮਾਨਾਂ ਭਾਵ ਗੈਰ-ਆਰੀਆ ਤੱਕ ਵਧਾ ਲਿਆ ਹੈ। ਹਾਲ ਦੀ ਘੜੀ ਜਿੰਨਾ ਪ੍ਰੈਸ਼ਰ ਗਰੁੱਪ ਜ਼ਰੂਰੀ ਹੈ ਉਨ੍ਹਾਂ ਹੀ ਰਾਜ-ਪਾਰਟੀ 'ਚ ਅਛੂਤਾਂ ਦਾ ਨੁਮਾਇੰਦਿਆਂ ਦਾ ਹੋਣਾ ਵੀ ਜ਼ਰੂਰੀ ਹੈ। ਪਰ ਇਹ ਨੁਮਾਇੰਦੇ ਕਿਹੋ ਜਿਹੇ ਹੋਣੇ ਚਾਹੀਦੇ ਹਨ। ਇਹੀ ਅਹਿਮ ਸਵਾਲ ਹੈ। ਅਛੂਤਾਂ ਦੇ ਹੁਣ ਦੇ ਨੁਮਾਇੰਦੇ ਚਾਹੇ ਉਹ ਅਕਾਲੀ ਦਲ, ਕਾਂਗਰਸ, ਜਨਤਾ ਪਾਰਟੀ, ਲੋਕ ਦਲ ਅਤੇ ਚਾਹੇ ਕਮਿਊਨਿਸਟ ਪਾਰਟੀਆਂ 'ਚ ਹਨ, ਉਹ ਨਿਰੋਲ ਅਛੂਤਾਂ ਦੇ ਨੁਮਾਇੰਦੇ ਨਹੀਂ ਹਨ। ਉਹ ਜਨਮ ਤੋਂ ਅਛੂਤ ਜ਼ਰੂਰ ਹਨ ਪਰ ਉਹ ਅਛੂਤ-ਵਿਰੋਧੀਆਂ ਦੀ ਅਛੂਤਾਂ 'ਚੋਂ ਸਭ ਤੋਂ ਵੱਧ 'ਆਗਿਆਕਾਰ' ਦੀ ਚੋਣ ਤੋਂ ਵੱਧ ਕੁਝ ਨਹੀਂ।

ਇਹ ਕਹਿਣ ਦਾ ਭਾਵ ਹੈ ਕਿ ਜੇ ਕਿਸੇ ਵੀ ਸ਼ਾਸਕ ਪਾਰਟੀ ਨੇ ਅਛੂਤਾਂ ਦੇ ਹੰਝੂ ਹੀ ਪੂੰਝਣੇ ਹਨ, ਉਹਨਾਂ ਦੇ ਦਰਦਾਂ ਸਮੱਸਿਆਵਾਂ ਨੂੰ ਹੱਲ ਨਹੀਂ ਕਰਨਾ ਜਾਂ ਹੱਲ ਅੱਧ ਪਚੱਧਾ ਜਾਂ ਲੇਟ ਕਰਨਾ ਹੈ ਤਾਂ ਇਹ ਭਾਰਤੀ ਲੋਕਤੰਤਰਿਕ ਢਾਂਚੇ, ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਘਾਤਕ ਸਿੱਧ ਹੋਵੇਗਾ। ਕਾਲੀ ਆਜ਼ਾਦੀ ਦੇ 38 ਸਾਲਾਂ ਬਾਅਦ ਵੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਹਮਲਾ ਕਰਨ ਜਿਹੇ ਫੈਸਲੇ ਲੈਣ ਵਾਲੀ ਸਰਕਾਰ ਸੰਵਿਧਾਨਕ ਰਿਜ਼ਰਵੇਸ਼ਨ ਦੀ ਪੂਰਤੀ ਲਈ ਰਿਜ਼ਰਵੇਸ਼ਨ ਐਕਟ ਨਹੀਂ ਬਣ ਸਕੀ। ਰਾਜਨੀਤੀ ਦਾ ਆਖਰੀ ਗੋਲ ਸਰਕਾਰੀ ਮਸ਼ੀਨਰੀ ਤੇ ਕਬਜ਼ਾ ਕਰਕੇ ਉਸ ਨੂੰ ਆਪਣੇ ਉਦੇਸ਼ਾਂ ਅਨੁਸਾਰ ਨਿਰਦੇਸ਼ਿਤ ਕਰਨਾ ਹੁੰਦਾ ਹੈ। ਸੋ ਅਨੁਸੂਚਿਤ ਜਾਤੀਆਂ ਦੇ ਰਾਜਨੀਤੀਵਾਨਾਂ ਨੂੰ ਅਨੁਸੂਚਿਤ ਜਾਤੀਆਂ ਦੀ ਸਰਕਾਰੀ ਨੌਕਰੀਆਂ ਵਿਚ ਰਿਜ਼ਰਵੇਸ਼ਨ ਨੂੰ ਪੂਰਾ ਕਰਵਾਉਣਾ ਵੀ ਉਹਨਾਂ ਦੀ ਰਾਜਨੀਤੀ ਦਾ ਇਕ ਹਿੱਸਾ ਹੋਣਾ ਚਾਹੀਦਾ ਹੈ। ਜੋ ਲੋਕ ਅਨੁਸੂਚਿਤ ਜਾਤੀਆਂ ਦੀ ਸਰਕਾਰੀ ਨੌਕਰੀਆਂ ਵਿਚ ਰਿਜ਼ਰਵੇਸ਼ਨ ਖਿਲਾਫ ਮੈਰਿਟ ਦੀ ਡਾਂਗ ਚੁੱਕੀ ਫਿਰਦੇ ਹਨ, ਉਹ ਅਨੁਸੂਚਿਤ ਜਾਤੀਆਂ ਦੀ ਲੋਕ ਸਭਾ ਅਤੇ ਵਿਧਾਨ ਸਭਾਵਾਂ ਵਿਚ ਰਿਜ਼ਰਵੇਸ਼ਨ ਖਿਲਾਫ ਕਿਉਂ ਨਹੀਂ ਬੋਲਦੇ? ਕੀ ਉਹ ਸਮਝਦੇ ਹਨ ਕਿ ਅਨੁਸੂਚਿਤ ਜਾਤੀਆਂ 'ਚੋਂ ਬਣੇ ਐਮ. ਐਲ. ਏ., ਐਮ. ਪੀ. 'ਮੈਰਿਟ' ਵਾਲੇ ਹਨ? ਜੇ ਅਨੁਸੂਚਿਤ ਜਾਤੀਆਂ 'ਚੋਂ ਐਮ. ਐਲ. ਏ., ਐਮ. ਪੀ. ਮੈਰਿਟ ਅਨੁਸਾਰ ਠੀਕ ਹੈ ਤਾਂ ਫਿਰ ਅਨੁਸੂਚਿਤ ਜਾਤੀਆਂ 'ਚੋਂ ਕਲਰਕ, ਅਫਸਰ ਮੈਰਿਟ ਦੇ ਪੈਮਾਨੇ 'ਤੇ ਕਿਉਂ ਨਹੀਂ ਖਰਾ ਉਤਰਦਾ? ਦਰਅਸਲ ਅਨੁਸੂਚਿਤ ਜਾਤੀਆਂ ਦੇ ਚੁਣੇ ਜਾਂਦੇ ਐਮ. ਐਲ. ਏ., ਐਮ. ਪੀ. ਅਜੇ ਬ੍ਰਾਹਮਣ ਵਾਦੀਆਂ ਦੇ ਆਗਿਆਕਾਰ ਹਨ, ਜਦੋਂ ਉਹ ਆਗਿਆਕਾਰ ਨਹੀਂ ਰਹੇ ਉਸ ਦਿਨ ਰਾਜਨੀਤਿਕ ਰਿਜ਼ਰਵੇਸ਼ਨ ਖਤਮ ਹੋ ਜਾਵੇਗੀ ਅਤੇ ਦੇਸ਼ ਵਿਚ ਖਾਨਾਜੰਗੀ ਦਾ ਮਾਹੌਲ ਪੈਦਾ ਹੋ ਜਾਵੇਗਾ। ਰਿਜ਼ਰਵੇਸ਼ਨ ਬ੍ਰਾਹਮਣਵਾਦੀਆਂ ਲਈ 'ਸੱਪ ਦੇ ਮੂੰਹ ਵਿਚ ਕੋਹੜ ਕਿਰਲੀ' ਵਾਂਗ ਹੈ। ਡਾ. ਅੰਬੇਡਕਰ ਵੱਲੋਂ ਕਾਨੂੰਨ ਮੰਤਰੀ ਹੁੰਦਿਆਂ ਅਤੇ ਬਾਬੂ ਜਗਜੀਵਨ ਰਾਮ ਵੱਲੋਂ ਕੇਂਦਰੀ ਮੰਤਰੀ ਮੰਡਲ ਵਿਚ ਇੰਨਾ ਸਮਾਂ ਰਹਿ ਕੇ ਰਿਜ਼ਰਵੇਸ਼ਨ ਐਕਟ ਨਾ ਬਣਾਉਣ ਨਾਲ ਅਨੁਸੂਚਿਤ ਜਾਤੀਆਂ ਦੇ ਪੜ੍ਹੇ-ਲਿਖੇ ਲੱਖਾਂ ਨੌਜਵਾਨਾਂ ਅਤੇ ਮੁਟਿਆਰਾਂ ਨੂੰ ਆਪਣੇ ਇਸ ਸੰਵਿਧਾਨਕ ਹੱਕ ਨੂੰ ਪ੍ਰਾਪਤ ਕਰਨ ਵਿਚ ਔਕੜਾਂ ਆ ਰਹੀਆਂ ਹਨ।

ਭਾਰਤ ਦੀ ਰਾਜਨੀਤਿਕ ਖਾਸ ਕਰ ਅਛੂਤਾਂ ਦੀ ਰਾਜਨੀਤੀ ਦੀ ਦਿਸ਼ਾ ਨਿਰਧਾਰਿਤ ਕਰਨ ਲਈ ਦੂਜਾ ਵਿਸ਼ਾ ਹੈ ਕਿ ਅਨੁਸੂਚਿਤ ਜਾਤੀਆਂ ਦੇ ਪੜ੍ਹੇ-ਲਿਖੇ ਜਾਗਰਿਤ ਵਰਗ ਦਾ ਧਰਮ ਪ੍ਰਤੀ ਕੀ ਨਜ਼ਰੀਆ ਹੈ। ਇਸ ਸਬੰਧੀ ਅਨੁਸੂਚਿਤ ਜਾਤੀਆਂ ਵਿਚ ਤਿੰਨ ਰਸਤੇ ਪ੍ਰੱਚਲਿਤ ਹਨ। ਪਹਿਲਾ ਰਸਤਾ ਹੈ ਹਿੰਦੂ ਧਰਮ ਦੇ ਦਾਇਰੇ ਵਿਚ ਰਹਿਣਾ ਅਤੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰਨਾ। ਇਹ ਰਸਤਾ ਬਾਬੂ ਜਗਜੀਵਨ ਰਾਮ ਦਾ ਹੈ। ਦੂਜਾ ਰਸਤਾ ਹੈ ਹਿੰਦੂ ਧਰਮ ਨੂੰ ਛੱਡ ਕੇ ਧਰਮ ਪਰਿਵਰਤਨ ਕਰਕੇ ਅੱਗੇ ਵਧਣਾ। ਇਹ ਰਸਤਾ ਬਹੁਤ ਸਮੇਂ ਤੋਂ ਸ਼ੂਦਰਾਂ ਨੇ ਅਪਣਾਇਆ ਹੈ। ਮੁਸਲਿਮ ਧਰਮ, ਇਸਾਈ ਧਰਮ, ਬੁੱਧ ਧਰਮ ਅਤੇ ਸਿੱਖ ਧਰਮ ਵਿਚ 95 ਪ੍ਰਤੀਸ਼ਤ ਤੋਂ ਵੱਧ ਸ਼ੂਦਰ ਹਨ। ਇਹਨਾਂ ਧਰਮਾਂ ਵਿਚ ਸ਼ੂਦਰ ਖੁਸ਼ਹਾਲੀ ਅਤੇ ਸਵੈਮਾਣ ਲਈ ਗਏ। ਡਾ. ਅੰਬੇਡਕਰ ਨੇ 14 ਅਕਤੂਬਰ 1956 ਨੂੰ ਬੁੱਧ ਧਰਮ ਵਿਚ ਸ਼ਾਮਲ ਹੋ ਕੇ ਇਹ ਰਸਤੇ ਨੂੰ ਚੁਣਿਆ।

